RE/MAX NORTH CENTRAL
6401 Eldorado Pkwy Ste. 219, Mckinney, TX 75070
Serving in North Texas
We can help with finance
Ph: 972-529-5555
Email: info@remaxnorthcentral.com
www.remaxnorthcentral.com
PL Contact For Residential Needs only
37-44

Ad Space Available
Please Call
Ph: 847-359-0746


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 43, October 27, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਹੁਣ ਜਥੇਦਾਰ ਬਦਲ ਕੇ ਸਾਖ ਬਚਾਉਣ ਦੀ ਕਵਾਇਦ

### ਗਿਆਨੀ ਗੁਰਬਚਨ ਸਿੰਘ ਦੀ ਜਥੇਦਾਰ ਵਜੋਂ ਛੁੱਟੀ ਜਾਂ ਅਸਤੀਫਾ?

**ਅੰਮ੍ਰਿਤਸਰ:** ਗਿਆਨੀ ਗੁਰਬਚਨ ਸਿੰਘ ਨੇ ਆਖਰ ਅਕਾਲ ਤਖਤ ਦੇ ਜਥੇਦਾਰ ਦੇ ਅਹੁਦੇ ਤੋਂ ਅਸਤੀਫਾ ਦੇ ਹੀ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਕਾਰਨ ਵਿਵਾਦਾਂ ਵਿਚ ਘਿਰਨ ਪਿਛੋਂ ਉਨ੍ਹਾਂ ਨੂੰ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਲਗਾਤਾਰ ਉਠਦੀ ਰਹੀ, ਪਰ ਵਿਰੋਧ ਦੇ ਬਾਵਜੂਦ ਉਹ ਅਹੁਦੇ ਉਤੇ ਡਟੇ ਰਹੇ। ਜਥੇਦਾਰ ਨੇ ਭਾਵੇਂ ਅਹੁਦਾ ਛੱਡਣ ਦਾ ਕਾਰਨ ਸਿਹਤ ਢਿੱਲੀ ਹੋਣਾ ਦੱਸਿਆ ਹੈ ਪਰ ਚਰਚਾ ਹੈ ਕਿ ਉਹ ਜਾਂਦੇ-ਜਾਂਦੇ ਵੀ ਬਾਦਲ ਪਰਿਵਾਰ ਦਾ ਹੁਕਮ ਪੁਗਾ ਗਏ।

ਅਸਤੀਫਾ ਦੇਣ ਤੋਂ ਇਕ ਦਿਨ ਪਹਿਲਾਂ ਉਹ ਦਾਅਵਾ ਕਰ ਰਹੇ ਸਨ ਕਿ ਉਹ ਚੰਗੇ ਭਲੇ ਹਨ ਤੇ ਜਦੋਂ ਮਨ ਕਰੇਗਾ, ਉਦੋਂ ਹੀ ਅਹੁਦਾ ਛੱਡਣਗੇ, ਪਰ ਅਗਲੇ ਹੀ ਦਿਨ ਉਨ੍ਹਾਂ ਦਾ ਮਨ ਬਦਲ ਗਿਆ। ਦਰਅਸਲ, ਇਹ ਗੱਲ ਲੁਕੀ ਹੋਈ ਨਹੀਂ ਹੈ ਕਿ ਅਕਾਲੀ ਦਲ ਦੇ ਸੀਨੀਅਰ ਆਗੂਆਂ ਵਿਚ ਜਥੇਦਾਰ ਦੀ ਛੁੱਟੀ ਕਰਨ ਸਬੰਧੀ ਹੋ ਰਹੀ ਲਾਮਬੰਦੀ ਪਿਛੋਂ ਉਨ੍ਹਾਂ ਨੂੰ ਇਹ ਕਦਮ ਚੁੱਕਣਾ ਪਿਆ ਹੈ। ਇਸ ਦੀ ਕਾਫੀ ਦਿਨ ਪਹਿਲਾਂ ਹੀ ਤਿਆਰੀ ਹੋ ਗਈ ਸੀ ਅਤੇ ਮੌਕਾ ਦੇਖ ਕੇ ਐਲਾਨ ਕਰਨਾ ਹੀ ਬਾਕੀ ਸੀ। ਚਰਚਾ ਹੈ ਕਿ ਜਥੇਦਾਰ ਦਾ ਅਸਤੀਫਾ ਪੂਰੀ ਰਣਨੀਤੀ ਤਹਿਤ ਲਿਆ ਗਿਆ ਹੈ। ਜਿਸ ਦਿਨ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਮ ਕਮੇਟੀ ਵਿਚ 13 ਨਵੰਬਰ ਨੂੰ ਕਮੇਟੀ ਦੀ ਪ੍ਰਧਾਨ ਸਮੇਤ ਹੋਰ ਅਹੁਦੇਦਾਰਾਂ ਦੀ ਚੋਣ ਦਾ ਐਲਾਨ ਕੀਤਾ ਗਿਆ, ਉਸੇ ਦਿਨ ਸ਼ਾਮ ਨੂੰ ਜਥੇਦਾਰ ਤੋਂ ਅਸਤੀਫਾ ਮੰਗ ਲਿਆ ਗਿਆ; ਕਿਉਂਕਿ ਨਿਯਮਾਂ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਦੀ ਚੋਣ ਦੇ ਐਲਾਨ ਪਿਛੋਂ ਪੁਰਾਣੀ ਕਮੇਟੀ ਜਥੇਦਾਰ ਦੀ ਚੋਣ ਸਬੰਧੀ ਫੈਸਲਾ ਨਹੀਂ ਕਰ ਸਕਦੀ।


ਗਿਆਨੀ ਹਰਪ੍ਰੀਤ ਸਿੰਘ

ਇਸ ਲਈ ਨਵਾਂ ਜਥੇਦਾਰ ਚੁਣਨ ਲਈ ਕਾਫੀ ਸਮਾਂ ਮਿਲ ਗਿਆ। ਇਸ ਸੂਰਤ ਵਿਚ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਬਣਾ ਦਿੱਤਾ ਗਿਆ। ਚਰਚਾ ਹੈ ਕਿ ਇਹ ਵਿਸ਼ੇਸ਼ ਰਣਨੀਤੀ ਤਹਿਤ ਕੀਤਾ ਗਿਆ ਹੈ, ਕਿਉਂਕਿ ਇੰਨੇ ਸਮੇਂ ਵਿਚ ਲੋਕਾਂ ਦਾ ਮਨ ਪੜ੍ਹਨ ਦਾ ਮੌਕਾ ਮਿਲ ਜਾਵੇਗਾ

(ਬਾਕੀ ਸਫਾ 6 ਉਤੇ)

### ਜਥੇਦਾਰ ਵਜੋਂ ਵਿਵਾਦਪੂਰਨ ਕਾਰਜਕਾਲ

2008 ਵਿਚ ਅਹੁਦਾ ਸੰਭਾਲਣ ਪਿਛੋਂ ਗਿਆਨੀ ਗੁਰਬਚਨ ਸਿੰਘ ਦਾ ਇਕ ਦਹਾਕੇ ਦਾ ਕਾਰਜਕਾਲ ਵਿਵਾਦਪੂਰਨ ਰਿਹਾ ਹੈ। ਨਾਨਕਸ਼ਾਹੀ ਕੈਲੰਡਰ 'ਤੇ ਸਰਬਸੰਮਤੀ ਬਣਾਏ ਬਿਨਾਂ ਇਸ ਵਿਚ ਸੋਧਾਂ ਨੂੰ 2009 ਵਿਚ ਦਿੱਤੀ ਮਨਜ਼ੂਰੀ ਅਜੇ ਤੱਕ ਵਿਵਾਦ ਬਣੀ ਹੋਈ ਹੈ। ਜਥੇਦਾਰ ਵੱਲੋਂ 2011 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੂੰ ਫਖ਼ਰ-ਏ-ਕੌਮ ਦਾ ਖਿਤਾਬ ਦੇਣ ਦਾ ਫੈਸਲਾ ਵੀ ਵਿਵਾਦ ਵਿਚ ਘਿਰਿਆ ਰਿਹਾ। ਡੇਰਾ ਸਿਰਸਾ ਮੁਖੀ ਨੂੰ ਮੁਆਫੀ ਸਭ ਤੋਂ ਵੱਧ ਵਿਵਾਦ ਦਾ ਕਾਰਨ ਬਣੀ। ਉਨ੍ਹਾਂ ਉਤੇ ਬਾਦਲ ਦੇ ਹੁਕਮ ਮੁਤਾਬਕ ਚੱਲਣ ਦੇ ਦੋਸ਼ ਲੱਗੇ। ਇਸ ਪਿੱਛੋਂ ਉਨ੍ਹਾਂ ਉਤੇ ਅਹੁਦਾ ਛੱਡਣ ਦਾ ਦਬਾਅ ਬਣਿਆ। ਲੋਕ ਰੋਹ ਦੀ ਅਗਵਾਈ ਕਰ ਰਹੀਆਂ ਜਥੇਬੰਦੀਆਂ ਨੇ ਸਰਬੱਤ ਖਾਲਸਾ ਬੁਲਾ ਕੇ ਮੁਤਵਾਜ਼ੀ ਜਥੇਦਾਰ ਚੁਣ ਦਿੱਤੇ। ਬਰਗਾੜੀ ਮੋਰਚਾ ਉਨ੍ਹਾਂ ਦੀ ਹੀ ਅਗਵਾਈ ਵਿਚ ਚੱਲ ਰਿਹਾ ਹੈ।


## ਰੇਲ ਹਾਦਸਾ: ਮੋਇਆਂ 'ਤੇ ਵੀ ਸਿਆਸਤ

**ਚੰਡੀਗੜ੍ਹ:** ਅੰਮ੍ਰਿਤਸਰ ਦੇ ਭਿਆਨਕ ਰੇਲ ਹਾਦਸੇ ਦੇ ਪੀੜਤਾਂ ਦੀ ਮਦਦ ਅਤੇ ਇਸ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਉਣ ਦੀ ਥਾਂ ਇਸ ਮੁੱਦੇ ਉਤੇ ਸਿਆਸੀ ਰੋਟੀਆਂ ਸੇਕਣ ਉਤੇ ਜ਼ੋਰ ਲੱਗਾ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਜਿਥੇ ਇਸ ਹਾਦਸੇ ਲਈ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਉਨ੍ਹਾਂ ਦੀ ਪਤਨੀ ਖਿਲਾਫ ਕਾਰਵਾਈ ਦੀ ਮੰਗ ਕਰ ਰਿਹਾ ਹੈ, ਉਥੇ ਹਾਕਮ ਧਿਰ ਕਾਂਗਰਸ ਦਾਅਵਾ ਕਰ ਰਹੀ ਹੈ ਕਿ ਸਿੱਧੂ ਦਾ ਅਕਸ ਖਰਾਬ ਕਰਨ ਲਈ ਜਾਣਬੁਝ ਕੇ ਇਹ ਹਾਦਸਾ ਕਰਵਾਇਆ ਗਿਆ ਹੈ। ਕਾਂਗਰਸ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਤੇ ਸਿੱਧੂ ਆਪਣੇ ਦਾਅਵੇ ਨੂੰ ਮਜ਼ਬੂਤ ਕਰਨ ਲਈ ਤਰਕ ਦੇ ਰਹੇ ਹਨ ਕਿ ਆਮ ਤੌਰ ਉਤੇ 30-40 ਦੀ ਰਫਤਾਰ ਉਤੇ ਚੱਲਣ ਵਾਲੀ ਇਹ ਲੋਕਲ ਰੇਲਗੱਡੀ ਨੇ 100 ਤੋਂ ਵੀ ਵੱਧ ਦੀ ਰਫਤਾਰ ਕਿਵੇਂ ਫੜੀ।


ਦੂਜਾ, ਹਾਦਸੇ ਵਾਲੀ ਥਾਂ ਤੋਂ ਕੁਝ ਦੂਰੀ ਉਤੇ ਗੇਟਮੈਨ ਭੀੜ ਨੂੰ ਵੇਖ ਰਿਹਾ ਸੀ, ਉਸ ਨੇ ਗਰੀਨ ਸਿਗਨਲ ਕਿਵੇਂ ਦੇ ਦਿੱਤਾ। ਦੂਜੇ ਪਾਸੇ ਅਕਾਲੀ ਆਖ ਰਹੇ ਹਨ ਕਿ ਨਵਜੋਤ ਕੌਰ ਸਿੱਧੂ ਜੇਕਰ ਦੁਸਹਿਰਾ ਪ੍ਰੋਗਰਾਮ ਵਿਚ ਸਹੀ ਸਮੇਂ ਉਤੇ ਪੁੱਜਦੀ ਤਾਂ ਹਾਦਸਾ ਹੋਣਾ ਹੀ ਨਹੀਂ ਸੀ। ਦੱਸ ਦਈਏ ਕਿ ਰੇਲ ਵਿਭਾਗ ਪਹਿਲਾਂ ਹੀ ਇਸ ਹਾਦਸੇ ਦੀ ਜਾਂਚ ਤੋਂ ਇਹ ਕਹਿ ਕੇ ਭੱਜ ਗਿਆ ਹੈ ਕਿ ਲੋਕ ਗੈਰ ਕਾਨੂੰਨੀ ਢੰਗ ਨਾਲ ਰੇਲ ਲਾਈਨ ਉਤੇ ਖੜ੍ਹੇ ਸਨ, ਇਸ ਲਈ ਉਹ ਆਪਣੀ ਮੌਤ ਦੇ ਆਪ ਜਿੰਮੇਵਾਰ ਹਨ ਪਰ ਹਾਦਸੇ ਸਮੇਂ ਮੌਜੂਦ ਲੋਕਾਂ ਦਾ ਦਾਅਵਾ ਹੈ ਕਿ ਰੇਲ ਦੀ ਹੈੱਡ ਲਾਈਟ ਬੰਦ ਸੀ, ਡਰਾਇਵਰ ਨੇ ਭੀੜ ਵੇਖਣ ਦੇ ਬਾਵਜੂਦ ਹਾਰਨ ਤੱਕ ਨਹੀਂ



(ਬਾਕੀ ਸਫਾ 6 ਉਤੇ)

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832


Harpreet Singh
WorldWide Travel
www.fly2world.com
866 66 INDIA
46342
Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ


734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App

Sarbjit Singh Khakh
(Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਜਲੰਧਰ ਦੇ ਅਰਸ਼ਦੀਪ ਦੀ ਝੋਲੀ 'ਵਾਈਲਡ ਲਾਈਫ ਫੋਟੋਗ੍ਰਾਫੀ' ਪੁਰਸਕਾਰ

**ਜਲੰਧਰ:** ਇੰਗਲੈਂਡ ਵਿਚ ਸਮਾਗਮ ਦੌਰਾਨ ਵਾਈਲਡ ਲਾਈਫ ਫੋਟੋਗ੍ਰਾਫੀ ਐਵਾਰਡ-2018, ਜਲੰਧਰ ਦੇ 10 ਸਾਲਾ ਅਰਸ਼ਦੀਪ ਸਿੰਘ ਨੇ ਜਿੱਤਿਆ ਹੈ। ਇਹ ਮੁਕਾਬਲਾ ਬਰਤਾਨੀਆ ਦੇ ਅਜਾਇਬ ਘਰ ਵੱਲੋਂ ਹਰ ਸਾਲ ਕਰਾਇਆ ਜਾਂਦਾ ਹੈ। ਅਰਸ਼ਦੀਪ ਨੇ ਕਪੂਰਥਲਾ ਨੇੜੇ ਇਕ ਪਾਈਪ ਵਿਚ ਬੈਠੇ ਦੋ ਉੱਲੂਆਂ ਦੀ ਫੋਟੋ ਖਿੱਚੀ ਸੀ, ਜਿਸ ਲਈ ਉਸ ਨੂੰ ਜੇਤੂ ਐਲਾਨਿਆ ਗਿਆ ਹੈ। ਅਰਸ਼ਦੀਪ ਨੇ ਦੱਸਿਆ ਕਿ ਪੰਜ ਸਾਲ ਦੀ ਉਮਰ ਵਿਚ ਹੀ ਉਸ ਦੇ ਪਿਤਾ ਰਮਨਦੀਪ ਸਿੰਘ ਨੇ ਉਸ ਦੇ ਹੱਥ ਵਿਚ ਕੈਮਰਾ ਫੜਾ ਦਿੱਤਾ ਸੀ।

ਅਰਸ਼ਦੀਪ ਇਥੋਂ ਦੇ ਏ.ਪੀ.ਜੇ. ਸਕੂਲ ਵਿਚ ਪੰਜਵੀਂ ਜਮਾਤ ਦਾ ਵਿਦਿਆਰਥੀ ਹੈ ਅਤੇ ਇਸ ਤੋਂ ਪਹਿਲਾਂ ਉਹ ਏਸ਼ੀਆ ਪੱਧਰ ਦੇ ਮੁਕਾਬਲੇ ਵੀ ਜਿੱਤ ਚੁੱਕਾ ਹੈ। ਅਰਸ਼ਦੀਪ ਦੱਸਦਾ ਹੈ ਕਿ ਉਸ ਦੇ ਪਿਤਾ ਵੀ ਫੋਟੋਆਂ ਖਿੱਚਦੇ ਹਨ ਤੇ ਉਨ੍ਹਾਂ ਨੂੰ ਦੇਖ ਕੇ ਹੀ ਇਹ ਸ਼ੌਂਕ ਪੈਦਾ ਹੋਇਆ ਸੀ। ਉਨ੍ਹਾਂ ਨੇ ਇਸ ਸ਼ੌਂਕ ਨੂੰ ਪੂਰਾ ਕਰਨ ਲਈ ਕੈਮਰਾ ਲੈ ਕੇ ਦਿੱਤਾ, ਜਿਸ ਨਾਲ ਫੋਟੋਗ੍ਰਾਫ਼ੀ ਸ਼ੁਰੂ ਕੀਤੀ। ਉਸ ਦੇ ਪਿਤਾ ਜਿਥੇ ਵੀ ਜਾਂਦੇ ਸਨ, ਉਸ ਨੂੰ ਨਾਲ ਲੈ ਕੇ ਜਾਂਦੇ ਸਨ। ਕਪੂਰਥਲਾ, ਕਾਂਜਲੀ, ਹਰੀਕੇ ਪੱਤਣ, ਹੁਸ਼ਿਆਰਪੁਰ ਤੇ ਹਿਮਾਚਲ ਪ੍ਰਦੇਸ਼ ਦੇ ਇਲਾਕਿਆਂ ਵਿਚ ਜਾ ਕੇ ਜੰਗਲੀ ਜੀਵਾਂ ਬਾਰੇ ਫੋਟੋਗ੍ਰਾਫ਼ੀ ਕਰਦੇ ਸਨ।



ਉਸ ਦੇ ਪਿਤਾ ਉਸ ਨੂੰ ਕੀਨੀਆ ਵੀ ਲੈ ਕੇ ਗਏ, ਜਿਥੇ ਉਨ੍ਹਾਂ ਨੇ ਜੰਗਲੀ ਜੀਵਾਂ ਬਾਰੇ ਫੋਟੋਗ੍ਰਾਫ਼ੀ ਕੀਤੀ। ਅਰਸ਼ਦੀਪ ਨੇ ਦੱਸਿਆ ਕਿ ਉਹ 'ਐਨੀਮਲ ਪਲੈਨਟ' ਚੈਨਲ ਦੇਖਦਾ ਹੈ ਤੇ ਲਾਅਨ ਟੈਨਿਸ ਖੇਡਦਾ ਹੈ।

ਅਰਸ਼ਦੀਪ ਸਿੰਘ ਨੂੰ ਦੇਖ ਕੇ ਉਸ ਦੀ 13 ਸਾਲਾ ਵੱਡੀ ਭੈਣ ਨੂੰ ਵੀ ਫੋਟੋਗ੍ਰਾਫ਼ੀ ਦਾ ਸ਼ੌਂਕ ਪੈਦਾ ਹੋ ਗਿਆ ਹੈ। ਭਵਿੱਖ ਵਿਚ ਵੀ ਉਹ ਵਾਈਲਡ ਲਾਈਫ ਫੋਟੋਗ੍ਰਾਫ਼ੀ ਨੂੰ ਹੀ ਪੇਸ਼ਾ ਬਣਾਉਣਾ ਚਾਹੁੰਦਾ ਹੈ।


LOOKING FOR THE LOWEST FARES ?

BOOK INTERNATIONAL
FLIGHTS, HOTELS, CARS

Price From NewYork To Delhi
Starts from - $ 770

For Other Cities Of The World
Please visit : www.univtravel.com
or Call Us @ 1-888-584-0439
Office Opened 24 x 7

UNIVERSAL TRAVEL

email - utravel@univtravel.com



Drivers Wanted

For NGL DBA Shan Freight Way Inc. Out Of Clinton Township, MI

Pays up to 50c Single, 55c Team (Loaded/Empty)
From California Or Mid West. Company Operation From Michigan To California & California To Michigan, Ohio, Pennsylvania, New York.
Automatic Trucks. Pay By Weakly Lay Over, Overnight, Paid.
Minimum 1 Year Experience Required. Automatic Trucks
Contact Ajay Parmar Or Binder Rai Or Prince Parmar
Ph: (440) 334-7318 (301) 640-6746 Or (425) 362-4592

NGL DBA Shan Freight Way Inc.
44543 N Gratiot, Clinton Twp, MI 48038 Fax: 216-763-0496



ਗੁਰਦੁਆਰਾ ਪੈਲਾਟਾਈਨ ਸ਼ਿਕਾਗੋ
1280 Winnetka St, Palatine, IL 60067

ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ॥

ਮਹਾਨ ਕੀਰਤਨ ਸਮਾਗਮ



ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ

ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ 2 ਨਵੰਬਰ 2018 (ਸ਼ੁੱਕਰਵਾਰ) ਤੋਂ 4 ਨਵੰਬਰ 2018 (ਐਤਵਾਰ) ਤੱਕ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ ਕੀਰਤਨ ਕਰਨਗੇ

ਸ਼ੁੱਕਰਵਾਰ, 2 ਨਵੰਬਰ: ਸ਼ਾਮ 6:45 ਤੋਂ 8:15 ਵਜੇ ਤੱਕ
ਸਨਿਚਰਵਾਰ, 3 ਨਵੰਬਰ: ਸਵੇਰੇ 9 ਵਜੇ ਤੋਂ 10:30 ਵਜੇ ਤੱਕ
ਸ਼ਾਮ 6:30 ਤੋਂ 8 ਵਜੇ ਤੱਕ
ਐਤਵਾਰ, 4 ਨਵੰਬਰ: ਸਵੇਰੇ 11 ਵਜੇ ਤੋਂ ਦੁਪਹਿਰ 12:30 ਵਜੇ ਤੱਕ

ਸੰਗਤਾਂ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰਬਾਣੀ ਕੀਰਤਨ ਦਾ ਵੱਧ ਤੋਂ ਵੱਧ ਲਾਹਾ ਲਓ ਜੀ

ਹੋਰ ਜਾਣਕਾਰੀ ਲਈ ਸੰਪਰਕ ਕਰੋ, ਫੋਨ: 847 358 1117

# ਪੈਨਸਿਲਵੇਨੀਆ ਅਸੈਂਬਲੀ ਵਲੋਂ ਸਿੱਖ ਕਤਲੇਆਮ 'ਨਸਲਕੁਸ਼ੀ' ਕਰਾਰ

**ਨਿਊ ਯਾਰਕ:** ਪੈਨਸਿਲਵੇਨੀਆ ਸਟੇਟ ਅਸੈਂਬਲੀ ਨੇ ਨਵੰਬਰ 1984 ਵਿਚ ਭਾਰਤ 'ਚ ਦਿੱਲੀ ਸਮੇਤ ਹੋਰ ਸ਼ਹਿਰਾਂ 'ਚ ਹੋਏ ਸਿੱਖ ਕਤਲੇਆਮ ਨੂੰ 'ਨਸਲਕੁਸ਼ੀ' ਕਰਾਰ ਦਿੱਤਾ ਹੈ। ਇਸ ਸਬੰਧੀ ਇਕ ਬਿੱਲ ਅਸੈਂਬਲੀ ਵਿਚ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਹੈ।

ਅਮਰੀਕਾ ਦੇ ਸਿੱਖਾਂ ਦੀ ਜਥੇਬੰਦੀ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ, ਜਿਸ ਵਿਚ ਕਈ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀ ਅਤੇ ਸਿੱਖ ਜਥੇਬੰਦੀਆਂ ਸ਼ਾਮਲ ਹਨ, ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦੱਸਿਆ ਕਿ ਅਸੈਂਬਲੀ ਵਿਚ ਇਸ ਸਬੰਧੀ 1160 ਨੰਬਰ ਬਿੱਲ ਪੇਸ਼ ਕੀਤਾ ਗਿਆ, ਜਿਸ ਨੂੰ ਬਿਨਾ ਕਿਸੇ ਵਿਰੋਧ ਦੇ ਕੁੱਲ 190 ਮੈਂਬਰਾਂ ਨੇ ਪ੍ਰਵਾਨਗੀ ਦਿੱਤੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਫੈਸਲੇ ਨਾਲ ਪੈਨਸਿਲਵੇਨੀਆ ਅਸੈਂਬਲੀ ਦੁਨੀਆਂ ਦੀ ਪਹਿਲੀ ਅਜਿਹੀ ਅਸੈਂਬਲੀ ਬਣ ਗਈ ਹੈ, ਜਿਸ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦਿੱਤਾ ਗਿਆ ਹੈ।

ਹਿੰਮਤ ਸਿੰਘ ਨੇ ਦੱਸਿਆ ਕਿ ਅਸੈਂਬਲੀ 'ਚ ਇਹ ਬਿੱਲ ਸੂਬੇ ਦੇ ਪ੍ਰਤੀਨਿਧ ਅਲੈਕਸ ਚਾਰਲਟੋਲ ਅਤੇ ਜੈਮਸ ਸੰਟੋਰਾ ਨੇ ਪੇਸ਼ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਬਿੱਲ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਮਿਲੀ ਹੈ। ਇਸ ਤੋਂ ਬਾਅਦ ਸਿੱਖ ਭਾਈਚਾਰਾ ਇਹ ਮਾਮਲਾ ਸੰਯੁਕਤ ਰਾਸ਼ਟਰ ਕੋਲ ਵੀ ਰੱਖ ਸਕੇਗਾ। ਕਮੇਟੀ ਆਗੂ ਨਰਿੰਦਰ ਸਿੰਘ, ਕੇਵਲ ਸਿੰਘ, ਯੁਗਰਾਜ ਸਿੰਘ, ਹਿੰਮਤ ਸਿੰਘ ਤੇ ਹਰਜਿੰਦਰ ਸਿੰਘ ਨੇ ਪੈਨਸਿਲਵੇਨੀਆ ਦੇ ਪ੍ਰਤੀਨਿਧਾਂ ਦਾ ਇਸ ਫੈਸਲੇ ਲਈ ਧੰਨਵਾਦ ਕੀਤਾ।

ਇਸ ਬਿੱਲ ਨੂੰ ਪਾਸ ਕਰਵਾਉਣ ਲਈ ਵਿਸ਼ੇਸ਼ ਯੋਗਦਾਨ ਇੰਦਰ ਸਿੰਘ ਬੈਂਸ ਨੇ ਪਾਇਆ, ਜੋ ਪੈਨਸਿਲਵੇਨੀਆ ਤੋਂ ਅਸੈਂਬਲੀ ਦੀ ਚੋਣ ਵੀ ਲੜ ਰਿਹਾ ਹੈ। ਬਿੱਲ ਅਸੈਂਬਲੀ ਵਿਚ ਪੇਸ਼ ਕਰਵਾਉਣ ਲਈ ਸ. ਬੈਂਸ ਨੇ ਅਪਰੈਲ ਵਿਚ ਹੀ ਚਾਰਾਜੋਈ ਸ਼ੁਰੂ ਕਰ ਦਿੱਤੀ ਸੀ। ਇਸ ਤੋਂ ਇਲਾਵਾ ਇਸ ਕਾਰਜ ਵਿਚ ਲਾਲ ਸਿੰਘ, ਧਰਮ ਸਿੰਘ, ਗੁਰਪਾਲ ਸਿੰਘ ਤੇ ਨਰਿੰਦਰ ਸਿੰਘ ਨੇ ਵੀ ਆਪਣਾ ਬਣਦਾ ਯੋਗਦਾਨ ਪਾਇਆ।

ਇਸੇ ਦੌਰਾਨ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਡਾ. ਪ੍ਰਿਤਪਾਲ ਸਿੰਘ, ਕਾਕਸ ਕਮੇਟੀ ਦੇ ਮੈਂਬਰ ਹਰਪ੍ਰੀਤ ਸਿੰਘ ਤੇ ਹੋਰ ਸਿੱਖ ਮੈਂਬਰਾਂ ਨੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਆਖਿਆ ਕਿ ਇਸ ਮਤੇ ਵਿਚ ਦਰਜ ਕੀਤਾ ਗਿਆ ਸੀ ਕਿ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਪਹਿਲੀ ਨਵੰਬਰ 1984 ਨੂੰ ਰਾਜਧਾਨੀ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਦੇ ਕਈ ਸ਼ਹਿਰਾਂ ਵਿਚ 3 ਦਿਨ ਸਿੱਖਾਂ ਦਾ ਚੁਣ-ਚੁਣ ਕੇ ਕਤਲੇਆਮ ਕੀਤਾ ਗਿਆ ਸੀ ਤੇ ਉਨ੍ਹਾਂ ਦੇ ਘਰ ਵੀ ਸਾੜ ਦਿੱਤੇ ਗਏ ਸਨ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕਨਵੀਨਰ ਬੂਟਾ ਸਿੰਘ ਖੜੌਦ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਸਕੱਤਰ ਜਨਰਲ ਰੁਪਿੰਦਰ ਸਿੰਘ ਬਾਠ, ਜਨਰਲ ਸਕੱਤਰ ਮੱਖਣ ਸਿੰਘ ਕਲੇਰ ਅਤੇ ਮੀਡੀਆ ਇੰਚਾਰਜ ਸਰਬਜੀਤ ਸਿੰਘ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਕਿ ਇਹ ਸਿੱਖ ਕੌਮ ਵਾਸਤੇ ਮਾਣ ਵਾਲੀ ਗੱਲ ਹੈ।

# ਸਖਤੀ ਕਾਰਨ ਕਸ਼ਮੀਰੀ ਵਿਦਿਆਰਥੀਆਂ 'ਚ ਖੌਫ, ਪੜ੍ਹਾਈ ਛੱਡ ਭੱਜਣ ਲੱਗੇ

**ਜਲੰਧਰ:** ਪੁਲਿਸ ਵੱਲੋਂ ਕਸ਼ਮੀਰੀ ਵਿਦਿਆਰਥੀਆਂ ਤੋਂ ਰੋਜ਼ਾਨਾ ਹੋ ਰਹੀ ਪੁੱਛਗਿੱਛ ਤੋਂ ਪਰੇਸ਼ਾਨ ਬਹੁਤ ਸਾਰੇ ਵਿਦਿਆਰਥੀ ਆਪਣੀ




ਪੜ੍ਹਾਈ ਛੱਡ ਕੇ ਵਾਪਸ ਆਪਣੇ ਸ਼ਹਿਰ ਚਲੇ ਗਏ ਹਨ। ਇਸ ਨਾਲ ਜਿਥੇ ਪੰਜਾਬ ਬਾਰੇ ਦੂਸਰੇ ਸੂਬਿਆਂ 'ਚ ਗਲਤ ਸੁਨੇਹਾ ਜਾ ਰਿਹਾ ਹੈ, ਉਥੇ ਵਿੱਦਿਅਕ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰਬੰਧਕਾਂ ਵੱਲੋਂ ਆਪ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਵਾਪਸ ਪੜ੍ਹਾਈ ਕਰਨ ਲਈ ਬੁਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਇਹ ਜਾਣਕਾਰੀ ਵੀ ਮਿਲੀ ਹੈ ਕਿ ਪੁਲਿਸ ਵੱਲੋਂ ਪੰਜਾਬ 'ਚ ਪੜ੍ਹਾਈ ਕਰ ਰਹੇ ਕਰੀਬ 9 ਹਜ਼ਾਰ ਵਿਦਿਆਰਥੀਆਂ ਦੇ ਵੇਰਵੇ ਇਕੱਠੇ ਕੀਤੇ ਗਏ ਹਨ। ਵਰਣਨਯੋਗ ਹੈ ਕਿ ਪੁਲਿਸ ਨੇ ਇਕ ਵਿੱਦਿਅਕ ਅਦਾਰੇ 'ਚੋਂ ਤਿੰਨ ਕਸ਼ਮੀਰੀ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ ਹਥਿਆਰ ਤੇ ਧਮਾਕਾਖੇਜ਼ ਸਮਗਰੀ ਮਿਲਣ ਦਾ ਦਾਅਵਾ ਕੀਤਾ ਸੀ, ਜਿਸ ਤੋਂ ਬਾਅਦ ਸ਼ਹਿਰ 'ਚ ਲਗਾਤਾਰ ਕਸ਼ਮੀਰੀ ਵਿਦਿਆਰਥੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ, ਜਿਸ ਨਾਲ ਵਿਦਿਆਰਥੀਆਂ ਦੇ ਦਿਲਾਂ 'ਚ ਸਹਿਮ ਦਾ ਮਾਹੌਲ ਹੈ। ਗ੍ਰਿਫਤਾਰ ਕੀਤੇ ਵਿਦਿਆਰਥੀਆਂ ਯਾਸਿਰ ਰਫ਼ੀਕ ਭੱਟ (18) ਪੁੱਤਰ ਮੁਹੰਮਦ ਰਫੀਕ ਭੱਟ ਵਾਸੀ ਨੂਰਪੂਰਾ ਤਹਿਸੀਲ ਅਵੰਤੀਪੁਰ ਪੁਲਵਾਮਾ, ਜ਼ਾਹਿਦ ਗੁਲਜ਼ਾਰ (18) ਪੁੱਤਰ ਅਹਿਮਦ ਗੁਲਜ਼ਾਰ ਰਾਥੇਰ ਵਾਸੀ ਰਾਜਪੁਰਾ ਤਹਿਸੀਲ ਅਵੰਤੀਪੁਰਾ, ਪੁਲਵਾਮਾ, ਮੁਹੰਮਦ ਇਦਰਿਸ ਸ਼ਾਹ (18) ਪੁੱਤਰ ਅਬਦੁਲ ਕਯੂਮ ਸ਼ਾਹ ਵਾਸੀ ਬੋਹੂ ਅਵੰਤੀਪੁਰਾ, ਪੁਲਵਾਮਾ ਤੋਂ ਕੀਤੀ ਪੁੱਛਗਿੱਛ ਦੇ ਆਧਾਰ 'ਤੇ ਪੁਲਿਸ ਨੇ ਪੰਜਾਬ 'ਚ ਪੜ੍ਹਾਈ ਕਰਦੇ ਇਕ ਹੋਰ ਕਸ਼ਮੀਰੀ ਵਿਦਿਆਰਥੀ ਸੁਹੇਲ ਅਹਿਮਦ ਭੱਟ (18) ਵਾਸੀ ਨੂਰਪੁਰਾ ਅਵੰਤੀਪੁਰਾ, ਪੁਲਵਾਮਾ ਨੂੰ ਕਸ਼ਮੀਰ ਤੋਂ ਗ੍ਰਿਫਤਾਰ ਕਰ ਕੇ ਜਲੰਧਰ ਲਿਆਂਦਾ ਹੈ। ਇਨ੍ਹਾਂ ਦੀ ਪੁੱਛਗਿੱਛ ਦੌਰਾਨ ਯਾਸਿਰ ਰਫ਼ੀਕ ਭੱਟ ਨੂੰ ਬੁਖਾਰ ਹੋਣ ਕਰ ਕੇ ਉਸ ਦੀ ਤਬੀਅਤ ਖਰਾਬ ਹੋ ਗਈ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ।

## ਕਸ਼ਮੀਰੀ ਪਾੜ੍ਹਿਆਂ ਪ੍ਰਤੀ ਨਰਮ ਪਈ ਪੁਲਿਸ

**ਜਲੰਧਰ:** ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਸੂਬੇ ਦੇ ਸਾਰੇ ਐਸ.ਐਸ.ਪੀਜ਼. ਨੂੰ ਹਦਾਇਤਾਂ ਦਿੱਤੀਆਂ ਹਨ ਕਿ ਉਹ ਪੰਜਾਬ ਵਿਚ ਪੜ੍ਹ ਰਹੇ ਕਸ਼ਮੀਰੀ ਵਿਦਿਆਰਥੀਆਂ ਅੰਦਰ ਪੈਦਾ ਹੋਏ ਬੇਗਾਨਗੀ ਦੇ ਅਹਿਸਾਸ ਨੂੰ ਦੂਰ ਕਰਨ। ਡੀਜੀਪੀ ਨੇ ਦੱਸਿਆ ਕਿ ਉਨ੍ਹਾਂ ਐਸ.ਐਸ.ਪੀਜ਼. ਨੂੰ ਕਿਹਾ ਹੈ ਕਿ ਉਹ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਅਤੇ ਵਿਦਿਆਰਥੀਆਂ ਨਾਲ ਸਿੱਧਾ ਰਾਬਤਾ ਬਣਾਉਣ ਤੇ ਇਹ ਯਕੀਨ ਦਿਵਾਉਣ ਕਿ ਉਹ ਕਿਸੇ ਵੀ ਮੁਸ਼ਕਲ ਸਮੇਂ ਪੁਲਿਸ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਕੇ ਆਪਣੀ ਸਮੱਸਿਆਵਾਂ ਦੱਸ ਸਕਦੇ ਹਨ। ਇਹ ਬਹੁਤ ਹੀ ਸੰਵੇਦਨਸ਼ੀਲ ਮਾਮਲਾ ਹੈ ਕਿ ਇਥੇ ਪੜ੍ਹ ਰਹੇ ਵਿਦਿਆਰਥੀਆਂ 'ਤੇ ਕੌਮ ਦੇ ਆਧਾਰ 'ਤੇ ਸ਼ੱਕ ਕੀਤਾ ਜਾਵੇ। ਉਹ ਸਾਡੇ ਬੱਚੇ ਹਨ, ਉਨ੍ਹਾਂ ਨੂੰ ਪੜ੍ਹਾਈ ਲਈ ਚੰਗਾ ਮਾਹੌਲ ਦੇਣਾ ਸਾਡੀ ਜ਼ਿੰਮੇਵਾਰੀ ਹੈ।


## Matrimonials

### ਲੜਕੇ ਦੀ ਲੋੜ ਹੈ

Professionaly qualified well settled American citizen match for jatt sikh girl 24/5'5" MBBS, Passed USMLE Step 1 with high scores. Currently in India. Contact: 001-778-552-8628, 91-98760-61260,630-407-7577 or e-mail: dr.pardeepgill3@gmail.com 42-45

Suitable Jatt Sikh match sought for our daughter, PhD, 38 years, 5'-9", Beautiful and slim, never married, works as a Scientist in New York. Family from Ferozepur. Contact: gks27@cornell.edu 41-44

### ਲੜਕੇ ਦੀ ਲੋੜ ਹੈ

Suitable Ramgariha Sikh match sought for our daughter, M.Sc. (Botany), Currently enrolled in LPN (US), 28 years, 5'-7", Beautiful and slim, Residing in Chicago. Pl. Contact: manpreets1211@gmail.com 43-46

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 42-45


# ਕੈਨੇਡਾ 'ਚ ਭੰਗ ਨੂੰ ਮਿਲੀ ਕਾਨੂੰਨੀ ਮਾਨਤਾ

**ਵੈਨਕੂਵਰ:** ਕੈਨੇਡਾ ਵਿਚ ਮਨੋਰੰਜਨ ਲਈ ਭੰਗ ਦੀ ਵਰਤੋਂ ਨੂੰ ਕਾਨੂੰਨੀ ਮਾਨਤਾ ਮਿਲ ਜਾਏਗੀ। ਇਸ ਦੇ ਨਾਲ ਹੀ ਟਰੂਡੋ ਸਰਕਾਰ ਸਾਹਮਣੇ ਇਨ੍ਹਾਂ ਮਾਮਲਿਆਂ ਸਬੰਧੀ ਗੁਜ਼ਾਰਸ਼ਾਂ ਦੀ ਲਿਸਟ ਵੀ ਵਧਦੀ ਜਾ ਰਹੀ ਹੈ। ਟਰੂਡੋ ਸਰਕਾਰ ਜਲਦ ਹੀ ਭੰਗ ਸਬੰਧੀ ਛੋਟੇ ਅਪਰਾਧਾਂ ਵਿਚ ਉਲਝੇ ਮੁਲਜ਼ਮਾਂ ਬਾਰੇ ਵਿਚਾਰ ਕਰ ਸਕਦੀ ਹੈ।

ਹਫਤਾਵਰੀ ਕੈਬਨਿਟ ਬੈਠਕ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਜਿਹੜੇ ਅਪਰਾਧਕ ਮਾਮਲਿਆਂ ਨੂੰ ਜਲਦੀ ਹੀ ਕਨੂੰਨ ਦੀ ਉਲੰਘਣਾ ਨਹੀਂ ਮੰਨਿਆ ਜਾਵੇਗਾ, ਉਨ੍ਹਾਂ ਮਾਮਲਿਆਂ ਵਿਚ ਪਹਿਲਾਂ ਤੋਂ ਹੀ ਉਲਝੇ ਲੋਕਾਂ ਦੇ ਮਾਮਲੇ ਵਿਚਾਰਨ ਵਿਚ ਵੀ ਉਹ ਜ਼ਿਆਦਾ ਸਮਾਂ ਨਹੀਂ ਲਾਉਣਗੇ। ਉਨ੍ਹਾਂ ਕਿਹਾ ਕਿ ਜਿਵੇਂ ਹੀ ਕਾਨੂੰਨੀ ਮਾਨਤਾ ਲਾਗੂ ਹੁੰਦੀ ਹੈ, ਉਹ ਇਸ ਮਾਮਲੇ 'ਤੇ ਕੰਮ ਆਰੰਭ ਦੇਣਗੇ। ਮੰਨਿਆ ਜਾ ਰਿਹਾ ਹੈ ਕਿ ਫੈਡਰਲ ਸਰਕਾਰ ਕੁਝ ਸਾਧਾਰਨ ਅਪਰਾਧਾਂ ਬਾਰੇ ਵਿਚਾਰ ਕਰ ਸਕਦੀ ਹੈ, ਜਿਨ੍ਹਾਂ ਵਿਚ ਛੋਟੀ ਗਿਣਤੀ ਵਿਚ ਭੰਗ ਰੱਖਣ ਵਰਗੇ ਅਪਰਾਧ ਸ਼ਾਮਲ ਹੋ ਸਕਦੇ ਹੈ।


## ਕੁਕ ਅਤੇ ਹੈਲਪਰ ਦੀ ਲੋੜ ਹੈ

ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਇੰਡੀਅਨ ਰੈਸਟੋਰੈਂਟ ਲਈ ਕੁਕ ਅਤੇ ਹੈਲਪਰ ਦੀ ਲੋੜ ਹੈ

*ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ*

ਸੰਪਰਕ ਕਰੋ:

ਫੋਨ: 916-468-8885

42-43

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

## Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai **Cell:734-644-1010** Office:734-747-4298

# ਪੰਥਕ ਅਸੈਂਬਲੀ ਵੱਲੋਂ ਬਾਦਲਾਂ ਦੇ ਬਾਈਕਾਟ ਦਾ ਸੱਦਾ

**ਅੰਮ੍ਰਿਤਸਰ:** ਸਿੱਖ ਮਸਲਿਆਂ ਅਤੇ ਬਰਗਾੜੀ ਮੋਰਚੇ ਬਾਰੇ ਵਿਚਾਰ ਕਰਨ ਲਈ ਬੁਲਾਈ ਪੰਥਕ ਅਸੈਂਬਲੀ ਦਾ ਇਜਲਾਸ ਬਰਗਾੜੀ ਮੋਰਚੇ ਦੀ ਪੂਰਨ ਹਮਾਇਤ ਕਰਨ, ਬਾਦਲ ਪਿਉ-ਪੁੱਤਰ ਦੇ ਸਿਆਸੀ ਬਾਈਕਾਟ ਕਰਨ ਤੇ ਅਕਾਲੀ ਕਾਰਕੁਨਾਂ ਨੂੰ ਪੰਥ ਵਿਰੋਧੀ ਪਿਉ-ਪੁੱਤਰ ਦਾ ਸਾਥ ਛੱਡਣ, ਪੰਥ ਨੂੰ ਭਰੋਸੇ ਵਿਚ ਲਏ ਬਿਨਾਂ ਤੇ ਵਿਧੀ-ਵਿਧਾਨ ਘੜੇ ਬਿਨਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਪ੍ਰਵਾਨ ਨਾ ਕਰਨ ਦੇ ਮਤਿਆਂ ਨੂੰ ਪ੍ਰਵਾਨਗੀ ਦੇ ਕੇ ਪੰਥਕ ਅਸੈਂਬਲੀ ਨੂੰ ਅਨਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਹੈ।

ਪੰਥਕ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਪ੍ਰਗਟ ਸਿੰਘ ਭੋਲੋਪੁਰਾ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਕਬਜ਼ੇ 'ਚ ਕਰਕੇ ਸਿੱਖਾਂ ਦਾ ਭਾਰੀ ਨੁਕਸਾਨ ਕੀਤਾ। ਅਹਿਮਦਾਬਾਦ (ਗੁਜਰਾਤ) ਤੋਂ ਮੋਹਨਜੀਤ ਸਿੰਘ ਨੇ ਕਿਹਾ ਕਿ ਗੁਜਰਾਤ ਵਿਚ ਗੁਰਦੁਆਰਿਆਂ ਦੀ ਹੋਂਦ ਖਤਰੇ ਵਿਚ ਹੈ ਕਿਉਂਕਿ ਉਥੇ ਸਿਆਸੀ ਸਰਪ੍ਰਸਤੀ ਹੇਠ ਗੁਰਦੁਆਰਿਆਂ ਵਿਚ ਮੂਰਤੀਆਂ ਰਖਵਾ ਕੇ ਮਰਿਆਦਾ ਨੂੰ ਢਾਹ ਲਾਈ ਜਾ ਰਹੀ ਹੈ।

ਸਾਬਕਾ ਆਈ.ਏ.ਐਸ. ਪ੍ਰੋ. ਗੁਰਤੇਜ ਸਿੰਘ ਨੇ ਕਿਹਾ ਕਿ ਜਦੋਂ ਬਾਦਲਾਂ ਨੇ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ, ਉਦੋਂ ਹੀ ਅਕਾਲੀ ਦਲ ਖਤਮ ਹੋਣਾ ਸ਼ੁਰੂ ਹੋ ਗਿਆ ਸੀ। ਫਰਾਂਸ ਤੋਂ ਆਏ ਪਾਲ ਸਿੰਘ ਨੇ ਕਿਹਾ ਕਿ ਜਦੋਂ ਤੀਕ ਸਿਆਸੀ ਤੌਰ 'ਤੇ ਸਿੱਖ ਤਾਕਤਵਰ ਨਹੀਂ ਬਣਦੇ, ਬੇਅਦਬੀਆਂ ਨਹੀਂ ਰੁਕਣਗੀਆਂ।

ਸ੍ਰੀ ਸੁਖਪ੍ਰੀਤ ਸਿੰਘ ਉਦੋਕੇ ਨੇ ਬੇਅਦਬੀ ਮਾਮਲਿਆਂ ਦੀ ਗੱਲ ਕਰਦਿਆਂ ਕਿਹਾ ਕਿ ਸਿੱਖਾਂ ਨੂੰ ਆਪਣੇ ਦੁਸ਼ਮਣ ਦੀ ਸ਼ਨਾਖਤ ਕਰਨ ਦੀ ਲੋੜ ਹੈ। ਪੰਥਕ ਅਸੈਂਬਲੀ ਨੇ ਬਰਗਾੜੀ ਮੋਰਚੇ ਦੀ ਪੂਰਨ ਹਮਾਇਤ ਦਾ ਐਲਾਨ ਕਰਦਿਆਂ ਮੋਰਚੇ ਦੀਆਂ ਮੰਗਾਂ ਦੀ ਵੀ ਹਮਾਇਤ ਕੀਤੀ।




ਪਾਸ ਕੀਤੇ ਮਤੇ ਵਿਚ ਕਿਹਾ ਗਿਆ ਕਿ ਅਕਾਲ ਤਖਤ ਸਾਹਿਬ ਦਾ 'ਕਠਪੁਤਲੀ' ਜਥੇਦਾਰ ਪ੍ਰਵਾਨ ਨਹੀਂ। ਅਸੈਂਬਲੀ ਇਜਲਾਸ ਸ਼੍ਰੋਮਣੀ ਕਮੇਟੀ ਨੂੰ ਸਪਸ਼ਟ ਕਰਦਾ ਹੈ ਕਿ ਬਾਦਲ ਪਰਿਵਾਰ ਦੇ ਲਗਾਤਾਰ ਅਸਰ ਕਬੂਲਣ ਵਾਲੇ ਗਿਆਨੀ ਗੁਰਬਚਨ ਸਿੰਘ ਨੂੰ ਪੰਥ ਵਿਰੋਧੀ, ਦੇਹਧਾਰੀ, ਗੁਰੂ-ਡੰਮ ਪੱਖੀ ਆਪਹੁਦਰੀਆਂ ਕਾਰਗੁਜ਼ਾਰੀਆਂ ਕਾਰਨ ਸਿੱਖ ਜਗਤ ਵਲੋਂ ਪਹਿਲਾਂ ਹੀ ਨਕਾਰਿਆ ਤੇ ਅਪ੍ਰਵਾਨ ਕੀਤਾ ਜਾ ਚੁੱਕਿਆ ਹੈ।

ਇਕ ਹੋਰ ਮਤੇ ਰਾਹੀਂ ਡੇਰਾ ਸਿਰਸਾ ਅਤੇ ਇਸ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਬਹਿਬਲ ਕਲਾਂ, ਬਰਗਾੜੀ ਅਤੇ ਕੋਟਕਪੂਰਾ ਘਟਨਾਵਾਂ ਵਿਚ ਸ਼ਮੂਲੀਅਤ ਦੇ ਸੰਦਰਭ ਵਿਚ ਵਾਈਟ-ਪੇਪਰ ਪ੍ਰਕਾਸ਼ਤ ਕਰਨ ਦਾ ਫੈਸਲਾ ਲਿਆ ਗਿਆ। ਨਾਮ ਚਰਚਾ ਘਰਾਂ 'ਤੇ ਪੰਜਾਬ ਵਿਚ ਪਾਬੰਦੀ ਲਾਉਣ ਦੀ ਮੰਗ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਗਈ ਕਿ ਬਹਿਬਲ ਕਲਾਂ ਦੇ ਦੋਵਾਂ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬਘਰ ਵਿਚ ਲਾਈਆਂ ਜਾਣ ਅਤੇ ਸਿਰਸਾ ਸਾਧ ਨੂੰ ਮੁਆਫੀ ਦੇਣ ਵਾਲੇ ਜਥੇਦਾਰ ਗਿਆਨੀ ਮੱਲ ਸਿੰਘ ਦੀ ਤਸਵੀਰ ਉਥੋਂ ਹਟਾਈ ਜਾਵੇ।

ਇਜਲਾਸ ਵਿਚ ਇਕ ਹੋਰ ਮਤੇ ਰਾਹੀਂ ਇਹ ਮੰਗ ਕੀਤੀ ਗਈ ਕਿ ਨਕੋਦਰ ਕਾਂਡ ਵਿਚ ਸ਼ਹੀਦ ਹੋਏ ਚਾਰ ਨੌਜਵਾਨਾਂ ਸਬੰਧੀ ਬਣੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਪੰਜਾਬ ਸਰਕਾਰ ਜਨਤਕ ਕਰੇ। ਇਕ ਹੋਰ ਮਤੇ ਵਿਚ ਅੰਮ੍ਰਿਤਸਰ ਵਿਚ ਦਸਹਿਰੇ ਵਾਲੇ ਦਿਨ ਵਾਪਰੇ ਰੇਲ ਹਾਦਸੇ ਵਿਚ ਵੱਡੀ ਗਿਣਤੀ ਵਿਚ ਹੋਈ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ ਅਤੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਪੀੜਤ ਪਰਿਵਾਰਾਂ ਦੀ ਮਾਇਕ ਸਹਾਇਤਾ ਕੀਤੀ ਜਾਵੇ। ਦੋ ਦਿਨਾਂ ਸੈਸ਼ਨ ਦੌਰਾਨ 60 ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਸਨ।

ਇਜਲਾਸ ਵਿਚ ਕੰਵਰਪਾਲ ਸਿੰਘ ਬਿੱਟੂ, ਐਡਵੋਕੇਟ ਜਸਵਿੰਦਰ ਸਿੰਘ, ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਪ੍ਰੋ. ਜਗਮੋਹਨ ਸਿੰਘ ਟੋਨੀ, ਹਰਪਾਲ ਸਿੰਘ ਚੀਮਾ, ਕਰਨੈਲ ਸਿੰਘ ਪੀਰ ਮੁਹੰਮਦ, ਜਸਪਾਲ ਸਿੰਘ ਸਿੱਧੂ, ਸਾਬਕਾ ਆਈ ਏ ਐਸ ਪ੍ਰੋ. ਗੁਰਤੇਜ ਸਿੰਘ, ਪ੍ਰਿੰ. ਜਗਦੀਸ਼ ਸਿੰਘ, ਜਸਪਾਲ ਸਿੰਘ ਹੇਰਾਂ, ਅਮਨਦੀਪ ਸਿੰਘ ਆਸਟਰੇਲੀਆ, ਗੁਰਪ੍ਰੀਤ ਸਿੰਘ ਚੰਡੀਗੜ੍ਹ, ਐਡਵੋਕੇਟ ਅਮਰ ਸਿੰਘ ਚਾਹਲ, ਅਮਰੀਕ ਸਿੰਘ ਸ਼ਾਹਪੁਰ, ਜਸਬੀਰ ਸਿੰਘ ਘੁੰਮਣ ਆਦਿ ਤੋਂ ਬਿਨਾ ਹੋਰ ਮੈਂਬਰ ਮੌਜੂਦ ਸਨ।

## ਕੈਪਟਨ ਤੇ ਸੁਖਬੀਰ ਵਿਚਾਲੇ ਸ਼ਬਦੀ ਜੰਗ

**ਚੰਡੀਗੜ੍ਹ:** ਪੰਜਾਬ ਦੇ ਦੋ ਅਹਿਮ ਮਸਲਿਆਂ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚਾਲੇ ਸ਼ਬਦੀ ਜੰਗ ਤਿੱਖੀ ਹੋ ਗਈ ਹੈ। ਕੈਪਟਨ ਨੇ ਆਪਣੇ ਟਵੀਟ ਵਿਚ ਸੁਖਬੀਰ ਬਾਦਲ ਨੂੰ ਕਿਹਾ, "ਮੈਨੂੰ ਯਕੀਨ ਹੈ ਕਿ ਤੈਨੂੰ ਮੇਰੇ ਦਿੱਲੀ ਦੌਰੇ ਦਾ ਪਤਾ ਹੈ ਤੇ ਮੈਂ ਪਰਾਲੀ ਦੇ ਮਸਲੇ ਦਾ ਹੱਲ ਕਰਨ ਲਈ ਕਿਸਾਨਾਂ ਵਾਸਤੇ ਸੌ ਰੁਪਏ ਪ੍ਰਤੀ ਕੁਇੰਟਲ ਬੋਨਸ ਲਈ ਕੇਂਦਰ ਸਰਕਾਰ ਕੋਲ ਪੈਰਵੀ ਕਰ ਰਿਹਾ ਹਾਂ ਪਰ ਤੁਸੀਂ ਅਜਿਹਾ ਨਹੀਂ ਚਾਹੁੰਦੇ। ਪਰ ਤੁਸੀਂ ਮੈਨੂੰ ਕਿਸਾਨਾਂ ਦੇ ਭਲੇ 'ਚ ਅਜਿਹਾ ਕਰਨ ਤੋਂ ਨਹੀਂ ਰੋਕ ਸਕਦੇ।"

ਇਸ ਦੇ ਨਾਲ ਕੈਪਟਨ ਨੇ ਪਿਛਲੀ ਅਕਾਲੀ ਭਾਜਪਾ ਸਰਕਾਰ ਦੀ ਮੁਕੰਮਲ ਅਸਫਲਤਾ ਕਾਰਨ ਅਨਾਜ ਦੇ 31000 ਕਰੋੜ ਰੁਪਏ ਮਾਮਲੇ ਨੂੰ ਕਰਜ਼ੇ ਵਿਚ ਤਬਦੀਲ ਕਰਵਾਉਣ ਨੂੰ ਲੈ ਕੇ ਅਕਾਲੀ ਆਗੂ ਵਿਰੁਧ ਸਖਤ ਹਮਲਾ ਕਰਦਿਆਂ ਕਿਹਾ, "ਇਸ ਕਰਜ਼ੇ ਕਾਰਨ ਸੂਬੇ ਦੀ ਵਿੱਤੀ ਹਾਲਤ ਮਾੜੀ ਹੋ ਗਈ ਹੈ ਤੇ ਮੈਂ ਪੰਜਾਬ ਨੂੰ ਇਸ ਸਥਿਤੀ ਵਿਚੋਂ ਕੱਢਣ ਲਈ ਯਤਨ ਕਰ ਰਿਹਾ ਹਾਂ ਤੇ ਜੇ ਲੋੜ ਪਈ ਤਾਂ ਇਸ ਮੰਤਵ ਖਾਤਰ ਦਿੱਲੀ ਵਿਚ ਡੇਰੇ ਵੀ ਲਾ ਸਕਦਾ ਹਾਂ। ਪਰ ਤੁਸੀਂ ਆਪਣੀਆਂ ਕੋਝੀਆਂ ਚਾਲਾਂ ਨਾਲ ਪੰਜਾਬੀਆਂ ਨੂੰ ਹੋਰ ਬੁੱਧੂ ਨਹੀਂ ਬਣਾ ਸਕਦੇ।"

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਨੂੰਨੀ ਗੇੜ 'ਚ ਫਸੀ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਗਠਨ ਨੂੰ ਲੈ ਕੇ 4 ਸਾਲਾਂ ਤੋਂ ਵੱਧ ਸਮੇਂ ਤੋਂ ਸੁਪਰੀਮ ਕੋਰਟ 'ਚ ਜੋ ਪਟੀਸ਼ਨ ਵਿਚਾਰਧੀਨ ਹੈ, ਉਸ ਦੀ ਅਗਲੀ ਤਰੀਕ ਚੀਫ ਜਸਟਿਸ ਰੰਜਨ ਗੋਗੋਈ ਨੇ ਅਗਲੇ ਸਾਲ 25 ਨਵੰਬਰ 'ਤੇ ਪਾ ਦਿੱਤੀ ਹੈ। ਇਹ ਜਾਣਕਾਰੀ ਉਕਤ ਕਮੇਟੀ ਦੇ ਜਨਰਲ ਸਕੱਤਰ ਜੋਗਾ ਸਿੰਘ ਨੇ ਦਿੱਤੀ।

ਉਨ੍ਹਾਂ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਕਿ ਚੀਫ ਜਸਟਿਸ ਨੇ ਏਨੀ ਲੰਬੀ ਤਰੀਕ ਕਿਉਂ ਪਾਈ? ਵਰਨਣਯੋਗ ਹੈ ਕਿ ਇਹ ਪਟੀਸ਼ਨ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਕੁਰੂਕਸ਼ੇਤਰ ਤੋਂ ਅਕਾਲੀ ਮੈਂਬਰ ਹਰਭਜਨ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਵਿਰੁੱਧ ਦਾਇਰ ਕਰ ਰੱਖੀ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਕੇਸ ਦੀ ਸੁਣਵਾਈ ਹੁਣ ਤੱਕ ਸੁਪਰੀਮ ਕੋਰਟ ਦੇ 4 ਚੀਫ ਜਸਟਿਸ ਕਰ ਚੁੱਕੇ ਹਨ ਤੇ ਹੁਣ ਪੰਜਵੇਂ ਚੀਫ ਜਸਟਿਸ ਸੁਣਵਾਈ ਕਰਨਗੇ।

# ਬਾਦਲਾਂ ਨੇ ਹੁਣ ਅਕਾਲੀ ਦਲ ਦੇ ਖਜ਼ਾਨੇ ਨੂੰ ਲਾਇਆ ਵਾਢਾ

**ਬਠਿੰਡਾ:** ਪੰਜਾਬ 'ਚ ਬਦਲੀ ਹਕੂਮਤ ਪਿਛੋਂ ਸਰਕਾਰੀ ਹੈਲੀਕਾਪਟਰ ਨੂੰ ਬਾਦਲਾਂ ਦਾ ਭਾਰ ਢੋਣ ਤੋਂ ਤਾਂ ਸਾਹ ਮਿਲ ਗਿਆ, ਪਰ ਇਸ ਬੋਝ ਨਾਲ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨੇ ਦਾ ਦਮ ਘੁੱਟਣ ਲੱਗਾ ਹੈ। ਅਕਾਲੀ ਦਲ ਵੱਲੋਂ ਪਾਰਟੀ ਦੇ ਖਜ਼ਾਨੇ 'ਚੋਂ ਬਾਦਲਾਂ ਤੇ ਮਜੀਠੀਆ ਦੀ ਮਾਲਕੀ ਵਾਲੀਆਂ ਔਰਬਿਟ ਏਵੀਏਸ਼ਨ ਅਤੇ ਸਰਾਇਆ ਏਵੀਏਸ਼ਨ ਦੇ ਹੈਲੀਕਾਪਟਰਾਂ ਦਾ ਕਿਰਾਇਆ ਦਿੱਤਾ ਜਾਂਦਾ ਹੈ। ਇਨ੍ਹਾਂ ਹੈਲੀਕਾਪਟਰਾਂ ਦੀ ਵਰਤੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਨੂੰ ਭੇਜੀ ਗਈ ਪਾਰਟੀ ਦੀ ਤਾਜ਼ਾ ਆਡਿਟ ਰਿਪੋਰਟ ਅਤੇ ਬੈਲੇਂਸ ਸ਼ੀਟ ਅਨੁਸਾਰ ਪਾਰਟੀ ਇਸ ਵੇਲੇ ਮੈਸਰਜ਼ ਔਰਬਿਟ ਏਵੀਏਸ਼ਨ ਪ੍ਰਾਈਵੇਟ ਲਿਮਟਿਡ ਦੀ ਕਰੀਬ 1.87 ਕਰੋੜ ਰੁਪਏ ਦੀ ਕਰਜ਼ਦਾਰ ਹੈ, ਜੋ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਏਵੀਏਸ਼ਨ ਹੈ। ਮਾਲੀ ਸਾਲ 2017-18 ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਔਰਬਿਟ ਏਵੀਏਸ਼ਨ ਦਾ ਜਹਾਜ਼ ਵਰਤਿਆ ਜਿਸ ਦਾ ਇਕ ਸਾਲ ਦਾ ਕਿਰਾਇਆ 1.10 ਕਰੋੜ ਰੁਪਏ ਬਣਿਆ। ਪਿਛਲੇ ਸਾਲ ਇਹ ਕਿਰਾਇਆ 77.84 ਲੱਖ ਰੁਪਏ ਸੀ। ਅਕਾਲੀ ਦਲ ਨੇ ਜੋ 3.74 ਕਰੋੜ ਰੁਪਏ ਦੀਆਂ ਫੁਟਕਲ ਦੇਣਦਾਰੀਆਂ ਦਿਖਾਈਆਂ ਹਨ, ਉਨ੍ਹਾਂ ਵਿਚ ਔਰਬਿਟ ਏਵੀਏਸ਼ਨ ਦੇ 1.87 ਕਰੋੜ ਰੁਪਏ ਵੀ ਸ਼ਾਮਲ ਹਨ। ਸ਼੍ਰੋਮਣੀ ਅਕਾਲੀ ਦਲ ਨੇ ਮਜੀਠੀਆ ਪਰਿਵਾਰ ਦੀ ਮਾਲਕੀ ਵਾਲੇ ਸਰਾਇਆ ਏਵੀਏਸ਼ਨ ਨੂੰ ਪਿਛਲੇ ਸਾਲ ਕਿਰਾਇਆਂ ਦੇ ਰੂਪ ਵਿਚ 7.84 ਲੱਖ ਰੁਪਏ ਦੀ ਅਦਾਇਗੀ ਪਾਰਟੀ ਦੇ ਖਜ਼ਾਨੇ 'ਚੋਂ ਕੀਤੀ।




ਇਸੇ ਤਰ੍ਹਾਂ ਲੰਘੇ ਸਾਲ ਅਟਾਰੀ ਏਵੀਏਸ਼ਨ ਨੂੰ 4.39 ਲੱਖ ਕਿਰਾਇਆ ਦਿੱਤਾ ਗਿਆ ਹੈ। ਦਿਲਚਸਪ ਤੱਥ ਹਨ ਕਿ ਸਾਲ 2017-18 ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਸਭ ਤੋਂ ਵੱਡਾ ਦਾਨ ਵੀ ਬਾਦਲਾਂ ਦੀ ਕੰਪਨੀ ਨੇ ਦਿੱਤਾ। ਡੱਬਵਾਲੀ ਟਰਾਂਸਪੋਰਟ ਨੇ 94.50 ਲੱਖ ਅਤੇ ਔਰਬਿਟ ਰਿਜ਼ੋਰਟ ਪ੍ਰਾਈਵੇਟ ਲਿਮਟਿਡ ਨੇ 97 ਲੱਖ ਰੁਪਏ ਦਾ ਦਾਨ ਅਕਾਲੀ ਦਲ ਦੀ ਝੋਲੀ ਪਾਇਆ। ਪੰਜਾਬ ਦੇ ਲੋਕ ਭੰਬਲਭੂਸੇ ਵਿਚ ਹਨ ਕਿ ਇਕ ਹੱਥ ਨੇ ਦਾਨ ਦਿੱਤਾ ਜਦੋਂ ਕਿ ਦੂਜਾ ਹੱਥ ਅਕਾਲੀ ਦਲ ਤੋਂ ਹੈਲੀਕਾਪਟਰ ਦਾ ਕਿਰਾਇਆ ਉਡੀਕ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਤਾਂ ਮੈਸਰਜ਼ ਫਾਸਟਵੇਅ ਟਰਾਂਸਮਿਸ਼ਨ ਪ੍ਰਾਈਵੇਟ ਲਿਮਟਿਡ ਦਾ 73.74 ਲੱਖ ਤੇ ਮੈਸਰਜ਼ ਜੀ.ਨੈਕਸਟ ਮੀਡੀਆ ਪ੍ਰਾਈਵੇਟ ਲਿਮਟਿਡ ਦਾ 57.50 ਲੱਖ ਦਾ ਕਰਜ਼ਦਾਰ ਹੈ। ਸ਼੍ਰੋਮਣੀ ਅਕਾਲੀ ਦਲ ਨੇ ਮੈਂਬਰਸ਼ਿਪ ਵਜੋਂ ਕੂਪਨਾਂ ਤੋਂ 1.06 ਕਰੋੜ ਰੁਪਏ ਕਮਾਏ ਹਨ। ਮੀਟਿੰਗਾਂ, ਕਾਨਫਰੰਸਾਂ ਅਤੇ ਸੰਗਤ ਦਰਸ਼ਨਾਂ 'ਤੇ 21.75 ਲੱਖ ਰੁਪਏ ਦਾ ਖਰਚ ਆਇਆ ਹੈ।

# ਪੰਜਾਬ ਸਰਕਾਰ ਨੇ ਹੁਣ ਲੈਂਡ ਕਰੂਜ਼ਰ ਖਰੀਦਣ ਦੀ ਖਿੱਚੀ ਤਿਆਰੀ

**ਬਠਿੰਡਾ:** ਆਰਥਿਕ ਤੰਗੀ ਨਾਲ ਦੋ-ਦੋ ਹੱਥ ਕਰ ਰਹੀ ਪੰਜਾਬ ਸਰਕਾਰ ਹੁਣ ਲੈਂਡ ਕਰੂਜ਼ਰਾਂ ਖਰੀਦਣ ਦੀ ਤਿਆਰੀ ਕਰ ਰਹੀ ਹੈ। ਸਰਕਾਰ ਹੁਣ 16 ਲੈਂਡ ਕਰੂਜ਼ਰ ਵਾਹਨ ਖਰੀਦਣ ਜਾ ਰਹੀ ਹੈ। ਮੁੱਖ ਮੰਤਰੀ ਦਫਤਰ ਕੋਲ ਪਹਿਲਾਂ ਅੱਠ ਅੰਬੈਸਡਰ ਅਤੇ ਛੇ ਮੋਟੇਰੋ ਗੱਡੀਆਂ ਸਨ, ਜਿਨ੍ਹਾਂ ਦੇ ਬਦਲ ਵਜੋਂ ਲੈਂਡ ਕਰੂਜ਼ਰ ਨੂੰ ਥਾਂ ਦਿੱਤੀ ਗਈ ਹੈ। ਟਰਾਂਸਪੋਰਟ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਨੇ ਮੁੱਖ ਮੰਤਰੀ ਪੰਜਾਬ ਦੀ ਪ੍ਰਵਾਨਗੀ ਮਗਰੋਂ ਜਿਹੜੇ ਵਾਹਨਾਂ ਦੀ ਇਨਟਾਈਟਲਮੈਂਟ ਤੈਅ ਕੀਤੀ ਹੈ, ਉਸ ਅਨੁਸਾਰ ਨਵੇਂ ਲਗਜ਼ਰੀ ਵਾਹਨਾਂ ਲਈ ਮੁੱਖ ਮੰਤਰੀ, ਵਜ਼ੀਰਾਂ ਅਤੇ ਵਿਧਾਇਕਾਂ ਨੂੰ ਹੱਕਦਾਰ ਬਣਾਇਆ ਗਿਆ ਹੈ। ਭਾਵੇਂ ਕੈਪਟਨ ਸਰਕਾਰ ਨੇ ਨਵੇਂ ਵਾਹਨ ਖਰੀਦਣ ਲਈ ਕੋਈ ਕਦਮ ਤਾਂ ਨਹੀਂ ਚੁੱਕਿਆ ਹੈ ਪਰ ਇਕ ਨਵਾਂ ਰਾਹ ਜ਼ਰੂਰ ਖੋਲ੍ਹ ਦਿੱਤਾ ਹੈ। ਨਵੇਂ ਅਧਿਕਾਰਤ ਲਗਜ਼ਰੀ ਵਾਹਨ ਦੇਰ ਸਵੇਰ ਖਜ਼ਾਨੇ ਦੇ ਧੂੜ ਜ਼ਰੂਰ ਪੁੱਟਣਗੇ।



ਵੇਰਵਿਆਂ ਅਨੁਸਾਰ ਮੋਟਰ ਵਹੀਕਲ ਬੋਰਡ ਦੀ ਤਿੰਨ ਅਪਰੈਲ ਨੂੰ ਮੁੱਖ ਸਕੱਤਰ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਨਵੇਂ ਵਾਹਨ ਖਰੀਦਣ ਵਾਸਤੇ ਵਿਚਾਰ ਵਟਾਂਦਰਾ ਹੋਇਆ ਸੀ ਅਤੇ ਨਵੀਂ ਤਜਵੀਜ਼ ਤਿਆਰ ਹੋਈ ਸੀ। ਹੁਣ ਟਰਾਂਸਪੋਰਟ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਨੇ ਪਹਿਲੀ ਅਕਤੂਬਰ ਨੂੰ ਪੱਤਰ ਜਾਰੀ ਕੀਤਾ ਹੈ, ਉਸ ਵਿਚ ਮੁੱਖ ਮੰਤਰੀ ਦੀ ਪ੍ਰਵਾਨਗੀ ਲਏ ਜਾਣ ਦਾ ਸਾਫ ਜ਼ਿਕਰ ਕੀਤਾ ਗਿਆ ਹੈ। ਪੱਤਰ ਅਨੁਸਾਰ ਵੀ.ਆਈ.ਪੀਜ਼. ਅਤੇ ਉਚ ਅਫਸਰਾਂ ਨੂੰ 432 ਗੱਡੀਆਂ ਖਰੀਦਣ ਦਾ ਹੱਕਦਾਰ ਬਣਾਇਆ ਹੈ, ਜਿਨ੍ਹਾਂ ਦੀ ਅਨੁਮਾਨਿਤ ਕੀਮਤ 81.01 ਕਰੋੜ ਦੱਸੀ ਗਈ ਹੈ। ਪੁਰਾਣੀਆਂ ਦੀ ਥਾਂ ਨਵੀਆਂ ਗੱਡੀਆਂ ਦੇ ਹੱਕ ਦਿੱਤੇ ਗਏ ਹਨ। ਮੁੱਖ ਮੰਤਰੀ ਦਫਤਰ ਨੂੰ 27 ਗੱਡੀਆਂ ਦੀ ਥਾਂ ਹੁਣ 50 ਗੱਡੀਆਂ ਦਾ ਹੱਕਦਾਰ ਬਣਾਇਆ ਗਿਆ ਹੈ, ਜਿਨ੍ਹਾਂ ਵਿਚ 16 ਲੈਂਡ ਕਰੂਜ਼ਰ ਵੀ ਸ਼ਾਮਲ ਹਨ। ਇਨ੍ਹਾਂ 50 ਲਗਜ਼ਰੀ ਵਾਹਨਾਂ ਲਈ 31.07 ਕਰੋੜ ਦੀ ਨਵੀਂ ਪ੍ਰਵਾਨਗੀ ਦਿੱਤੀ ਗਈ ਹੈ। ਮੁੱਖ ਮੰਤਰੀ ਦਫਤਰ ਲਈ 13 ਮਹਿੰਦਰਾ ਸਕਾਰਪਿਓ, ਦੋ ਇਨੋਵਾ ਤੇ ਦੋ ਫਾਰਚੂਨਰ ਗੱਡੀਆਂ ਵੀ ਸ਼ਾਮਲ ਹਨ।

ਮੁੱਖ ਮੰਤਰੀ ਦੇ ਓ.ਐਸ.ਡੀਜ਼. ਲਈ ਪਹਿਲਾਂ 8 ਗੱਡੀਆਂ ਦੀ ਆਥੋਰਾਈਜੇਸ਼ਨ ਸੀ, ਜੋ ਹੁਣ ਵਧਾ ਕੇ 14 ਗੱਡੀਆਂ ਦੀ ਕੀਤੀ ਹੈ, ਜਿਨ੍ਹਾਂ ਦੀ ਕੀਮਤ 1.05 ਕਰੋੜ ਦੱਸੀ ਗਈ ਹੈ। ਨਵੇਂ ਨਿਯਮਾਂ ਅਨੁਸਾਰ ਵਜ਼ੀਰਾਂ ਲਈ 18 ਟੋਆਇਟਾ ਫਾਰਚੂਨਰ ਗੱਡੀਆਂ ਖਰੀਦਣ ਦੇ ਹੱਕ ਦਿੱਤੇ ਗਏ ਹਨ, ਜਿਨ੍ਹਾਂ ਦੀ ਕੀਮਤ 5.76 ਕਰੋੜ ਅਨੁਮਾਨੀ ਗਈ ਹੈ। ਮੁੱਖ ਮੰਤਰੀ ਦੇ ਸਲਾਹਕਾਰਾਂ ਨੂੰ ਦੋ ਟੁਆਇਟਾ ਕਰੋਲਾ ਦੀ ਥਾਂ ਤਿੰਨ ਟੁਆਇਟਾ ਇਨੋਵਾ ਦੇ ਹੱਕ ਮਿਲ ਗਏ ਹਨ। ਸੰਸਦ ਮੈਂਬਰਾਂ ਅਤੇ ਵਿਧਾਇਕਾਂ ਲਈ 97 ਟੁਆਇਟਾ ਇਨੋਵਾ (ਨਵਾਂ ਮਾਡਲ) ਗੱਡੀਆਂ ਦੇ ਫਲੀਟ ਦਾ ਹੱਕਦਾਰ ਬਣਾਇਆ ਗਿਆ ਹੈ। ਮੁੱਖ ਸਕੱਤਰ ਲਈ ਇਕ 32 ਲੱਖ ਦੀ ਟੁਆਇਟਾ ਫਾਰਚੂਨਰ ਗੱਡੀ ਲਈ ਅਧਿਕਾਰਤ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰਾਂ ਤੋਂ ਮੁੱਖ ਸਕੱਤਰ ਤੱਕ 69 ਗੱਡੀਆਂ ਦਾ ਫਲੀਟ ਅਧਿਕਾਰਤ ਕੀਤਾ ਗਿਆ ਹੈ, ਜਿਨ੍ਹਾਂ ਦੀ ਕੀਮਤ 8.96 ਕਰੋੜ ਅਨੁਮਾਨੀ ਗਈ ਹੈ।

ਇਸੇ ਤਰ੍ਹਾਂ ਏ.ਡੀ.ਸੀਜ਼, ਵਿਭਾਗਾਂ ਦੇ ਮੁਖੀਆਂ, ਜ਼ਿਲ੍ਹਾ ਮਾਲ ਅਫਸਰਾਂ ਅਤੇ ਜੇਲ੍ਹ ਵਿਭਾਗ ਨੂੰ 188 ਗੱਡੀਆਂ ਲਈ ਹੱਕਦਾਰ ਮੰਨਿਆ ਗਿਆ ਹੈ, ਜਿਨ੍ਹਾਂ ਦੀ ਕੀਮਤ 19.15 ਕਰੋੜ ਬਣਦੀ ਹੈ। ਜ਼ਿਲ੍ਹਾ ਮਾਲ ਅਫਸਰਾਂ ਪਹਿਲਾਂ ਗੱਡੀਆਂ ਲਈ ਅਧਿਕਾਰਤ ਨਹੀਂ ਸਨ ਪਰ ਹੁਣ 22 ਗੱਡੀਆਂ ਦਾ ਹੱਕਦਾਰ ਬਣਾਇਆ ਗਿਆ ਹੈ। ਤਹਿਸੀਲਦਾਰਾਂ/ਨਾਇਬ ਤਹਿਸੀਲਦਾਰਾਂ ਨੂੰ ਗੱਡੀਆਂ ਦੇਣ ਤੋਂ ਇਨਕਾਰ ਕੀਤਾ ਗਿਆ ਹੈ। ਪੰਜਾਬ ਰਾਜ ਭਵਨ ਨੂੰ ਵੀ ਪੰਜ ਗੱਡੀਆਂ ਦੀ ਪ੍ਰਵਾਨਗੀ ਦਿੱਤੀ ਗਈ ਹੈ। ਮੋਟਰ ਵਹੀਕਲ ਬੋਰਡ ਦੇ ਏਜੰਡੇ ਵਿਚ ਮੁੱਖ ਮੰਤਰੀ ਦਫਤਰ ਲਈ 24 ਗੱਡੀਆਂ ਦੀ ਤਜਵੀਜ਼ ਸੀ ਜਦੋਂ ਕਿ ਜ਼ਿਲ੍ਹਾ ਮਾਲ ਅਫਸਰਾਂ ਅਤੇ ਤਹਿਸੀਲਦਾਰਾਂ ਆਦਿ ਲਈ 147 ਬਲੈਰੋ ਗੱਡੀਆਂ ਦੀ ਤਜਵੀਜ਼ ਸੀ। ਭਾਵੇਂ ਸਰਕਾਰ ਤਰਫੋਂ ਵਾਹਨ ਖਰੀਦਣ ਦੀ ਕੋਈ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਗਈ ਪਰ ਹੁਣ ਜ਼ਮੀਨ ਤਿਆਰ ਹੋ ਗਈ ਹੈ। ਜਦੋਂ ਵੀ ਸਰਕਾਰ ਚਾਹੇਗੀ, ਖਰੀਦ ਆਰਡਰ ਕਰ ਦੇਵੇਗੀ।

ਦੂਸਰੀ ਤਰਫ ਪੰਜਾਬ ਦਾ ਖਜ਼ਾਨਾ ਸੰਕਟ ਹੈ, ਜਿਸ ਦੇ ਬਹਾਨੇ ਅਧਿਆਪਕਾਂ ਦੀਆਂ ਤਨਖਾਹਾਂ 'ਤੇ ਕੱਟ ਅਤੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਤੋਂ ਪਾਸਾ ਵੱਟਿਆ ਜਾ ਰਿਹਾ ਹੈ। ਪੰਜਾਬ ਦੀਆਂ ਸੜਕਾਂ 'ਤੇ ਬੇਰੁਜ਼ਗਾਰ ਅਤੇ ਅਧਿਆਪਕ ਕੂਕ ਰਹੇ ਹਨ। ਸਟੇਟ ਟਰਾਂਸਪੋਰਟ ਕਮਿਸ਼ਨਰ ਦਿਲਰਾਜ ਸਿੰਘ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਤਰਫੋਂ ਵੱਖ-ਵੱਖ ਵਿਭਾਗਾਂ ਅਤੇ ਮੁੱਖ ਮੰਤਰੀ ਦਫਤਰ ਦੀ ਵਾਹਨਾਂ ਦੀ ਸਿਰਫ ਇਨਟਾਈਟਲਮੈਂਟ ਕੀਤੀ ਗਈ ਹੈ ਅਤੇ ਵਾਹਨਾਂ ਦੀ ਕਿਸੇ ਤਰ੍ਹਾਂ ਦੀ ਵੀ ਕੋਈ ਖਰੀਦ ਨਹੀਂ ਕੀਤੀ ਜਾ ਰਹੀ ਹੈ।

## ਪੁਲਿਸ ਨੇ ਬੁਰਾੜੀ ਕਾਂਡ ਨੂੰ ਹਾਦਸਾ ਮੰਨਿਆ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਬੁਰਾੜੀ ਦੇ ਇਕ ਘਰ ਵਿਚੋਂ ਮਿਲੀਆਂ 11 ਲਾਸ਼ਾਂ ਦੇ ਮਾਮਲੇ ਵਿਚ ਮ੍ਰਿਤਕਾਂ ਦੇ ਕਰਵਾਏ ਮਨੋਵਿਗਿਆਨਕ ਵਿਸ਼ਲੇਸ਼ਣ (ਸਾਈਕੋਲੋਜੀਕਲ ਆਟੋਪਸੀ) ਦੇ ਆਧਾਰ 'ਤੇ ਕਿਹਾ ਹੈ ਕਿ ਹਾਦਸੇ ਕਾਰਨ ਇਹ ਮੌਤਾਂ ਹੋਈਆਂ ਸਨ। ਇਨ੍ਹਾਂ ਲੋਕਾਂ ਨੂੰ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਦੀ ਮੌਤ ਹੋ ਜਾਵੇਗੀ।

ਭਾਟੀਆ ਪਰਿਵਾਰ ਦੇ ਲਲਿਤ ਦਾ ਮੰਨਣਾ ਸੀ ਕਿ ਉਸ ਵਿਚ ਪਿਤਾ ਦੀ ਆਤਮਾ ਆਉਂਦੀ ਹੈ ਤੇ ਸਾਰਾ ਪਰਿਵਾਰ ਉਸ ਨਾਲ ਸਹਿਮਤ ਹੁੰਦਾ ਗਿਆ। ਘਰ ਵਿਚ ਲੱਗੇ ਗਿਆਰਾਂ ਪਾਈਪਾਂ ਦੇ ਭੇਤ ਬਾਰੇ ਵੀ ਪਤਾ ਲੱਗਾ ਹੈ ਕਿ ਉਹ ਉਸ ਭੇਤਭਰੀ ਪੂਜਾ ਦਾ ਹਿੱਸਾ ਸੀ। ਪਰਿਵਾਰ ਮੰਨ ਰਿਹਾ ਸੀ ਕਿ ਬੁਰੀ ਆਤਮਾ ਇਨ੍ਹਾਂ ਪਾਈਪਾਂ ਰਾਹੀਂ ਬਾਹਰ ਚਲੀ ਜਾਵੇਗੀ। ਹੁਣ ਇਹ ਪਾਈਪਾਂ ਹਟਾ ਦਿੱਤੀਆਂ ਗਈਆਂ ਹਨ ਤੇ ਪਰਿਵਾਰ ਦੇ ਇਕਲੌਤੇ ਬਚੇ ਪੁੱਤਰ ਦਿਨੇਸ਼ ਨੂੰ ਮਕਾਨ ਸੌਂਪ ਦਿੱਤਾ ਗਿਆ ਹੈ।

# ਅੰਮ੍ਰਿਤਸਰ 'ਚ ਦੁਸਹਿਰੇ ਮੌਕੇ ਭਿਆਨਕ ਰੇਲ ਹਾਦਸਾ; 61 ਮੌਤਾਂ

**ਅੰਮ੍ਰਿਤਸਰ:** ਦੁਸਹਿਰੇ ਵਾਲੇ ਦਿਨ ਜੌੜੇ ਫਾਟਕ ਨਜ਼ਦੀਕ ਰੇਲਵੇ ਲਾਈਨਾਂ 'ਤੇ ਖੜ੍ਹ ਕੇ ਰਾਵਣ ਸੜਦਾ ਵੇਖ ਰਹੇ 61 ਲੋਕਾਂ ਦੀ ਮੌਤ ਤੇ 72 ਜ਼ਖ਼ਮੀ ਹੋ ਗਏ। ਜਦੋਂ ਹਾਦਸਾ ਵਾਪਰਿਆ ਉਦੋਂ ਜੌੜੇ ਫਾਟਕ ਨੇੜਲੇ ਮੈਦਾਨ ਵਿਚ ਤਿੰਨ ਸੌ ਦੇ ਕਰੀਬ ਲੋਕ 'ਰਾਵਣ ਦਹਿਣ' ਵੇਖ ਰਹੇ ਸਨ। ਰਾਵਣ ਦਾ ਪੁਤਲਾ ਸਾੜਨ ਤੋਂ ਬਾਅਦ ਜਦੋਂ ਲੋਕ ਵਾਪਸ ਮੁੜਨ ਲੱਗੇ ਤਾਂ ਨੇੜੇ ਹੀ ਰੇਲ ਟਰੈਕ 'ਤੇ



ਲੋਕ ਪਹਿਲਾਂ ਹੀ ਮੌਜੂਦ ਸਨ ਤੇ ਭੀੜ ਵਧ ਗਈ। ਇਸੇ ਦੌਰਾਨ 100 ਤੋਂ ਵੀ ਵੱਧ ਦੀ ਰਫਤਾਰ ਉਤੇ ਰੇਲ ਆ ਗਈ ਤੇ ਕਿਸੇ ਨੂੰ ਹਿੱਲਣ ਤੱਕ ਦਾ ਮੌਕਾ ਨਾ ਦਿੱਤਾ। ਇਹ ਗੱਲ ਵੀ ਸਾਹਮਣੇ ਆਈ ਹੈ ਪੁਤਲਾ ਫੂਕਣ ਤੋਂ ਬਾਅਦ ਪਟਾਕਿਆਂ ਦੀ ਆਵਾਜ਼ ਨੇ ਰੇਲ ਗੱਡੀ ਬਾਰੇ ਪਤਾ ਨਾ ਲੱਗਣ ਦਿੱਤਾ। ਮ੍ਰਿਤਕਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਹਨ। ਹਾਦਸਾ ਐਨਾ ਭਿਆਨਕ ਸੀ ਕਿ ਗੱਡੀ ਥੱਲੇ ਆਉਣ ਵਾਲੇ ਲੋਕਾਂ ਦੇ ਅੰਗ ਰੇਲਵੇ ਟਰੈਕ 'ਤੇ ਥਾਂ-ਥਾਂ ਖਿੱਲਰੇ ਹੋਏ ਸਨ ਅਤੇ ਚੀਕ-ਚਿਹਾੜਾ ਪਿਆ ਹੋਇਆ ਸੀ।

ਇਸ ਦਸਹਿਰਾ ਸਮਾਗਮ ਵਿਚ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਸ਼ਿਰਕਤ ਕਰਨੀ ਸੀ। ਸਾਬਕਾ ਵਿਧਾਇਕਾ ਸਮਾਗਮ ਵਿਚ ਦੇਰ ਨਾਲ ਪੁੱਜੇ ਤੇ ਇਸ ਕਰ ਕੇ ਰਾਵਣ ਦੇ ਪੁਤਲੇ ਨੂੰ ਸਾੜਨ ਵਿਚ ਦੇਰ ਹੋ ਗਈ। ਘਟਨਾ ਵਾਪਰਨ ਵੇਲੇ ਤਕਰੀਬਨ 300 ਲੋਕ ਮੌਜੂਦ ਸਨ। ਲੋਕਾਂ ਮੁਤਾਬਕ ਘਟਨਾ ਵਾਪਰਨ ਸਮੇਂ ਕਾਫੀ ਹਨੇਰਾ ਹੋ ਚੁੱਕਾ ਸੀ ਤੇ ਹਾਦਸਾ ਮੌਕੇ ਵੱਡੀ ਗਿਣਤੀ ਮੌਤਾਂ ਦਾ ਇਹ ਵੀ ਇਕ ਕਾਰਨ ਹੈ।

ਜਿਸ ਵੇਲੇ ਪੁਤਲੇ ਸਾੜੇ ਗਏ ਤਾਂ ਪਟਾਕਿਆਂ ਅਤੇ ਸਪੀਕਰ ਦੀ ਆਵਾਜ਼ ਦੌਰਾਨ ਪਟੜੀਆਂ 'ਤੇ ਖੜ੍ਹੇ ਲੋਕਾਂ ਨੂੰ ਰੇਲ ਗੱਡੀ ਦੇ ਆਉਣ ਬਾਰੇ ਪਤਾ ਹੀ ਨਹੀਂ ਲੱਗਾ। ਇਕ ਰੇਲ ਗੱਡੀ ਅੰਮ੍ਰਿਤਸਰ ਹਾਵੜਾ ਮੇਲ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਜਾ ਰਹੀ ਸੀ ਤਾਂ ਦੂਜੀ ਰੇਲ ਗੱਡੀ ਜਲੰਧਰ ਤੋਂ ਅੰਮ੍ਰਿਤਸਰ ਡੀ.ਐਮ.ਯੂ. ਆ ਰਹੀ ਸੀ। ਲੋਕਾਂ ਮੁਤਾਬਕ ਰੇਲ ਟਰੈਕ 'ਤੇ ਖੜੇ ਲੋਕਾਂ ਨੂੰ ਇਨ੍ਹਾਂ ਰੇਲ ਗੱਡੀਆਂ ਦੇ ਆਉਣ ਬਾਰੇ ਪਤਾ ਹੀ ਨਹੀਂ ਲੱਗਾ ਅਤੇ ਲੋਕ ਦੋਵੇਂ ਪਾਸੇ ਰੇਲ ਦਾ ਸ਼ਿਕਾਰ ਹੋ ਗਏ। ਵਧੇਰੇ ਲੋਕ ਡੀ.ਐਮ.ਯੂ. ਗੱਡੀ ਦਾ ਸ਼ਿਕਾਰ ਹੋ ਗਏ। ਇਹ ਤੇਜ਼ ਗਤੀ ਰੇਲ ਗੱਡੀ ਕਈ ਲੋਕਾਂ ਨੂੰ ਕੁਚਲਦੀ ਹੋਈ ਆਪਣੇ ਨਾਲ ਹੀ ਘਸੀਟਦੀ ਹੋਈ ਲੈ ਗਈ।

ਰੇਲ ਪਟੜੀਆਂ 'ਤੇ ਵੱਖ-ਵੱਖ ਥਾਂਵਾਂ ਉਤੇ ਦੂਰ ਤੱਕ ਕੱਟੀਆਂ ਵੱਢੀਆਂ ਲਾਸ਼ਾਂ ਅਤੇ ਅੰਗ ਖਿੱਲਰੇ ਹੋਏ ਸਨ ਅਤੇ ਹਾਹਾਕਾਰ ਮਚੀ ਹੋਈ ਸੀ। ਮੌਕੇ 'ਤੇ ਐਂਬੂਲੈਂਸਾਂ ਦੇ ਹੂਟਰ ਅਤੇ ਲੋਕਾਂ ਦੀ ਕੁਰਲਾਹਟ ਦੀ ਆਵਾਜ਼ ਆ ਰਹੀ ਸੀ। ਘਟਨਾ ਦੀ ਜਾਣਕਾਰੀ ਮਿਲਣ 'ਤੇ ਸਿੱਖਿਆ ਮੰਤਰੀ ਓਪੀ ਸੋਨੀ ਪੁੱਜੇ, ਪਰ ਲੋਕਾਂ ਨੇ ਉਨ੍ਹਾਂ ਦਾ ਵਿਰੋਧ ਕੀਤਾ, ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਲੋਕਾਂ ਦੇ ਰੋਹ ਨੂੰ ਦੇਖਦਿਆਂ ਉਨ੍ਹਾਂ ਨੂੰ ਵਾਪਸ ਪਰਤਣਾ ਪਿਆ। ਮੌਕੇ ਉਤੇ ਹਾਜ਼ਰ ਕ੍ਰਿਸ਼ਨ ਨਗਰ ਦੇ ਸ਼ੂਰਵੀਰ ਨੇ ਦੱਸਿਆ ਕਿ ਦੋ ਰੇਲ ਗੱਡੀਆਂ ਇਕੱਠੀਆਂ ਆਉਣ ਕਾਰਨ ਰੇਲ ਪਟੜੀਆਂ ਤੇ ਖੜੇ ਲੋਕ ਦੁਚਿੱਤੀ ਵਿਚ ਆ ਗਏ ਅਤੇ ਕੁਝ ਲੋਕ ਇਕ ਪਟੜੀ ਤੋਂ ਦੂਜੇ ਪਟੜੀ ਵਲ ਭੱਜੇ ਅਤੇ ਰੇਲ ਗੱਡੀਆਂ ਦਾ ਸ਼ਿਕਾਰ ਬਣ ਗਏ।

ਘਟਨਾ ਤੋਂ ਬਾਅਦ ਮੈਡੀਕਲ ਮਦਦ ਵਾਸਤੇ ਭੇਜੀ ਗਈ ਰੇਲ ਗੱਡੀ ਉਸ ਵੇਲੇ ਲੋਕਾਂ ਦੇ ਰੋਹ ਦਾ ਸ਼ਿਕਾਰ ਹੋ ਗਈ ਜਦੋਂ ਲੋਕਾਂ ਨੇ ਇਸ ਰੇਲ ਗੱਡੀ ਦੀ ਭੰਨ ਤੋੜ ਕੀਤੀ। ਰੇਲ ਗੱਡੀ ਦਾ ਡਰਾਈਵਰ ਉਸ ਨੂੰ ਵਾਪਸ ਲੈ ਕੇ ਚਲਾ ਗਿਆ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਹਸਪਤਾਲ ਵਿਚ ਵੀ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੇ ਵਾਰਸਾਂ ਨੇ ਗੁੱਸੇ ਵਿਚ ਹਸਪਤਾਲ ਦੀਆਂ ਦਰਵਾਜ਼ੇ ਅਤੇ ਖਿੜਕੀਆਂ ਦੇ ਸ਼ੀਸ਼ੇ ਭੰਨ ਦਿੱਤੇ।

ਲੋਕਾਂ ਨੇ ਦੋਸ਼ ਲਾਇਆ ਕਿ ਰੇਲ ਟਰੈਕ ਨੇੜੇ ਅਜਿਹੇ ਸਮਾਗਮ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ, ਲਿਹਾਜ਼ਾ ਪ੍ਰਬੰਧਕਾਂ ਖਿਲਾਫ ਕਤਲ ਦਾ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। ਲੋਕਾਂ ਨੇ ਸਾਬਕਾ ਵਿਧਾਇਕਾ ਡਾ. ਸਿੱਧੂ ਖਿਲਾਫ ਵੀ ਕੇਸ ਦਰਜ ਕਰਨ ਦੀ ਮੰਗ ਕੀਤੀ। ਪ੍ਰਸ਼ਾਸਨ ਵੱਲੋਂ ਲਾਈਟ ਦਾ ਪ੍ਰਬੰਧ ਨਾ ਕੀਤੇ ਜਾਣ ਕਰਕੇ ਹਾਦਸੇ ਵਾਲੀ ਥਾਂ ਹਨੇਰਾ ਪਸਰਿਆ ਹੋਇਆ ਸੀ। ਦਸਹਿਰਾ ਸਮਾਗਮ ਕੌਂਸਲਰ ਬੀਬੀ ਵਿਜੈ ਮਦਾਨ ਦੇ ਪੁੱਤਰ ਮਿੱਠੂ ਮਦਾਨ ਵੱਲੋਂ ਰਚਿਆ ਗਿਆ ਸੀ। ਇਹ ਹਾਦਸਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਹਲਕੇ ਅੰਮ੍ਰਿਤਸਰ (ਪੂਰਬੀ) 'ਚ ਵਾਪਰਿਆ ਹੈ।

## ਭੀੜ ਇਕੱਠੀ ਕਰਨ ਬਾਰੇ ਸਖਤ ਨਿਯਮ ਬਣਾਉਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗ੍ਰਹਿ ਸਕੱਤਰ ਐਨ.ਐਸ. ਕਲਸੀ ਨੂੰ ਧਾਰਮਿਕ ਤੇ ਸਮਾਜਿਕ ਇਕੱਠ ਕਰਨ ਲਈ ਪ੍ਰਸ਼ਾਸਨ ਤੋਂ ਆਗਿਆ ਲੈਣ ਵਾਸਤੇ ਵਿਸਥਾਰ ਪੂਰਵਕ ਦਿਸ਼ਾ-ਨਿਰਦੇਸ਼ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ।

ਮੁੱਖ ਮੰਤਰੀ ਨੇ ਕਿਹਾ ਹੈ ਕਿ ਜਾਰੀ ਦਿਸ਼ਾ-ਨਿਰਦੇਸ਼ਾਂ ਕਿਸੇ ਵੀ ਤਿਉਹਾਰ ਜਾਂ ਦਿਵਸ ਮੌਕੇ ਸੂਬੇ ਦੇ ਕਿਸੇ ਵੀ ਹਿੱਸੇ ਵਿਚ ਇਕੱਠ ਜਾਂ ਸਮਾਗਮ ਕਰਾਉਣ ਲਈ ਸਾਫ ਤੇ ਸਪਸ਼ਟ ਸ਼ਬਦਾਂ ਵਿਚ ਨਿਯਮਾਂ ਨੂੰ ਪਰਿਭਾਸ਼ਿਤ ਕੀਤਾ ਜਾਏ। ਇਸ ਤੋਂ ਇਲਾਵਾ ਕੈਪਟਨ ਨੇ ਗ੍ਰਹਿ ਸਕੱਤਰ ਨੂੰ ਦੀਵਾਲੀ ਦੇ ਤਿਉਹਾਰ ਮੌਕੇ ਪਟਾਕਿਆਂ ਦੀ ਵਿਕਰੀ ਤੇ ਭੰਡਾਰਨ ਲਈ ਵੀ ਫੌਰੀ ਤੌਰ 'ਤੇ ਦਿਸ਼ਾ-ਨਿਰਦੇਸ਼ ਜਾਰੀ ਕਰਨ ਲਈ ਕਿਹਾ ਹੈ।

## ਸੜਦੇ ਪੁਤਲਿਆਂ ਦੀ ਵੀਡੀਓ ਬਣਾ ਰਹੇ ਸਨ ਲੋਕ

ਹਾਦਸੇ ਦੇ ਪ੍ਰਤੱਖ ਦਰਸ਼ੀਆਂ ਅਨੁਸਾਰ ਜਦੋਂ ਦੁਸਹਿਰਾ ਸਮਾਗਮ ਮੌਕੇ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਪੁਤਲਿਆਂ ਨੂੰ ਅੱਗ ਲਗਾਈ ਗਈ ਤਾਂ ਇਸ ਨੂੰ ਬਹੁਤ ਸਾਰੇ ਲੋਕ ਕੁਝ ਦੂਰੀ 'ਤੇ ਹਨੇਰੇ ਵਿਚ ਰੇਲ ਪਟੜੀਆਂ 'ਤੇ ਖੜੇ ਹੋ ਕੇ ਦੇਖ ਰਹੇ ਸਨ ਤੇ ਕਈ ਇਸ ਦੀ ਆਪਣੇ ਮੋਬਾਇਲਾਂ 'ਤੇ ਲਾਈਵ ਵੀਡੀਓ ਵੀ ਬਣਾ ਰਹੇ ਸਨ, ਜਦੋਂ ਪੁਤਲਿਆਂ ਨੂੰ ਅੱਗ ਲਾਏ ਜਾਣ ਨਾਲ ਪਟਾਕਿਆਂ ਦਾ ਸ਼ੋਰ ਪੈਦਾ ਹੋਇਆ ਤਾਂ ਐਨ ਉਸੇ ਵੇਲੇ ਜਲੰਧਰ ਤੋਂ ਅੰਮ੍ਰਿਤਸਰ ਆ ਰਹੀ ਤੇਜ਼ ਰਫਤਾਰ ਰੇਲ ਗੱਡੀ ਆ ਗਈ। ਦੁਸਹਿਰਾ ਮੇਲਾ ਜਿਸ ਮੈਦਾਨ ਵਿਚ ਸੀ, ਉਹ ਨੀਵਾਂ ਸੀ ਤੇ ਰੇਲਵੇ ਲਾਈਨਾਂ ਉਚੀਆਂ ਹੋਣ ਕਾਰਨ ਉਥੋਂ ਸਟੇਜ ਦਾ ਨਜ਼ਾਰਾ ਵਧੀਆ ਦਿੱਸਦਾ ਸੀ। ਇਸੇ ਕਰ ਕੇ ਲੋਕਾਂ ਦੀ ਭੀੜ ਪਟੜੀਆਂ 'ਤੇ ਲੱਗ ਜਾਂਦੀ ਸੀ ਤੇ ਟ੍ਰੇਨ ਆਉਣ 'ਤੇ ਲੋਕ ਉਥੋਂ ਹਟ ਜਾਂਦੇ ਸਨ। ਲੋਕਾਂ ਦੇ ਅਜਿਹਾ ਕਰਨ 'ਤੇ ਮੇਲੇ ਵਿਚ ਪ੍ਰੋਗਰਾਮ ਪੇਸ਼ ਕਰਨ ਆਏ ਕਲਾਕਾਰਾਂ ਨੇ ਵੀ ਉਨ੍ਹਾਂ ਨੂੰ ਵਾਰ-ਵਾਰ ਸੁਚੇਤ ਕੀਤਾ ਸੀ।

## 'ਰਾਵਣ' ਵੀ ਰੇਲ ਹਾਦਸੇ ਦਾ ਸ਼ਿਕਾਰ

**ਅੰਮ੍ਰਿਤਸਰ:** ਦੁਸਹਿਰੇ ਮੌਕੇ ਜਦੋਂ ਜੋੜਾ ਫਾਟਕ ਦੇ ਨਜ਼ਦੀਕ ਧੋਬੀ ਘਾਟ ਗਰਾਊਂਡ 'ਚ ਰਾਵਣ ਦਾ ਪੁਤਲਾ ਸੜ ਰਿਹਾ ਸੀ, ਤਾਂ ਐਨ ਉਸੇ ਵੇਲੇ ਉਥੇ ਖੇਡੀ ਗਈ ਰਾਮ ਲੀਲਾ 'ਚ ਰਾਵਣ ਦਾ ਕਿਰਦਾਰ ਨਿਭਾਉਣ ਵਾਲਾ ਰੇਲ ਹਾਦਸੇ ਦਾ ਸ਼ਿਕਾਰ ਬਣਿਆ ਦਲਬੀਰ ਸਿੰਘ ਘੁੱਗੂ ਆਪਣੇ ਆਖਰੀ ਸਾਹ ਲੈ ਰਿਹਾ ਸੀ। ਦਲਬੀਰ ਸਿੰਘ ਜੋ ਕਿ ਇਸ ਰਾਮ ਲੀਲਾ ਕਮੇਟੀ ਦਾ ਪ੍ਰਧਾਨ ਸੀ, ਪਿਛਲੇ ਪੰਜ ਸਾਲਾਂ ਤੋਂ ਸ੍ਰੀ ਰਾਮ ਦਾ ਕਿਰਦਾਰ ਨਿਭਾਉਂਦਾ ਆ ਰਿਹਾ ਸੀ ਅਤੇ ਇਸ ਸਾਲ ਪਹਿਲੀ ਵਾਰ ਉਸ ਨੇ ਰਾਵਣ ਦਾ ਕਿਰਦਾਰ ਨਿਭਾਇਆ।





# ਨਿੱਤ ਦਿਨ ਮੌਤਾਂ ਵੰਡਦੇ ਨੇ ਭਾਰਤੀ ਰੇਲ ਮਾਰਗ

**ਬਠਿੰਡਾ:** ਅੰਮ੍ਰਿਤਸਰ ਰੇਲ ਹਾਦਸੇ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਉੱਤਰੀ ਸੂਬਿਆਂ ਵਿਚ ਦੇਸ਼ ਭਰ ਵਿਚੋਂ ਸਭ ਤੋਂ ਵੱਧ ਮੌਤਾਂ ਰੇਲ ਮਾਰਗਾਂ 'ਤੇ ਹੁੰਦੀਆਂ ਹਨ। ਜ਼ਿੰਮੇਵਾਰ ਕੋਈ ਵੀ ਹੋਵੇ, ਪਰ ਰੇਲ ਮਾਰਗ ਆਏ ਦਿਨ ਮੌਤਾਂ ਵੰਡ ਰਹੇ ਹਨ। ਉੱਤਰੀ ਰੇਲਵੇ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਉੱਤਰੀ ਸੂਬਿਆਂ ਵਿਚਲੇ ਰੇਲ ਮਾਰਗਾਂ 'ਤੇ ਲੰਘੇ ਤਿੰਨ ਵਰ੍ਹਿਆਂ ਦੌਰਾਨ 7908 ਜਾਨਾਂ ਗਈਆਂ ਹਨ ਤੇ ਇਨ੍ਹਾਂ ਵਿਅਕਤੀਆਂ ਨੂੰ ਰੇਲਾਂ ਨੇ ਸਿੱਧੇ ਤੌਰ ਉਤੇ ਕੁਚਲਿਆ ਹੈ। ਜਿਹੜੀਆਂ ਮੌਤਾਂ ਰੇਲਾਂ ਦੀ ਸਿੱਧੀ ਟੱਕਰ ਜਾਂ ਪਟੜੀ ਤੋਂ ਉੱਤਰਨ ਨਾਲ ਹੁੰਦੀਆਂ ਹਨ, ਉਹ ਵੱਖਰੀਆਂ ਹਨ।

ਰੇਲ ਮੰਤਰਾਲੇ ਅਨੁਸਾਰ ਉੱਤਰੀ ਸੂਬਿਆਂ ਦੇ ਰੇਲ ਮਾਰਗਾਂ 'ਤੇ ਸਾਲ 2017 ਵਿਚ 2455 ਵਿਅਕਤੀ ਕੁਚਲੇ ਗਏ ਹਨ ਅਤੇ ਸਾਲ 2016 ਵਿਚ 2753 ਵਿਅਕਤੀ ਜਾਨ ਤੋਂ ਹੱਥ ਧੋ ਬੈਠੇ ਹਨ। ਸਾਲ 2015 ਵਿਚ ਇਨ੍ਹਾਂ ਮੌਤਾਂ ਦੀ ਗਿਣਤੀ 2700 ਰਹੀ ਹੈ। ਪੂਰੇ ਮੁਲਕ ਵਿਚ ਲੰਘੇ ਤਿੰਨ ਵਰ੍ਹਿਆਂ ਦੌਰਾਨ 49,790 ਵਿਅਕਤੀਆਂ ਦੀ ਮੌਤ ਰੇਲ ਗੱਡੀਆਂ ਹੇਠਾਂ ਆਉਣ ਨਾਲ ਹੋਈ ਹੈ। ਰੇਲਵੇ ਦਾ ਕੋਈ ਜ਼ੋਨ ਵੀ ਅਜਿਹਾ ਨਹੀਂ ਹੈ, ਜਿਥੇ ਉੱਤਰੀ ਜ਼ੋਨ ਤੋਂ ਵੱਧ ਲੋਕ ਰੇਲ ਮਾਰਗਾਂ ਉਤੇ ਜ਼ਿੰਦਗੀ ਤੋਂ ਜੁਦਾ ਹੋਏ ਹੋਣ। ਬਹੁਤੇ ਹਾਦਸੇ ਘੋਨੇ ਫਾਟਕਾਂ 'ਤੇ ਵਾਪਰ ਜਾਂਦੇ ਹਨ, ਜਿਥੇ ਟਰੇਨ ਸਭ ਕੁਝ



ਧੂਹ ਲਿਜਾਂਦੀ ਹੈ। ਕਈ ਅਜਿਹੇ ਕੇਸ ਵੀ ਆਏ ਹਨ, ਜਿਨ੍ਹਾਂ 'ਚ ਵਿਅਕਤੀ ਮੋਬਾਈਲ ਉਤੇ ਕਾਲ ਸੁਣਦੇ ਹੋਏ ਰੇਲ ਹੇਠ ਆ ਗਏ ਹੋਣ।

ਰੇਲ ਮੰਤਰਾਲੇ ਦਾ ਆਖਣਾ ਹੈ ਕਿ ਰੇਲਵੇ ਸਟੇਸ਼ਨਾਂ 'ਤੇ ਸਪੀਕਰਾਂ ਰਾਹੀਂ ਯਾਤਰੀਆਂ ਨੂੰ ਸੁਚੇਤ ਕੀਤਾ ਜਾਂਦਾ ਹੈ। ਯਾਤਰੀਆਂ ਦੀ ਸੁਰੱਖਿਆ ਲਈ ਮੁਹਿੰਮਾਂ ਵੀ ਵਿੱਢੀਆਂ ਜਾਂਦੀਆਂ ਹਨ। ਸੰਵੇਦਨਸ਼ੀਲ ਥਾਂਵਾਂ 'ਤੇ ਰੇਲ ਮਾਰਗਾਂ ਨਾਲ ਆਬਾਦੀ ਵਾਲੀ ਜਗ੍ਹਾ ਵਿਚ ਕੰਧਾਂ ਬਣਾ ਦਿੱਤੀਆਂ ਜਾਂਦੀਆਂ ਹਨ ਜਾਂ ਵਾੜ ਕੀਤੀ ਜਾਂਦੀ ਹੈ। ਦੇਸ਼ ਵਿਚ ਸਾਲ 2017-18 ਦੌਰਾਨ 73 ਰੇਲ ਹਾਦਸੇ ਵਾਪਰੇ ਹਨ, ਜਿਨ੍ਹਾਂ ਦੀ ਗਿਣਤੀ 2016-17 ਵਿਚ 104 ਸੀ। ਕੋਈ ਵਰ੍ਹਾ ਅਜਿਹਾ ਨਹੀਂ, ਜਦੋਂ ਰੇਲ ਹਾਦਸਿਆਂ ਦਾ ਅੰਕੜਾ ਇਕ ਸੌ ਤੋਂ ਨਾ ਟੱਪਿਆ ਹੋਵੇ। ਰੇਲ ਮਾਰਗਾਂ ਦੇ ਨੈੱਟਵਰਕ ਵਿਚ ਮਾਲਵਾ ਖਿੱਤਾ ਬਹੁਤਾ ਅੱਗੇ ਨਹੀਂ ਹੈ, ਇੰਨਾ ਜ਼ਰੂਰ ਹੈ ਕਿ ਬਠਿੰਡਾ ਜੰਕਸ਼ਨ ਬਹੁਤ ਵੱਡਾ ਹੈ। ਭਾਵੇਂ ਕੇਂਦਰ ਨੇ ਹੁਣ ਘੋਨੇ ਫਾਟਕਾਂ ਦਾ ਸਿਰ ਢੱਕਣਾ ਸ਼ੁਰੂ ਕੀਤਾ ਹੈ, ਪਰ ਫਿਰ ਵੀ ਇਨ੍ਹਾਂ ਦੀ ਗਿਣਤੀ ਵੱਡੀ ਹੈ।

ਨਾਗਰਿਕ ਚੇਤਨਾ ਮੰਚ ਦੇ ਪ੍ਰਿੰਸੀਪਲ ਬੱਗਾ ਸਿੰਘ ਦਾ ਕਹਿਣਾ ਸੀ ਕਿ ਰੇਲ ਮੰਤਰਾਲੇ ਨੂੰ ਸਭ ਤੋਂ ਵੱਧ ਯਾਤਰੀਆਂ ਦੀ ਸੁਰੱਖਿਆ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਬੁਲੇਟ ਟਰੇਨ ਪ੍ਰੋਜੈਕਟਾਂ ਦੀ ਥਾਂ 'ਤੇ ਆਮ ਰੇਲ ਸੇਵਾ ਅਤੇ ਉਸ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

## ਸ਼ਾਂਤੀ ਦੇਵੀ 84 ਸਾਲ ਦੀ ਉਮਰ 'ਚ ਬਣੀ ਪੱਕੀ ਸਰਕਾਰੀ ਮੁਲਾਜ਼ਮ

**ਚੰਡੀਗੜ੍ਹ:** ਸ਼ਾਂਤੀ ਦੇਵੀ ਜੋ ਕਿ ਸੰਗਰੂਰ ਦੇ ਇਕ ਸਕੂਲ ਵਿਚ ਚਾਲੀ ਸਾਲ ਤੋਂ ਵੱਧ ਸਮੇਂ ਤੋਂ ਪਾਰਟ ਟਾਈਮ ਵਰਕਰ ਵਜੋਂ ਕੰਮ ਕਰਦੀ ਸੀ, ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੱਕੇ ਕਰਨ ਦੇ ਹੁਕਮ ਦਿੱਤੇ ਹਨ। ਉਹ ਇਸ ਸਮੇਂ 84 ਸਾਲ ਦੀ ਹੈ। ਇਸ ਦੇ ਨਾਲ ਹੀ ਉਹ ਸਭ ਤੋਂ ਵੱਡੀ ਉਮਰ ਦੀ ਸਰਕਾਰੀ ਮੁਲਾਜ਼ਮ ਵੀ ਬਣ ਗਈ ਹੈ।

ਸ਼ਾਂਤੀ ਦੇਵੀ ਅੱਸੀ ਸਾਲ ਦੀ ਉਮਰ ਵਿਚ ਹਾਈ ਕੋਰਟ 'ਚ ਆਈ, ਜਦੋਂ ਵਿਭਾਗ ਨੇ ਨਾਲ ਦੇ ਇਕ ਵਰਕਰ ਨੂੰ ਪੱਕਾ ਕਰ ਦਿੱਤਾ, ਜੋ ਕਿ ਉਸ ਤੋਂ ਜੂਨੀਅਰ ਸੀ ਅਤੇ ਇਸ ਤੋਂ ਬਾਅਦ ਸ਼ਾਂਤੀ ਦੇਵੀ ਨੇ ਦੋ ਹੋਰ ਮੁਲਾਜ਼ਮਾਂ ਨਾਲ ਹਾਈ ਕੋਰਟ ਪਟੀਸ਼ਨ ਦਾਇਰ ਕਰ ਦਿੱਤੀ। ਆਧਾਰ ਕਾਰਡ ਅਨੁਸਾਰ ਸ਼ਾਂਤੀ ਦੇਵੀ ਦੀ ਜਨਮ ਤਰੀਕ ਪਹਿਲੀ ਜਨਵਰੀ 1934 ਹੈ। ਉਸ ਦੇ ਵਕੀਲ ਸੀ.ਐਸ. ਬਾਗੜੀ ਅਨੁਸਾਰ ਸ਼ਾਂਤੀ ਦੇਵੀ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਨੌਰੀ ਕਲਾਂ (ਸੰਗਰੂਰ) ਵਿਚ ਪਹਿਲੀ ਅਕਤੂਬਰ 1977 ਨੂੰ ਪਾਣੀ ਪਿਲਾਉਣ ਲਈ ਪਾਰਟ ਟਾਈਮ ਵਰਕਰ ਵਜੋਂ ਰੱਖਿਆ ਸੀ। ਮਾਮਲੇ ਦੀ ਸੁਣਵਾਈ ਬਾਅਦ ਅਦਾਲਤ ਨੇ ਸਿੱਖਿਆ ਵਿਭਾਗ ਦੀਆਂ ਦਲੀਲਾਂ ਨੂੰ ਦਰ ਕਿਨਾਰ ਕਰਦਿਆਂ ਸ਼ਾਂਤੀ ਦੇਵੀ ਨੂੰ ਪੱਕਾ ਕਰਨ ਦੇ ਹੁਕਮ ਦਿੱਤੇ ਹਨ।

# ਸੁਪਰੀਮ ਕੋਰਟ 'ਚ ਕਾਗਜ਼ਾਂ ਨੇ ਖਾਧੇ 2953 ਰੁੱਖ ਤੇ 24.6 ਕਰੋੜ ਲੀਟਰ ਪਾਣੀ

**ਚੰਡੀਗੜ੍ਹ:** ਸੁਪਰੀਮ ਕੋਰਟ ਦੇ ਕੰਮਕਾਜ ਵਿਚ ਜੇ ਕਾਗਜ਼ਾਂ ਦੇ ਦੋਵਾਂ ਪਾਸਿਆਂ ਤੇ ਛਪਾਈ ਕੀਤੀ ਜਾਂਦੀ ਤਾਂ ਇਕ ਸਾਲ ਵਿਚ 2,953 ਰੁੱਖ ਤੇ 24.6 ਕਰੋੜ ਲੀਟਰ ਪਾਣੀ ਬਚ ਸਕਦਾ ਸੀ। ਅਕਤੂਬਰ 2016 ਤੋਂ ਸਤੰਬਰ 2017 ਦੇ ਵਿਚਕਾਰ, ਸੁਪਰੀਮ ਕੋਰਟ ਵਿਚ 61,520 ਮਾਮਲੇ ਦਰਜ ਕੀਤੇ ਗਏ ਸਨ। ਇਨ੍ਹਾਂ ਨਾਲ ਸਬੰਧਤ ਜੇ ਕਾਗਜ਼ ਦੇ ਦੋਵਾਂ ਪਾਸਿਆਂ 'ਤੇ ਪ੍ਰਿੰਟ ਲਏ ਜਾਂਦੇ ਤਾਂ ਵਾਤਾਵਰਨ ਨੂੰ ਬਹੁਤ ਫਾਇਦਾ ਮਿਲਦਾ। ਇਸ ਗੱਲ ਦਾ ਖ਼ੁਲਾਸਾ ਬਲੂਮਬਰਗ ਤੇ ਇੰਡੀਆਸਪੈਂਡ ਦੀ ਇਕ ਸੰਯੁਕਤ ਰਿਪੋਰਟ ਵਿਚ ਸਾਹਮਣੇ ਆਇਆ ਹੈ।

ਰਿਪੋਰਟ ਲਈ ਕੀਤੇ ਵਿਸ਼ਲੇਸ਼ਣ ਮੁਤਾਬਕ ਸੁਪਰੀਮ ਕੋਰਟ ਵਿਚ ਦਰਜ 61,520 ਕੇਸਾਂ ਵਿਚ 4.92 ਕਰੋੜ ਕਾਗਜ਼ਾਂ ਦੀ ਲਾਗਤ ਦਾ ਅੰਦਾਜ਼ਾ ਲਗਾਇਆ ਗਿਆ ਹੈ। ਇਕ ਖੋਜ ਪੱਤਰ ਅਨੁਸਾਰ, ਇਕ ਦਰਖਤ ਤੋਂ ਕਾਗਜ਼ ਦੀਆਂ 8,333 ਸ਼ੀਟਾਂ ਬਣਾਈਆਂ ਜਾ ਸਕਦੀਆਂ ਹਨ। ਇਕ ਸ਼ੀਟ ਤਿਆਰ ਕਰਨ ਲਈ 10 ਲੀਟਰ ਪਾਣੀ ਖਰਚ ਹੁੰਦਾ ਹੈ। ਇਸ ਤਰ੍ਹਾਂ 4.92 ਕਰੋੜ ਕਾਗਜ਼ਾਤ ਲਈ 5,906 ਰੁੱਖ ਖਰਚ ਹੋਣਗੇ। ਪਰ, ਜੇ ਕਾਗਜ਼ ਦੇ ਦੋਵਾਂ ਪਾਸਿਆਂ ਉਤੇ ਛਪਾਈ ਕੀਤੀ ਜਾਂਦੀ ਤਾਂ ਅੱਧੇ ਦਰੱਖਤ ਬਚਾਏ ਜਾ ਸਕਦੇ ਸੀ।

ਇਸ ਤੋਂ ਇਲਾਵਾ ਇਹ ਵੀ ਕਿਹਾ ਗਿਆ ਕਿ ਕੋਰਟ ਵਿਚ ਜੇ ਕਾਗਜ਼ਾਂ 'ਤੇ ਛੋਟੇ ਫੌਂਟ ਦੀ ਵਰਤੋਂ ਕੀਤੀ ਜਾਏ ਤਾਂ ਵੀ ਕਾਗਜ਼ ਦੀ ਬਚਤ ਕਰ



ਕੇ ਰੁੱਖ ਤੇ ਪਾਣੀ ਬਚਾਏ ਜਾ ਸਕਦੇ ਹਨ। ਇਸ ਦੇ ਨਾਲ-ਨਾਲ ਟਾਈਪਿੰਗ ਕਰਦੇ ਸਮੇਂ ਲਾਈਨ ਸਪੇਸਿੰਗ ਤੇ ਮਾਰਜਨ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।

ਪਿਛਲੇ ਮਹੀਨੇ ਦੀ 5 ਤਾਰੀਖ ਨੂੰ, ਸੀ.ਏ.ਐਸ.ਸੀ. ਨੇ ਸੁਪਰੀਮ ਕੋਰਟ ਵਿਚ ਜਨਹਿਤ ਪਟੀਸ਼ਨ ਦਾਇਰ ਕੀਤੀ ਸੀ। ਇਸ ਵਿਚ ਮੰਗ ਕੀਤੀ ਗਈ ਸੀ ਕਿ ਸੁਪਰੀਮ ਕੋਰਟ ਦੇ ਮਾਮਲਿਆਂ ਵਿਚ ਕਾਗਜ਼ ਦੇ ਦੋਵਾਂ ਪਾਸਿਆਂ 'ਤੇ ਛਪਾਈ ਦੀ ਵਿਵਸਥਾ ਕਰਨ ਲਈ ਹਦਾਇਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਅੱਠ ਅਗਸਤ ਨੂੰ ਦਿੱਲੀ ਹਾਈ ਕੋਰਟ ਵਿਚ ਵੀ ਇਕ ਜਨਹਿੱਤ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਵਿਚ ਕਿਹਾ ਗਿਆ ਸੀ ਕਿ ਦੇਸ਼ ਦੇ ਹਾਈ ਕੋਰਟਾਂ ਤੇ ਹੇਠਲੀਆਂ ਅਦਾਲਤਾਂ ਵਿਚ ਜੇ ਕਾਗਜ਼ ਦੇ ਦੋਵੇਂ ਪਾਸੀਂ ਛਾਪਿਆ ਜਾਂਦਾ ਹੈ ਤਾਂ ਪ੍ਰਤੀ ਮਹੀਨਾ 27 ਹਜ਼ਾਰ ਦਰੱਖਤ ਤੇ 200 ਕਰੋੜ ਲੀਟਰ ਪਾਣੀ ਬਚਾਇਆ ਜਾ ਸਕਦਾ ਹੈ। ਜਿਕਰਯੋਗ ਹੈ ਕਿ ਏਸ਼ੀਆਈ ਵਿਕਾਸ ਬੈਂਕ ਦੇ ਅਧਿਐਨ ਅਨੁਸਾਰ, 2030 ਤੱਕ, ਭਾਰਤ ਵਿਚ ਤਾਜ਼ਾ ਪਾਣੀ ਦੀ 50 ਫੀਸਦੀ ਕਮੀ ਆ ਜਾਏਗੀ।

## ਦੀਪਿਕਾ-ਰਣਵੀਰ ਦਾ ਵਿਆਹ ਅਗਲੇ ਮਹੀਨੇ

**ਮੁੰਬਈ:** ਅਦਾਕਾਰਾ ਦੀਪਿਕਾ ਪਾਦੂਕੋਨ ਤੇ ਰਣਵੀਰ ਸਿੰਘ ਨੇ ਐਲਾਨ ਕੀਤਾ ਹੈ ਕਿ ਉਹ ਨਵੰਬਰ ਮਹੀਨੇ ਵਿਆਹ ਬੰਧਨ 'ਚ ਬੱਝ ਜਾਣਗੇ। ਇਸ ਜੋੜੇ ਨੇ ਆਪੋ ਆਪਣੇ ਸੋਸ਼ਲ ਮੀਡੀਆ ਅਕਾਊਂਟਾਂ 'ਤੇ ਪੋਸਟ ਸਾਂਝੀ ਕਰਦਿਆਂ ਖੁਲਾਸਾ ਕੀਤਾ ਕਿ ਵਿਆਹ ਦੇ ਜਸ਼ਨ 14 ਤੇ 15 ਨਵੰਬਰ ਨੂੰ ਮਨਾਏ ਜਾਣਗੇ। ਪੋਸਟ ਵਿਚ ਲਿਖਿਆ ਹੈ, 'ਆਪਣੇ ਪਰਿਵਾਰਾਂ ਦੇ ਆਸ਼ੀਰਵਾਦ ਨਾਲ ਸਾਨੂੰ ਇਹ ਗੱਲ ਸਾਂਝੀ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਵਿਆਹ 14 ਤੇ 15 ਨਵੰਬਰ 2018 ਨੂੰ ਹੋਵੇਗਾ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਸਟਰੇਲੀਆ ਵਿਚ ਸਿੱਖ ਉਮੀਦਵਾਰ ‘ਤੇ ਨਸਲੀ ਹਮਲਾ

**ਮੈਲਬਰਨ:** ਸਿਟੀ ਕੌਂਸਲ ਚੋਣ ’ਚ ਨਿੱਤਰੇ ਇਕ ਸਿੱਖ ਉਮੀਦਵਾਰ ਨੂੰ ਨਸਲੀ ਹਮਲੇ ਦਾ ਸਾਹਮਣਾ ਕਰਨਾ ਪਿਆ ਹੈ। ਟਰੱਕ ਸਵਾਰ ਇਕ ਸ਼ਖ਼ਸ ਨੇ ਉਸ ਦੇ ਚੋਣ ਬੈਨਰਾਂ ‘ਤੇ ਨਸਲੀ ਹਮਲਾ ਕੀਤਾ ਹੈ। ਏ.ਬੀ.ਸੀ. ਨਿਊਜ਼ ਦੀ ਰਿਪੋਰਟ ਮੁਤਾਬਕ ਪੋਰਟ ਅਗਸਟਾ ਸਿਟੀ ਕੌਂਸਲ ਚੋਣ ਦੇ ਉਮੀਦਵਾਰ ਸਨੀ ਸਿੰਘ ਨੇ ਕਿਹਾ ਕਿ ਇਕ ਸੋਸ਼ਲ ਮੀਡੀਆ ਵੀਡੀਓ ਰਾਹੀਂ ਪਹਿਲੀ ਵਾਰ ਉਸ ਦੀ ਨਸਲ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਨੈਸ਼ਨਲ ਟਰੱਕਿੰਗ ਦੇ ਫੇਸਬੁਕ ਪੇਜ ‘ਤੇ ਪਾਈ ਵੀਡੀਓ ਰਾਹੀਂ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਵੀਡੀਓ ’ਚ ਨਜ਼ਰ ਆ ਰਿਹਾ ਵਿਅਕਤੀ ਸਨੀ ਸਿੰਘ ਦੇ ਚੋਣ ਪ੍ਰਚਾਰ ਦੇ ਇਕ ਬੈਨਰ ‘ਤੇ ਭੜਾਸ ਕੱਢਦਾ ਨਜ਼ਰ ਆ ਰਿਹਾ ਹੈ। ਸਨੀ ਸਿੰਘ ਨੇ ਆਖਿਆ, “ਮੈਨੂੰ ਨਹੀਂ ਪਤਾ ਕਿ ਉਸ ਨੇ ਇੰਜ ਕਿਉਂ ਕੀਤਾ ਹੈ?” ਦੱਖਣੀ ਆਸਟਰੇਲੀਆ ਦੇ ਅਟਾਰਨੀ ਜਨਰਲ ਵਿਕੀ ਚੈਪਮੈਨ ਨੇ ਫੁਟੇਜ ਨੂੰ ਪ੍ਰੇਸ਼ਾਨ ਕਰਨ ਵਾਲੀ ਕਰਾਰ ਦਿੰਦਿਆਂ ਕਿਹਾ ਕਿ ਇਹ ਨਸਲੀ ਵਿਹਾਰ ਜਾਪਦਾ ਹੈ।

# ਅਕਾਲੀ ਦਲ ਦਾ ਅੰਦਰੂਨੀ ਸੰਕਟ ਹੋਇਆ ਹੋਰ ਡੂੰਘਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਵਿਚ ਪੈਦਾ ਹੋਇਆ ਅੰਦਰੂਨੀ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਵੱਲੋਂ ਅਸਤੀਫਾ ਦਿੱਤੇ ਜਾਣ ਤੋਂ ਬਾਅਦ ਹੁਣ ਮਾਝੇ ਦੇ ਨਿਰਾਸ਼ ਤੇ ਨਾਰਾਜ਼ ਸੀਨੀਅਰ ਅਕਾਲੀ ਆਗੂ ਅਤੇ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ (81) ਨੇ ਵੀ ਪਾਰਟੀ ਦੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਸ੍ਰੀ ਬ੍ਰਹਮਪੁਰਾ ਇਸ ਵੇਲੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਹਨ। ਉਹ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਕੋਰ ਕਮੇਟੀ ਦੇ ਮੈਂਬਰ ਵੀ ਹਨ। ਪਿਛਲੇ 60 ਸਾਲਾਂ ਤੋਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਹਨ। ਉਹ ਕਈ ਵਾਰ ਪਾਰਟੀ ਵੱਲੋਂ ਵਿਧਾਇਕ ਅਤੇ ਮੰਤਰੀ ਬਣ ਚੁੱਕੇ ਹਨ। ਉਹ ਟਕਸਾਲੀ ਅਕਾਲੀ ਹਨ।

ਪਾਰਟੀ ਨਾਲ ਨਾਰਾਜ਼ਗੀ ਬਾਰੇ ਪੁੱਛੇ ਗਏ ਸਵਾਲਾਂ ਨੂੰ ਉਹ ਭਾਵੇਂ ਟਾਲ ਗਏ ਪਰ ਨਾਰਾਜ਼ਗੀ ਅਤੇ ਨਿਰਾਸ਼ਾ ਉਨ੍ਹਾਂ ਦੀਆਂ ਅੱਖਾਂ ਤੇ ਚਿਹਰੇ ਤੋਂ ਸਾਫ ਝਲਕ ਰਹੀ ਸੀ। ਉਨ੍ਹਾਂ ਮੰਨਿਆ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿਵਾਉਣ ਦਾ ਫੈਸਲਾ ਗਲਤ ਸੀ, ਜਿਸ ਨੂੰ ਵਾਪਸ ਲੈਣਾ ਪਿਆ। ਇਸੇ ਤਰ੍ਹਾਂ ਬੇਅਦਬੀ ਘਟਨਾਵਾਂ ਅਤੇ ਬਰਗਾੜੀ ਕਾਂਡ ਵਿਚ ਨਿਆਂ ਨਾ ਮਿਲਣ ਕਾਰਨ ਪਾਰਟੀ ਨੂੰ ਢਾਹ ਲੱਗੀ ਹੈ। ਇਸ ਨਾਲ ਪਾਰਟੀ ਵਿਚ ਨਿਘਾਰ ਆਇਆ ਅਤੇ ਇਸ ਦਾ ਖਮਿਆਜ਼ਾ 2017 ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਹਾਰ ਦੇ ਰੂਪ ਵਿਚ ਭੁਗਤਣਾ ਪਿਆ। ਉਨ੍ਹਾਂ ਮੰਨਿਆ ਕਿ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਪਾਰਟੀ ਕੋਲੋਂ ਇਨ੍ਹਾਂ ਮਾਮਲਿਆਂ ਵਿਚ ਢਿਲਮੱਠ ਵਰਤੀ ਗਈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਜੋ ਗਲਤੀਆਂ ਹੋਈਆਂ ਉਸ ਵਿਚ ਉਹ ਖੁਦ ਵੀ ਭਾਈਵਾਲ ਸਨ। ਇਸੇ ਲਈ ਉਨ੍ਹਾਂ ਬੀਤੇ ਦਿਨ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਵਿਖੇ ਨਤਮਸਤਕ ਹੋ ਕੇ ਖਿਮਾ ਯਾਚਨਾ ਕੀਤੀ।

ਉਨ੍ਹਾਂ ਕਿਹਾ ਕਿ 7 ਅਕਤੂਬਰ ਤੋਂ ਬਾਅਦ ਪਾਰਟੀ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਕੋਈ ਸੰਪਰਕ ਨਹੀਂ ਹੋਇਆ। ਇਸ ਮੌਕੇ ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ, ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ, ਰਵਿੰਦਰ ਸਿੰਘ ਬ੍ਰਹਮਪੁਰਾ, ਮਨਮੋਹਨ ਸਿੰਘ ਸਠਿਆਲਾ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਬਲਦੇਵ ਸਿੰਘ ਐਮਏ ਆਦਿ ਹਾਜ਼ਰ ਸਨ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਉਪਰੋਕਤ ਆਗੂ ਆਪਸੀ ਇਕਜੁਟਤਾ ਦਾ ਪ੍ਰਗਟਾਵਾ ਕਰਦੇ ਹੋਏ ਪਾਰਟੀ ਨੀਤੀਆਂ ‘ਤੇ ਕਿੰਤੂ ਪ੍ਰੰਤੂ ਕਰ ਚੁੱਕੇ ਹਨ। ਇਹ ਸਾਰੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਟਿਆਲਾ ਵਿਚ ਕੀਤੀ ਰੈਲੀ ਵਿਚ ਵੀ ਸ਼ਾਮਲ ਨਹੀਂ ਹੋਏ ਸਨ। ਬੀਤੇ ਦਿਨੀਂ ਇਹ ਸਾਰੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੇ ਸਨ, ਜਿਥੇ ਉਨ੍ਹਾਂ ਖਿਮਾ ਯਾਚਨਾ ਦੀ ਅਰਦਾਸ ਕੀਤੀ ਸੀ। ਭਾਵੇਂ ਇਨ੍ਹਾਂ ਵਿਚੋਂ ਕਿਸੇ ਵੀ ਅਕਾਲੀ ਆਗੂ ਨੇ ਪਾਰਟੀ ਨਾਲ ਨਰਾਜ਼ਗੀ ਦਾ ਇਜ਼ਹਾਰ ਨਹੀਂ ਕੀਤਾ ਪਰ ਪਤਾ ਲੱਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੋਈ ਹੁੰਗਾਰਾ ਨਾ ਮਿਲਣ ਕਾਰਨ ਹੀ ਇਹ ਪਾਰਟੀ ਤੋਂ ਨਾਰਾਜ਼ ਹਨ। ਭਵਿੱਖ ਵਿਚ ਕੁਝ ਹੋਰ ਸੀਨੀਅਰ ਆਗੂ ਪਾਰਟੀ ਨੂੰ ਅਲਵਿਦਾ ਆਖ ਸਕਦੇ ਹਨ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਰਣਜੀਤ ਸਿੰਘ ਬ੍ਰਹਮਪੁਰਾ ਨੇ ਪਾਰਟੀ ਨਹੀਂ ਛੱਡੀ, ਸਗੋਂ ਨਵੇਂ ਚਿਹਰਿਆਂ ਅਤੇ ਨੌਜਵਾਨਾਂ ਨੂੰ ਅੱਗੇ ਆਉਣ ਦਾ ਮੌਕਾ ਦੇਣ ਲਈ ਉਨ੍ਹਾਂ ਪਾਰਟੀ ਦੇ ਸਾਰੇ ਅਹੁਦੇ ਛੱਡੇ ਹਨ।

# ਹੁਣ ਜਥੇਦਾਰ ਬਦਲ ਕੇ ਸਾਖ ਬਚਾਉਣ ਦੀ ਕਵਾਇਦ

*(ਸਫਾ ਇਕ ਦੀ ਬਾਕੀ)*

ਅਤੇ ਇਹ ਵੀ ਪਤਾ ਲੱਗ ਜਾਵੇਗਾ ਕਿ ਉਹ ਬਾਦਲ ਪਰਿਵਾਰ ਲਈ ਫਿੱਟ ਬੈਠਦੇ ਹਨ ਜਾਂ ਨਹੀਂ। ਦਿਲਚਸਪ ਤੱਥ ਇਹ ਵੀ ਹੈ ਕਿ ਸੇਵਾ ਮੁਕਤ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਬਾਦਲਾਂ ਦੇ ਗੜ੍ਹ ਜ਼ਿਲ੍ਹਾ ਮੁਕਤਸਰ ਦੇ ਸਨ ਅਤੇ ਗਿਆਨੀ ਹਰਪ੍ਰੀਤ ਸਿੰਘ ਵੀ ਜ਼ਿਲ੍ਹਾ ਮੁਕਤਸਰ ਦੇ ਕਸਬਾ ਗਿੱਦੜਬਾਹਾ ਤੋਂ ਹਨ।

ਅਹਿਮ ਗੱਲ ਹੈ ਕਿ ਇਸ ਨਿਯੁਕਤੀ ਲਈ ਸ਼੍ਰੋਮਣੀ ਕਮੇਟੀ ਨੇ ਪੰਥਕ ਜਥੇਬੰਦੀਆਂ ਨਾਲ ਕੋਈ ਵਿਚਾਰ ਚਰਚਾ ਨਹੀਂ ਕੀਤੀ। ਇਸ ਬਾਰੇ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਫਿਲਹਾਲ ਕਾਰਜਕਾਰੀ ਜਥੇਦਾਰ ਲਾਇਆ ਗਿਆ ਹੈ। ਇਸ ਮਗਰੋਂ ਪੱਕੇ ਤੌਰ ‘ਤੇ ਜਥੇਦਾਰ ਦੀ ਨਿਯੁਕਤੀ ਸਮੂਹ ਪੰਥਕ ਧਿਰਾਂ ਨਾਲ ਸਲਾਹ-ਮਸ਼ਵਰਾ ਕਰ ਕੇ ਹੀ ਕੀਤੀ ਜਾਏਗੀ। ਸਿੱਖ ਪੰਥ ਵਿਚ ਇਹ ਮੰਗ ਕੀਤੀ ਜਾ ਰਹੀ ਸੀ ਕਿ ਜਥੇਦਾਰ ਦੀ ਨਿਯੁਕਤੀ ਸਮੂਹ ਸਿੱਖ ਸੰਸਥਾਵਾਂ ਦੀ ਸਲਾਹ ਨਾਲ ਹੀ ਕੀਤੀ ਜਾਵੇ ਅਤੇ ਨਾਲ ਹੀ ਇਸ ਬਾਰੇ ਠੋਸ ਨਿਯਮ ਬਣਾਏ ਜਾਣ।

ਦਰਅਸਲ, ਇਸ ਵੇਲੇ ਸ਼੍ਰੋਮਣੀ ਅਕਾਲੀ ਦਲ, ਖਾਸਕਰ ਬਾਦਲ ਪਰਿਵਾਰ ਵੱਡੇ ਸੰਕਟ ਵਿਚ ਘਿਰਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿਚ ਭੁਗਤਣ ਦੇ ਇਲਜ਼ਾਮਾਂ ਕਰ ਕੇ ਸਾਬਕਾ ਜਥੇਦਾਰ ਖਿਲਾਫ ਸਿੱਖ ਸੰਗਤ ਵਿਚ ਰੋਹ ਸੀ। ਇਸ ਲਈ ਬਾਦਲ ਪਰਿਵਾਰ ਉਨ੍ਹਾਂ ਨੂੰ ਹਟਾ ਕੇ ਕਿਸੇ ਅਜਿਹੇ ਸ਼ਖ਼ਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਲਾਉਣਾ ਚਾਹੁੰਦੇ ਸੀ ਜਿਹੜੇ ਉਨ੍ਹਾਂ ਦੇ ਭਰੋਸੇਯੋਗ ਹੋਣ ਅਤੇ ਉਨ੍ਹਾਂ ਦਾ ਅਕਸ ਵੀ ਸਾਫ ਸੁਥਰਾ ਹੋਏ।

ਗਿਆਨੀ ਹਰਪ੍ਰੀਤ ਸਿੰਘ ਸਭ ਤੋਂ ਵੱਧ ਪੜ੍ਹੇ-ਲਿਖੇ ਜਥੇਦਾਰ ਹਨ। ਉਹ ਪੰਜਾਬੀ ਯੂਨੀਵਰਸਿਟੀ ਤੋਂ ਪੀ.ਐਚ.ਡੀ. ਕਰ ਰਹੇ ਹਨ। ਉਨ੍ਹਾਂ ਦੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਕਾਫੀ ਨੇੜਤਾ ਹੈ।

# ਚੀਨੀ ਵਿਚ ਵਿਸ਼ਵ ਦੇ ਸਭ ਤੋਂ ਲੰਮੇ ਸਾਗਰ ਪੁਲ ਦਾ ਉਦਘਾਟਨ

**ਪੇਈਚਿੰਗ:** ਚੀਨੀ ਸਦਰ ਸ਼ੀ ਜਿਨਪਿੰਗ ਨੇ ਹਾਂਗਕਾਂਗ, ਮਕਾਓ ਤੇ ਚੀਨ ਨੂੰ ਜੋੜਦੇ ਵਿਸ਼ਵ ਦੇ ਸਭ ਤੋਂ ਲੰਮੇ ਸਾਗਰ ਪੁਲ ਦਾ ਉਦਘਾਟਨ ਕਰਦਿਆਂ ਇਸ ਨੂੰ ਅਧਿਕਾਰਤ ਤੌਰ ‘ਤੇ ਆਵਾਜਾਈ ਲਈ ਖੋਲ੍ਹ ਦਿੱਤਾ।

ਇਸ ਪੁਲ ਦੇ ਖੁੱਲ੍ਹਣ ਨਾਲ ਇਨ੍ਹਾਂ ਤਿੰਨਾਂ ਖੇਤਰਾਂ ਦਾ ਤਿੰਨ ਘੰਟੇ ਦਾ ਸਫਰ ਘੱਟ ਕੇ ਮਹਿਜ਼ ਤੀਹ ਮਿੰਟਾਂ ਦਾ ਰਹਿ ਜਾਏਗਾ। 55 ਕਿਲੋਮੀਟਰ ਲੰਮੇ ਇਸ ਪੁਲ ਦੀ ਉਸਾਰੀ ‘ਤੇ 20 ਅਰਬ ਅਮਰੀਕੀ ਡਾਲਰ ਦੀ ਲਾਗਤ ਆਈ ਹੈ। ਇੰਜੀਨੀਅਰਿੰਗ ਦੀ ਕੁਸ਼ਲ ਕਾਰੀਗਰੀ ਕਿਹਾ ਜਾਂਦਾ ਇਹ ਪੁਲ ਆਰਥਿਕ ਤੇ ਸਿਆਸੀ ਪੱਖੋਂ ਵੀ ਕਾਫੀ ਅਹਿਮ ਹੈ। ਕਿਉਂਕਿ ਇਸ ਪੁਲ ਦੀ ਉਸਾਰੀ ਅਜਿਹੇ ਸਮੇਂ ਹੋਈ ਹੈ ਜਦੋਂ ਪੇਈਚਿੰਗ ਨੀਮ ਖ਼ੁਦਮੁਖਤਿਆਰ ਇਲਾਕਿਆਂ ‘ਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ। ਇਸ ਦੌਰਾਨ ਆਲੋਚਕਾਂ ਨੇ ਇਸ ਪੁਲ ਨੂੰ ‘ਸਫ਼ੇਦ ਹਾਥੀ’ ਦੱਸਦਿਆਂ ਕਿਹਾ ਕਿ ਇਹ ਚੀਨ ਹੱਥੋਂ ਰੇਤ ਵਾਂਗ ਖਿਸਕਦੇ ਜਾ ਰਹੇ ਹਾਂਗ ਕਾਂਗ ਨੂੰ ਮੁੜ ਆਪਣੇ ਕਲਾਵੇ ਵਿਚ ਲੈਣ ਦਾ ਯਤਨ ਮਾਤਰ ਹੈ।

ਇਹ ਨਵਾਂ ਪੁਲ ਏਸ਼ੀਆ ਦੀ ਵਿੱਤੀ ਹੱਬ ਕਹੇ ਜਾਂਦੇ ਹਾਂਗਕਾਂਗ ਨੂੰ ਚੀਨ ਦੇ ਦੱਖਣੀ ਸ਼ਹਿਰ ਜ਼ੁਹਾਏ ਤੇ ਜੂਏਬਾਜ਼ੀ ਲਈ ਮਕਬੂਲ ਮਕਾਓ ਨੂੰ ਪਰਲ ਨਦੀ ਦੇ ਪਾਣੀਆਂ ਉਪਰੋਂ ਦੀ ਲੰਘਦੇ ਸੱਪ ਵਾਂਗੂ ਵੱਲ ਖਾਂਦੇ ਸੜਕੀ ਪੁਲ ਤੇ ਪਾਣੀ ਥੱਲੇ ਬਣੀ ਸੁਰੰਗ ਰਾਹੀਂ ਜੋੜੇਗਾ। ਪੁਲ ਮੁਕੰਮਲ ਹੋਣ ਵਿਚ ਨੌਂ ਸਾਲ ਲੱਗੇ ਹਨ। ਉਸਾਰੀ ਕਾਮਿਆਂ ਦੀ ਮੌਤ, ਭ੍ਰਿਸ਼ਟਾਚਾਰ ਨਾਲ ਸਬੰਧਤ ਮੁਕੱਦਮਿਆਂ ਤੇ ਬਜਟ ਤੋਂ ਉਪਰ ਖਰਚਾ ਹੋਣ ਦੇ ਚਲਦਿਆਂ ਪੁਲ ਦੇ ਕੰਮ ਵਿਚ ਕਈ ਵਾਰ ਅੜਿੱਕਾ ਪਿਆ।

# ਰੇਲ ਹਾਦਸਾ: ਮੋਇਆਂ ‘ਤੇ ਵੀ ਸਿਆਸਤ

*(ਸਫਾ ਇਕ ਦੀ ਬਾਕੀ)*

ਵਜਾਇਆ।

ਇਹ ਵੀ ਦੋਸ਼ ਲੱਗ ਰਹੇ ਹਨ ਕਿ ਹਾਦਸੇ ਸਮੇਂ ਰੇਲ ਦਾ ਡਰਾਇਵਰ ਖਿੜਕੀ ਵਿਚੋਂ ਬਾਹਰ ਝਾਕ ਕੇ ਰਾਵਣ ਸੜਦਾ ਵੇਖ ਰਿਹਾ ਸੀ। ਇਸ ਤੋਂ ਵੱਡੀ ਗੱਲ ਇਹ ਹੈ ਕਿ ਹਾਦਸੇ ਵਾਲੀ ਥਾਂ ਤੋਂ ਕੁਝ ਦੂਰੀ ਉਤੇ ਗੇਟਮੈਨ ਟਰੈਕ ਉਤੇ ਖੜ੍ਹੇ ਵੱਡੀ ਗਿਣਤੀ ਲੋਕਾਂ ਨੂੰ ਵੇਖ ਰਿਹਾ ਸੀ ਪਰ ਉਸ ਨੇ ਆਪਣੇ ਵਿਭਾਗ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਅਤੇ 100 ਤੋਂ ਵੀ ਵੱਧ ਰਫਤਾਰ ਉਤੇ ਆਈ ਰੇਲ ਲੋਕਾਂ ਨੂੰ ਦਰੜ ਕੇ ਚਲੀ ਗਈ।

ਇਥੋਂ ਤੱਕ ਕਿ ਟਰੇਨ ਨੂੰ ਹਾਦਸੇ ਵਾਲੀ ਥਾਂ ਉਤੇ ਰੋਕਣ ਦੀ ਥਾਂ ਇਸ ਨੂੰ ਸਟੇਸ਼ਨ ਉਤੇ ਰੋਕਿਆ ਗਿਆ। ਡਰਾਇਵਰ ਦਾਅਵਾ ਕਰ ਰਿਹਾ ਹੈ ਕਿ ਹਾਦਸੇ ਤੋਂ ਬਾਅਦ ਲੋਕ ਟਰੇਨ ਨੂੰ ਪੱਥਰ ਮਾਰਨ ਲੱਗੇ ਤਾਂ ਉਸ ਨੇ ਗੱਡੀ ਭਜਾ ਲਈ। ਹਾਲਾਂਕਿ ਹਾਦਸੇ ਸਮੇਂ ਮੌਜੂਦ ਲੋਕਾਂ ਦਾ ਕਹਿਣਾ ਹੈ ਕਿ ਡਰਾਇਵਰ ਨੇ ਹਾਦਸੇ ਤੋਂ ਬਾਅਦ ਰਫਤਾਰ ਘੱਟ ਕੀਤੀ ਹੀ ਨਹੀਂ ਤੇ ਲਾਸ਼ਾਂ ਨੂੰ ਨਾਲ ਹੀ ਘੜੀਸਦਾ ਟਰੇਨ ਨੂੰ ਸਟੇਸ਼ਨ ਉਤੇ ਲੈ ਗਿਆ। ਹੁਣ ਸਵਾਲ ਉਠ ਰਹੇ ਹਨ ਕਿ ਰੇਲ ਵਿਭਾਗ ਨੇ ਆਪਣੇ ਆਪ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਸਿਆਸੀ ਧਿਰਾਂ ਇਸ ਨੂੰ ਇਕ ਦੂਜੇ ਦੀ ਸਾਜ਼ਿਸ਼ ਵਜੋਂ ਪ੍ਰਚਾਰ ਰਹੀਆਂ ਹਨ, ਅਜਿਹੇ ਵਿਚ ਹਾਦਸੇ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦੇ ਆਸਾਰ ਘੱਟ ਹੀ ਨਜ਼ਰ ਆ ਰਹੇ ਹਨ।

# ਤਾਈਵਾਨ ‘ਚ ਰੇਲ ਹਾਦਸਾ-22 ਮੌਤਾਂ

**ਯਾਲਿਨ:** ਤਾਈਵਾਨ ‘ਚ ਇਕ ਰੇਲ ਗੱਡੀ ਦੇ ਲੀਹਾਂ ਤੋਂ ਲਹਿ ਜਾਣ ਨਾਲ ਕਰੀਬ 22 ਲੋਕਾਂ ਦੀ ਮੌਤ ਹੋ ਗਈ। ਕਰੀਬ 27 ਸਾਲਾਂ ਬਾਅਦ ਤਾਈਵਾਨ ‘ਚ ਅਜਿਹਾ ਭਿਆਨਕ ਹਾਦਸਾ ਵਾਪਰਿਆ ਹੈ। ਤਾਈਵਾਨ ਦੇ ਰੇਲ ਪ੍ਰਸ਼ਾਸਨ ਵੱਲੋਂ 22 ਮੌਤਾਂ ਦੀ ਪੁਸ਼ਟੀ ਕਰ ਦਿੱਤੀ ਗਈ ਹੈ। ਇਸ ਹਾਦਸੇ ‘ਚ 171 ਵਿਅਕਤੀ ਜ਼ਖ਼ਮੀ ਹੋਏ ਹਨ ਜਿਨ੍ਹਾਂ ‘ਚੋਂ 10 ਦੀ ਹਾਲਤ ਗੰਭੀਰ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਬਚਾਅ ਤੇ ਰਾਹਤ ਕਾਰਜ ਲਗਾਤਾਰ ਜਾਰੀ ਹਨ।

# ਭਾਰਤ ‘ਚ ਪਿਛਲੇ 3 ਸਾਲਾਂ ‘ਚ 60 ਫੀਸਦੀ ਕਰੋੜਪਤੀ ਵਧੇ

**ਨਵੀਂ ਦਿੱਲੀ:** ਭਾਰਤ ਵਿਚ ਇਸ ਵੇਲੇ 1 ਕਰੋੜ ਤੋਂ ਵੱਧ ਦੀ ਆਮਦਨ ਐਲਾਨਣ ਵਾਲੇ 81000 ਵਿਅਕਤੀਗਤ ਕਰਦਾਤਾ ਹਨ, ਜਿਸ ਨਾਲ ਪਿਛਲੇ ਤਿੰਨ ਸਾਲ ‘ਚ ਭਾਰਤ ਦੇ ਕਰੋੜਪਤੀ ਕਲੱਬ ਵਿਚ ਦੋ ਤਿਹਾਈ ਤੋਂ ਜ਼ਿਆਦਾ ਦਾ ਵਾਧਾ ਹੋਇਆ।

ਇਸ ਸਬੰਧੀ ਆਮਦਨ ਕਰ ਤੇ ਪ੍ਰਤੱਖ ਕਰਾਂ ਬਾਰੇ ਨਿਯਮ ਬਣਾਉਣ ਵਾਲੀ ਏਜੰਸੀ ਆਮਦਨ ਕਰ ਵਿਭਾਗ ਨੇ ਅੰਕੜੇ ਜਾਰੀ ਕਰ ਕੇ ਦੱਸਿਆ ਕਿ ਕਰੋੜਪਤੀ ਕਰਦਾਤਾਵਾਂ, ਜਿਨ੍ਹਾਂ ‘ਚ ਕੋਰਪੋਰੇਟ, ਫਰਮਾਂ, ਹਿੰਦੂ, ਅਣਵੰਡੇ ਹਿੰਦੂ ਪਰਿਵਾਰ (ਐਚ.ਯੂ.ਐਫ.) ਤੇ ਵਿਅਕਤੀ ਸ਼ਾਮਲ ਹਨ, ਵਿਚ ਇਸ ਸਮੇਂ ਦੌਰਾਨ ਤਕਰੀਬਨ 60 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਪਿਛਲੇ ਤਿੰਨ ਸਾਲਾਂ ਤੋਂ ਕਰੋੜਪਤੀ ਕਲੱਬ ‘ਚ 1 ਕਰੋੜ ਤੋਂ ਵੱਧ ਦੀ ਆਮਦਨ ਵਾਲੇ ਸਭ ਤੋਂ ਵੱਧ ਕਰਦਾਤਾਵਾਂ ਨੇ ਆਪਣੇ ਆਪ ਨੂੰ ਰਜਿਸਟਰਡ ਕਰਵਾਇਆ ਹੈ।

ਪ੍ਰਤੱਖ ਕਰਾਂ ਬਾਰੇ ਕੇਂਦਰੀ ਬੋਰਡ (ਸੀ.ਬੀ.ਡੀ.ਟੀ.) ਵੱਲੋਂ 2014-2015 ਦੇ ਵਿੱਤੀ ਸਾਲ ਦੌਰਾਨ 1 ਕਰੋੜ ਤੋਂ ਵੱਧ ਦੀ ਆਮਦਨ ਦਾ ਐਲਾਨ ਕਰਨ ਵਾਲੇ 88649 ਕਰਦਾਤਾ ਸਨ ਜਦਕਿ ਵਿੱਤੀ ਸਾਲ 2017-18 ਦੌਰਾਨ ਇਹ ਗਿਣਤੀ 140139 ਹੋ ਗਈ ਹੈ। ਇਸੇ ਤਰ੍ਹਾਂ ਇਸ ਸਮੇਂ ਦੌਰਾਨ 1 ਕਰੋੜ ਤੋਂ ਵੱਧ ਦੀ ਆਮਦਨ ਦਾ ਐਲਾਨ ਕਰਨ ਵਾਲੇ ਵਿਅਕਤੀਗਤ ਕਰਦਾਤਾਵਾਂ ‘ਚ 48416 ਤੋਂ 81344 ਦਾ ਵਾਧਾ ਹੋਇਆ ਹੈ, ਜੋ ਕਿ 68 ਫੀਸਦੀ ਵਾਧੇ ਨੂੰ ਦਰਸਾਉਂਦੀ ਹੈ।

# ਇਕੁਆਡੋਰ ਖਿਲਾਫ ਕਾਨੂੰਨੀ ਕਾਰਵਾਈ ਕਰੇਗਾ ਅਸਾਂਜ

**ਲੰਡਨ:** ਵਿਕੀਲੀਕਸ ਦਾ ਬਾਨੀ ਜੂਲੀਅਨ ਅਸਾਂਜ ਖੁਦ ਨੂੰ ਪਨਾਹ ਦੇਣ ਵਾਲੇ ਦੱਖਣੀ ਅਮਰੀਕੀ ਮੁਲਕ ਇਕੁਆਡੋਰ ਖਿਲਾਫ ਕਾਨੂੰਨੀ ਕਾਰਵਾਈ ਕਰਨ ਜਾ ਰਿਹਾ ਹੈ। ਉਸ ਨੇ ਦੋਸ਼ ਲਾਇਆ ਕਿ ਇਕੁਆਡੋਰ ਉਸ ਦੇ ਮੌਲਿਕ ਅਧਿਕਾਰਾਂ ਤੇ ਆਜ਼ਾਦੀ ਦੀ ਕਥਿਤ ਉਲੰਘਣਾ ਕਰ ਰਿਹਾ ਹੈ। ਪਿਛਲੇ ਛੇ ਸਾਲਾਂ ਤੋਂ ਕੇਂਦਰੀ ਲੰਡਨ ਸਥਿਤ ਇਕੁਆਡੋਰ ਦੀ ਅੰਬੈਸੀ ‘ਚ ਰਹਿ ਰਹੇ ਅਸਾਂਜ ਨੂੰ ਇੰਟਰਨੈੱਟ ਦੀ ਸੀਮਾ ਬੱਧ ਵਰਤੋਂ ਦੀ ਇਜਾਜ਼ਤ ਦੇਣ ਤੋਂ ਬਾਅਦ ਨਿਯਮਾਂ ਮੁਤਾਬਕ ਨਵੇਂ ਘਰ ਵਿਚ ਭੇਜ ਦਿੱਤਾ ਗਿਆ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਬਰਗਾੜੀ ਦੀ ਧਰਤੀ ਤੋਂ 'ਨਵੇਂ ਸ਼੍ਰੋਮਣੀ ਅਕਾਲੀ ਦਲ' ਲਈ ਲਾਮਬੰਦੀ

**ਬਠਿੰਡਾ:** ਬਾਦਲਾਂ ਖਿਲਾਫ਼ ਬਣੇ ਪੰਥਕ ਮਾਹੌਲ ਅਤੇ ਨਵੇਂ ਸਿਆਸੀ ਸੁਰਾਂ ਦੇ ਬਣ ਰਹੇ ਸੁਮੇਲ ਤੋਂ ਜਾਪਦਾ ਹੈ ਕਿ ਬਰਗਾੜੀ ਦੀ ਧਰਤੀ ਨਵੇਂ ਸ਼੍ਰੋਮਣੀ ਅਕਾਲੀ ਦਲ ਦੀ ਜਨਮ ਭੂਮੀ ਵੀ ਬਣ ਸਕਦੀ ਹੈ। ਭਾਵੇਂ ਸਿਆਸੀ ਕਿਆਸ ਅਗੇਤੇ ਹਨ ਪਰ ਨਵੇਂ ਪੰਥਕ ਰਾਹਾਂ ਨੇ ਬਰਗਾੜੀ ਵੱਲ ਮੋੜਾ ਕੱਟਣਾ ਸ਼ੁਰੂ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਏ ਅਕਾਲੀ ਆਗੂਆਂ ਨੇ ਵੀ ਬਰਗਾੜੀ ਵੱਲ ਮੂੰਹ ਕਰ ਲਏ ਹਨ। ਦੇਰ ਸਵੇਰ ਇਹ ਬਾਗੀ ਨੇਤਾ 'ਬਰਗਾੜੀ ਇਨਸਾਫ ਮੋਰਚਾ' ਦੀ ਅਗਵਾਈ ਹੇਠ ਚੱਲ ਰਹੇ ਮੋਰਚੇ ਦੀ ਸਟੇਜ ਉਤੇ ਨਜ਼ਰ ਆ ਸਕਦੇ ਹਨ।



ਬਰਗਾੜੀ ਇਨਸਾਫ ਮੋਰਚਾ ਦੀ ਅਗਵਾਈ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਫੜਨ ਵਾਸਤੇ ਲਾਏ ਮੋਰਚੇ 'ਚ ਪਹਿਲਾਂ 7 ਅਕਤੂਬਰ ਅਤੇ ਫਿਰ 14 ਅਕਤੂਬਰ ਨੂੰ ਹੋਏ ਵੱਡੇ ਪੰਥਕ ਇਕੱਠ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਧੁਰ ਅੰਦਰੋਂ ਹਲੂਣ ਦਿੱਤਾ ਹੈ। ਬਾਗੀ ਅਕਾਲੀ ਆਗੂ ਵੀ ਬਰਗਾੜੀ ਇਨਸਾਫ ਮੋਰਚਾ ਦੀ ਹਮਾਇਤ ਵਿਚ ਕੁੱਦਣ ਲਈ ਤਿਆਰ ਹੋ ਰਹੇ ਹਨ। ਸੂਤਰ ਦੱਸਦੇ ਹਨ ਕਿ ਬਾਗੀਆਂ ਨੇ ਜੋ ਨਵੀਂ ਵਿਉਂਤਬੰਦੀ ਘੜਨੀ ਸ਼ੁਰੂ ਕੀਤੀ ਹੈ, ਉਸ 'ਚ ਨਵੇਂ ਐਲਾਨ ਬਰਗਾੜੀ ਦੀ ਧਰਤੀ ਤੋਂ ਕਰਨ ਦਾ ਫੈਸਲਾ ਹੈ। ਦੋ ਤਿੰਨ ਦਿਨ ਪਹਿਲਾਂ ਬਰਗਾੜੀ ਇਨਸਾਫ ਮੋਰਚੇ ਦੇ ਸੀਨੀਅਰ ਮੈਂਬਰ ਨਾਲ ਇਕ ਬਾਗੀ ਅਕਾਲੀ ਨੇਤਾ ਨੇ ਮੁਕਤਸਰ ਵਿਚ ਮੁਲਾਕਾਤ ਵੀ ਕੀਤੀ ਸੀ। ਇਸ ਗੁਪਤ ਮੁਲਾਕਾਤ ਵਿਚ ਬਾਗੀ ਆਗੂ ਨੇ ਬਰਗਾੜੀ ਜਲਦੀ ਆਉਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਸਾਫ ਕਰ ਦਿੱਤਾ ਹੈ ਕਿ ਹੁਣ ਉਹ ਪਿਛਾਂਹ ਨਹੀਂ ਹਟਣਗੇ।

ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਹਰਿਮੰਦਰ ਸਾਹਿਬ ਮੱਥਾ ਟੇਕਣ ਮਗਰੋਂ ਆਖ ਦਿੱਤਾ ਹੈ ਕਿ ਹੁਣ ਉਹ ਕੋਈ ਵੀ ਫੈਸਲਾ ਸਾਥੀਆਂ ਨਾਲ ਮਿਲ ਕੇ ਹੀ ਲੈਣਗੇ। ਬਰਗਾੜੀ ਇਨਸਾਫ ਮੋਰਚਾ ਦੀ ਅਗਵਾਈ ਕਰ ਰਹੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਦਾ ਕਹਿਣਾ ਸੀ ਕਿ ਬਾਦਲਾਂ ਖਿਲਾਫ਼ ਬੇਅਦਬੀ ਦੇ ਮਾਮਲੇ 'ਤੇ ਵਿਰੋਧ ਵਿਚ ਉੱਤਰੇ ਬਾਗੀ ਸੁਰ ਵਾਲੇ ਆਗੂਆਂ ਦਾ ਉਹ ਬਰਗਾੜੀ ਆਉਣ 'ਤੇ ਸਵਾਗਤ ਕਰਨਗੇ। ਉਹ ਦੋਸ਼ੀਆਂ ਨੂੰ ਫੜਾਉਣ ਵਾਸਤੇ ਮੋਰਚੇ ਦੀ ਹਮਾਇਤ ਕਰਦੇ ਹਨ ਤਾਂ ਉਨ੍ਹਾਂ ਨੂੰ ਮੋਰਚਾ 'ਜੀ ਆਇਆਂ' ਆਖੇਗਾ। ਇਸ ਨਾਲ ਮੋਰਚੇ ਨੂੰ ਵੀ ਮਜ਼ਬੂਤੀ ਮਿਲੇਗੀ। ਜਥੇਦਾਰ ਮੰਡ ਨੇ ਆਖਿਆ ਕਿ ਪੰਥ ਰਾਹ ਦਾ ਨਾਮ ਹੈ ਅਤੇ ਇਥੋਂ ਹੀ ਸਿਆਸੀ ਦਿਸ਼ਾ ਨਿਕਲੇਗੀ।

ਦੱਸਣਯੋਗ ਹੈ ਕਿ ਬਰਗਾੜੀ ਵਿਚ ਹੋਏ ਉਪਰੋਥਲੀ ਦੋ ਵੱਡੇ ਪੰਥਕ ਇਕੱਠਾਂ ਨੇ ਲੋਕਾਂ ਦੀਆਂ ਭਾਵਨਾਵਾਂ ਤੇ ਵਿਚਾਰਾਂ ਨੂੰ ਉਜਾਗਰ ਕਰ ਦਿੱਤਾ ਹੈ। ਬਰਗਾੜੀ ਇਨਸਾਫ ਮੋਰਚਾ ਦੇ ਸੀਨੀਅਰ ਆਗੂ ਭਾਈ ਗੁਰਦੀਪ ਸਿੰਘ ਬਠਿੰਡਾ ਦਾ ਕਹਿਣਾ ਸੀ ਕਿ ਜੇ ਬੇਅਦਬੀ ਮਾਮਲੇ ਨੂੰ ਲੈ ਕੇ ਅਕਾਲੀ ਦਲ ਵਿਚ ਵਿਰੋਧ ਦਰਜ ਕਰਾਉਣ ਵਾਲੇ ਆਗੂ ਬਰਗਾੜੀ ਮੋਰਚਾ ਵਿਚ ਆਉਂਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਕੀਤਾ ਜਾਵੇਗਾ। ਸੂਤਰ ਦੱਸਦੇ ਹਨ ਕਿ ਬਾਗੀ ਅਕਾਲੀ ਨੇਤਾ ਅਤੇ ਇਨਸਾਫ ਮੋਰਚੇ ਦੇ ਆਗੂਆਂ ਵਿਚ ਤਾਲਮੇਲ ਬੈਠਦਾ ਹੈ ਤਾਂ ਬਰਗਾੜੀ 'ਚੋਂ ਨਵੇਂ ਅਕਾਲੀ ਦਲ ਦੇ ਐਲਾਨ ਦੀ ਸੰਭਾਵਨਾ ਬਣ ਸਕਦੀ ਹੈ।

# ਪੰਥਕ ਸੰਕਟ ਟਾਲਣ ਲਈ ਬਾਦਲਾਂ ਨੇ ਘੜੀ 'ਰਣਨੀਤੀ'

**ਬਠਿੰਡਾ:** ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੰਥਕ ਸੰਕਟ ਟਾਲਣ ਲਈ ਹੁਣ 'ਗੁਪਤ ਮਿਸ਼ਨ' ਸ਼ੁਰੂ ਕੀਤਾ ਹੈ। ਮੁੱਢਲੇ ਪੜਾਅ 'ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਨਬਜ਼ ਟੋਹੀ ਜਾ ਰਹੀ ਹੈ। ਪਿੰਡ ਬਾਦਲ ਵਿਚ ਜੱਦੀ ਰਿਹਾਇਸ਼ 'ਤੇ ਪੰਜ ਜ਼ਿਲ੍ਹਿਆਂ ਦੇ ਕਰੀਬ ਡੇਢ



ਦਰਜਨ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਸੁਖਬੀਰ ਨੇ ਚਾਰ ਘੰਟੇ ਤੱਕ ਗੁਪਤ ਮੀਟਿੰਗ ਕੀਤੀ। ਸੁਖਬੀਰ ਨੇ ਇਕੱਲੇ ਇਕੱਲੇ ਮੈਂਬਰ ਨਾਲ ਆਹਮੋ ਸਾਹਮਣੀ ਗੱਲਬਾਤ ਕੀਤੀ।

ਸੁਖਬੀਰ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਖਿਲਾਫ਼ ਬਣੇ ਪੰਥਕ ਮਾਹੌਲ ਨਾਲ ਨਜਿੱਠਣ ਲਈ ਸ਼੍ਰੋਮਣੀ ਕਮੇਟੀ ਮੈਂਬਰਾਂ ਤੋਂ ਮਸ਼ਵਰੇ ਵੀ ਲਏ। ਸੁਖਬੀਰ ਇਸ ਗੁਪਤ ਮੀਟਿੰਗ ਬਹਾਨੇ ਅੰਦਰੋਂ-ਅੰਦਰੀ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਹਾਜ਼ਰੀ ਦਾ ਰੌਂਅ ਵੀ ਜਾਣਨਾ ਚਾਹੁੰਦੇ ਸਨ। ਸੁਖਬੀਰ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਵੀ ਗੁਪਤ ਮੀਟਿੰਗ ਕੀਤੀ। ਪੰਜ ਜ਼ਿਲ੍ਹਿਆਂ ਦੇ ਕਰੀਬ 35 ਸ਼੍ਰੋਮਣੀ ਕਮੇਟੀ ਮੈਂਬਰ ਹਨ ਜਿਨ੍ਹਾਂ 'ਚੋਂ ਕਰੀਬ ਦੋ ਦਰਜਨ ਸ਼੍ਰੋਮਣੀ ਕਮੇਟੀ ਮੈਂਬਰ ਪਿੰਡ ਬਾਦਲ ਪੁੱਜੇ ਸਨ। ਕਰੀਬ 11 ਮੈਂਬਰ ਗੈਰਹਾਜ਼ਰ ਰਹੇ।

ਵੇਰਵਿਆਂ ਅਨੁਸਾਰ ਸੁਖਬੀਰ ਨੇ ਮੁੱਖ ਤੌਰ 'ਤੇ 3-4 ਨੁਕਤਿਆਂ 'ਤੇ ਗੱਲਬਾਤ ਕੇਂਦਰਿਤ ਰੱਖੀ। ਵੱਡਾ ਸੁਆਲ ਬੇਅਦਬੀ ਮਾਮਲੇ ਵਿਚ ਲੋਕਾਂ ਦੇ ਵੱਧ ਰਹੇ ਰੋਹ ਬਾਰੇ ਅਤੇ ਇਸ ਰੋਹ ਨੂੰ ਮੱਠਾ ਕਰਨ ਲਈ ਪੈਂਤੜੇ ਬਾਰੇ ਪੁੱਛਿਆ।

ਗਿਆਨੀ ਗੁਰਬਚਨ ਸਿੰਘ ਦੇ ਅਸਤੀਫੇ ਦੇ ਲੋਕਾਂ 'ਚ ਗਏ ਪ੍ਰਭਾਵ ਬਾਰੇ ਵੀ ਜਾਣਿਆ ਗਿਆ। ਦੱਸਿਆ ਜਾਂਦਾ ਹੈ ਕਿ ਕਈ ਮੈਂਬਰਾਂ ਨੇ ਗਿਲਾ ਵੀ ਕੀਤਾ ਕਿ ਉਨ੍ਹਾਂ ਨੂੰ ਹਮੇਸ਼ਾ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਹੋਣ ਤੋਂ ਪਹਿਲਾਂ ਹੀ ਸੱਦਿਆ ਜਾਂਦਾ ਹੈ। ਮੁੜ ਕੇ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਨੂੰ ਭੁੱਲ-ਭੁਲਾ ਜਾਂਦਾ ਹੈ। ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰ ਗੁਰਤੇਜ ਸਿੰਘ ਢੱਡੇ ਨੇ ਦੱਸਿਆ ਕਿ ਸੁਖਬੀਰ ਬਾਦਲ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਤੋਂ ਪੰਥਕ ਮਾਮਲਿਆਂ 'ਤੇ ਮਸ਼ਵਰੇ ਲਏ ਹਨ। ਸ੍ਰੀ ਢੱਡੇ ਨੇ ਦੱਸਿਆ ਕਿ ਪ੍ਰਧਾਨ ਲੌਂਗੋਵਾਲ ਤਾਂ ਦੋ ਵਜੇ ਤੋਂ ਮਗਰੋਂ ਪਿੰਡ ਬਾਦਲ ਪੁੱਜੇ ਸਨ। ਸੁਖਬੀਰ ਬਾਦਲ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਮੀਟਿੰਗ ਮਗਰੋਂ ਪਾਰਟੀ ਦੇ ਕਿਸਾਨ ਵਿੰਗ ਦੇ ਪ੍ਰਧਾਨ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਸਾਬਕਾ ਮੁੱਖ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਅਤੇ ਸਰੂਪ ਚੰਦ ਸਿੰਗਲਾ ਨਾਲ ਵੀ ਮੀਟਿੰਗਾਂ ਕੀਤੀਆਂ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਪਾਰਟੀ ਦੇ ਸੀਨੀਅਰ ਤੇ ਸਤਿਕਾਰਤ ਆਗੂ ਹਨ ਤੇ ਉਨ੍ਹਾਂ ਨਾਲ ਮੀਟਿੰਗਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ, ਸ. ਬ੍ਰਹਮਪੁਰਾ ਨੂੰ ਪਾਰਟੀ ਨਾਲ ਕੋਈ ਗਿਲਾ ਨਹੀਂ ਤੇ ਉਹ ਪਾਰਟੀ ਦੀ ਬਿਹਤਰੀ ਲਈ ਕੰਮ ਕਰਦੇ ਰਹਿਣਗੇ।

## ਅਕਾਲੀਆਂ ਨੇ ਧਾਰਮਿਕ ਸਰਗਰਮੀਆਂ ਵੱਲ ਵਧਾਏ ਕਦਮ

**ਫਰੀਦਕੋਟ:** ਸਿੱਖ ਸੰਗਤ ਦੇ ਰੋਹ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਨੇ ਹੁਣ ਸਿਆਸੀ ਸਮਾਗਮਾਂ ਦੀ ਥਾਂ ਧਾਰਮਿਕ ਸਰਗਰਮੀਆਂ ਵੱਲ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਲੋਕ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਅਕਾਲੀ ਦਲ ਆਪਣੀ ਰਵਾਇਤੀ ਵੋਟ ਬਚਾਉਣ ਲਈ ਫਿਕਰਮੰਦ ਹੈ ਤੇ ਚੋਣਾਂ ਤੋਂ ਪਹਿਲਾਂ ਬੇਅਦਬੀ ਕਾਂਡ ਦਾ ਰੋਹ ਸ਼ਾਂਤ ਕਰਨ ਲਈ ਅਕਾਲੀ ਦਲ ਨੇ ਧਾਰਮਿਕ ਸਥਾਨਾਂ ਦੀ ਮੁਫਤ ਯਾਤਰਾ ਦੀ ਮੁਹਿੰਮ ਦਾ ਆਗਾਜ਼ ਕਰ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਗਲੇ ਦਿਨਾਂ ਵਿਚ ਫਰੀਦਕੋਟ ਜ਼ਿਲ੍ਹੇ ਦੇ ਹੋਰ ਪਿੰਡਾਂ ਵਿਚ ਵੀ ਧਾਰਮਿਕ ਸਥਾਨਾਂ ਲਈ ਮੁਫਤ ਬੱਸਾਂ ਭੇਜਣ ਦਾ ਪ੍ਰਬੰਧ ਕਰ ਚੁੱਕੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਅਕਾਲੀ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਲਖਵੀਰ ਸਿੰਘ ਅਰਾਈਆਂ ਵਾਲਾ ਨੇ ਕਮੇਟੀ ਤੋਂ ਬੱਸਾਂ ਮੰਗਵਾ ਕੇ ਹਲਕੇ ਦੇ ਲੋਕਾਂ ਨੂੰ ਮੁਫਤ ਧਾਰਮਿਕ ਯਾਤਰਾ ਕਰਵਾਉਣ ਦੀ ਮੁਹਿੰਮ ਵਿੱਢੀ ਹੈ। ਲਖਵੀਰ ਸਿੰਘ ਅਰਾਈਆਂ ਵਾਲਾ ਨੇ ਤਖਤ ਕੇਸਗੜ੍ਹ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਦੀ ਮੁਫਤ ਯਾਤਰਾ ਲਈ ਇਥੋਂ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਸਮਾਗਮ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰ ਕੌਰ ਭੋਲੂਵਾਲਾ ਅਤੇ ਪੀ.ਆਰ.ਟੀ.ਸੀ. ਦੇ ਸਾਬਕਾ ਚੇਅਰਮੈਨ ਨਵਦੀਪ ਸਿੰਘ ਬੱਬੂ ਬਰਾੜ ਵੀ ਸ਼ਾਮਲ ਹੋਏ।

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਬਰਗਾੜੀ ਵਿਚ ਲੱਗੇ ਇਨਸਾਫ ਮੋਰਚੇ ਦੀਆਂ ਸਰਗਰਮੀਆਂ ਵਧਣ ਤੋਂ ਬਾਅਦ ਇਲਾਕੇ ਵਿਚ ਅਕਾਲੀ ਦਲ ਖਿਲਾਫ਼ ਲੋਕ ਰੋਹ ਕਾਫੀ ਵਧਿਆ ਹੈ। ਫਰੀਦਕੋਟ ਜ਼ਿਲ੍ਹੇ ਦੇ ਬਹੁਤੇ ਅਕਾਲੀ ਆਗੂਆਂ ਦੀਆਂ ਹਲਕਿਆਂ ਵਿਚ ਸਰਗਰਮੀਆਂ ਨਾਮਾਤਰ ਹੀ ਹਨ। ਸਤੰਬਰ ਵਿਚ ਅਕਾਲੀ ਦਲ ਨੇ ਫਰੀਦਕੋਟ ਵਿਚ ਦੋ ਵੱਡੇ ਸਿਆਸੀ ਸਮਾਗਮ ਕੀਤੇ ਸਨ ਅਤੇ ਦੋਹਾਂ ਸਮਾਗਮਾਂ ਵਿਚ ਹੀ ਗਰਮਖਿਆਲੀ ਸਿੱਖ ਜਥੇਬੰਦੀਆਂ ਅਤੇ ਅਕਾਲੀ ਦਲ ਦੇ ਵਰਕਰਾਂ ਦਰਮਿਆਨ ਤਿੱਖਾ ਟਕਰਾਅ ਹੋਇਆ ਸੀ।

# ਕੈਪਟਨ ਵਿਰੁਧ ਮਾਮਲਾ ਦਰਜ ਕਰਨ ਵਾਲਾ ਐਸ. ਐਸ. ਪੀ. ਪੁੱਜਾ ਹਾਈ ਕੋਰਟ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਲੁਧਿਆਣਾ ਸਿਟੀ ਸੈਂਟਰ ਘਪਲੇ ਵਿਚ ਮਾਮਲਾ ਦਰਜ ਕਰਨ ਵਾਲੇ



ਲੁਧਿਆਣਾ ਦੇ ਤਤਕਾਲੀ ਐਸ.ਐਸ.ਪੀ. ਵਿਜੀਲੈਂਸ ਬਿਊਰੋ ਕੰਵਰਜੀਤ ਸਿੰਘ ਸੰਧੂ ਨੇ ਹਾਈ ਕੋਰਟ ਪਹੁੰਚ ਕਰ ਕੇ ਉਨ੍ਹਾਂ ਵਿਰੁੱਧ ਝੂਠਾ ਮਾਮਲਾ ਦਰਜ ਕਰਨ ਦਾ ਖਦਸ਼ਾ ਪ੍ਰਗਟਾਇਆ ਹੈ।

ਸੰਧੂ ਸੇਵਾ ਮੁਕਤ ਹੋ ਚੁੱਕੇ ਹਨ ਤੇ ਹਾਈ ਕੋਰਟ ਕੋਲੋਂ ਮੰਗ ਕੀਤੀ ਕਿ ਜੇਕਰ ਕੋਈ ਕੇਸ ਦਰਜ ਕੀਤਾ ਜਾਂਦਾ ਹੈ ਤਾਂ ਇਸ ਕੇਸ ਦੀ ਜਾਂਚ ਸੀ.ਬੀ.ਆਈ. ਕੋਲੋਂ ਜਾਂ ਸੂਬੇ ਤੋਂ ਬਾਹਰਲੀ ਏਜੰਸੀ ਕੋਲੋਂ ਕਰਵਾਈ ਜਾਵੇ, ਜਿਸ ਵੇਲੇ ਸੰਧੂ ਐਸ.ਐਸ.ਪੀ. ਸੀ, ਉਸ ਵੇਲੇ ਵਿਜੀਲੈਂਸ ਬਿਊਰੋ ਦੇ ਮੁਖੀ ਸੁਮੇਧ ਸਿੰਘ ਸੈਣੀ ਸੀ ਅਤੇ ਪਿਛਲੇ ਦਿਨੀਂ ਸੈਣੀ ਨੇ ਵੀ ਅਜਿਹੀ ਹੀ ਇਕ ਪਟੀਸ਼ਨ ਦਾਖਲ ਕੀਤੀ ਸੀ ਅਤੇ ਹਾਈ ਕੋਰਟ ਨੇ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਕਿਸੇ ਮਾਮਲੇ 'ਚ ਗ੍ਰਿਫਤਾਰੀ ਤੋਂ ਪਹਿਲਾਂ ਸੈਣੀ ਨੂੰ ਇਕ ਹਫਤੇ ਦਾ ਨੋਟਿਸ ਦਿੱਤਾ ਜਾਵੇ। ਸੈਣੀ ਦੇ ਮਾਮਲੇ 'ਚ ਹਾਈ ਕੋਰਟ ਨੇ ਸਰਕਾਰ ਨੂੰ ਨੋਟਿਸ ਕਰ ਕੇ ਜਵਾਬ ਵੀ ਮੰਗਿਆ ਹੈ।

ਸੈਣੀ ਨੂੰ ਰਾਹਤ ਮਿਲਣ ਉਪਰੰਤ ਹੁਣ ਸੰਧੂ ਨੇ ਵੀ ਹਾਈ ਕੋਰਟ 'ਤੇ ਟੇਕ ਲਗਾਈ ਅਤੇ ਹਾਈ ਕੋਰਟ ਨੇ ਉਨ੍ਹਾਂ ਨੂੰ ਵੀ ਅਜਿਹੀ ਰਾਹਤ ਦਿੰਦਿਆਂ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਕਿਸੇ ਕੇਸ 'ਚ ਉਨ੍ਹਾਂ ਦੀ ਗ੍ਰਿਫਤਾਰੀ ਤੋਂ ਪਹਿਲਾਂ ਇਕ ਹਫਤੇ ਦਾ ਨੋਟਿਸ ਦਿੱਤਾ ਜਾਵੇ, ਹਾਲਾਂਕਿ ਇਸ ਮਾਮਲੇ 'ਚ ਹਾਈ ਕੋਰਟ ਨੇ ਸਰਕਾਰ ਨੂੰ ਕੋਈ ਨੋਟਿਸ ਜਾਰੀ ਨਹੀਂ ਕੀਤਾ ਅਤੇ ਮਾਮਲਾ ਪਹਿਲੀ ਸੁਣਵਾਈ 'ਚ ਹੀ ਨਿਪਟਾ ਦਿੱਤਾ।

# ਸੁਖਬੀਰ ਦੇ 'ਬਾਹੂਬਲੀ' ਵਾਲੇ ਰੁਤਬੇ ਦਾ ਨਿਤਾਰਾ ਕਰੇਗਾ ਮਿਸ਼ਨ 2019

**ਚੰਡੀਗੜ੍ਹ:** ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਸਿਆਸੀ ਭਵਿੱਖ ਤੈਅ ਕਰਨਗੀਆਂ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਅਕਾਲੀ ਦਲ ਨੂੰ ਲਗਾਤਾਰ ਹਾਰਾਂ ਮਿਲ ਰਹੀਆਂ ਹਨ। ਕਾਂਗਰਸ ਸਰਕਾਰ ਖਿਲਾਫ ਰੋਸ ਹੋਣ ਦੇ ਬਾਵਜੂਦ ਲੋਕ ਅਕਾਲੀ ਦਲ ਤੋਂ ਦੂਰੀ ਬਣਾਏ ਹੋਏ ਹਨ। ਇਸ ਤੋਂ ਇਲਾਵਾ ਪੰਥਕ ਮੁੱਦਿਆਂ 'ਤੇ ਵੀ ਅਕਾਲੀ ਦਲ ਗੰਭੀਰ ਸੰਕਟ ਵਿਚ ਘਿਰਿਆ ਹੋਇਆ ਹੈ। ਇਸ ਸੰਕਟ ਦਾ ਸਾਰਾ ਜ਼ਿੰਮਾ ਬਾਦਲ ਪਰਿਵਾਰ ਤੇ ਖਾਸਕਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਉਤੇ ਆ ਰਿਹਾ ਹੈ।

ਇਸ ਵੇਲੇ ਟਕਸਾਲੀ ਲੀਡਰ ਬਾਗੀ ਸੁਰਾਂ ਬੁਲੰਦ ਕਰ ਰਹੇ ਹਨ। ਉਹ ਸੁਖਬੀਰ ਬਾਦਲ ਦੀ ਕਾਰਜਸ਼ੈਲੀ 'ਤੇ ਸਵਾਲ ਉਠਾ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਹੁਣ ਬਹੁਤੇ ਪਾਰਟੀ ਲੀਡਰ ਲੋਕ ਸਭਾ ਚੋਣਾਂ ਦੀ ਉਡੀਕ ਕਰ ਰਹੇ ਹਨ। ਇਸ ਲਈ ਮਿਸ਼ਨ 2019 ਸੁਖਬੀਰ ਬਾਦਲ ਲਈ ਅਗਨੀ ਪ੍ਰੀਖਿਆ ਹੋਏਗਾ। ਜੇਕਰ ਇਨ੍ਹਾਂ ਚੋਣਾਂ ਵਿਚ ਵੀ ਅਕਾਲੀ ਦਲ ਦਾ ਵਿਧਾਨ ਸਭਾ ਚੋਣਾਂ ਵਾਲਾ ਹਾਲ ਹੁੰਦਾ ਹੈ ਤਾਂ ਸੁਖਬੀਰ ਬਾਦਲ ਦਾ ਸਿੰਘਾਸ਼ਨ ਡੋਲਣਾ ਤੈਅ ਹੈ। ਲਗਾਤਾਰ ਹਾਰਾਂ ਕਰਕੇ ਉਨ੍ਹਾਂ ਨੂੰ ਲਾਂਭੇ ਕਰਨ ਲਈ ਦਬਾਅ ਜ਼ਰੂਰ ਬਣੇਗਾ। ਇਸ ਵੇਲੇ



ਦੱਬੀ ਸੁਰ ਵਿਚ ਗੱਲ ਕਰਨ ਵਾਲੇ ਟਕਸਾਲੀ ਲੀਡਰਾਂ ਨੂੰ ਹੋਰ ਖੁੱਲ੍ਹ ਕੇ ਖੇਡਣ ਦਾ ਮੌਕਾ ਮਿਲ ਜਾਏਗਾ।

ਇਹ ਵੀ ਅਹਿਮ ਹੈ ਕਿ ਲੋਕ ਸਭਾ ਚੋਣਾਂ ਵਿਚ ਜਿੱਤ ਹਾਰ ਅਕਾਲੀ ਦਲ ਤੇ ਬੀ.ਜੇ.ਪੀ. ਦੀ ਭਾਈਵਾਲੀ ਦਾ ਭਵਿੱਖ ਕਰੇਗੀ। ਜੇਕਰ ਅਕਾਲੀ ਦਲ ਮੌਜੂਦਾ ਸੀਟਾਂ ਵੀ ਬਰਕਰਾਰ ਨਾ ਰੱਖ ਸਕਿਆ ਤਾਂ ਪੰਜਾਬ ਬੀ.ਜੇ.ਪੀ. ਇਕ ਵਾਰ ਫਿਰ ਅਕਾਲੀ ਦਲ ਨਾਲੋਂ ਵੱਖ ਹੋ ਕੇ ਚੱਲਣ ਲਈ ਦਬਾਅ ਬਣਾ ਸਕਦੀ ਹੈ। ਅਜਿਹੇ ਵਿਚ ਵੀ ਬਾਦਲ ਪਰਿਵਾਰ ਦਾ ਕੇਂਦਰੀ ਸਿਆਸਤ ਵਿਚ ਦਬਦਬਾ ਘਟੇਗਾ ਤੇ ਅਕਾਲੀ ਦਲ ਨੂੰ ਨਵੇਂ ਰਾਹ ਲੱਭਣੇ ਪੈਣਗੇ। ਇਸ ਵੇਲੇ ਮੰਨਿਆ ਜਾਂਦਾ ਹੈ ਕਿ ਬਾਦਲਾਂ ਦੀ ਕੇਂਦਰੀ ਸਿਆਸਤ ਵਿਚ ਪੈਂਠ ਨੇ ਹੀ ਉਨ੍ਹਾਂ ਨੂੰ ਅਕਾਲੀ ਦਲ ਵਿਚ ਬਾਹੂਬਲੀ ਬਣਾਇਆ ਹੋਇਆ ਹੈ। ਦਰਅਸਲ, ਪਿਛਲੇ ਕਈ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ 'ਤੇ ਬਾਦਲ ਪਰਿਵਾਰ ਦਾ ਹੀ ਕਬਜ਼ਾ ਹੈ। ਇਸ ਦੀ ਸ਼ੁਰੂਆਤ ਮਰਹੂਮ ਗੁਰਬਚਨ ਸਿੰਘ ਟੌਹੜਾ ਨੂੰ ਦਲ ਤੋਂ ਬਹਾਰ ਕਰਨ ਨਾਲ ਹੋਈ ਸੀ। ਬੇਸ਼ੱਕ ਇਸ ਤੋਂ ਬਾਅਦ ਅਕਾਲੀ ਦਲ 'ਤੇ ਕਬਜ਼ਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਰਿਹਾ ਪਰ ਉਹ ਸਾਰੇ ਟਕਸਾਲੀ ਲੀਡਰਾਂ ਨੂੰ ਨਾਲ ਲੈ ਕੇ ਚੱਲਦੇ ਰਹੇ। ਇਸ ਲਈ ਪੰਥਕ ਮੁੱਦਿਆਂ ਤੋਂ ਭਟਕਣ ਦੇ ਬਾਵਜੂਦ ਅਕਾਲੀ ਦਲ ਅੰਦਰ ਕੋਈ ਜ਼ਿਆਦਾ ਹਿਲਜੁਲ ਨਹੀਂ ਹੋਈ।

# ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖਤ ਦਾ ਕਾਰਜਕਾਰੀ ਜਥੇਦਾਰ ਥਾਪਿਆ

**ਅੰਮ੍ਰਿਤਸਰ:** ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਆਪਣੇ ਅਹੁਦੇ ਤੋਂ ਦਿੱਤੇ ਗਏ ਅਸਤੀਫੇ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਪ੍ਰਵਾਨ ਕਰ ਲਿਆ ਅਤੇ ਉਨ੍ਹਾਂ ਦੀ ਥਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ ਦਾ ਕਾਰਜਕਾਰੀ ਜਥੇਦਾਰ ਥਾਪ ਦਿੱਤਾ। ਉਨ੍ਹਾਂ ਨੂੰ ਕਾਰਜਕਾਰੀ ਜਥੇਦਾਰ ਵਜੋਂ ਤਖ਼ਤ ਦਾ ਵਾਧੂ ਕਾਰਜ ਭਾਰ ਸੌਂਪਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਚ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਦਿੱਤੇ ਅਸਤੀਫੇ ਸਬੰਧੀ ਇਕ ਨੁਕਾਤੀ ਏਜੰਡੇ 'ਤੇ ਵਿਚਾਰ ਕੀਤਾ ਗਿਆ।



ਮੀਟਿੰਗ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸਿਹਤ ਦਾ ਹਵਾਲਾ ਦਿੰਦਿਆਂ ਦਿੱਤਾ ਅਸਤੀਫਾ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਆਖਿਆ ਕਿ ਮੀਟਿੰਗ ਵਿਚ ਸਰਬਸੰਮਤੀ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ ਦੇ ਜਥੇਦਾਰ ਦਾ ਵਾਧੂ ਕਾਰਜ ਭਾਰ ਸੌਂਪਿਆ ਗਿਆ ਹੈ। ਉਹ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵੀ ਬਣੇ ਰਹਿਣਗੇ ਅਤੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਵੀ ਕੰਮ ਕਰਨਗੇ। ਸ੍ਰੀ ਲੌਂਗੋਵਾਲ ਨੇ ਸਪੱਸ਼ਟ ਕਰ ਦਿੱਤਾ ਕਿ ਫਿਲਹਾਲ ਕਾਰਜਕਾਰੀ ਜਥੇਦਾਰ ਵਜੋਂ ਨਿਯੁਕਤੀ ਕਰਕੇ ਆਰਜ਼ੀ ਪ੍ਰਬੰਧ ਕੀਤੇ ਗਏ ਹਨ ਅਤੇ ਜਦੋਂ ਕਿਸੇ ਨੂੰ ਪੱਕੇ ਤੌਰ 'ਤੇ ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕੀਤਾ ਜਾਵੇਗਾ, ਉਸ ਵੇਲੇ ਸਮੂਹ ਸਿੱਖ ਜਥੇਬੰਦੀਆਂ ਨਾਲ ਇਸ ਸਬੰਧੀ ਵਿਚਾਰ ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਰਜ਼ੀ ਪ੍ਰਬੰਧ ਲਈ ਅੰਤ੍ਰਿੰਗ ਕਮੇਟੀ ਮੈਂਬਰਾਂ ਨਾਲ ਵਿਚਾਰ ਚਰਚਾ ਮਗਰੋਂ ਹੀ ਫੈਸਲਾ ਲਿਆ ਗਿਆ ਹੈ।

ਗਿਆਨੀ ਹਰਪ੍ਰੀਤ ਸਿੰਘ ਦੀ ਨਿਯੁਕਤੀ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਉੱਚ ਵਿਦਿਆ ਪ੍ਰਾਪਤ ਹਨ ਅਤੇ ਉਨ੍ਹਾਂ ਕੋਲ ਹੈੱਡ ਗ੍ਰੰਥੀ ਤੇ ਜਥੇਦਾਰ ਵਜੋਂ ਵੀ ਲੋੜੀਂਦਾ ਤਜਰਬਾ ਹੈ। ਉਨ੍ਹਾਂ ਦੀ ਯੋਗਤਾ ਅਤੇ ਤਜਰਬੇ ਨੂੰ ਧਿਆਨ ਵਿਚ ਰੱਖਦਿਆਂ ਹੀ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਉਹ ਬਤੌਰ ਕਾਰਜਕਾਰੀ ਜਥੇਦਾਰ ਸਿੱਖ ਕੌਮ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨਗੇ। ਉਨ੍ਹਾਂ ਆਖਿਆ ਕਿ ਕਾਰਜਕਾਰੀ ਜਥੇਦਾਰ ਦੀ ਸੇਵਾ ਸੰਭਾਲਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਲਦੀ ਹੀ ਸਮਾਗਮ ਆਯੋਜਿਤ ਕੀਤਾ ਜਾਵੇਗਾ। ਯਾਦ ਰਹੇ ਕਿ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਗਿਆਨੀ ਗੁਰਬਚਨ ਸਿੰਘ ਨੇ ਬੀਤੇ ਦਿਨੀਂ ਆਪਣੇ ਅਹੁਦੇ ਤੋਂ ਅਸਤੀਫੇ ਦੀ ਪੇਸ਼ਕਸ਼ ਕੀਤੀ ਸੀ। ਮਗਰੋਂ ਉਨ੍ਹਾਂ ਆਪਣਾ ਅਸਤੀਫਾ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਭੇਜ ਦਿੱਤਾ ਸੀ। ਅਸਤੀਫ਼ੇ ਮਗਰੋਂ ਪੈਦਾ ਹੋਏ ਹਾਲਾਤ ਨੂੰ ਵਿਚਾਰਨ ਲਈ ਹੀ ਸ਼੍ਰੋਮਣੀ ਕਮੇਟੀ ਨੇ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਸੀ।

ਅਕਾਲ ਤਖ਼ਤ ਦੇ ਨਵੇਂ ਥਾਪੇ ਗਏ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 46 ਵਰ੍ਹਿਆਂ ਦੇ ਹਨ। ਉਨ੍ਹਾਂ ਦਾ ਜਨਮ ਮਈ 1972 ਵਿਚ ਹੋਇਆ। ਉਹ ਉੱਚ ਵਿਦਿਆ ਪ੍ਰਾਪਤ ਹਨ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸੰਸਥਾ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਤਿੰਨ ਸਾਲ ਦਾ ਕੋਰਸ ਕੀਤਾ ਹੈ। ਮਗਰੋਂ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਕ ਸਾਲਾ ਡਿਪਲੋਮਾ ਇਨ ਡਿਵਨਿਟੀ ਪਾਸ ਕੀਤਾ ਹੈ। ਧਰਮ ਅਧਿਐਨ ਵਿਚ ਪੰਜਾਬੀ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੈ। ਹੁਣ ਉਹ ਪੀਐਚ.ਡੀ. ਵੀ ਕਰ ਰਹੇ ਹਨ। ਉਨ੍ਹਾਂ ਨੇ 21 ਅਪਰੈਲ 2017 ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲੀ ਸੀ। ਇਸ ਤੋਂ ਪਹਿਲਾਂ ਉਨ੍ਹਾਂ 17 ਸਾਲ ਮੁੱਖ ਗ੍ਰੰਥੀ ਵਜੋਂ ਸੇਵਾਵਾਂ ਨਿਭਾਈਆਂ। 1997 ਵਿਚ ਉਹ ਪ੍ਰਚਾਰਕ ਭਰਤੀ ਹੋਏ ਸਨ ਅਤੇ ਜੁਲਾਈ 1999 ਵਿਚ ਪਹਿਲਾਂ ਮੁਕਤਸਰ ਸਾਹਿਬ ਵਿਖੇ ਕਥਾ ਵਾਚਕ ਅਤੇ ਮਗਰੋਂ ਹੈੱਡ ਗ੍ਰੰਥੀ ਨਿਯੁਕਤ ਕੀਤੇ ਗਏ।

## ਪੰਥਕ ਏਕਤਾ ਦੀ ਬਹਾਲੀ ਪ੍ਰਮੁੱਖ ਏਜੰਡਾ ਹੋਵੇਗਾ: ਗਿਆਨੀ ਹਰਪ੍ਰੀਤ ਸਿੰਘ

**ਬਠਿੰਡਾ:** ਅਕਾਲ ਤਖ਼ਤ ਦੇ ਨਵੇਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤਾਂ ਦੇ ਮਾਣ-ਸਨਮਾਨ ਨੂੰ ਉੱਚਾ ਚੁੱਕਣ ਅਤੇ ਪੰਥਕ ਏਕਤਾ ਦੀ ਬਹਾਲੀ ਨੂੰ ਆਪਣਾ ਪ੍ਰਮੁੱਖ ਏਜੰਡਾ ਦੱਸਿਆ ਹੈ। ਉਨ੍ਹਾਂ ਸਿਆਸੀ ਮੁੱਦਿਆਂ 'ਤੇ ਫਿਲਹਾਲ ਚੁੱਪ ਧਾਰਨ ਕਰਨ ਨੂੰ ਹੀ ਚੰਗਾ ਦੱਸਿਆ ਹੈ ਜਦਕਿ ਪੰਥਕ ਏਕਤਾ ਲਈ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਗੱਲ ਕੀਤੀ ਹੈ। ਦੱਸਣਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੀ 20 ਅਪਰੈਲ 2017 ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਤਾਇਨਾਤੀ ਹੋਈ ਸੀ। ਕਰੀਬ ਡੇਢ ਵਰ੍ਹੇ ਮਗਰੋਂ ਹੁਣ ਉਨ੍ਹਾਂ ਨੂੰ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਜ਼ਿੰਮੇਵਾਰੀ ਸੌਂਪੀ ਗਈ ਹੈ। ਦੱਸਣਯੋਗ ਹੈ ਕਿ ਸੇਵਾ ਮੁਕਤ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਜ਼ਿਲ੍ਹਾ ਮੁਕਤਸਰ ਦੇ ਸਨ ਅਤੇ ਗਿਆਨੀ ਹਰਪ੍ਰੀਤ ਸਿੰਘ ਵੀ ਜ਼ਿਲ੍ਹਾ ਮੁਕਤਸਰ ਦੇ ਕਸਬਾ ਗਿੱਦੜਬਾਹਾ ਤੋਂ ਹਨ।

# ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਲਈ ਜਨਰਲ ਇਜਲਾਸ ਸੱਦਣ ਦਾ ਐਲਾਨ

**ਸੁਲਤਾਨਪੁਰ ਲੋਧੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਲਈ ਜਨਰਲ ਇਜਲਾਸ 13 ਨਵੰਬਰ ਨੂੰ 1 ਵਜੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਚ ਹੋਵੇਗਾ। ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਅੰਤ੍ਰਿੰਗ ਕਮੇਟੀ ਦੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ 'ਚ ਹੋਈ ਮੀਟਿੰਗ ਵਿਚ ਲਿਆ ਗਿਆ।

ਮੀਟਿੰਗ ਉਪਰੰਤ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਜਰਨਲ ਇਜਲਾਸ 'ਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਸਮੇਤ 11 ਮੈਂਬਰੀ ਅੰਤ੍ਰਿੰਗ ਕਮੇਟੀ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੂਰਾ ਵਰ੍ਹਾ ਗੁਰਮਤਿ ਸਮਾਗਮ, ਕੀਰਤਨ ਦਰਬਾਰ, ਸੈਮੀਨਾਰ, ਨਗਰ ਕੀਰਤਨ ਤੋਂ ਇਲਾਵਾ ਹੋਰ ਵੱਖ-ਵੱਖ ਥਾਵਾਂ 'ਤੇ ਸਮਾਗਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਦੀ ਸਹੂਲਤ ਲਈ ਵਿਸ਼ਾਲ ਸੰਗਤ ਨਿਵਾਸ, ਪਾਰਕਿੰਗ, ਯਾਦਗਾਰੀ ਗੇਟ, ਵਿਸ਼ਾਲ ਲੰਗਰ ਹਾਲ, ਵਿਸ਼ੇਸ਼ ਪਾਰਕਾਂ ਦੇ ਨਿਰਮਾਣ ਦੇ ਕਾਰਜ ਜੰਗੀ ਪੱਧਰ 'ਤੇ ਸ਼ੁਰੂ ਕੀਤੇ ਗਏ ਹਨ। ਭਾਈ ਲੌਂਗੋਵਾਲ ਨੇ ਕਿਹਾ ਕਿ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੀ ਸ਼ੁਰੂਆਤ 22 ਤੇ 23 ਨਵੰਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ 'ਚ ਵਿਸ਼ਾਲ ਸਮਾਗਮਾਂ ਨਾਲ ਹੋਵੇਗੀ ਤੇ ਇਨ੍ਹਾਂ ਸਮਾਗਮਾਂ 'ਚ ਦੇਸ਼-ਵਿਦੇਸ਼ ਦੀਆਂ ਉੱਘੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖਸੀਅਤਾਂ ਸ਼ਾਮਲ ਹੋਣਗੀਆਂ।



550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਕੀਤੇ ਜਾਣ ਵਾਲੇ ਕਾਰਜਾਂ ਵੱਲ ਪੰਜਾਬ ਸਰਕਾਰ ਵੱਲੋਂ ਕੋਈ ਵਿਸ਼ੇਸ਼ ਤਵੱਜੋ ਨਾ ਦਿੱਤੇ ਜਾਣ ਸਬੰਧੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸ਼ਹਿਰ ਦੀ ਨੁਹਾਰ ਬਦਲਣ ਲਈ ਅੱਗੇ ਆਵੇ। ਉਨ੍ਹਾਂ ਸੁਲਤਾਨਪੁਰ ਲੋਧੀ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਸਬੰਧੀ ਪੁੱਛੇ ਇਕ ਸਵਾਲ ਦੇ ਜਵਾਬ 'ਚ ਕਿਹਾ ਕਿ ਇਸ ਨੂੰ ਅਮਲੀ ਰੂਪ ਦੇਣਾ ਸਰਕਾਰ ਦਾ ਫਰਜ਼ ਹੈ। ਸ਼੍ਰੋਮਣੀ ਕਮੇਟੀ ਮੰਗ ਕਰਦੀ ਆ ਰਹੀ ਹੈ ਕਿ ਸਰਕਾਰ ਇਤਿਹਾਸਕ ਸ਼ਹਿਰ ਦੀ ਕਾਇਆ ਕਲਪ ਵੱਲ ਵਿਸ਼ੇਸ਼ ਧਿਆਨ ਦੇ ਕੇ ਬਿਨਾਂ ਕਿਸੇ ਦੇਰੀ ਦੇ ਸੁਲਤਾਨਪੁਰ ਲੋਧੀ ਦੇ ਸਰਵਪੱਖੀ ਵਿਕਾਸ ਲਈ ਕਾਰਜ ਸ਼ੁਰੂ ਕਰਵਾਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਚ ਦਫਤਰ ਸ਼ੁਰੂ ਕਰ ਦਿੱਤਾ ਗਿਆ ਹੈ।

# ਆਜ਼ਾਦੀ ਘੁਲਾਟੀਏ ਸਿੱਖਾਂ ਦੇ ਇਤਿਹਾਸ ਬਾਰੇ ਪੁਸਤਕਾਂ ਪ੍ਰਕਾਸ਼ਿਤ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਆਜ਼ਾਦੀ ਲਈ ਅੰਡੇਮਾਨ ਦੀ ਸੈਲੂਲਰ ਜੇਲ੍ਹ 'ਚ ਕੈਦ ਕੱਟਣ ਵਾਲੇ ਸਿੱਖਾਂ ਤੇ ਪੰਜਾਬ ਦੇ ਆਜ਼ਾਦੀ ਘੁਲਾਟੀਆਂ ਦੇ ਮੁਕੰਮਲ ਇਤਿਹਾਸ ਦੀ ਖੋਜ ਭਰਪੂਰ ਪੁਸਤਕ ਸਣੇ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਮੋਰਚਿਆਂ ਨੂੰ ਪੁਸਤਕ ਰੂਪ 'ਚ ਸੰਭਾਲਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ 'ਚ ਹੋਈ ਸਿੱਖ ਇਤਿਹਾਸ ਰਿਸਰਚ ਬੋਰਡ ਦੀ ਮੀਟਿੰਗ ਦੌਰਾਨ ਕੀਤਾ ਗਿਆ।

ਭਾਈ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਇਤਿਹਾਸਕ ਪੁਸਤਕਾਂ ਛਾਪਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਤਹਿਤ ਅੰਡੇਮਾਨ ਦੀ ਸੈਲੂਲਰ ਜੇਲ੍ਹ ਨਾਲ ਸਬੰਧਤ ਪੰਜਾਬੀਆਂ ਤੇ ਖ਼ਾਸਕਰ ਸਿੱਖਾਂ ਦੇ ਇਤਿਹਾਸ ਨੂੰ ਇਕ ਪੁਸਤਕ ਦੇ ਰੂਪ 'ਚ ਛਾਪਿਆ ਜਾਵੇਗਾ, ਜਿਸ ਨੂੰ ਲਿਖਣ ਦੀ ਜ਼ਿੰਮੇਵਾਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਡਾ. ਪਰਮਵੀਰ ਸਿੰਘ ਨੂੰ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਪ੍ਰਸਿੱਧ ਸਿੱਖ ਇਤਿਹਾਸਕਾਰ ਡਾ. ਗੰਡਾ ਸਿੰਘ ਦੀਆਂ ਕੁਝ ਪੁਰਾਤਨ ਪੁਸਤਕਾਂ ਨੂੰ ਮੁੜ ਛਾਪਣ ਦੀ ਵੀ ਪ੍ਰਵਾਨਗੀ ਦਿੱਤੇ ਜਾਣ ਤੋਂ ਇਲਾਵਾ ਸੰਨ 1975 ਦੇ ਐਮਰਜੈਂਸੀ ਮੋਰਚੇ ਅਤੇ 1982 ਦੇ ਧਰਮ ਯੁੱਧ ਮੋਰਚੇ ਨਾਲ ਸਬੰਧਤ ਇਤਿਹਾਸਕ ਵੇਰਵੇ ਸੰਭਾਲਣ ਦਾ ਵੀ ਫੈਸਲਾ ਕੀਤਾ ਗਿਆ ਹੈ ਅਤੇ



ਇਨ੍ਹਾਂ ਮੋਰਚਿਆਂ ਨਾਲ ਸਬੰਧਤ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਇਤਿਹਾਸਕ ਦਸਤਾਵੇਜ਼ਾਂ ਨੂੰ ਵੀ ਸੰਭਾਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ 100 ਸਾਲਾ ਇਤਿਹਾਸ ਤੇ ਪਟਨਾ ਸਾਹਿਬ ਤੇ ਬੰਗਲਾਦੇਸ਼ ਦੇ ਗੁਰਦੁਆਰਾ ਸਾਹਿਬਾਨ ਨਾਲ ਸਬੰਧਤ ਇਤਿਹਾਸ ਨੂੰ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ।

# ਬਰਖਾਸਤ ਪੰਜ ਪਿਆਰਿਆਂ ਵੱਲੋਂ ਹਵਾਰਾ ਨੂੰ ਜਥੇਦਾਰ ਲਾਉਣ ਦੀ ਵਕਾਲਤ

**ਅੰਮ੍ਰਿਤਸਰ:** ਬਰਖਾਸਤ ਕੀਤੇ ਪੰਜ ਪਿਆਰਿਆਂ ਨੇ ਨਵੰਬਰ 2015 'ਚ ਸਰਬੱਤ ਖਾਲਸਾ ਵੱਲੋਂ ਥਾਪੇ ਅਕਾਲ ਤਖ਼ਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸਮਰਥਨ ਕਰਦਿਆਂ ਆਖਿਆ ਕਿ ਅਕਾਲ ਤਖ਼ਤ ਦਾ ਅਗਲਾ ਜਥੇਦਾਰ ਅਜਿਹਾ ਹੋਣਾ ਚਾਹੀਦਾ ਹੈ, ਜੋ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲਾ ਹੋਵੇ। ਪੰਜ ਪਿਆਰਿਆਂ ਵਿਚ ਭਾਈ ਸਤਨਾਮ ਸਿੰਘ ਖਾਲਸਾ,



ਭਾਈ ਤਰਲੋਕ ਸਿੰਘ, ਭਾਈ ਮੇਜਰ ਸਿੰਘ ਤੇ ਭਾਈ ਮੰਗਲ ਸਿੰਘ ਸ਼ਾਮਲ ਸਨ। ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਹੈ ਕਿ ਸਿੱਖ ਕੌਮ ਨੂੰ ਅਗਲਾ ਜਥੇਦਾਰ ਅਕਾਲੀ ਫੂਲਾ ਸਿੰਘ ਵਰਗਾ ਦਿੱਤਾ ਜਾਵੇ। ਉਨ੍ਹਾਂ ਆਖਿਆ ਕਿ ਜਗਤਾਰ ਸਿੰਘ ਹਵਾਰਾ, ਜੋ ਇਸ ਵੇਲੇ ਜੇਲ੍ਹ ਵਿਚ ਬੰਦ ਹਨ, ਨੂੰ ਸਿੱਖ ਕੌਮ ਦਾ ਵੱਡਾ ਹਿੱਸਾ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਪ੍ਰਵਾਨ ਕਰ ਚੁੱਕਾ ਹੈ। ਉਨ੍ਹਾਂ ਆਖਿਆ ਕਿ ਆਉਣ ਵਾਲੇ ਸਮੇਂ ਵਿਚ ਉਹੀ ਜਥੇਦਾਰ ਸਿੱਖ ਕੌਮ ਨੂੰ ਪ੍ਰਵਾਨ ਹੋਵੇਗਾ, ਜੋ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰੇਗਾ।

# ਭਾਰਤ-ਚੀਨ ਜੰਗ ਤੋਂ 56 ਸਾਲ ਬਾਅਦ ਮਿਲਿਆ ਅਰੁਣਾਚਲ ਦੇ ਲੋਕਾਂ ਨੂੰ ਮੁਆਵਜ਼ਾ

**ਬੋਮਦਿਲਾ:** ਚੀਨ ਨਾਲ ਭਾਰਤ ਦੀ ਜੰਗ ਤੋਂ 56 ਸਾਲ ਬਾਅਦ ਅਰੁਣਾਚਲ ਪ੍ਰਦੇਸ਼ ਸੂਬੇ ਦੇ ਪਿੰਡ ਵਾਸੀਆਂ ਨੂੰ, ਜਿਨ੍ਹਾਂ ਦੀ ਜ਼ਮੀਨ ਬੇਸ, ਬੋਰੋ, ਸੜਕਾਂ ਦੇ ਨਿਰਮਾਣ, ਪੁਲ ਬਣਾਉਣ, ਬੈਰਕਾਂ-ਬੰਕਰ ਤੇ ਹੋਰ ਇਮਾਰਤਾਂ ਬਣਾਉਣ ਲਈ ਫੌਜ ਨੇ ਹਾਸਿਲ (ਐਕੁਆਇਰ) ਕੀਤੀ ਸੀ, ਲਗਭਗ 38 ਕਰੋੜ ਰੁਪਏ ਮੁਆਵਜ਼ੇ ਵਜੋਂ ਮਿਲ ਗਏ ਹਨ। ਇਥੇ ਕਰਵਾਏ ਗਏ ਇਕ ਵਿਸ਼ੇਸ਼ ਸਮਾਗਮ ਵਿਚ ਸੂਬੇ ਦੇ ਕੇਂਦਰੀ ਗ੍ਰਹਿ ਮੰਤਰੀ ਕਿਰਨ ਰਿਜੂ ਤੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪ੍ਰੇਮਾ ਖੰਡੂ ਵਲੋਂ ਪੱਛਮੀ ਕਾਮੇਂਗ ਜ਼ਿਲ੍ਹੇ 'ਚ ਪੈਂਦੇ ਪਿੰਡਾਂ ਦੇ ਲੋਕਾਂ ਨੂੰ ਮੁਆਵਜ਼ੇ ਦੇ ਚੈਕ ਵੰਡੇ ਗਏ ਹਨ।

ਰਿਜੂ ਨੇ ਦੱਸਿਆ ਕਿ ਪਿੰਡਾਂ ਦੇ ਲੋਕਾਂ ਨੂੰ ਕੁੱਲ 37.73 ਕਰੋੜ ਰੁਪਏ ਦਿੱਤੇ ਗਏ ਹਨ, ਜਿਨ੍ਹਾਂ 'ਚੋਂ ਪ੍ਰੇਮ ਦੋਰਜੀ ਨੂੰ 6.31 ਕਰੋੜ, ਫੁੰਤਸੋ ਖਾਵਾ ਨੂੰ 6.21 ਕਰੋੜ ਤੇ ਖੰਡੂ ਗਲੋ ਨੂੰ 5.98 ਕਰੋੜ ਰੁਪਏ ਦਿੱਤੇ ਗਏ ਹਨ, ਜਦ ਕਿ ਪਿਛਲੇ ਸਾਲ ਤੱਕ ਜ਼ਮੀਨ ਮਾਲਕਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ ਸੀ। ਇਸ ਤੋਂ ਪਹਿਲਾਂ ਅਪਰੈਲ 2017 'ਚ ਪੱਛਮੀ ਕਾਮੇਂਗ ਜ਼ਿਲ੍ਹੇ ਦੇ 3 ਪਿੰਡਾਂ ਦੇ 152 ਪਰਿਵਾਰਾਂ ਨੂੰ 54 ਕਰੋੜ ਤੇ ਦੂਜੀ ਕਿਸ਼ਤ ਵਿਚ 158 ਕਰੋੜ ਰੁਪਏ ਮੁਆਵਜ਼ੇ ਵਜੋਂ ਦਿੱਤੇ ਗਏ ਸਨ। ਫਰਵਰੀ 2018 'ਚ ਤਵਾਂਗ ਜ਼ਿਲ੍ਹੇ ਦੇ 31 ਪਰਿਵਾਰਾਂ ਨੂੰ 40.80 ਕਰੋੜ ਰੁਪਏ ਦਿੱਤੇ ਸਨ, ਜਦ ਕਿ ਅਰੁਣਾਚਲ ਪ੍ਰਦੇਸ਼ ਦੇ ਤਵਾਂਗ, ਪੱਛਮੀ ਕਾਮੇਂਗ, ਉਪਰ ਸੁਭਾਂਸੀਰੀ, ਦੀਬਾਂਗ ਘਾਟੀ ਤੇ ਪੱਛਮੀ ਸਿਆਂਗ ਜ਼ਿਲ੍ਹਿਆਂ ਸਬੰਧੀ ਜ਼ਮੀਨ ਐਕੁਆਇਰ ਦੇ ਮਾਮਲੇ ਹਾਲੇ ਲੰਬਿਤ ਹਨ।

## ਪਾਕਿਸਤਾਨੀ ਪ੍ਰਚਾਰਕ ਸਖਤ ਸ਼ਰਤਾਂ ਸਹਿਤ ਜੇਲ੍ਹ 'ਚੋਂ ਰਿਹਾ

**ਲੰਡਨ:** ਪਾਕਿਸਤਾਨੀ ਮੂਲ ਦੇ ਇਸਲਾਮੀ ਪ੍ਰਚਾਰਕ ਨੂੰ ਆਈ.ਐਸ. ਦੀ ਹਮਾਇਤ ਕਰਨ ਦੇ ਦੋਸ਼ ਹੇਠ ਸੁਣਾਈ ਸਾਢੇ ਪੰਜ ਸਾਲ ਦੀ ਕੈਦ ਦੀ ਅੱਧੀ ਸਜ਼ਾ ਮੁਆਫ ਕਰ ਦਿੱਤੀ ਗਈ ਹੈ। 51 ਸਾਲਾ ਅੰਜਮ ਚੌਧਰੀ ਨੂੰ ਉਸ ਦੇ ਚੰਗੇ ਚਾਲ ਚਲਣ ਸਦਕਾ ਦੱਖਣੀ ਲੰਡਨ ਦੀ ਬਿਲਮਾਰਸ਼ ਜੇਲ੍ਹ ਤੋਂ ਸਖ਼ਤ ਸ਼ਰਤਾਂ ਤਹਿਤ ਰਿਹਾ ਕਰ ਦਿੱਤਾ ਗਿਆ।

ਇਨ੍ਹਾਂ ਸ਼ਰਤਾਂ ਵਿਚ ਇਹ ਵੀ ਸ਼ਾਮਲ ਹੈ ਕਿ ਉਹ ਅਗਲੇ ਕੁਝ ਮਹੀਨੇ ਹੋਸਟਲ ਵਿਚ ਨਿਗਰਾਨੀ ਹੇਠ ਰਹੇਗਾ, ਲੰਡਨ ਛੱਡ ਕੇ ਨਹੀਂ ਜਾਵੇਗਾ, ਮੀਡੀਆ ਨਾਲ ਕੋਈ ਗੱਲਬਾਤ ਨਹੀਂ ਕਰੇਗਾ।

# ਸੁਖਬੀਰ ਬਾਦਲ ਨੂੰ ਮਾਰਨ ਦੀ ਰਚੀ ਗਈ ਸੀ ਸਾਜ਼ਿਸ਼

**ਪਟਿਆਲਾ:** ਰਾਜਸਥਾਨ ਤੋਂ ਫੜ ਕੇ ਲਿਆਂਦੇ ਗਏ ਯੂਪੀ ਵਾਸੀ ਜਰਮਨ ਸਿੰਘ ਤੋਂ ਸੀ.ਆਈ.ਏ. ਸਟਾਫ ਪਟਿਆਲਾ ਵਿਚ ਪੜਤਾਲ ਕੀਤੀ ਜਾ ਰਹੀ ਹੈ। ਇਸ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਹ ਅਸਲ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ



ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮਾਰਨਾ ਚਾਹੁੰਦੇ ਸਨ। ਜਦਕਿ ਯੂ.ਪੀ ਪੁਲਿਸ ਨੇ ਇਨ੍ਹਾਂ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਾਰੇ ਜਾਣ ਦੀ ਯੋਜਨਾ ਦਾ ਖੁਲਾਸਾ ਕੀਤਾ ਸੀ। ਅਸਲ 'ਚ ਇਸ ਗਰੋਹ ਦਾ ਮੁੱਖ ਸਰਗਨਾ ਜਰਮਨ ਸਿੰਘ ਹੈ, ਜਿਸ ਨੂੰ ਹੀ ਸਾਰੀ ਗੱਲ ਪਤਾ ਸੀ।

ਜ਼ਿਕਰਯੋਗ ਹੈ ਕਿ ਇਸ ਸਾਜ਼ਿਸ਼ ਦਾ ਖੁਲਾਸਾ ਜਰਮਨ ਸਿੰਘ ਦੇ ਤਿੰਨ ਸਾਥੀਆਂ ਦੀ ਯੂਪੀ ਪੁਲਿਸ ਵੱਲੋਂ ਕੀਤੀ ਗਈ ਗ੍ਰਿਫਤਾਰੀ ਦੌਰਾਨ ਹੋਇਆ ਸੀ, ਜਿਨ੍ਹਾਂ ਨੂੰ ਯੂ.ਪੀ ਦੇ ਪੁਲਿਸ ਮੁਲਾਜ਼ਮਾਂ ਤੋਂ ਹਥਿਆਰ ਖੋਹਣ ਦੇ ਦੋਸ਼ ਵਿਚ ਫੜਿਆ ਗਿਆ ਸੀ। ਉਨ੍ਹਾਂ ਵਿਚ ਕਰਮ ਸਿੰਘ ਝਿੰਜਣਾ, ਗੁਰਜੰਟ ਸਿੰਘ ਜੰਟਾ ਤੇ ਅੰਮ੍ਰਿਤ ਸਿੰਘ ਹਰਿਆਣਾ ਸ਼ਾਮਲ ਹਨ। ਉਦੋਂ ਜਰਮਨ ਸਿੰਘ ਹੱਥ ਨਹੀਂ ਸੀ ਆਇਆ, ਜਿਸ ਨੂੰ ਪਟਿਆਲਾ ਤੇ ਰਾਜਸਥਾਨ ਪੁਲੀਸ ਨੇ ਸਾਂਝੇ ਅਪਰੇਸ਼ਨ ਦੌਰਾਨ ਬੀਕਾਨੇਰ ਕੋਲ਼ੋਂ ਗ੍ਰਿਫ਼ਤਾਰ ਕੀਤਾ ਹੈ। ਉਂਜ ਇਥੇ ਉਹ ਪਹਿਲਾਂ ਪਾਤੜਾਂ ਤੋਂ ਇਕ ਕਾਰ ਖੋਹਣ ਦੇ ਮਾਮਲੇ ਵਿਚ ਸਥਾਨਕ ਪੁਲਿਸ ਨੂੰ ਲੋੜੀਂਦਾ ਸੀ।

ਯੂ.ਪੀ ਪੁਲਿਸ ਦੀ ਇਤਲਾਹ ਉਪਰੰਤ ਪਟਿਆਲਾ ਪੁਲਿਸ ਵੀ ਚੌਕਸ ਹੋ ਗਈ ਸੀ। ਇਸ ਦੌਰਾਨ ਹੀ ਸੀ.ਆਈ.ਏ. ਇੰਚਾਰਜ ਸ਼ਮਿੰਦਰ ਸਿੰਘ ਵੱਲੋਂ ਉਸ ਦਾ ਖੁਰਾ ਖੋਜ ਕੱਢ ਲਿਆ ਗਿਆ।

ਪੜਤਾਲ ਦੌਰਾਨ ਜਰਮਨ ਸਿੰਘ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਸੁਖਬੀਰ ਬਾਦਲ ਨੂੰ ਮਾਰਨ ਦੀ ਯੋਜਨਾ ਸੀ। ਇਹ ਹਮਲਾ ਇਥੇ ਮਹਿਮਦਪੁਰ ਵਿਚ ਹੋਈ ਅਕਾਲੀ ਦਲ ਦੀ ਰੈਲੀ ਮੌਕੇ ਕਰਨਾ ਉਲੀਕਿਆ ਸੀ। ਉਹ ਡੇਰਾ ਮੁਖੀ ਨੂੰ ਮੁਆਫੀ ਦਿੱਤੇ ਜਾਣ ਸਮੇਤ ਅਕਾਲੀ ਨੇਤਾ ਦੀਆਂ ਹੋਰ ਪੰਥ ਵਿਰੋਧੀ ਗਤੀਵਿਧੀਆਂ ਤੋਂ ਖਫ਼ਾ ਸਨ।

# ਬਹਿਬਲ ਕਾਂਡ 'ਚ ਮਾਰੇ ਗਏ ਨੌਜਵਾਨ ਦੇ ਭਰਾ 'ਤੇ ਹਮਲੇ ਨੇ ਨਵੇਂ ਸ਼ੰਕੇ ਖੜ੍ਹੇ ਕੀਤੇ

**ਬਠਿੰਡਾ:** ਬਹਿਬਲ ਕਾਂਡ ਵਿਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਭਰਾ ਰੇਸ਼ਮ ਸਿੰਘ 'ਤੇ ਹੋਏ ਜਾਨਲੇਵਾ ਹਮਲੇ ਤੋਂ ਨਵੇਂ ਸ਼ੰਕੇ ਖੜ੍ਹੇ ਹੋ ਗਏ ਹਨ। ਅਣਪਛਾਤੇ ਸ਼ੱਕੀ ਕਾਰ ਸਵਾਰਾਂ ਨੇ 11 ਅਕਤੂਬਰ ਨੂੰ ਇਸ ਘਟਨਾ ਨੂੰ ਉਦੋਂ ਅੰਜਾਮ



ਦਿੱਤਾ ਜਦੋਂ ਰੇਸ਼ਮ ਸਿੰਘ ਜੈਤੋ ਮੰਡੀ ਤੋਂ ਆਪਣੇ ਪਿੰਡ ਬਹਿਬਲ ਖ਼ੁਰਦ ਨੂੰ ਆ ਰਿਹਾ ਸੀ। ਫਰੀਦਕੋਟ ਪੁਲਿਸ ਨੇ ਪਹਿਲਾਂ ਬਹਿਬਲ ਗੋਲੀ ਕਾਂਡ ਸਬੰਧੀ ਕੇਸ ਦਰਜ ਕਰਨ 'ਚ ਬੇਲੋੜੀ ਢਿੱਲ ਦਿਖਾਈ ਅਤੇ ਹੁਣ ਗੋਲੀ ਕਾਂਡ ਦਾ ਸ਼ਿਕਾਰ ਨੌਜਵਾਨ ਦੇ ਭਰਾ ਉਤੇ ਹੋਏ ਹਮਲੇ ਬਾਰੇ ਪੁਲਿਸ ਕੇਸ ਦਰਜ ਵਿਚ ਢਿੱਲ-ਮੱਠ ਵਰਤ ਰਹੀ ਹੈ।

ਮਾਮਲਾ ਇਸ ਕਰ ਕੇ ਸ਼ੱਕ ਦੇ ਘੇਰੇ ਵਿਚ ਹੈ ਕਿਉਂਕਿ ਰੇਸ਼ਮ ਸਿੰਘ ਦੀ ਨਵੰਬਰ ਮਹੀਨੇ ਹਾਈ ਕੋਰਟ ਵਿਚ ਪੁਲਿਸ ਅਫਸਰਾਂ ਖਿਲਾਫ਼ ਪਾਈ ਪਟੀਸ਼ਨ ਦੀ ਪੇਸ਼ੀ ਵੀ ਹੈ। ਵੇਰਵਿਆਂ ਅਨੁਸਾਰ ਰੇਸ਼ਮ ਸਿੰਘ ਆਮ ਦੀ ਤਰ੍ਹਾਂ ਜੈਤੋ ਵਿਚਲੀ ਆਪਣੀ ਦੁਕਾਨ ਤੋਂ ਆਪਣੇ ਪਿੰਡ ਬਹਿਬਲ ਖ਼ੁਰਦ ਨੂੰ ਰਾਤ ਨੂੰ ਮੋਟਰ ਸਾਈਕਲ ਉਤੇ ਜਾ ਰਿਹਾ ਸੀ, ਜਦੋਂ ਉਹ ਪਿੰਡ ਨੇੜੇ ਪੁੱਜਾ ਤਾਂ ਚਾਰ ਕਾਰ ਸਵਾਰਾਂ ਨੇ ਉਸ ਨੂੰ ਕਿਸੇ ਦਾ ਘਰ ਪੁੱਛਣ ਬਹਾਨੇ ਰੋਕ ਲਿਆ। ਇਸੇ ਦੌਰਾਨ ਜਦੋਂ ਤਕਰਾਰ ਕਰਦਿਆਂ ਕਾਰ ਸਵਾਰਾਂ ਨੇ ਉਸ 'ਤੇ ਹਮਲਾ ਕਰ ਦਿੱਤਾ। ਉਸ ਦੇ ਸਿਰ ਵਿਚ ਸੱਟਾਂ ਲੱਗੀਆਂ ਹਨ। ਰੌਲਾ-ਰੱਪਾ ਪੈਣ 'ਤੇ ਲੋਕ ਇਕੱਠੇ ਹੋ ਗਏ ਜਦੋਂ ਕਿ ਮੌਕਾ ਤਾੜ ਕੇ ਹਮਲਾਵਰ ਫਰਾਰ ਹੋ ਗਏ। ਪਹਿਲਾਂ ਰੇਸ਼ਮ ਸਿੰਘ ਨੂੰ ਕੋਟਕਪੂਰਾ ਲਿਜਾਇਆ ਗਿਆ ਜਿਥੋਂ ਉਸ ਨੂੰ ਬਠਿੰਡਾ ਲਈ ਰੈਫਰ ਕਰ ਦਿੱਤਾ ਗਿਆ। ਹੁਣ ਰੇਸ਼ਮ ਸਿੰਘ ਬਠਿੰਡਾ ਦੇ ਇਕ ਪ੍ਰਾਈਵੇਟ ਹਸਪਤਾਲ 'ਚ ਦਾਖਲ ਹੈ।

ਬਹਿਬਲ ਗੋਲੀ ਕਾਂਡ ਦਾ ਸ਼ਿਕਾਰ ਨੌਜਵਾਨ ਕ੍ਰਿਸ਼ਨ ਭਗਵਾਨ ਸਿੰਘ ਦੀ ਲੰਘੀ 16 ਅਕਤੂਬਰ ਨੂੰ ਹੀ ਬਰਸੀ ਸੀ ਅਤੇ ਉਸ ਤੋਂ ਪਹਿਲਾਂ ਹੀ ਉਸ ਦਾ ਭਰਾ ਰੇਸ਼ਮ ਸਿੰਘ ਵੀ ਹਮਲੇ ਦਾ ਸ਼ਿਕਾਰ ਹੋ ਗਿਆ। ਬਾਜਾਖਾਨਾ ਥਾਣੇ ਵਿਚ ਪੁਲਿਸ ਨੇ ਇਸ ਘਟਨਾ ਸਬੰਧੀ 16 ਅਕਤੂਬਰ ਨੂੰ ਰਿਪੋਰਟ ਨੰਬਰ 22 ਦਰਜ ਕਰ ਦਿੱਤੀ ਹੈ, ਜਿਸ ਵਿਚ ਲਿਖਿਆ ਹੈ ਕਿ ਹੁਣ ਤੱਕ ਦੀ ਪੜਤਾਲ ਤੋਂ ਪਾਇਆ ਗਿਆ ਹੈ ਕਿ ਪੀੜਤ ਦੇ ਸੱਟਾਂ ਕਿਸੇ ਵਹੀਕਲ ਦੀ ਫੇਟ ਕਾਰਨ ਲੱਗੀਆਂ ਹਨ। ਬਾਕੀ ਜਦੋਂ ਰੇਸ਼ਮ ਸਿੰਘ ਬਿਆਨ ਦਰਜ ਕਰਾ ਦੇਵੇਗਾ, ਉਸ ਮਗਰੋਂ ਅਗਲੀ ਕਾਰਵਾਈ ਹੋਣੀ ਹੈ, ਇਹ ਜ਼ਿਕਰ ਵੀ ਰਿਪੋਰਟ ਵਿਚ ਕੀਤਾ ਗਿਆ ਹੈ। ਜ਼ਖਮੀ ਰੇਸ਼ਮ ਸਿੰਘ ਨੇ ਬਹਿਬਲ ਗੋਲੀ ਕਾਂਡ ਦੇ ਦੋਸ਼ੀ ਪੁਲਿਸ ਅਫਸਰਾਂ ਖਿਲਾਫ਼ ਹਾਈ ਕੋਰਟ ਵਿਚ 14 ਅਕਤੂਬਰ 2015 ਨੂੰ ਪਟੀਸ਼ਨ ਪਾਈ ਹੋਈ ਹੈ ਜੋ ਹੁਣ ਸੁਣਵਾਈ ਅਧੀਨ ਹੈ। ਪਰਿਵਾਰ ਵਾਲਿਆਂ ਨੇ ਦੱਸਿਆ ਕਿ ਇਸ ਪਟੀਸ਼ਨ ਦੀ ਅਗਲੀ ਪੇਸ਼ੀ ਹੁਣ 29 ਨਵੰਬਰ ਹੈ ਅਤੇ ਇਸ ਪੇਸ਼ੀ 'ਤੇ ਰੇਸ਼ਮ ਸਿੰਘ ਵੱਲੋਂ ਕੁਝ ਸਬੂਤ ਪੇਸ਼ ਕੀਤੇ ਜਾਣੇ ਹਨ। ਰੇਸ਼ਮ ਸਿੰਘ ਨੇ ਸ਼ੱਕ ਜਾਹਰ ਕੀਤਾ ਕਿ ਇਹ ਹਮਲਾ ਪਟੀਸ਼ਨ ਤੋਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਸਾਜ਼ਿਸ਼ ਵੀ ਹੋ ਸਕਦਾ ਹੈ।

## ਦਾਦੂਵਾਲ ਵੱਲੋਂ ਸਰਕਾਰ 'ਤੇ ਦੂਹਰੇ ਮਿਆਰ ਅਖਤਿਆਰ ਕਰਨ ਦਾ ਦੋਸ਼

ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਹਸਪਤਾਲ ਵਿਚ ਰੇਸ਼ਮ ਸਿੰਘ ਦਾ ਹਾਲ ਚਾਲ ਪੁੱਛਣ ਲਈ ਪੁੱਜੇ। ਇਸ ਮੌਕੇ ਜਥੇਦਾਰ ਦਾਦੂਵਾਲ ਨੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸਰਕਾਰ ਉਤੇ ਦੂਹਰੇ ਮਿਆਰ ਅਖਤਿਆਰ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੇ ਕਾਫਲੇ ਦੀ ਗੱਡੀ 'ਤੇ ਜੇ ਕੋਈ ਜੁੱਤੀ ਵੀ ਸੁੱਟ ਦੇਵੇ ਤਾਂ ਉਦੋਂ ਹੀ ਇਰਾਦਾ ਕਤਲ ਦਾ ਕੇਸ ਦਰਜ ਹੋ ਜਾਂਦਾ ਹੈ ਪਰ ਆਮ ਬੰਦੇ ਉਤੇ ਹੋਏ ਕਾਤਲਾਨਾ ਹਮਲੇ ਦੀ ਕਿਧਰੇ ਕੋਈ ਸੁਣਵਾਈ ਨਹੀਂ ਹੈ।

# ਨਾਮਧਾਰੀ ਪਲਵਿੰਦਰ ਸਿੰਘ ਥਾਈਲੈਂਡ ਤੋਂ ਗ੍ਰਿਫਤਾਰ

**ਚੰਡੀਗੜ੍ਹ:** ਨਾਮਧਾਰੀ ਸੰਪਰਦਾ ਨਾਲ ਸਬੰਧਤ ਅਪਰਾਧਿਕ ਮਾਮਲਿਆਂ ਦੀ ਪੜਤਾਲ ਕਰਦਿਆਂ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਥਾਈਲੈਂਡ ਤੋਂ ਇਕ ਅਹਿਮ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਹੈ। ਸੂਤਰਾਂ ਅਨੁਸਾਰ ਇੰਟਰਪੋਲ ਦੀ ਮਦਦ ਨਾਲ ਸੀ.ਬੀ.ਆਈ. ਨੇ ਪਲਵਿੰਦਰ ਸਿੰਘ ਜੋ ਕਿ ਸੰਪਰਦਾ ਨਾਲ ਹੀ ਸਬੰਧਤ ਹੈ, ਨੂੰ ਥਾਈਲੈਂਡ ਤੋਂ ਗ੍ਰਿਫ਼ਤਾਰ ਕੀਤਾ ਹੈ। ਉਸ ਨੂੰ ਤੋਂ ਸੀ.ਬੀ.ਆਈ. ਦੀ ਚੰਡੀਗੜ੍ਹ ਯੂਨਿਟ ਦੇ ਨਾਲ ਪੰਜਾਬ ਪੁਲਿਸ ਦੇ ਅਧਿਕਾਰੀ ਪੁੱਛਗਿੱਛ ਕਰ ਰਹੇ ਹਨ। ਪਲਵਿੰਦਰ ਨੂੰ 'ਟਿਫਨ ਬੰਬ ਧਮਾਕੇ' ਦਾ ਕਥਿਤ ਦੋਸ਼ੀ ਮੰਨਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਨਾਮਧਾਰੀ ਸੰਪਰਦਾ ਨਾਲ ਸਬੰਧਤ ਮਾਤਾ ਚੰਦ ਕੌਰ ਕਤਲ ਕੇਸ ਸਮੇਤ ਤਿੰਨ ਵੱਡੇ ਅਪਰਾਧਿਕ ਮਾਮਲੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ 11 ਸਤੰਬਰ 2016 ਸੌਂਪ ਦਿੱਤੇ ਸਨ। ਸੂਬਾ ਸਰਕਾਰ ਨੇ ਜਿਹੜੇ ਦੋ ਹੋਰ ਮਾਮਲੇ ਜਾਂਚ ਲਈ ਸੀ.ਬੀ.ਆਈ. ਦੇ ਸਪੁਰਦ ਕੀਤੇ ਸਨ, ਉਨ੍ਹਾਂ ਵਿਚ ਲੁਧਿਆਣਾ ਦੇ ਹੀ ਕੂੰਮ ਕਲਾਂ ਖੇਤਰ 'ਚ ਨਾਮਧਾਰੀ ਸੰਪਰਦਾ ਨਾਲ ਸਬੰਧਤ ਅਵਤਾਰ ਸਿੰਘ ਤਾਰੀ ਦਾ ਕਤਲ ਕੇਸ ਅਤੇ ਜਲੰਧਰ ਦੇ ਮਕਸੂਦਾਂ ਥਾਣੇ ਦੀ ਹਦੂਦ ਵਿਚ ਹੋਏ 'ਟਿਫਨ ਬੰਬ ਧਮਾਕੇ' ਦਾ ਮਾਮਲਾ ਸ਼ਾਮਲ ਹਨ। ਦੱਸਣਯੋਗ ਹੈ ਕਿ ਮਾਤਾ ਚੰਦ ਕੌਰ ਦਾ ਕਤਲ ਵੀ ਉਸ ਸਾਲ 4 ਅਪਰੈਲ 2016 ਨੂੰ ਹੋਇਆ ਸੀ ਤੇ ਪੁਲਿਸ ਨੇ ਕੂਮ ਕਲਾਂ ਥਾਣੇ ਵਿਚ ਅਣਪਛਾਤੇ ਵਿਅਕਤੀਆਂ ਵਿਰੁੱਧ ਧਾਰਾ 302, 34 ਆਈ.ਪੀ.ਸੀ. ਅਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕੀਤਾ ਸੀ। ਇਸੇ ਤਰ੍ਹਾਂ ਅਵਤਾਰ ਸਿੰਘ ਤਾਰੀ ਦਾ ਕਤਲ 12 ਅਪਰੈਲ 2011 ਨੂੰ ਹੋਇਆ ਸੀ। ਪੁਲਿਸ ਨੇ ਇਸ ਸਬੰਧੀ ਧਾਰਾ 302, 34 ਆਈ.ਪੀ.ਸੀ., 120 ਬੀ (ਸਾਜ਼ਿਸ਼) ਅਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕੀਤਾ ਸੀ। ਜਲੰਧਰ ਦੇ ਮਕਸੂਦਾਂ ਖੇਤਰ ਵਿਚ ਹੋਏ ਬੰਬ ਧਮਾਕੇ ਸਬੰਧੀ ਪੁਲਿਸ ਵੱਲੋਂ 6 ਦਸੰਬਰ 2015 ਨੂੰ ਧਾਰਾ 302, 120 ਬੀ ਅਤੇ ਵਿਸਫੋਟਕ ਸਮੱਗਰੀ ਐਕਟ ਤਹਿਤ ਕੇਸ ਦਰਜ ਕੀਤਾ ਸੀ।

ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਤਾ ਚੰਦ ਕੌਰ ਦੇ ਕਤਲ ਸਬੰਧੀ ਸੰਪਰਦਾ ਨਾਲ ਸਬੰਧਤ ਇਕ ਵਿਸ਼ੇਸ਼ ਵਿਅਕਤੀ ਦੁਆਲੇ ਸ਼ੱਕ ਦੀ ਸੂਈ ਘੁੰਮ ਰਹੀ ਸੀ ਤੇ ਇਸੇ ਤਰ੍ਹਾਂ ਜਲੰਧਰ 'ਚ ਹੋਏ ਬੰਬ ਧਮਾਕੇ ਅਤੇ ਤਾਰੀ ਕਤਲ ਕੇਸ ਦੀਆਂ ਤਾਰਾਂ ਵੀ ਸੰਪਰਦਾ ਨਾਲ ਸਬੰਧਤ ਕੁਝ ਵਿਅਕਤੀਆਂ ਨਾਲ ਜੁੜਦੀਆਂ ਸਨ। ਸੂਤਰਾਂ ਦਾ ਦੱਸਣਾ ਹੈ ਕਿ ਪੁਲਿਸ ਵੱਲੋਂ ਮਾਤਾ ਚੰਦ ਕੌਰ ਕਤਲ ਕੇਸ ਦੀ ਜਾਂਚ ਕੇਂਦਰੀ ਏਜੰਸੀ ਨੂੰ ਸੌਂਪਣ ਸਮੇਂ ਦਲੀਲ ਦਿੱਤੀ ਗਈ ਸੀ ਕਿ ਇਸ ਕਤਲ ਕਾਂਡ ਨਾਲ ਸਬੰਧਤ ਦੋ ਮੁਲਜ਼ਮਾਂ ਦੇ ਪੰਜਾਬ ਤੋਂ ਬਾਹਰ ਹੋਣ ਦਾ ਸ਼ੱਕ ਹੈ। ਇਸੇ ਤਰ੍ਹਾਂ ਪੁਲਿਸ ਵੱਲੋਂ ਅਵਤਾਰ ਸਿੰਘ ਤਾਰੀ ਕਤਲ ਕੇਸ ਸਬੰਧੀ ਦਲੀਲ ਦਿੱਤੀ ਗਈ ਸੀ ਕਿ ਮਾਤਾ ਚੰਦ ਕੌਰ ਅਤੇ ਤਾਰੀ ਕਤਲ ਕੇਸ ਵਿਚ ਮੁਲਜ਼ਮਾਂ ਵੱਲੋਂ ਇਕ ਹੀ ਤਰ੍ਹਾਂ ਦੇ ਹਥਿਆਰ ਵਰਤੇ ਹੋਣ ਤੇ ਇਕ ਵਿਅਕਤੀ ਵੱਲੋਂ ਸਾਜ਼ਿਸ਼ ਘੜੀ ਹੋਣ ਦਾ ਸ਼ੱਕ ਹੈ। ਪਲਵਿੰਦਰ ਸਿੰਘ ਦੀ ਗ੍ਰਿਫ਼ਤਾਰੀ ਨਾਲ ਹੋਰ ਮਾਮਲੇ ਸੁਲਝਣ ਦੀ ਵੀ ਉਮੀਦ ਹੈ।

# ਬ੍ਰਿਟਿਸ਼-ਭਾਰਤੀ ਜਾਸੂਸ ਦੀ ਤਸਵੀਰ ਪੌਂਡ 'ਤੇ ਛਾਪੇ ਜਾਣ ਦੀ ਮੰਗ

**ਲੰਡਨ:** ਦੂਜੀ ਆਲਮੀ ਜੰਗ ਦੌਰਾਨ ਜਾਸੂਸੀ ਕਰਨ ਵਾਲੀ ਬ੍ਰਿਟਿਸ਼ ਤੇ ਭਾਰਤੀ ਮੂਲ ਦੀ ਨੂਰ ਇਨਾਇਤ ਖ਼ਾਨ ਦੀ ਤਸਵੀਰ ਪੰਜਾਹ ਪੌਂਡ ਦੇ ਕਰੰਸੀ ਨੋਟ 'ਤੇ ਰੀਡਿਜ਼ਾਈਨ ਕਰਨ ਸਬੰਧੀ ਮੁਹਿੰਮ ਯੂਕੇ ਵਿਚ ਜ਼ੋਰ ਫੜਨ ਲੱਗੀ ਹੈ। ਬੈਂਕ ਆਫ ਇੰਗਲੈਂਡ ਨੇ ਅਜੇ ਪਿੱਛੇ ਜਿਹੇ ਵੱਡੀ ਕਰੰਸੀ ਵਾਲੇ ਇਸ ਨੋਟ ਦਾ ਸਾਲ 2020 ਤੋਂ ਨਵਾਂ ਪੌਲੀਮਰ ਵਰਜ਼ਨ ਪ੍ਰਿੰਟ ਕਰਨ ਦਾ ਐਲਾਨ ਕੀਤਾ ਸੀ।

ਬੈਂਕ ਨੇ ਇਸ਼ਾਰਾ ਕੀਤਾ ਸੀ ਕਿ ਉਹ ਇਸ ਨਵੇਂ ਨੋਟ 'ਤੇ ਕਿਸੇ ਸਮਰੱਥ ਕਿਰਦਾਰ ਦੀ ਤਸਵੀਰ ਛਾਪਣ ਲਈ ਲੋਕਾਂ ਤੋਂ ਨਾਮਜ਼ਦਗੀਆਂ ਦੀ ਮੰਗ ਕਰੇਗਾ। ਖ਼ਾਨ ਦੇ ਹੱਕ ਵਿਚ ਸ਼ੁਰੂ ਕੀਤੀ ਆਨਲਾਈਨ ਪਟੀਸ਼ਨ ਵਿਚ ਹੁਣ ਤੱਕ 12 ਸੌ ਤੋਂ ਵਧ ਲੋਕ ਸਹੀ ਪਾ ਚੁੱਕੇ ਹਨ। ਪਟੀਸ਼ਨ ਵਿਚ ਟੀਪੂ ਸੁਲਤਾਨ ਦੀ ਵੰਸ਼ਜ ਤੇ ਭਾਰਤੀ ਸੂਫ਼ੀ ਸੰਤ ਹਜ਼ਰਤ ਇਨਾਇਤ ਖ਼ਾਨ ਦੀ ਧੀ ਖ਼ਾਨ ਨੂੰ ਪਹਿਲੀ ਘੱਟ ਗਿਣਤੀ ਬ੍ਰਿਟਿਸ਼ ਮਹਿਲਾ ਵਜੋਂ ਕਰੰਸੀ 'ਤੇ ਤਸਵੀਰ ਛਾਪ ਕੇ ਬਣਦੇ ਮਾਣ ਤਾਣ ਲਈ ਵਿਚਾਰੇ ਜਾਣ ਦੀ ਮੰਗ ਕੀਤੀ ਗਈ ਹੈ।

# ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਅਨੂਪ ਸਿੰਘ ਨੂੰ ਸਦਮਾ, ਮਾਤਾ ਹਰਬੰਸ ਕੌਰ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼ਿਕਾਗੋ ਯੂਨਿਟ ਦੇ ਮੀਤ ਪ੍ਰਧਾਨ ਅਨੂਪ ਸਿੰਘ ਨੂੰ ਉਸ ਸਮੇਂ ਵੱਡਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਹਰਬੰਸ ਕੌਰ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਆਪਣੇ ਬੱਚਿਆਂ ਕੋਲ ਸ਼ਿਕਾਗੋ ਵਿਚ ਗੁਜਾਰਨ ਤੋਂ ਬਾਅਦ ਉਹ ਪੰਜਾਬ ਚਲੇ ਗਏ ਸਨ।

ਉਹ ਆਪਣੇ ਪਿੱਛੇ ਪਤੀ, ਦੋ ਪੁੱਤਰ, ਦੋ ਨੂੰਹਾਂ, ਇਕ ਧੀ ਤੇ ਜਵਾਈ, ਪੋਤੇ-ਪੋਤੀ ਤੇ ਦੋਹਤੇ-ਦੋਹਤੀਆਂ ਨਾਲ ਭਰਿਆ ਪਰਿਵਾਰ ਛੱਡ ਗਏ ਹਨ। ਉਹ ਪੰਜਾਬ ਦੇ ਜਿਲਾ ਸੰਗਰੂਰ ਦੇ ਮੰਡੀ ਅਹਿਮਦਗੜ੍ਹ ਵਿਚ ਰਹਿੰਦੇ ਸਨ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਮਰੀਕਾ ਨੇ ਇਸ ਦੁੱਖ ਦੀ ਘੜੀ ਵਿਚ ਅਨੂਪ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਜਾਹਰ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ



ਕੀਤੀ ਹੈ ਕਿ ਮਾਤਾ ਹਰਬੰਸ ਕੌਰ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਅਨੂਪ ਸਿੰਘ ਨਾਲ ਸੰਪਰਕ ਫੋਨ: 847-414-3275 ਰਾਹੀਂ ਕੀਤਾ ਜਾ ਸਕਦਾ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਰੇਲ ਹਾਦਸੇ: ਤਕਨੀਕੀ ਨੁਕਸ ਤੇ ਲਾਪ੍ਰਵਾਹੀ ਦਾ ਸਿੱਟਾ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

'ਬਦੀ ਦਾ ਪ੍ਰਤੀਕ' ਕਹਿ ਕੇ ਸਾਰੇ ਭਾਰਤ ਵਿਚ ਜਦੋਂ ਰਾਵਣ ਦੇ ਬੁੱਤ ਸਾੜੇ ਜਾ ਰਹੇ ਸਨ, ਅੰਮ੍ਰਿਤਸਰ ਤੋਂ ਉਸ ਵਕਤ ਇਹ ਖਬਰ ਆ ਗਈ ਕਿ ਰਾਵਣ ਸੜਦਾ ਵੇਖ ਰਹੇ ਲੋਕਾਂ ਉਤੇ ਦੋ ਰੇਲ ਗੱਡੀਆਂ ਆਣ ਚੜ੍ਹੀਆਂ ਤੇ ਸੱਠ ਤੋਂ ਵੱਧ ਲੋਕ ਮਾਰੇ ਗਏ। ਇਹ ਲੋਕ ਰੇਲਵੇ ਲਾਈਨਾਂ ਉਤੇ ਖੜ੍ਹ ਕੇ ਦੁਸਹਿਰੇ ਦੀ ਰੌਣਕ ਦੇਖ ਰਹੇ ਸਨ ਤੇ ਇਸ ਗੱਲ ਵੱਲ ਕਿਸੇ ਦਾ ਧਿਆਨ ਹੀ ਨਹੀਂ ਸੀ ਕਿ ਉਥੋਂ ਲੰਘਦੀਆਂ ਤਿੰਨ ਲਾਈਨਾਂ ਵਿਚੋਂ ਕਿਸੇ ਉਤੇ ਕਿਸੇ ਵਕਤ ਕੋਈ ਗੱਡੀ ਵੀ ਆ ਸਕਦੀ ਹੈ। ਅੰਮ੍ਰਿਤਸਰ-ਦਿੱਲੀ ਰੂਟ ਦੀਆਂ ਦੋ ਲਾਈਨਾਂ ਦੇ ਨਾਲ ਉਥੋਂ ਬਟਾਲਾ-ਗੁਰਦਾਸਪੁਰ ਵਾਲੀ ਰੇਲ ਲਾਈਨ ਵੀ ਲੰਘਦੀ ਹੈ ਤੇ ਦੋਹਾਂ ਰੂਟਾਂ ਦਾ ਨਿਖੇੜਾ ਉਥੋਂ ਹੋਣ ਕਾਰਨ ਦੋ ਫਾਟਕ ਨਾਲੋ ਨਾਲ ਬਣੇ ਹੋਏ ਹਨ, ਜਿਨ੍ਹਾਂ ਨੂੰ ਜੌੜੇ ਫਾਟਕ ਕਿਹਾ ਜਾਂਦਾ ਹੈ। ਅਚਾਨਕ ਇੱਕ ਪਾਸੇ ਤੋਂ ਗੱਡੀ ਆ ਗਈ, ਲੋਕ ਮਿੱਧੇ ਜਾਣ ਲੱਗੇ ਤਾਂ ਬਚਣ ਲਈ ਦੂਸਰੇ ਟਰੈਕ ਉਤੇ ਜਾ ਚੜ੍ਹੇ, ਜਿੱਥੇ ਦੂਸਰੇ ਪਾਸੇ ਤੋਂ ਗੱਡੀ ਆਉਂਦੀ ਪਈ ਸੀ। ਨਤੀਜੇ ਵਜੋਂ ਲਾਸ਼ਾਂ ਦੇ ਢੇਰ ਲੱਗਦੇ ਗਏ।



*ਅੰਮ੍ਰਿਤਸਰ ਵਿਚ ਹੋਏ ਰੇਲ ਹਾਦਸੇ ਤੋਂ ਬਾਅਦ ਦਾ ਦ੍ਰਿਸ਼*

ਇਸ ਹਾਦਸੇ ਨੂੰ ਕਈ ਪੱਖਾਂ ਤੋਂ ਵੇਖਣ ਤੇ ਸਬਕ ਸਿੱਖਣ ਦੀ ਲੋੜ ਹੈ, ਪਰ ਪਿਛਲੇ ਸਮੇਂ ਦਾ ਤਜਰਬਾ ਇਹੋ ਹੈ ਕਿ ਜਿੰਨੇ ਦਿਨ ਪੀੜਤਾਂ ਦੀਆਂ ਚੀਕਾਂ ਸੁਣਦੀਆਂ ਰਹਿੰਦੀਆਂ ਹਨ, ਚਰਚਾ ਹੁੰਦੀ ਹੈ ਤੇ ਫਿਰ ਕੁਝ ਨਹੀਂ ਹੁੰਦਾ।

ਭਾਰਤ ਵਿਚ ਹੁੰਦੇ ਰੇਲ ਹਾਦਸਿਆਂ ਦਾ ਪਹਿਲਾ ਅਹਿਮ ਪੱਖ ਦੋ ਹਿੱਸਿਆਂ ਵਿਚ ਵੰਡ ਕੇ ਵੇਖਿਆ ਜਾਵੇ ਤਾਂ ਅਸਲੀ ਗੱਲ ਕੁਝ-ਕੁਝ ਪੱਲੇ ਪੈ ਸਕਦੀ ਹੈ। ਇੱਕ ਪੱਖ ਤਕਨੀਕੀ ਨੁਕਸਾਂ ਦਾ ਹੈ। ਇੱਕ ਥਾਂ ਰੇਲਵੇ ਲਾਈਨ ਵਿਚ ਕਿਤੇ ਕੋਈ ਪੇਚ ਢਿੱਲਾ ਰਹਿ ਗਿਆ, ਲਾਈਨ ਉਖੜ ਜਾਣ ਕਾਰਨ ਉਥੋਂ ਲੰਘਦੀ ਗੱਡੀ ਉਲਟ ਗਈ ਤੇ ਓਨੀ ਦੇਰ ਨੂੰ ਦੂਸਰੀ ਗੱਡੀ ਉਸੇ ਥਾਂ ਪਹੁੰਚ ਕੇ ਪਹਿਲੀ ਗੱਡੀ ਵਿਚ ਜਾ ਵੱਜੀ ਤੇ ਪੰਜਾਬ ਵਿਚ ਵਾਪਰੇ ਇਸ ਹਾਦਸੇ 'ਚ ਮੌਤਾਂ ਦੀ ਗਿਣਤੀ ਦੋ ਸੌ ਤੋਂ ਟੱਪ ਗਈ ਸੀ। ਇਹ ਕੁਝ ਕਈ ਥਾਂਈਂ ਹੋ ਚੁਕਾ ਹੈ।

ਦੂਸਰਾ ਪੱਖ ਲਾਪ੍ਰਵਾਹੀ ਦੀ ਸਿਖਰ ਹੈ, ਜਿਸ ਕਾਰਨ ਢਾਈ ਦਹਾਕੇ ਪਹਿਲਾਂ ਕਾਨਪੁਰ ਨੇੜੇ ਇੱਕੋ ਹਾਦਸੇ ਵਿਚ ਕੋਈ ਤਿੰਨ ਸੌ ਸੱਠ ਮੌਤਾਂ ਹੋਈਆਂ ਸਨ। ਕਾਰਨ ਇਹ ਬਣਿਆ ਕਿ ਉਥੋਂ ਲੰਘਦੀ ਕਾਲਿੰਦੀ ਐਕਸਪ੍ਰੈਸ ਦੇ ਅੱਗੇ ਇੱਕ ਆਵਾਰਾ ਫਿਰਦੀ ਗਾਂ ਰੇਲਵੇ ਟਰੈਕ ਉਤੇ ਆ ਗਈ ਅਤੇ ਮਰਨ ਪਿੱਛੋਂ ਗੱਡੀ ਦੇ ਇੰਜਣ ਵਿਚ ਫਸਣ ਨਾਲ ਸਿਸਟਮ ਜਾਮ ਹੋ ਗਿਆ। ਇਹ ਹਾਦਸਾ ਰੇਲਵੇ ਸਿਗਨਲ ਦੇ ਬਰਾਬਰ ਹੋਇਆ ਅਤੇ ਅੱਧੀ ਗੱਡੀ ਅੱਗੇ ਤੇ ਅੱਧੀ ਪਿੱਛੇ ਹੋਣ ਕਾਰਨ ਸਿਗਨਲ ਵੀ ਹਰਾ ਜਗਦਾ ਫਸ ਗਿਆ। ਓਨੀ ਦੇਰ ਨੂੰ ਪੁਰਸ਼ੋਤਮ ਐਕਸਪ੍ਰੈਸ ਵੀ ਪਿੱਛੋਂ ਆ ਗਈ ਤੇ ਅੱਗੇ ਖੜ੍ਹੀ ਕਾਲਿੰਦੀ ਐਕਸਪ੍ਰੈਸ ਵਿਚ ਸਿੱਧੀ ਜਾ ਵੱਜਣ ਨਾਲ ਕਹਿਰ ਵਾਪਰ ਗਿਆ ਸੀ।

ਦੂਸਰਾ ਅਹਿਮ ਪੱਖ ਖਤਰੇ ਬਾਰੇ ਦੱਸਣ ਦੇ ਬਾਵਜੂਦ ਉਸ ਨੂੰ ਲੋਕਾਂ ਵੱਲੋਂ ਅਣਗੌਲੇ ਕਰਨ ਦਾ ਹੈ। ਕੁੰਭ ਮੇਲੇ ਵੇਲੇ ਇੱਕ ਵਾਰੀ ਲੋਕਾਂ ਨੂੰ ਗੱਡੀਆਂ ਵਿਚ ਥਾਂ ਨਾ ਮਿਲੀ ਤਾਂ ਛੱਤਾਂ ਉਤੇ ਚੜ੍ਹ ਗਏ ਤੇ ਰਾਤ ਦੇ ਵਕਤ ਅੱਗੇ ਆਉਂਦੇ ਪੁਲ ਨਾਲ ਵੱਜ-ਵੱਜ ਕੇ ਹੇਠਾਂ ਡਿੱਗਦੇ ਗਏ। ਇਹੋ ਜਿਹੇ ਹਾਦਸੇ ਵੀ ਕਈ ਵਾਰੀ ਵਾਪਰ ਚੁਕੇ ਹਨ। ਕਿਸੇ ਵੱਡੇ ਮੇਲੇ ਵੇਲੇ ਇਹੋ ਜਿਹਾ ਹਾਦਸਾ ਹੋਣਾ ਆਮ ਜਿਹੀ ਗੱਲ ਹੁੰਦੀ ਹੈ। ਲੋਕ ਫਿਰ ਵੀ ਇਸ ਦੀ ਪ੍ਰਵਾਹ ਨਹੀਂ ਕਰਦੇ।

ਤੀਸਰਾ ਪੱਖ ਸਾਡੇ ਮੇਲਿਆਂ ਮੌਕੇ ਵਰਤੀ ਜਾਂਦੀ ਆਮ ਲਾਪ੍ਰਵਾਹੀ ਹੈ। ਅੰਮ੍ਰਿਤਸਰ ਦੇ ਦੁਸਹਿਰਾ ਮੇਲੇ ਦੌਰਾਨ ਵਾਪਰੀ ਤਾਜ਼ਾ ਘਟਨਾ ਇਸੇ ਦਾ ਨਮੂਨਾ ਹੈ। ਪਿਛਲੇ ਕਈ ਸਾਲਾਂ ਤੋਂ ਉਸ ਥਾਂ ਇਹ ਮੇਲਾ ਲਾਇਆ ਜਾਂਦਾ ਸੀ, ਪ੍ਰਬੰਧਕ ਮਨਜ਼ੂਰੀ ਲੈਂਦੇ ਸਨ ਜਾਂ ਨਹੀਂ, ਇਹ ਤਾਂ ਪਤਾ ਨਹੀਂ, ਪਰ ਉਥੇ ਸੰਕਟ ਦੀ ਘੜੀ ਬਾਰੇ ਸੋਚਣ ਦੀ ਲੋੜ ਕਦੀ ਵੀ ਨਹੀਂ ਸੀ ਸਮਝੀ ਗਈ। ਜੇ ਸਮਝੀ ਗਈ ਹੁੰਦੀ ਤਾਂ ਸਥਾਨਕ ਪ੍ਰਸ਼ਾਸਨ ਜਾਂ ਰੇਲਵੇ ਵਿਭਾਗ ਦੇ ਅਧਿਕਾਰੀਆਂ ਨੂੰ ਏਦਾਂ ਦੀ ਥਾਂ ਉਚੇਚੇ ਬੈਰੀਕੇਡ ਵਗੈਰਾ ਲਾਉਣ ਬਾਰੇ ਸੋਚਣਾ ਚਾਹੀਦਾ ਸੀ, ਤਾਂ ਕਿ ਲੋਕ ਕਿਸੇ ਹਾਦਸੇ ਦਾ ਸ਼ਿਕਾਰ ਨਾ ਹੋਣ। ਇਹੋ ਨਹੀਂ, ਉਨ੍ਹਾਂ ਨੂੰ ਇਹੋ ਜਿਹੇ ਮੌਕੇ ਰੇਲ ਗੱਡੀ ਦੇ ਡਰਾਈਵਰ ਨੂੰ ਵੀ ਕਹਿ ਦੇਣਾ ਚਾਹੀਦਾ ਸੀ ਕਿ ਉਹ ਉਸ ਥਾਂ ਤੋਂ ਸਪੀਡ ਹੌਲੀ ਰੱਖੇ ਤਾਂ ਕਿ ਲੋਕ ਬਚੇ ਰਹਿਣ। ਇਹੋ ਜਿਹੀ ਕਿਸੇ ਤਰ੍ਹਾਂ ਦੀ ਕੋਈ ਹਦਾਇਤ ਨਹੀਂ ਸੀ ਕੀਤੀ ਗਈ। ਹਾਦਸਾ ਹੋਣ ਪਿੱਛੋਂ ਜਿੱਥੇ ਕਿਤੇ ਚਰਚਾ ਹੋ ਰਹੀ ਹੈ, ਹਰ ਵਿਅਕਤੀ ਸਿਰਫ ਅੰਮ੍ਰਿਤਸਰ ਦੇ ਇਸ ਹਾਦਸੇ ਤੱਕ ਸੀਮਤ ਹੋ ਕੇ ਗੱਲ ਕਰਦਾ ਹੈ।

ਕਰੀਬ ਤਿੰਨ ਦਰਜਨ ਸ਼ਹਿਰਾਂ ਤੋਂ ਛਪਦੇ ਹਿੰਦੀ ਦੇ ਇੱਕ ਕੌਮੀ ਅਖਬਾਰ ਨੇ ਇਹ ਹੈਰਾਨੀ ਭਰੀ ਰਿਪੋਰਟ ਛਾਪੀ ਹੈ ਕਿ ਸਿਰਫ ਲੁਧਿਆਣੇ ਵਿਚ ਹੀ ਪੰਜ ਥਾਂਈਂ ਰੇਲਵੇ ਲਾਈਨਾਂ ਦੇ ਨਾਲ-ਨਾਲ ਰਾਵਣ ਦੇ ਪੁਤਲੇ ਫੂਕੇ ਜਾ ਰਹੇ ਸਨ। ਅੰਮ੍ਰਿਤਸਰ ਵਿਚ ਕਿੰਨੇ ਥਾਂਈਂ ਸਨ ਤੇ ਜਲੰਧਰ ਜਾਂ ਹੋਰ ਥਾਂਈਂ ਇਹੋ ਜਿਹੇ ਕਿੰਨੇ ਰਾਵਣ ਰੇਲਵੇ ਲਾਈਨਾਂ ਕਿਨਾਰੇ ਸਾੜੇ ਗਏ ਹੋਣਗੇ, ਇਸ ਦੀ ਸੂਚੀ ਛਾਪਣ ਦੀ ਥਾਂ ਇੱਕ ਅਖਬਾਰ ਨੇ ਇਹ ਲਿਖਿਆ ਹੈ ਕਿ ਸਾਰੇ ਪੰਜਾਬ ਵਿਚੋਂ ਇਹੋ ਜਿਹੀਆਂ ਇੱਕੀ ਥਾਂਵਾਂ ਬਣਦੀਆਂ ਹਨ। ਇਨ੍ਹਾਂ ਸਭਨਾਂ ਥਾਂਵਾਂ ਬਾਰੇ ਰੇਲਵੇ ਵਿਭਾਗ ਨੂੰ ਪਤਾ ਕਿਉਂ ਨਹੀਂ ਲੱਗਾ ਤੇ ਜੇ ਲੱਗਾ ਤਾਂ ਕੋਈ ਪ੍ਰਬੰਧ ਕਿਉਂ ਨਾ ਕੀਤੇ ਗਏ? ਇਸ ਬਾਰੇ ਨਾ ਕਿਸੇ ਨੇ ਬਹੁਤਾ ਪੁੱਛਣਾ ਹੈ ਤੇ ਨਾ ਕਿਸੇ ਨੇ ਜਵਾਬਦੇਹੀ ਤੈਅ ਕਰਨੀ ਹੈ।

ਭਾਰਤ ਸਰਕਾਰ ਅਤੇ ਭਾਰਤੀਅਤਾ ਦੀ ਬੁਲੰਦੀ ਦੇ ਹੱਦੋਂ ਬਾਹਰੇ ਢੰਡੋਰੇਬਾਜ਼ ਇਹ ਗੱਲ ਬੜੇ ਮਾਣ ਨਾਲ ਕਹੀ ਜਾਂਦੇ ਹਨ ਕਿ ਭਾਰਤ ਅਗਲੇ ਸਾਲਾਂ ਵਿਚ ਸੰਸਾਰ ਦਾ ਅਗਵਾਨੂੰ ਦੇਸ਼ ਬਣਨ ਵਾਲਾ ਹੈ। ਚੰਗੀ ਗੱਲ ਹੈ ਕਿ ਬਣ ਜਾਵੇ, ਪਰ ਗੱਲ ਸਿਰਫ ਅਗਵਾਨੂੰ ਕਹਾਉਣ ਦੀ ਨਹੀਂ, ਮਿਆਰਾਂ ਦੀ ਵੀ ਹੈ। ਪੰਜਾਬੀ ਦਾ ਮੁਹਾਵਰਾ ਹੈ, 'ਗੱਲੀਂਬਾਤੀਂ ਮੈਂ ਵੱਡੀ, ਕਰਤੂਤੀਂ ਵੱਡੀ ਜੇਠਾਣੀ।' ਅਸੀਂ ਗੱਲਾਂ ਵਿਚ ਵੱਡੇ ਹਾਂ, ਮਿਆਰਾਂ ਵਿਚ ਬਹੁਤ ਊਣੇ ਹਾਂ। ਜਿਹੜੇ ਅਮਰੀਕਾ, ਬ੍ਰਿਟੇਨ ਅਤੇ ਹੋਰ ਵਿਕਸਿਤ ਦੇਸ਼ਾਂ ਨਾਲ ਮੁਕਾਬਲਾ ਕਰਨ ਨੂੰ ਤਾਂਘਦੇ ਹਾਂ, ਉਨ੍ਹਾਂ ਵਿਚ ਇਹੋ ਜਿਹਾ ਕੋਈ ਸਮਾਗਮ ਹੋਣਾ ਹੋਵੇ ਤਾਂ ਇਸ ਬਾਰੇ ਪਹਿਲਾ ਫੈਸਲਾ ਇਹ ਹੁੰਦਾ ਹੈ ਕਿ ਅੱਗ ਦਾ ਭਾਂਬੜ ਮੱਚਣਾ ਹੈ ਤਾਂ ਇਹ ਜਨਤਕ ਵਸੇਬੇ ਦੀਆਂ ਥਾਂਵਾਂ ਤੋਂ ਦੂਰ ਕਿਸੇ ਗਰਾਊਂਡ ਵਿਚ ਕਰਵਾਇਆ ਜਾਵੇ। ਦੂਸਰਾ ਇਹ ਕਿ ਉਸ ਥਾਂ ਅੱਗ ਬੁਝਾਉਣ ਅਤੇ ਕਿਸੇ ਹਾਦਸੇ ਵਕਤ ਜ਼ਖਮੀ ਹੋ ਰਹੇ ਲੋਕਾਂ ਨੂੰ ਸੰਭਾਲਣ ਲਈ ਐਂਬੂਲੈਂਸ ਗੱਡੀਆਂ ਤੇ ਡਾਕਟਰੀ ਟੀਮਾਂ ਦਾ ਉਚੇਚਾ ਅਤੇ ਅਗੇਤਾ ਪ੍ਰਬੰਧ ਕੀਤਾ ਜਾਵੇ।

ਭਾਰਤ ਦਾ ਬਾਬਾ ਆਦਮ ਨਿਰਾਲਾ ਹੈ। ਹਜ਼ਾਰਾਂ ਕੀ, ਕਈ ਵਾਰ ਦਿੱਲੀ ਵਿਚ ਲੱਖਾਂ ਵਰਗੀ ਭੀੜ ਵਾਲੇ ਮੈਦਾਨ ਵਿਚ ਅਸੀਂ ਇਸ ਦੇਸ਼ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ ਨੂੰ ਜਾਂਦੇ ਅਤੇ ਰਸਮਾਂ ਪੂਰੀਆਂ ਕਰ ਕੇ ਫਿਰ ਰਾਵਣ ਦੇ ਬੁੱਤ ਵੱਲ ਤੀਰ ਚਲਾ ਕੇ ਫੋਟੋ ਖਿਚਵਾਉਂਦੇ ਵੇਖਦੇ ਹਾਂ। ਜਿੰਨੀ ਭੀੜ ਉਥੇ ਹੁੰਦੀ ਹੈ, ਕਿਸੇ ਦਿਨ ਜ਼ਰਾ ਜਿੰਨੀ ਚੰਗਿਆੜੀ ਭੜਕ ਪਈ ਤਾਂ ਸਭ ਕਿਸਮਾਂ ਦੇ ਅਹਿਮ ਬੰਦੇ ਘਿਰੇ ਰਹਿ ਜਾਣਗੇ ਜਾਂ ਫਿਰ ਉਹ ਕੁਝ ਕਰਨਗੇ, ਜੋ ਡੱਬਵਾਲੀ 'ਚ ਕੀਤਾ ਸੀ।

ਦਸੰਬਰ 1995 ਵਿਚ ਡੱਬਵਾਲੀ ਵਿਚ ਡੀ. ਏ. ਵੀ. ਪਬਲਿਕ ਸਕੂਲ ਦਾ ਸਮਾਗਮ ਸੀ। ਅਚਾਨਕ ਅੱਗ ਭੜਕੀ ਤੇ ਫਿਰ ਕਾਬੂ ਤੋਂ ਬਾਹਰ ਹੋ ਗਈ। ਸਮਾਗਮ ਇੱਕ ਮੈਰਿਜ ਪੈਲੇਸ ਵਿਚ ਹੋ ਰਿਹਾ ਸੀ। ਡਿਪਟੀ ਕਮਿਸ਼ਨਰ ਤੇ ਹੋਰ ਅਹਿਮ ਵਿਅਕਤੀ ਸਟੇਜ ਉਤੇ ਸਨ ਤੇ ਉਨ੍ਹਾਂ ਦੇ ਪਿੱਛੇ ਕੰਧ ਵਿਚ ਕੋਈ ਦਰਵਾਜਾ ਨਹੀਂ ਸੀ। ਉਨ੍ਹਾਂ ਨੇ ਅੱਗ ਬੁਝਾਉਣ ਦੇ ਪ੍ਰਬੰਧਾਂ ਦੀ ਚਿੰਤਾ ਕਰਨ ਦੀ ਥਾਂ ਆਪ ਨਿਕਲਣ ਵਾਸਤੇ ਜਦੋਂ ਵੇਖਿਆ ਕਿ ਮੁੱਖ ਦਰਵਾਜੇ ਵੱਲ ਭੀੜ ਹੈ ਤਾਂ ਟਰੈਕਟਰ ਟਰਾਲੀ ਦੀ ਟੱਕਰ ਨਾਲ ਪਿਛਲੀ ਕੰਧ ਤੁੜਵਾ ਕੇ ਨਿਕਲ ਗਏ ਤੇ ਲੋਕ ਸੜ ਕੇ ਮਰਦੇ ਰਹੇ ਸਨ। ਉਸ ਕਾਂਡ ਵਿਚ ਮਾਰੇ ਗਏ ਪੰਜ ਸੌ ਚਾਲੀ ਲੋਕਾਂ ਵਿਚੋਂ ਇੱਕ ਸੌ ਸੱਤਰ ਸਿਰਫ ਬੱਚੇ ਸਨ।

ਭਾਰਤ ਵਿਚ ਕਿਸੇ ਥਾਂ ਰਾਮ ਲੀਲਾ ਜਾਂ ਦੁਸਹਿਰਾ ਆਦਿ ਦਾ ਕੋਈ ਵੀ ਸਮਾਗਮ ਹੁੰਦਾ ਜਦੋਂ ਵੀ ਵੇਖਦੇ ਹਾਂ, ਮੈਨੂੰ ਹਰ ਵਾਰੀ ਡੱਬਵਾਲੀ ਦਾ ਕਾਂਡ ਯਾਦ ਆ ਜਾਂਦਾ ਹੈ, ਬੱਚਿਆਂ ਦੀਆਂ ਭੜਥਾ ਬਣੀਆਂ ਲਾਸ਼ਾਂ ਦਿੱਸਦੀਆਂ ਹਨ, ਵੀ. ਆਈ. ਪੀ. ਲੋਕਾਂ ਦਾ ਖਿਸਕ ਜਾਣਾ ਚੇਤੇ ਆਉਂਦਾ ਤੇ ਮਨ ਮਸੋਸਿਆ ਜਾਂਦਾ ਹੈ। ਕਾਸ਼! ਇਹ ਸਾਰਾ ਕੁਝ ਇਸ ਦੇਸ਼ ਦੇ ਲੀਡਰਾਂ ਦੀ ਨੀਂਦ ਉਡਾ ਸਕਦਾ। ਬਦਕਿਸਮਤੀ ਨਾਲ ਭਾਰਤ ਦੇ ਲੀਡਰਾਂ ਦੀ ਚਮੜੀ ਬੜੀ ਮੋਟੀ ਹੈ, ਉਨ੍ਹਾਂ ਨੂੰ ਏਦਾਂ ਦੀਆਂ ਗੱਲਾਂ ਨਾਲ ਫਰਕ ਨਹੀਂ ਪੈਂਦਾ।



*ਦੇਸ਼ ਵਿਚ ਹੋਏ ਇਕ ਹੋਰ ਰੇਲ ਹਾਦਸੇ ਦਾ ਦ੍ਰਿਸ਼*

# ਸਿਆਸੀ ਕਾਵਾਂ ਦਾ ਘੜਮੱਸ

## ਪੰਥਕ ਮਸਲੇ

ਪਹਿਲੀ ਨਵੰਬਰ 1966 ਨੂੰ ਗੁਰੂ ਦੇ ਨਾਮ 'ਤੇ ਜਿਉਣ ਵਾਲਾ ਪੰਜਾਬ, ਸਿਆਸਤ ਦੇ ਪੈਰੋਂ ਮਰਨ ਵਾਲਾ ਪੰਜਾਬ ਬਣ ਗਿਆ ਸੀ। ਇਸ ਦੀ ਨੀਂਹ ਬੇਸ਼ੱਕ ਪਾਕਿਸਤਾਨ ਦੇ ਬਣ ਜਾਣ ਨਾਲ ਰੱਖੀ ਗਈ ਸੀ, ਪਰ ਇਸ ਨੂੰ ਅੰਜਾਮ ਤੱਕ ਲੈ ਕੇ ਜਾਣ ਦੀ ਭੂਮਿਕਾ ਸਿੱਖ ਸਿਆਸਤਦਾਨ ਲਗਾਤਾਰ ਨਿਭਾਉਂਦੇ ਆ ਰਹੇ ਹਨ। ਪੰਜਾਬੀ ਸੂਬੇ ਦੇ ਰੂਪ ਵਿਚ ਬਣ ਗਏ ਸਿਆਸੀ ਪੰਜਾਬ ਨਾਲ ਟਕਸਾਲੀ ਪੰਜਾਬ ਹਾਸ਼ੀਏ 'ਤੇ ਧੱਕਿਆ ਗਿਆ ਸੀ। ਸਿਆਸੀ ਪੰਜਾਬ ਦੀ ਕਲਪਨਾ ਇਹ ਸਮਝ ਕੇ ਕੀਤੀ ਗਈ ਸੀ ਕਿ ਸਿੱਖ ਹਿਤਾਂ ਨੂੰ ਸਿਆਸੀ ਸੱਤਾ ਹਾਸਲ ਕਰਕੇ ਪੂਰਾ ਕੀਤਾ ਜਾ ਸਕਦਾ ਹੈ। ਇਸੇ ਦੀ ਸਿਖਰ ਬਾਦਲ ਕੇ ਹੋ ਗਏ ਹਨ। ਇਸ ਨਾਲ ਸਮੱਸਿਆ ਇਹ ਪੈਦਾ ਹੋ ਗਈ ਹੈ ਕਿ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਕਿਵੇਂ ਬਚਾਇਆ ਜਾਵੇ?

ਕੌਣ ਕਿਸ ਨੂੰ ਦੱਸੇ ਕਿ ਜਿਵੇਂ ਸਿੱਖੀ ਦੀ ਆੜ ਵਿਚ ਅਗਿਆਨ ਨੂੰ ਨਿਸ਼ੰਗ ਹੋ ਕੇ ਵਰਤਿਆ ਗਿਆ ਹੈ, ਉਸ ਤਰ੍ਹਾਂ ਤਾਂ ਸਿਆਣੇ ਆਪਣੀ ਅਕਲ ਨੂੰ ਵੀ ਨਹੀਂ ਵਰਤਦੇ। ਸਿਆਸੀ ਉਲਾਰ ਵਿਚ ਛਾਲੀਂ ਵਧ ਰਿਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਬਾਣੀ ਦੀ ਬੇਅਦਬੀ ਸਿਆਸਤ ਦੇ ਪੈਰੋਂ ਪੈਦਾ ਹੋਈ ਸੀ ਅਤੇ ਇਸ ਨੂੰ ਸਿਆਸਤ ਦੁਆਰਾ ਹੱਲ ਕਰਨ ਦੀਆਂ ਕੋਸ਼ਿਸ਼ਾਂ ਬੇਕਾਰ ਹਨ। ਸਿਆਸੀ ਜੋੜਤੋੜ ਨੂੰ ਸਿਆਸੀ ਇਕਸੁਰਤਾ ਸਮਝਣ ਦਾ ਭਰਮ ਪਾਲਾਂਗੇ ਤਾਂ ਭਾਈ ਗੁਰਦਾਸ ਦੀ ਇਸ ਸਦਾ ਸੱਚੀ ਟਿਪਣੀ ਨੂੰ ਨਹੀਂ ਸਮਝ ਸਕਾਂਗੇ ਕਿ ਜਿਵੇਂ ਹੰਸ ਤੇ ਬਗੁਲਾ, ਕੋਇਲ ਤੇ ਕਾਂ ਅਤੇ ਗਾਂ ਤੇ ਕੁੱਤੇ ਦੀ ਮਾਨਸਿਕਤਾ ਇਕੋ ਜਿਹੀ ਨਹੀਂ ਹੋ ਸਕਦੀ, ਉਵੇਂ ਹੀ ਸਿਆਸਤਦਾਨ ਅਤੇ ਧਰਮੀ ਦੀ ਮਾਨਸਿਕਤਾ ਇਕੋ ਜਿਹੀ ਨਹੀਂ ਹੋ ਸਕਦੀ:

ਹੰਸ ਨ ਛਡੇ ਮਾਨਸਰ
ਬਗੁਲਾ ਬਹੁ ਛੱਪੜ ਫਿਰਿ ਆਵੈ।
ਕੋਇਲ ਬੋਲੈ ਅੰਬਿ ਵਣਿ ਵਣਿ
ਵੜਿ ਕਾਉਂ ਕੁਥਾਉਂ ਸੁਖਾਵੈ।
ਵਗ ਨ ਹੋਵਨਿ ਕੁਤੀਆਂ
ਗਾਈਂ ਗੋਰਸੁ ਵੰਸੁ ਵਧਾਵੈ। (5/19)

ਸਿਆਸਤ ਨੂੰ ਸਿੱਖੀ ਦਾ ਬਦਲ ਨਹੀਂ ਸਮਝਣਾ ਚਾਹੀਦਾ ਕਿਉਂਕਿ ਸਿੱਖੀ ਦੇ ਬੋਲਬਾਲਿਆਂ ਨੂੰ ਸਿਆਸਤ ਦੇ ਬੋਲਬਾਲੇ ਨਹੀਂ ਸਮਝਿਆ ਜਾ ਸਕਦਾ। ਇਸ ਫਰਕ ਨੂੰ ਨਹੀਂ ਸਮਝਾਂਗੇ ਤਾਂ ਸਿੱਖ ਪਾਕਿਸਤਾਨ ਬਣਾਉਣ ਵਾਲੇ ਰਾਹ ਪੈ ਜਾਣ ਤੋਂ ਨਹੀਂ ਬਚ ਸਕਾਂਗੇ। ਨਾਮ ਬਦਲਣ ਨਾਲ ਤਾਸੀਰ ਨਹੀਂ ਬਦਲਦੀ। ਤਾਂ ਤੇ ਧਰਮ ਅਤੇ ਸਿਆਸਤ ਨੂੰ ਇਕ ਦੂਜੇ ਨੂੰ ਫੇਲ੍ਹ ਕਰਨ ਵਾਲੇ ਰਾਹ ਨਹੀਂ ਪੈਣ ਦੇਣਾ ਚਾਹੀਦਾ। ਇਸ ਰਾਹ ਪਵਾਂਗੇ ਤਾਂ ਸਮਝ ਸਕਾਂਗੇ ਕਿ ਪੰਜਾਬ ਨੂੰ ਪੰਜਾਬ ਰੱਖ ਸਕਣ ਦਾ ਰਾਹ ਸਿਆਸਤ ਦੇ ਪੈਰੋਂ ਗੁਆਚਿਆ ਹੈ ਅਤੇ ਗੁਆਚੇ ਨੂੰ ਸਿਆਸੀ ਵਿਧੀਆਂ ਨਾਲ ਨਹੀਂ ਲੱਭਿਆ ਜਾ ਸਕਦਾ। ਸਿਆਸੀ ਨਾਨਤਵ ਦੇ ਘੜਮੱਸ ਨੂੰ ਧਾਰਮਿਕ ਨਾਨਤਵ ਦੇ ਸਹਿਜ ਨਾਲ ਨਹੀਂ ਉਲਝਾਉਣਾ ਚਾਹੀਦਾ ਕਿਉਂਕਿ ਵਿਧੀ ਸਿਧਾਂਤ ਦਾ ਬਦਲ ਨਹੀਂ ਹੋ ਸਕਦੀ। ਤਾਂ ਤੇ ਸਿਆਸੀ ਪੰਜਾਬ ਵਿਚ ਧਾਰਮਿਕ ਸੰਸਥਾਵਾਂ ਦੀ ਸੁਰੱਖਿਅਤਾ ਵਾਸਤੇ ਧਰਮ ਨਿਰਪੇਖਤਾ ਦੀ ਵਿਧਾਨਕਤਾ ਨੂੰ ਮਜਬੂਤ ਕਰਨਾ ਹੀ ਪਵੇਗਾ।

ਇਸ ਪਾਸੇ ਤੁਰਨ ਵਾਸਤੇ ਇਸ ਸਵਾਲ ਦੇ ਸਨਮੁਖ ਵੀ ਹੋਣਾ ਪੈਣਾ ਹੈ ਕਿ ਸੁਤੰਤਰ ਭਾਰਤ ਵਿਚ ਸਿੱਖ ਸਿਆਸਤ, ਪੰਥਕ ਸਿਆਸਤ ਹੋ ਜਾਣ ਤੱਕ ਕਦੋਂ ਤੇ ਕਿਵੇਂ ਪਹੁੰਚੀ? ਇਹ ਵੀ ਸੋਚਣਾ ਪੈਣਾ ਹੈ ਕਿ ਭਾਰਤੀ ਵਿਧਾਨ ਦੇ ਅੰਤਰਗਤ ਪੰਥਕ ਸਿਆਸਤ ਦਾ ਪ੍ਰਤੀਨਿਧ ਕੌਣ, ਕਿਵੇਂ ਅਤੇ ਕਿਉਂ ਹੋ ਸਕਦਾ ਹੈ? ਇਹ ਵੀ ਤਾਂ ਸੋਚਣਾ ਪਵੇਗਾ ਕਿ ਸਿੱਖਾਂ ਦੇ ਪੈਰੋਂ ਪੰਥਕ ਸਿਆਸਤ ਪੰਜਾਬੀ ਸੂਬੇ ਵਿਚ ਲਗਾਤਾਰ ਸਿਆਸੀ ਸੁਰ ਵਿਚ ਕਿਉਂ ਹਾਰਦੀ ਆ ਰਹੀ ਹੈ? ਇਹੋ ਜਿਹੀ ਹਾਲਤ ਵਿਚ ਕੈਪਟਨ ਅਮਰਿੰਦਰ ਸਿੰਘ ਬਾਦਲਕਿਆਂ ਦਾ ਸਿਆਸੀ ਬਦਲ ਕਿਵੇਂ ਹੋ ਗਿਆ?

ਸਮੇਟਣ ਲਈ ਪ੍ਰੋ. ਪੂਰਨ ਸਿੰਘ ਦੇ ਇਹ ਸ਼ਬਦ ਸਹਾਈ ਹੋ ਸਕਦੇ ਹਨ, "ਸਿੱਖੀ ਜੀਵਨ ਦਾ ਆਦਰਸ਼ ਤਾਂ ਰਾਜਨੀਤਕ ਦੰਭਾਂ ਤੇ ਹਲਕੇ ਹੋਏ ਭਰਮ-ਭੁਲੇਖਿਆਂ ਦੇ ਰਾਜਨੀਤਕ-ਆਰਥਕਤਾ ਦੇ ਚੱਕਰ ਤੋਂ ਉਲਟੀ ਦਸ਼ਾ ਵਿਚ ਚੱਲਣ ਵਿਚ ਹੈ, ਪਿਆਰ ਦੀ ਪਾਤਸ਼ਾਹਤ ਵਿਚ ਕੋਈ ਵੀ ਰਾਜਨੀਤਕ ਆਰਥਕਤਾ ਨਹੀਂ ਹੈ।"

*-ਡਾ. ਬਲਕਾਰ ਸਿੰਘ, ਪਟਿਆਲਾ*

# ਬਰਗਾੜੀ ਮੋਰਚਾ: ਲੀਡਰ ਦੀ ਘਾਟ

ਪਹਿਲੋਂ ਸੱਤ ਅਕਤੂਬਰ, ਫਿਰ ਚੌਦਾਂ ਅਕਤੂਬਰ ਨੂੰ ਪਿੰਡ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਾਸਤੇ ਬੇਸ਼ੁਮਾਰ ਸੰਗਤ ਦਾ ਇਕੱਠ ਹੋਇਆ। ਸ਼ਾਮਲ ਸਰੋਤਿਆਂ ਵਿਚ ਹਿੰਦੂ ਅਤੇ ਮੁਸਲਮਾਨ ਭਰਾਵਾਂ ਦੀ ਹਾਜਰੀ ਨੇ ਸਾਬਤ ਕਰ ਦਿੱਤਾ ਕਿ "ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ।"

ਇਸ ਤੋਂ ਪਹਿਲੋਂ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਚੱਬੇ ਵਿਚ ਦੋ ਲੱਖ ਤੋਂ ਵੱਧ ਗਿਣਤੀ ਵਿਚ ਗੁਰਬਾਣੀ ਪ੍ਰੇਮੀਆਂ ਦਾ ਇਕੱਠ ਹੋਇਆ ਸੀ। ਇਨ੍ਹਾਂ ਇਕੱਠਾਂ ਤੋਂ ਮੈਨੂੰ 1857 ਦਾ ਗਦਰ ਯਾਦ ਆਇਆ।

1849 ਵਿਚ ਪੰਜਾਬ ਅੰਗਰੇਜ਼ਾਂ ਹੱਥੋਂ ਹਾਰ ਗਿਆ ਤਾਂ ਗੋਰੀ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਗਠਿਤ ਫੌਜ ਤੋੜ ਦਿੱਤੀ, ਨਵੀਂ ਭਰਤੀ ਕੀਤੀ। ਗਦਰ ਦਬਾਉਣ ਵਾਸਤੇ ਨਿਕਲਸਨ ਆਪਣੀ ਸਾਰੀ ਫੌਜ ਲੈ ਕੇ ਦਿੱਲੀ ਵੱਲ ਚੱਲ ਪਿਆ। ਪੰਜਾਬ ਵਿਚ ਕੇਵਲ ਇਕ ਹਜ਼ਾਰ ਸਿਪਾਹੀ ਰਹਿ ਗਏ ਸਨ, ਉਹ ਵੀ ਇਸ ਕਰਕੇ ਕਿ ਬਿਮਾਰ ਸਨ, ਮੰਜੇ ਮੱਲੀ ਲੇਟੇ ਸਨ। ਛੇ ਮਹੀਨਿਆਂ ਤੱਕ ਪੰਜਾਬ ਵਿਚ ਮੈਦਾਨ ਖਾਲੀ ਪਿਆ ਰਿਹਾ, ਸਰਕਾਰ ਖਾਲਸਾ ਦੀ ਫੌਜ ਘਰਾਂ ਵਿਚ ਬੈਠੀ ਸੀ ਕਿਉਂਕਿ ਉਨ੍ਹਾਂ ਦਾ ਕੋਈ ਲੀਡਰ ਨਹੀਂ ਸੀ। ਲੀਡਰ ਹੁੰਦਾ, ਪੰਜਾਬ ਮੁੜ ਪੰਜਾਬੀਆਂ ਹੱਥ ਆ ਜਾਂਦਾ।

ਉਹੋ ਜਿਹਾ ਸੀਨ ਅੱਜ ਦਿਸਦਾ ਹੈ। ਗੁਰੂ ਗ੍ਰੰਥ ਸਾਹਿਬ ਸਨਮਾਨ ਮੁੱਦੇ 'ਤੇ ਪੰਜਾਬੀ ਵੋਟਰ ਕਾਂਗਰਸ ਅਤੇ ਅਕਾਲੀ ਦਲ-ਦੋਹਾਂ ਤੋਂ ਦੂਰ ਹੋ ਚੁਕਾ ਹੈ, ਵੱਡੀ ਗਿਣਤੀ ਦੀ ਇਸ ਸੰਗਤ ਕੋਲ ਅਜੇ ਵੀ ਕੋਈ ਇਕ ਲੀਡਰ ਨਹੀਂ ਹੈ।

*-ਡਾ. ਹਰਪਾਲ ਸਿੰਘ ਪੰਨੂ*
*ਕੇਂਦਰੀ ਯੂਨਵਿਰਸਿਟੀ, ਬਠਿੰਡਾ।*

# ਕਰਤਾਰਪੁਰ ਲਾਂਘਾ: ਨੀਅਤ ਅਤੇ ਨੀਤੀ

## ਭਖਦੇ ਮਸਲੇ

***ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਲਾਂਘਾ ਖੋਲ੍ਹਣ ਬਾਰੇ ਚਰਚਾ ਗਾਹੇ-ਬਗਾਹੇ ਚੱਲ ਰਹੀ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਅਸੁਖਾਵੇਂ ਰਿਸ਼ਤਿਆਂ ਕਾਰਨ ਇਸ ਬਾਰੇ ਢੰਗ ਨਾਲ ਕੋਈ ਗੱਲਬਾਤ ਅਜੇ ਅਰੰਭ ਨਹੀਂ ਹੋਈ ਹੈ। ਸ. ਨਰਿੰਦਰ ਸਿੰਘ ਢਿੱਲੋਂ ਨੇ ਆਪਣੇ ਇਸ ਲੇਖ ਵਿਚ ਇਸ ਮਸਲੇ ਬਾਰੇ ਭਾਵੁਕਤਾ ਤਿਆਗ ਕੇ ਠੋਸ ਤੱਥਾਂ ਦੇ ਆਧਾਰ 'ਤੇ ਗੱਲ ਅਗਾਂਹ ਤੋਰਨ ਦੀ ਤਾਕੀਦ ਕੀਤੀ ਹੈ। -ਸੰਪਾਦਕ***

ਕਰਤਾਰਪੁਰ ਪਾਕਿਸਤਾਨ ਵਿਚਲੇ ਪੰਜਾਬ ਵਿਚ ਭਾਰਤ ਨਾਲ ਲਗਦੀ ਸਰਹੱਦ ਤੋਂ ਲਗਭਗ 3-4 ਕਿਲੋਮੀਟਰ ਦੀ ਦੂਰੀ 'ਤੇ ਹੈ। ਇਹ ਭਾਰਤੀ ਇਲਾਕੇ ਅੰਦਰ ਡੇਰਾ ਬਾਬਾ ਨਾਨਕ ਲਾਗੇ ਬਣੇ ਧੁੱਸੀ ਬੰਨ੍ਹ 'ਤੇ ਖਲੋ ਕੇ ਆਸਾਨੀ ਨਾਲ ਵੇਖਿਆ ਜਾ ਸਕਦਾ ਹੈ। ਇਥੇ ਰਾਵੀ ਦਰਿਆ ਪਾਕਿਸਤਾਨ ਖੇਤਰ ਵਿਚ ਹੈ ਅਤੇ ਦਰਿਆ ਦੇ ਪਾਕਿਸਤਾਨ ਵਾਲੇ ਪਾਸੇ ਗੁਰਦੁਆਰਾ ਸਾਹਿਬ ਕਰਤਾਰਪੁਰ ਹੈ। ਧੁੱਸੀ ਬੰਨ੍ਹ ਰਾਵੀ ਦਰਿਆ ਦੇ ਭਾਰਤੀ ਇਲਾਕੇ ਵਿਚ ਮਾਰ ਕਰਨ ਤੋਂ ਪਾਣੀ ਨੂੰ ਰੋਕਣ ਲਈ ਬਣਾਇਆ ਗਿਆ ਸੀ ਅਤੇ ਇਹ ਭਾਰਤੀ ਫੌਜ ਦੀ ਸੁਰੱਖਿਆ ਲਾਈਨ ਵੀ ਹੈ। ਹਰ ਰੋਜ਼ ਵੱਡੀ ਗਿਣਤੀ

**ਨਰਿੰਦਰ ਸਿੰਘ ਢਿੱਲੋਂ**
**ਫੋਨ: 403-616-4032**

ਵਿਚ ਲੋਕ ਇਸ ਬੰਨ੍ਹ ਉਤੇ ਖਲੋ ਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਦੇ ਹਨ। ਇਸ ਲਈ ਹੁਣ ਉਸ ਥਾਂ ਨੂੰ ਪੱਕਾ ਕਰਕੇ ਫੌਜ ਵਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਦੂਰਬੀਨ ਦਾ ਪ੍ਰਬੰਧ ਵੀ ਕੀਤਾ ਗਿਆ ਹੈ, ਜਿਸ ਨਾਲ ਲੋਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਵੀ ਕਰ ਲੈਂਦੇ ਹਨ।

ਇਸ ਜਗ੍ਹਾ ਤੋਂ ਲਗਭਗ ਇਕ ਫਰਲਾਂਗ ਅੱਗੇ ਪਾਕਿਸਤਾਨ-ਭਾਰਤ ਸਰਹੱਦ ਹੈ। ਪਾਕਿਸਤਾਨ ਵਿਚਲਾ ਇਹ ਇਲਾਕਾ ਨਾਰੋਵਾਲ ਜ਼ਿਲ੍ਹੇ ਦਾ ਹਿੱਸਾ ਹੈ। ਇਤਿਹਾਸ ਮੁਤਾਬਕ ਗੁਰੂ ਨਾਨਕ ਨੇ ਜ਼ਿੰਦਗੀ ਦੇ ਆਖਰੀ 18-20 ਸਾਲ ਇਥੇ ਹੀ ਬਿਤਾਏ, ਖੇਤੀ ਕੀਤੀ ਅਤੇ ਲੋਕਾਂ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ 1522 ਈਸਵੀ ਵਿਚ ਇਥੇ ਛੋਟੀ ਜਿਹੀ ਇਮਾਰਤ ਬਣਾਈ ਸੀ, ਜਿਥੇ ਉਨ੍ਹਾਂ ਦੇ ਦਰਸ਼ਨਾਂ ਲਈ ਸੰਗਤ ਆ ਕੇ ਬੈਠਦੀ ਸੀ ਅਤੇ ਗੁਰੂ ਜੀ ਇਥੇ ਹੀ ਜੋਤੀ ਜੋਤ ਸਮਾਏ ਸਨ। ਉਨ੍ਹਾਂ ਦਾ 550ਵਾਂ ਪ੍ਰਕਾਸ਼ ਉਤਸਵ ਨਵੰਬਰ 2019 ਵਿਚ ਮਨਾਇਆ ਜਾ ਰਿਹਾ ਹੈ।

ਗੁਰਦੁਆਰਾ ਕਰਤਾਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦਾ ਮੁੱਦਾ ਸਭ ਤੋਂ ਪਹਿਲਾਂ ਬਜ਼ੁਰਗ ਅਕਾਲੀ ਆਗੂ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੇ ਚੁੱਕਿਆ ਸੀ। ਉਹ ਹਰ ਮੱਸਿਆ 'ਤੇ ਆਪਣੇ ਸਾਥੀਆਂ ਸਮੇਤ ਜਾਂਦੇ ਸਨ ਅਤੇ ਡੇਰਾ ਬਾਬਾ ਨਾਨਕ ਗੁਰਦੁਆਰਾ ਸਾਹਿਬ ਮੱਥਾ ਟੇਕਣ ਤੋਂ ਬਾਅਦ ਧੁੱਸੀ ਬੰਨ੍ਹ 'ਤੇ ਖਲੋ ਕੇ ਅਰਦਾਸ ਕਰਦੇ ਸਨ। ਜਥੇਦਾਰ ਵਡਾਲਾ ਦੇ ਦੇਹਾਂਤ ਤੋਂ ਬਾਅਦ ਵੀ ਉਸ ਦੇ ਸਹਿਯੋਗੀਆਂ ਨੇ ਇਹ ਰਵਾਇਤ ਜਾਰੀ ਰੱਖੀ ਅਤੇ 9 ਅਕਤੂਬਰ 2018 ਨੂੰ 213ਵੀਂ ਅਰਦਾਸ ਕੀਤੀ ਗਈ।

ਇਹ ਮਾਮਲਾ ਉਸ ਸਮੇਂ ਖੂਬ ਭਖ ਗਿਆ ਜਦੋਂ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਕੁਝ ਸਮਾਂ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਹਲਫਦਾਰੀ ਸਮਾਗਮ ਵਿਚ ਸ਼ਾਮਲ ਹੋਣ ਲਈ ਪਾਕਿਸਤਾਨ ਗਏ, ਜਿਥੇ ਪਾਕਿਸਤਾਨੀ ਫੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ। ਸਿੱਧੂ ਮੁਤਾਬਕ ਜਨਰਲ ਬਾਜਵਾ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਉਤਸਵ 'ਤੇ ਕਰਤਾਰਪੁਰ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹ ਦੇਣਗੇ। ਸਿੱਧੂ ਨੇ ਭਾਰਤ ਆ ਕੇ ਇਹ ਬਿਆਨ ਦਿੱਤਾ ਤਾਂ ਉਨ੍ਹਾਂ ਦੇ ਹੱਕ ਅਤੇ ਵਿਰੋਧ ਵਿਚ ਬਿਆਨਬਾਜ਼ੀ ਵਿਚ ਕਰਤਾਰਪੁਰ ਲਾਂਘੇ ਦਾ ਮੁੱਦਾ ਕੇਂਦਰ ਬਿੰਦੂ ਬਣ ਗਿਆ।

ਇਸ ਤੋਂ ਬਾਅਦ ਇਸ ਮੁੱਦੇ 'ਤੇ ਸਿਆਸਤ ਹੋਣੀ ਸ਼ੁਰੂ ਹੋ ਗਈ। ਪੰਜਾਬ ਵਿਚ ਅਤਿਵਾਦ ਵਾਲੇ ਦੌਰ ਤੋਂ ਪਹਿਲਾਂ ਪਾਕਿਸਤਾਨ ਜਾਣਾ ਕੋਈ ਔਖਾ ਕਾਰਜ ਨਹੀਂ ਸੀ। ਭਾਰਤੀ ਅਤੇ ਪਾਕਿਸਤਾਨੀ ਕਿਸਾਨ ਅਕਸਰ ਇਕ ਦੂਜੇ ਨੂੰ ਮਿਲ ਕੇ ਗੱਲਬਾਤ ਕਰ ਲੈਂਦੇ ਸਨ। ਨਾਜਾਇਜ਼ ਧੰਦਾ ਕਰਨ ਵਾਲਿਆਂ ਦੇ ਵੀ ਇਧਰ-ਉਧਰ ਜਾਣ ਦੇ ਚਰਚੇ ਚਲਦੇ ਰਹਿੰਦੇ ਸਨ। 1947 ਦੀ ਭਾਰਤ-ਪਾਕਿਸਤਾਨ ਵੰਡ ਵੇਲੇ ਭਾਵੇਂ ਦੋਹੀਂ ਪਾਸੀਂ ਭਾਰੀ ਕਤਲੋਗਾਰਤ ਹੋਈ ਸੀ, ਫਿਰ ਵੀ ਦੋਹਾਂ ਦੇਸ਼ਾਂ ਦੇ ਲੋਕ ਇਕ ਦੂਜੇ ਨੂੰ ਮਿਲ ਕੇ ਖੁਸ਼ੀ ਮਹਿਸੂਸ ਕਰਦੇ ਹਨ ਤੇ ਮੇਲ-ਜੋਲ ਚਾਹੁੰਦੇ ਹਨ। ਪਹਿਲਾਂ ਤਾਂ ਇਹ ਵੀ ਚਰਚਾ ਸੀ ਕਿ ਕੁਝ ਨੌਜੁਆਨ ਪਾਕਿਸਤਾਨ ਵਿਚੋਂ ਹਥਿਆਰਾਂ ਦੀ ਸਿਖਲਾਈ ਲੈ ਕੇ ਆਏ ਸਨ ਪਰ ਹੁਣ ਸਰਹੱਦ 'ਤੇ ਸੁਰੱਖਿਆ ਵਜੋਂ ਮਜ਼ਬੂਤ ਕੰਡੇਦਾਰ ਤਾਰ ਲੱਗੀ ਹੋਈ ਹੈ, ਜਿਸ ਕਰਕੇ ਇਧਰ ਉਧਰ ਜਾਣਾ ਅਸੰਭਵ ਹੈ।

ਹੁਣ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਮੁੱਦੇ 'ਤੇ ਸਿਆਸਤ ਹੋਣੀ ਹੀ ਸੀ। ਹਰ ਕੋਈ ਆਪਣਾ ਸਿਆਸੀ ਲਾਹਾ ਲੈਣਾ ਚਾਹੁੰਦਾ ਹੈ। ਨਵਜੋਤ ਸਿੰਘ ਸਿੱਧੂ ਨੇ ਹਕੀਕਤਾਂ ਨੂੰ ਨਜ਼ਰਅੰਦਾਜ਼ ਕਰਕੇ ਬੇਲੋੜੀ ਬਿਆਨਬਾਜ਼ੀ ਕੀਤੀ। ਵਿਰੋਧੀ ਉਸ ਉਤੇ ਕਈ ਤਰ੍ਹਾਂ ਦੀ ਇਲਜ਼ਾਮ-ਤਰਾਸ਼ੀ ਕਰ ਰਹੇ ਹਨ। ਅਸਲ ਵਿਚ ਹਕੀਕੀ ਹਾਲਾਤ ਤੋਂ ਲੋਕਾਂ ਨਾਲ ਕੋਈ ਵੀ ਗੱਲ ਨਹੀਂ ਕਰ ਰਿਹਾ ਅਤੇ ਮਸਲੇ ਨੂੰ ਗਲਤ ਪਾਸੇ ਨੂੰ ਤੂਲ ਦਿੱਤੀ ਜਾ ਰਹੀ ਹੈ।

ਪਾਕਿਸਤਾਨ ਵਿਚਲੇ ਗੁਰਦੁਆਰੇ ਸਿੱਖਾਂ ਲਈ ਖਿੱਚ ਦਾ ਕੇਂਦਰ ਰਹੇ ਹਨ। ਜੇ ਕਰਤਾਰਪੁਰ ਲਈ ਲਾਂਘੇ ਦੀ ਇਜਾਜ਼ਤ ਮਿਲਦੀ ਹੈ ਤਾਂ ਸਿੱਖਾਂ ਹੀ ਨਹੀਂ, ਸਮੁੱਚੇ ਪੰਜਾਬੀਆਂ ਲਈ ਇਹ ਖੁਸ਼ੀ ਅਤੇ ਸਵਾਗਤਯੋਗ ਕਦਮ ਹੋਵੇਗਾ ਪਰ ਭਾਰਤ ਅਤੇ ਪਾਕਿਸਤਾਨ ਦਰਮਿਆਨ ਕੁੜਿੱਤਣ ਭਰੇ ਰਿਸ਼ਤਿਆਂ ਕਾਰਨ ਇਹ ਸੰਭਵ ਨਹੀਂ ਹੈ।

ਸਤੰਬਰ ਮਹੀਨੇ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਸੁਝਾਅ ਦਿੱਤਾ ਸੀ ਕਿ ਸਤੰਬਰ ਦੇ ਅਖੀਰ ਵਿਚ ਅਮਰੀਕਾ ਵਿਚ ਯੂ.ਐਨ.ਓ. ਦੇ ਇਜਲਾਸ ਦੌਰਾਨ ਦੋਹਾਂ ਦੇ ਵਿਦੇਸ਼ ਮੰਤਰੀ ਆਪਸ ਵਿਚ ਮੀਟਿੰਗ ਕਰ ਲੈਣ। ਮੀਡੀਆ ਮੁਤਾਬਕ ਭਾਰਤ ਨੇ ਪਾਕਿਸਤਾਨ ਦੀ ਇਸ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਸੀ ਲੇਕਿਨ ਇਸ ਤੋਂ ਇਕ ਦਿਨ ਬਾਅਦ ਹੀ ਪਾਕਿਸਤਾਨੀ ਫੌਜ ਵਲੋਂ ਕੀਤੀਆਂ ਸਰਹੱਦੀ ਉਲੰਘਣਾਵਾਂ ਅਤੇ ਪਾਕਿਸਤਾਨੀ ਸ਼ਹਿ ਪ੍ਰਾਪਤ ਅਤਿਵਾਦੀਆਂ ਵਲੋਂ ਜੰਮੂ ਕਸ਼ਮੀਰ 'ਚ ਸੁਰੱਖਿਆ ਮੁਲਾਜ਼ਮਾਂ ਦੇ ਕੀਤੇ ਕਤਲ ਦੀਆਂ ਘਟਨਾਵਾਂ ਕਰ ਕੇ ਭਾਰਤ ਨੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਤੋਂ ਇਨਕਾਰ ਕਰ ਦਿੱਤਾ।

ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਬਿਨਾ ਵੀਜ਼ਾ ਲਾਂਘਾ ਖੋਲ੍ਹਣ ਦੇ ਦਾਅਵੇ ਭਾਵੇਂ ਕਰੀ ਜਾਣ, ਜਾਂ ਜੋ ਮਰਜ਼ੀ ਸਬਜ਼ਬਾਗ ਵਿਖਾਈ ਜਾਣ, ਇਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਅਤੇ ਲੋਕਾਂ ਨੂੰ ਮੂਰਖ ਬਣਾਉਣ ਤੋਂ ਬਿਨਾ ਕੁਝ ਵੀ ਨਹੀਂ ਹੈ। ਜਿੰਨਾ ਚਿਰ ਦੋਵੇਂ ਸਰਕਾਰਾਂ ਬੈਠ ਕੇ ਇਸ ਮੁੱਦੇ 'ਤੇ ਵਿਚਾਰ ਕਰਕੇ ਕਿਸੇ ਸਿੱਟੇ 'ਤੇ ਨਹੀਂ ਪਹੁੰਚਦੀਆਂ, ਲਾਂਘਾ ਖੁੱਲ੍ਹਣਾ ਸੰਭਵ ਨਹੀਂ ਅਤੇ ਅੱਜ ਦੇ ਸਿਆਸੀ ਹਾਲਾਤ ਮੁਤਾਬਕ ਅਜੇ ਦੋਹੇਂ ਦੇਸ਼ ਇਕੱਠੇ ਬਹਿਣ ਦੀ ਅਵਸਥਾ 'ਚ ਨਹੀਂ। ਹੁਣ ਪਾਕਿਸਤਾਨ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਮੁਹੰਮਦ ਫੈਸਲ, ਜੋ ਪਹਿਲਾਂ ਇਹ ਕਹਿ ਰਿਹਾ ਸੀ ਕਿ ਲਾਂਘਾ ਜਲਦੀ ਖੋਲ੍ਹ ਰਹੇ ਹਨ, ਨੇ ਕਹਿ ਦਿੱਤਾ ਹੈ ਕਿ ਦੋਹਾਂ ਦੇਸ਼ਾਂ ਦੀ ਆਪਸੀ ਗੱਲਬਾਤ ਪਿਛੋਂ ਹੀ ਕੋਈ ਕਾਰਵਾਈ ਹੋ ਸਕਦੀ ਹੈ।

ਅਸਲ ਵਿਚ, ਭਾਰਤ ਨੂੰ ਅਮਰੀਕਾ ਵਿਚ ਵਿਦੇਸ਼ ਮੰਤਰੀਆਂ ਦੀ ਮੀਟਿੰਗ ਰੱਦ ਨਹੀਂ ਸੀ ਕਰਨੀ ਚਾਹੀਦੀ। ਕਰਤਾਰਪੁਰ ਲਾਂਘਾ ਵੱਖਰਾ ਮੁੱਦਾ ਹੈ। ਉਂਜ ਵੀ, ਦੋਹਾਂ ਦੇਸ਼ਾਂ ਵਿਚ ਆਪਸੀ ਸਬੰਧ ਸੁਧਰਨੇ ਚਾਹੀਦੇ ਹਨ। ਵੱਡੀਆਂ ਵੱਡੀਆਂ ਜੰਗਾਂ ਤੋਂ ਬਾਅਦ ਵੀ ਤਾਂ ਝਗੜਾ ਗੱਲਬਾਤ ਰਾਹੀਂ ਹੀ ਮੁੱਕਦਾ ਹੈ। ਨਾਲੇ ਇਮਰਾਨ ਖਾਨ ਨਵਾਂ ਨਵਾਂ ਪ੍ਰਧਾਨ ਮੰਤਰੀ ਬਣਿਆ ਹੈ, ਭਾਵੇਂ ਚਰਚਾ ਇਹੀ ਹੈ ਕਿ ਉਹ ਫੌਜ ਦੇ ਮੋਢਿਆਂ 'ਤੇ ਚੜ੍ਹ ਕੇ ਸਰਕਾਰ ਬਣਾ ਸਕਿਆ ਹੈ, ਫਿਰ ਵੀ ਗੱਲਬਾਤ ਦਾ ਮੌਕਾ ਦੇਣ ਵਿਚ ਕੋਈ ਹਰਜ ਨਹੀਂ ਸੀ। ਇਹ ਵੀ ਹੋ ਸਕਦਾ ਸੀ ਕਿ ਅਗਾਂਹ ਗੱਲਬਾਤ ਲਈ ਸੁਖਾਵਾਂ ਮਾਹੌਲ ਬਣ ਜਾਂਦਾ।

ਇਹ ਵੀ ਤੱਥ ਹੈ ਕਿ ਪਾਕਿਸਤਾਨ ਦੀ ਨੀਅਤ ਅਤੇ ਨੀਤੀ-ਦੋਵੇਂ ਹੀ ਸ਼ੱਕੀ ਹਨ। ਪੰਜਾਬ ਵਿਚ



*ਗੁਰਦੁਆਰਾ ਕਰਤਾਰਪੁਰ ਸਾਹਿਬ*

ਜਦ ਬੰਦੂਕਧਾਰੀ ਜੋਬਨ 'ਤੇ ਸਨ ਤਾਂ ਪਾਕਿਸਤਾਨ ਜ਼ਾਹਰਾ ਤੌਰ 'ਤੇ ਉਨ੍ਹਾਂ ਦੀ ਪਿੱਠ ਉਤੇ ਸੀ। ਇਹ ਵੀ ਚਰਚਾ ਸੀ ਕਿ ਕੁਝ ਪੰਜਾਬੀ ਨੌਜੁਆਨ ਉਥੋਂ ਹਥਿਆਰਾਂ ਦੀ ਸਿਖਲਾਈ ਲੈ ਕੇ ਆਏ ਸਨ। ਹੁਣ ਵੀ ਕਦੇ ਕਦਾਈਂ ਮੀਡੀਆ ਵਿਚ ਇਹ ਖਬਰ ਆਉਂਦੀ ਹੈ ਕਿ ਕੁਝ ਨਾਮਵਰ ਭਗੌੜੇ ਪਾਕਿਸਤਾਨ ਵਿਚ ਰਹਿ ਰਹੇ ਹਨ, ਜਿਥੇ ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਮਿਲਦੀਆਂ ਹੈ। ਜੰਮੂ ਕਸ਼ਮੀਰ ਵਿਚ ਜੋ ਕੁਝ ਹੋ ਰਿਹਾ ਹੈ, ਉਹ ਵੀ ਪਾਕਿਸਤਾਨੀ ਫੌਜ ਅਤੇ ਖੁਫੀਆ ਏਜੰਸੀ ਆਈ.ਐਸ.ਆਈ. ਦੀ ਅਗਵਾਈ ਵਿਚ ਹੋ ਰਿਹਾ ਹੈ। ਜਦ ਵੀ ਭਾਰਤ-ਪਾਕਿਸਤਾਨ ਵਿਚਕਾਰ ਆਪਸੀ ਗੱਲਬਾਤ ਦੀ ਸੰਭਾਵਨਾ ਬਣਦੀ ਹੈ, ਇਹ ਦੋਵੇਂ ਏਜੰਸੀਆਂ ਕਿਸੇ ਨਾ ਕਿਸੇ ਵਾਰਦਾਤ ਨੂੰ ਅੰਜਾਮ ਦੇ ਕੇ ਰੁਕਾਵਟ ਪੈਦਾ ਕਰਦੀਆਂ ਹਨ। 2016 ਵਿਚ ਪਾਕਿਸਤਾਨ ਦੇ ਸ਼ਹਿਰ ਇਸਲਾਮਾਬਾਦ ਵਿਚ ਸਾਰਕ ਸੰਮੇਲਨ ਹੋਣਾ ਸੀ ਪਰ ਪਾਕਿਸਤਾਨੀ ਅਤਿਵਾਦੀਆਂ ਨੇ ਭਾਰਤ ਦੇ ਉੜੀ ਸੈਕਟਰ ਵਿਚ ਫੌਜੀ ਕੈਂਪ 'ਤੇ ਹਮਲਾ ਕਰ ਦਿਤਾ ਜਿਸ ਕਰਕੇ ਭਾਰਤ ਨੇ ਸਾਰਕ ਸੰਮੇਲਨ ਵਿਚ ਹਿੱਸਾ ਲੈਣਾ ਤੋਂ ਇਨਕਾਰ ਕਰ ਦਿੱਤਾ। ਇਸ ਦੇ ਨਾਲ ਹੀ ਅਫਗਾਨਿਸਤਾਨ, ਭੂਟਾਨ ਅਤੇ ਬੰਗਲਾਦੇਸ਼ ਨੇ ਜਾਣ ਤੋਂ ਨਾਂਹ ਕਰ ਦਿੱਤੀ ਤੇ ਸੰਮੇਲਨ ਨਾ ਹੋ ਸਕਿਆ।

ਪਾਕਿਸਤਾਨ ਦੀ ਵਿਦੇਸ਼ ਨੀਤੀ ਅਤੇ ਦਹਿਸ਼ਤਵਾਦ ਸਬੰਧੀ ਨੀਤੀ ਮੁੱਖ ਤੌਰ 'ਤੇ ਫੌਜ ਅਤੇ ਆਈ.ਐਸ.ਆਈ. ਹੀ ਨਿਰਧਾਰਤ ਕਰਦੀਆਂ ਹਨ। ਪਾਕਿਸਤਾਨ ਗੱਲਾਂ ਤਾਂ ਗੁਆਂਢੀ ਦੇਸ਼ਾਂ ਨਾਲ ਸੁਖਾਵੇਂ ਰਿਸ਼ਤਿਆਂ ਦੀ ਕਰਦਾ ਹੈ ਪਰ ਲੰਮੇ ਸਮੇਂ ਤੋਂ ਭਾਰਤ-ਅਫਗਾਨਿਸਤਾਨ ਸੰਪਰਕ ਲਾਈਨ ਰੋਕ ਕੇ ਖੜ੍ਹਾ ਹੈ। ਉਂਜ, ਭਾਰਤ ਨੂੰ ਪਾਕਿਸਤਾਨ ਪ੍ਰਤੀ ਦੋ ਧਾਰੀ ਨੀਤੀ ਰੱਖਣ ਦੀ ਲੋੜ ਹੈ। ਗੱਲਬਾਤ ਦਾ ਰਾਹ ਵੀ ਬੰਦ ਕਰਨਾ ਕੋਈ ਸਥਾਈ ਹੱਲ ਨਹੀਂ ਹੈ। ਗੱਲਬਾਤ ਵੀ ਜਾਰੀ ਰੱਖੀ ਜਾਵੇ ਅਤੇ ਸਰਹੱਦੀ ਉਲੰਘਣਾਵਾਂ ਦਾ ਵੀ ਠੋਕਵਾਂ ਜਵਾਬ ਦਿੱਤਾ ਜਾਵੇ। ਗੱਲਬਾਤ ਵਿਚ ਵੀ ਠਿੱਠ ਕੀਤਾ ਜਾਵੇ ਤੇ ਪ੍ਰਸ਼ਾਸਨਿਕ ਕਾਰਵਾਈ ਵਿਚ ਵੀ। ਇਸ ਨਾਲ ਪਾਕਿਸਤਾਨ ਫੌਜ ਅਤੇ ਆਈ.ਐਸ.ਆਈ. ਦੇ ਗੱਲਬਾਤ ਰੋਕਣ ਦੇ ਮਨਸੂਬੇ ਵੀ ਨਾਕਾਮ ਹੋਣਗੇ ਤੇ ਗੱਲਬਾਤ ਠੀਕ ਪਾਸੇ ਤੁਰਨ ਦੀਆਂ ਸੰਭਾਵਨਾਵਾਂ ਵੀ ਬਣ ਸਕਦੀਆਂ ਹਨ।

ਲਾਂਘਾ ਖੋਲ੍ਹਣ ਸਬੰਧੀ ਜਿਥੋਂ ਤਕ ਭਾਰਤ ਦੀ ਕੇਂਦਰ ਸਰਕਾਰ ਦਾ ਸਬੰਧ ਹੈ, ਇਸ ਸਰਕਾਰ ਦੀ ਅਗਵਾਈ ਕਰ ਰਹੀ ਭਾਜਪਾ ਦੀ ਵੀ ਨਾ ਤਾਂ ਨੀਅਤ ਠੀਕ ਹੈ, ਨਾ ਹੀ ਨੀਤੀ। ਇਹ ਪਾਰਟੀ ਆਰ.ਐਸ.ਐਸ. ਦੇ ਇਸ਼ਾਰੇ 'ਤੇ ਪਿਛਲੇ ਸਮੇਂ ਤੋਂ ਜਿਵੇਂ ਦੇਸ਼ ਵਿਚ ਘੱਟ ਗਿਣਤੀਆਂ ਵਿਰੁਧ ਮੁਹਿੰਮ ਚਲਾ ਰਹੀ ਹੈ, ਉਸ ਤੋਂ ਇਸ ਦੇ ਖਤਰਨਾਕ ਮਨਸੂਬੇ ਸਪਸ਼ਟ ਹੋ ਜਾਂਦੇ ਹਨ। ਜੇ ਪਾਕਿਸਤਾਨ ਨਾਲ ਸਬੰਧ ਸੁਖਾਵੇਂ ਵੀ ਹੁੰਦੇ ਤਾਂ ਵੀ ਇਸ ਗੱਲ ਦੀ ਸੰਭਾਵਨਾ ਨਹੀਂ ਸੀ ਕਿ ਭਾਰਤ ਸਰਕਾਰ ਲਾਂਘਾ ਖੋਲ੍ਹਣ ਲਈ ਜਲਦੀ ਸਹਿਮਤ ਹੋ ਜਾਂਦੀ। ਪੰਜਾਬ ਵਿਚ ਭਾਜਪਾ ਦੀ ਭਾਈਵਾਲ ਅਤੇ ਆਪਣੇ ਆਪ ਨੂੰ ਪੰਥਕ ਪਾਰਟੀ ਕਹਿੰਦੀ ਸ਼੍ਰੋਮਣੀ ਅਕਾਲੀ ਦਲ ਕੇਂਦਰ ਸਰਕਾਰ 'ਤੇ ਇਸ ਮੁੱਦੇ 'ਤੇ ਦਬਾਅ ਪਾਉਣ ਦੀ ਹਾਲਤ ਵਿਚ ਨਹੀਂ। ਉਨ੍ਹਾਂ ਨੂੰ ਡਰ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਰਾਜ਼ ਹੋ ਕੇ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਵਜ਼ੀਰੀ ਤੋਂ ਲਾਂਭੇ ਨਾ ਕਰ ਦੇਵੇ। 2014 ਦੀਆਂ ਲੋਕ ਸਭਾ ਚੋਣਾਂ ਵੇਲੇ ਬਾਦਲ ਪਿਉ-ਪੁੱਤ ਇਹ ਟਾਹਰਾਂ ਮਾਰਦੇ ਸੀ ਕਿ ਲੋਕੋ, ਨਰੇਂਦਰ ਮੋਦੀ ਦੀ ਸਰਕਾਰ ਬਣਾ ਦਿਉ, ਅਸੀਂ ਪੰਜਾਬ ਵਾਸਤੇ ਨੋਟਾਂ ਦੇ ਟਰੱਕ ਭਰ ਭਰ ਕੇ ਲਿਆਵਾਂਗੇ। ਮੋਦੀ ਨੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਟਰੱਕ ਨੋਟਾਂ ਦਾ ਤਾਂ ਕੀ ਦੇਣਾ ਸੀ, ਟਰੰਕ ਵੀ ਨਹੀਂ ਦਿੱਤਾ ਅਤੇ ਬਾਦਲ ਪਿਉ-ਪੁੱਤ ਕੁਸਕੇ ਤਕ ਨਹੀਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਉਤੇ ਇਸ ਵੇਲੇ ਅਕਾਲੀ ਦਲ, ਭਾਵ ਬਾਦਲ ਪਰਿਵਾਰ ਦਾ ਕਬਜ਼ਾ ਹੈ ਅਤੇ ਇਨ੍ਹਾਂ ਧਾਰਮਿਕ ਸੰਸਥਾਵਾਂ ਨੂੰ ਆਪਣੀ ਸਿਆਸਤ ਅਧੀਨ ਕਰਕੇ ਇਨ੍ਹਾਂ ਦੇ ਵੱਕਾਰ ਤੇ ਰਵਾਇਤਾਂ ਨੂੰ ਬੁਰੀ ਤਰ੍ਹਾਂ ਢਾਹ ਲਾਈ ਹੈ। ਭਾਜਪਾ ਦੇ ਭਾਈਵਾਲ ਹੋਣ ਕਰਕੇ ਵੀ ਬਾਦਲਾਂ ਨੇ ਦਬਾਅ ਨਹੀਂ ਸੀ ਪਾਉਣਾ ਅਤੇ ਇਹ ਮੁੱਦਾ ਫਿਰ ਵੀ ਸਿਆਸਤ ਦੀ ਭੇਟ ਚੜ੍ਹ ਜਾਣਾ ਸੀ।

ਵੈਸੇ ਵੀ ਕੇਂਦਰ ਵਿਚ ਭਾਵੇਂ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੋਵੇ, ਭਾਵੇਂ ਕਾਂਗਰਸ ਦੀ; ਪੰਜਾਬ ਨਾਲ ਸਬੰਧਤ ਮੁੱਦਿਆਂ ਦਾ ਹੱਲ ਕਰਨ ਦੀ ਥਾਂ ਉਲਝਾ ਕੇ ਰਖਿਆ ਗਿਆ ਹੈ। ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖਣੇ, ਪਾਣੀਆਂ ਦਾ ਮੁੱਦਾ, ਚੰਡੀਗੜ੍ਹ, ਪੰਜਾਬੀ ਭਾਸ਼ਾ, ਸਨਅਤੀ ਪੈਕੇਜ ਨਾ ਦੇਣਾ, ਖੇਤੀ ਜਿਣਸਾਂ ਦੇ ਯੋਗ ਮੁੱਲ ਨਿਰਧਾਰਤ ਨਾ ਕਰਨੇ ਆਦਿ ਅਜਿਹੇ ਮੁੱਦੇ ਹਨ, ਜਿਨ੍ਹਾਂ ਨੂੰ ਗੌਲਿਆ ਨਹੀਂ ਜਾ ਰਿਹਾ। ਕਰਤਾਰਪੁਰ ਸਾਹਿਬ ਦਾ ਮੁੱਦਾ ਜਿਵੇਂ ਹੁਣ ਉਲਝ ਗਿਆ, ਇਸ ਦਾ ਜਲਦੀ ਹੱਲ ਹੋਣ ਦੀ ਉਮੀਦ ਨਹੀਂ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਭਾਰਤ ਗੁਰਦੁਆਰਾ ਸਾਹਿਬ ਕਰਤਾਰਪੁਰ ਬਦਲੇ ਆਪਣਾ ਹੋਰ ਇਲਾਕਾ ਪਾਕਿਸਤਾਨ ਨੂੰ ਦੇਵੇ। ਅੱਜ ਦੇ ਹਾਲਾਤ ਵਿਚ ਇਹ ਤਰਕਹੀਣ ਦਲੀਲ ਹੈ ਅਤੇ ਭਾਰਤ-ਪਾਕਿਸਤਾਨ ਸਬੰਧਾਂ ਨੂੰ ਘਟਾ ਕੇ ਵੇਖਣ ਦੇ ਤੁਲ ਹੈ। ਇਹ ਮੁੱਦਾ ਸਿੱਖਾਂ ਲਈ ਤਾਂ ਅਹਿਮ ਹੋ ਸਕਦਾ ਹੈ ਪਰ ਜਦ ਦੋਹਾਂ ਦੇਸ਼ਾਂ ਦੇ ਚੌਖਟੇ ਵਿਚ ਰੱਖ ਕੇ ਵੇਖਿਆ ਜਾਵੇ ਤਾਂ ਇਹ ਮੁੱਦਾ ਬਹੁਤਾ ਅਹਿਮ ਨਹੀਂ ਹੈ। ਜੇ ਪਾਕਿਸਤਾਨ ਵੀ ਇਹ ਮੰਗ ਰੱਖ ਦੇਵੇ ਕਿ ਉਨ੍ਹਾਂ ਦੀ ਫਲਾਣੇ ਪੀਰ ਦੀ ਦਰਗਾਹ ਲਈ ਲਾਂਘਾ ਖੋਲ੍ਹ ਦਿਉ ਜਾਂ ਥਾਂ ਦਾ ਵਟਾਂਦਰਾ ਕਰ ਲਉ ਤਾਂ ਕੀ ਭਾਰਤ ਕਰ ਲਵੇਗਾ? ਇਸ ਲਈ ਸਾਨੂੰ ਆਧਾਰਹੀਣ ਦਲੀਲਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਸੰਤੁਲਤ ਪਹੁੰਚ ਅਪਨਾਉਣੀ ਚਾਹੀਦੀ ਹੈ।

ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਦਾ ਹੈ ਕਿ ਨਹੀਂ, ਇਹ ਦੋਹਾਂ ਦੇਸ਼ਾਂ ਦੀ ਨੀਅਤ ਅਤੇ ਨੀਤੀ 'ਤੇ ਨਿਰਭਰ ਕਰਦਾ ਹੈ, ਲੇਕਿਨ ਸਾਨੂੰ ਅੱਜ ਹੀ ਆਪਣੀ ਬੁੱਕਲ ਵਿਚ ਝਾਤੀ ਮਾਰਨੀ ਚਾਹੀਦੀ ਹੈ ਕਿ ਅਸੀਂ ਬਾਬੇ ਨਾਨਕ ਦੇ ਸੰਦੇਸ਼ 'ਤੇ ਚਲ ਕੇ ਉਨ੍ਹਾਂ ਦੇ ਪਵਿਤਰ ਸਥਾਨ 'ਤੇ ਮੱਥਾ ਟੇਕਣ ਦੇ ਯੋਗ ਵੀ ਹਾਂ? ਸਾਡਾ ਸਭ ਦਾ ਭਲਾ ਇਸੇ ਵਿਚ ਹੀ ਹੈ।

**ਤੰਦੂਰੀਏ ਦੀ ਲੋੜ ਹੈ**

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ**

**ਪਤੀ-ਪਤਨੀ ਨੂੰ ਪਹਿਲ**

***ਸੰਪਰਕ ਕਰੋ: ਮਿ. ਸਿੰਘ***

**ਫੋਨ: 515-291-1961**

42-43

**Khalsa USA Inc.**

**We are hiring owner operators and (CDL) Drivers**

***All 48 States *We Pay Weekly**

**ਓਨਰ ਆਪਰੇਟਰਾਂ ਅਤੇ (CDL) ਡਰਾਈਵਰਾਂ ਦੀ ਲੋੜ ਹੈ**



**Please Call: 708-690-6498**

**847-477-9988**

Fax: 888-443-6990

email: khalsausa55@gmail.com

ਪੰਜਾਬ ਟਾਈਮਜ਼

ਸਨਿਚਰਵਾਰ, 27 ਅਕਤੂਬਰ 2018

## ਪੰਥਕ ਸੰਕਟ ਅਤੇ ਸਿਆਸਤ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖਤ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਗਿਆਨੀ ਗੁਰਬਚਨ ਸਿੰਘ ਨੇ ਚਿਰਾਂ ਦੀ ਢਿੱਲ-ਮੱਠ ਤੋਂ ਬਾਅਦ ਜਥੇਦਾਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਸਵੀਕਾਰ ਕਰ ਗਿਆ। ਇਸ ਵੇਲੇ ਬਿਨਾ ਸ਼ੱਕ, ਸ਼੍ਰੋਮਣੀ ਕਮੇਟੀ ਅਤੇ ਹੋਰ ਅਹਿਮ ਸਿੱਖ ਸੰਸਥਾਵਾਂ ਉਤੇ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ ਹੈ ਅਤੇ ਇਸ ਅਕਾਲੀ ਦਲ ਨੂੰ ਪਿਛਲੇ ਸਮੇਂ ਤੋਂ ਬਾਦਲ ਪਰਿਵਾਰ ਹੀ ਚਲਾ ਰਿਹਾ ਹੈ। ਅਸਲ ਵਿਚ ਹੁਣ ਵਾਲਾ ਪੰਥਕ ਸੰਕਟ ਬਾਦਲ ਪਰਿਵਾਰ ਦੀ ਇਸ ਤਾਨਾਸ਼ਾਹੀ ਕਰਕੇ ਹੀ ਪੈਦਾ ਹੋਇਆ ਹੈ ਅਤੇ ਸੁਖਦੇਵ ਸਿੰਘ ਢੀਂਡਸਾ ਤੇ ਰਣਜੀਤ ਸਿੰਘ ਬ੍ਰਹਮਪੁਰਾ ਵਰਗੇ ਸਰਕਰਦਾ ਅਤੇ ਸੀਨੀਅਰ ਲੀਡਰਾਂ ਤੋਂ ਇਲਾਵਾ ਕਈ ਸਥਾਨਕ ਲੀਡਰਾਂ ਨੇ ਪਾਰਟੀ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਅਕਾਲੀ ਦਲ ਦੇ ਪੁਰਾਣੇ ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਅੰਦਰ ਉਨ੍ਹਾਂ ਦੀ ਕੋਈ ਸੱਦ-ਪੁੱਛ ਨਹੀਂ ਰਹੀ ਅਤੇ ਪਾਰਟੀ ਨੂੰ ਪ੍ਰਬੰਧਕੀ ਆਧਾਰ ਉਤੇ ਚਲਾਉਣ ਦੀ ਕੋਸ਼ਿਸ਼ ਨੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਲਗਾਤਾਰ ਖਿਲਵਾੜ ਕੀਤਾ ਹੈ।

ਪੰਥਕ ਸਿਆਸਤ ਅੰਦਰ ਇਹ ਸੰਕਟ ਪਿਛਲੇ ਕਾਫੀ ਸਮੇਂ ਤੋਂ ਮੰਡਰਾ ਰਿਹਾ ਸੀ। ਸਾਲ 2007 ਵਿਚ ਅਕਾਲੀ ਦਲ ਦੀ ਸਰਕਾਰ ਬਣਨ ਤੋਂ ਬਾਅਦ ਪਾਰਟੀ ਦੀ ਕਮਾਨ ਸੁਖਬੀਰ ਸਿੰਘ ਬਾਦਲ ਦੇ ਹੱਥ ਦੇ ਦਿੱਤੀ ਗਈ। ਇਹੀ ਉਹ ਵਕਤ ਸੀ ਜਦੋਂ ਸਮੁੱਚੀ ਪਾਰਟੀ ਉਤੇ ਬਾਦਲ ਪਰਿਵਾਰ ਦੇ ਕਬਜ਼ੇ ਦੀ ਕਹਾਣੀ ਅਰੰਭ ਹੋਈ। ਇਹੀ ਉਹ ਵਕਤ ਵੀ ਸੀ, ਜਦੋਂ ਡੇਰਾ ਸਿਰਸਾ ਦੇ ਮੁਖੀ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਨਕਲ ਦੇ ਮਾਮਲੇ ਮਗਰੋਂ ਅਕਾਲ ਤਖਤ ਨੇ ਡੇਰੇ ਖਿਲਾਫ ਹੁਕਮਨਾਮਾ ਜਾਰੀ ਕਰ ਦਿੱਤਾ ਸੀ।

ਜਿਥੋਂ ਤਕ ਗਿਆਨੀ ਗੁਰਬਚਨ ਸਿੰਘ ਦਾ ਮਾਮਲਾ ਹੈ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀ ਜਗ੍ਹਾ 2008 ਵਿਚ ਲਾਏ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਇਕ ਦਹਾਕੇ ਦਾ ਕਾਰਜਕਾਲ ਸਦਾ ਵਿਵਾਦਾਂ ਵਿਚ ਘਿਰਿਆ ਰਿਹਾ। ਨਾਨਕਸ਼ਾਹੀ ਕੈਲੰਡਰ ਉਤੇ ਸਰਬਸੰਮਤੀ ਬਣਾਏ ਬਿਨਾ ਇਸ ਵਿਚ ਸੋਧਾਂ ਨੂੰ 2009 ਵਿਚ ਦਿੱਤੀ ਮਨਜ਼ੂਰੀ ਅਜੇ ਤੱਕ ਵਿਵਾਦ ਬਣੀ ਹੋਈ ਹੈ। 2011 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੂੰ 'ਫਖਰ-ਏ-ਕੌਮ' ਦਾ ਖਿਤਾਬ ਦੇਣ ਦਾ ਫੈਸਲਾ ਵੀ ਪੰਥਕ ਹਲਕਿਆਂ ਵਿਚ ਵਿਵਾਦ ਬਣਿਆ ਰਿਹਾ। 2015 ਵਿਚ ਫਿਲਮ 'ਨਾਨਕਸ਼ਾਹ ਫਕੀਰ' ਨੂੰ ਥਾਪੜਾ ਦੇਣ ਅਤੇ ਲੋਕਾਂ ਦੇ ਵਿਰੋਧ ਤੋਂ ਬਾਅਦ ਰੋਕ ਲਾਉਣ ਦਾ ਫੈਸਲਾ ਕੀਤਾ ਗਿਆ। ਸਤੰਬਰ 2015 ਵਿਚ ਜਥੇਦਾਰ ਨੇ ਡੇਰਾ ਮੁਖੀ ਨੂੰ ਮੁਆਫੀ ਦੇ ਦਿੱਤੀ ਪਰ ਪੰਥਕ ਹਲਕਿਆਂ ਵਿਚ ਭੜਕੇ ਰੋਹ ਕਾਰਨ ਇਹ ਵਾਪਸ ਵੀ ਲੈਣੀ ਪਈ। ਹੁਣ ਅਸਤੀਫਾ ਦੇਣ ਮੌਕੇ ਗਿਆਨੀ ਗੁਰਬਚਨ ਸਿੰਘ ਨੇ ਡੇਰਾ ਮੁਖੀ ਨੂੰ ਮੁਆਫੀ ਬਾਰੇ ਗਲਤੀ ਸਵੀਕਾਰ ਕਰਕੇ ਪੰਥ ਕੋਲੋਂ ਮੁਆਫੀ ਮੰਗੀ ਹੈ।

ਅਸਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਨਾਲ ਸਬੰਧਿਤ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਗੱਲ ਤਾਂ ਦੂਰ ਰਹੀ, ਢੰਗ ਨਾਲ ਜਾਂਚ ਵੀ ਨਹੀਂ ਕਰਵਾਈ ਗਈ। ਹੁਣ ਬਰਗਾੜੀ ਵਿਚ ਸਾਢੇ ਚਾਰ ਮਹੀਨਿਆਂ ਤੋਂ ਚੱਲ ਰਹੇ ਮੋਰਚੇ ਨੇ ਪੰਜਾਬ ਨੂੰ ਦੀ ਸਿਆਸੀ ਅਤੇ ਧਾਰਮਿਕ ਫਿਜ਼ਾ ਅੰਦਰ ਕਿਸੇ ਤਬਦੀਲੀ ਦੇ ਸੰਕੇਤ ਦਿੱਤੇ ਹਨ। ਆਮ ਲੋਕਾਂ ਦੀ ਸ਼ਰਧਾ ਅਤੇ ਹੁੰਗਾਰੇ ਨੇ ਬਾਦਲਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ। ਉਧਰ, ਪੰਥਕ ਜਥੇਬੰਦੀਆਂ ਵਲੋਂ ਅੰਮ੍ਰਿਤਸਰ ਵਿਚ ਕੀਤੀ ਦੋ ਰੋਜ਼ਾ ਪੰਥਕ ਅਸੈਂਬਲੀ ਨੇ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਲਈ ਮਾਪਦੰਡ ਤੈਅ ਕਰਨ, ਬਰਗਾੜੀ ਮੋਰਚੇ ਦੀ ਹਮਾਇਤ ਅਤੇ ਬਾਦਲਾਂ ਦੇ ਬਾਈਕਾਟ ਬਾਰੇ ਸੱਦਾ ਵੀ ਦਿੱਤਾ ਹੈ। ਜਾਹਰ ਹੈ ਕਿ ਇਸ ਮਸਲੇ ਦੀ ਹੁਣ ਇਕ ਨਹੀਂ, ਅਨੇਕ ਪਰਤਾਂ ਹਨ ਅਤੇ ਬਾਦਲਾਂ ਨੂੰ ਇਹ ਮਸਲੇ ਨਜਿੱਠਣ ਲਈ ਕੋਈ ਲੜ-ਸਿਰਾ ਨਹੀਂ ਲੱਭ ਰਿਹਾ। ਹੁਣ ਸਭ ਦੀਆਂ ਨਜ਼ਰਾਂ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਉਤੇ ਹਨ। ਇਸ ਅਹੁਦੇ ਲਈ ਅਜਿਹੀ ਸ਼ਖਸੀਅਤ ਦੀ ਭਾਲ ਕੀਤੀ ਜਾ ਰਹੀ ਸੀ ਜੋ ਸਭ ਪੰਥਕ ਧਿਰਾਂ ਨੂੰ ਸਵੀਕਾਰ ਹੋਵੇ ਜਾਂ ਘੱਟੋ-ਘੱਟ ਵਿਰੋਧ ਨਾ ਹੋਵੇ। ਇਸ ਲਈ ਪਿਛਲੇ ਸਮੇਂ ਦੌਰਾਨ ਬਾਦਲਾਂ ਨੂੰ ਪਈ ਪਛਾੜ ਅਤੇ ਪੰਥਕ ਧਿਰਾਂ ਦੀ ਚੜ੍ਹਤ ਦੀਆਂ ਸਭ ਗਿਣਤੀਆਂ-ਮਿਣਤੀਆਂ ਤੋਂ ਬਾਅਦ ਗੁਣਾ ਗਿਆਨੀ ਹਰਪ੍ਰੀਤ ਸਿੰਘ ਉਤੇ ਪਾਇਆ ਗਿਆ ਹੈ।

ਦੱਸਣਾ ਬਣਦਾ ਹੈ ਕਿ ਉਨ੍ਹਾਂ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦਾ ਜਥੇਦਾਰ ਉਦੋਂ ਥਾਪਿਆ ਗਿਆ ਸੀ ਜਦੋਂ ਤਖਤ ਦੇ ਤਤਕਾਲੀ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਬਾਦਲਾਂ ਖਿਲਾਫ ਧੀਮੀ ਸੁਰ ਵਿਚ ਹੀ ਸਹੀ, ਪਰ ਆਵਾਜ਼ ਉਠਾਈ ਸੀ। ਉਦੋਂ ਗਿਆਨੀ ਗੁਰਮੁਖ ਸਿੰਘ ਦੀ ਤੁਰੰਤ ਬਦਲੀ ਕਰ ਦਿੱਤੀ ਗਈ ਸੀ। ਇਹ ਵੱਖਰੀ ਗੱਲ ਹੈ ਕਿ ਬਾਦਲਾਂ ਦੇ ਦਬਾਅ ਕਾਰਨ ਉਨ੍ਹਾਂ ਇਕ ਵਾਰ ਫਿਰ ਬਾਦਲਾਂ ਦੀ ਸੁਰ ਵਿਚ ਸੁਰ ਮਿਲਾ ਲਈ ਅਤੇ ਡੇਰਾ ਮੁਖੀ ਨੂੰ ਮੁਆਫੀ ਦੇ ਮਾਮਲੇ 'ਤੇ ਆਪਣੇ ਪਹਿਲੇ ਬਿਆਨ ਤੋਂ ਪਿਛਾਂਹ ਹਟ ਗਏ ਸਨ। ਉਂਜ, ਲੋਕ ਇਹ ਭਲੀ-ਭਾਂਤ ਜਾਣ ਗਏ ਸਨ ਕਿ ਇਹ ਸਾਰਾ ਕੁਝ ਬਾਦਲਾਂ ਦੇ ਦਬਾਅ ਕਾਰਨ ਹੀ ਹੋ ਰਿਹਾ ਹੈ। ਸਿੱਟੇ ਵਜੋਂ ਬਾਦਲ ਪਰਿਵਾਰ ਖਿਲਾਫ ਰੋਹ ਅਤੇ ਰੋਸ ਹੋਰ ਵਧ ਗਿਆ। ਹੁਣ ਹਾਲਾਤ ਇਹ ਹਨ ਕਿ ਬਾਦਲ ਪਰਿਵਾਰ ਨੂੰ ਆਪਣੇ ਜਨਤਕ ਸਮਾਗਮਾਂ ਤੋਂ ਵੀ ਪਾਸਾ ਵੱਟਣਾ ਪੈ ਰਿਹਾ ਹੈ। ਇਸ ਲਈ ਸਵਾਲ ਹੁਣ ਇਹ ਹੈ ਕਿ ਅਕਾਲੀ ਦਲ ਨੂੰ ਵੱਜੀ ਪਛਾੜ ਕਾਰਨ ਪੈਦਾ ਹੋਇਆ ਪੰਥਕ ਖਲਾਅ ਕੌਣ ਭਰੇਗਾ? ਬਰਗਾੜੀ ਮੋਰਚੇ ਤੋਂ ਪਹਿਲਾਂ ਵੀ ਪੰਥਕ ਧਿਰਾਂ ਇਕਜੁਟ ਹੋਣ ਦੀ ਕਵਾਇਦ ਕਰਦੀਆਂ ਰਹੀਆਂ ਹਨ, ਪਰ ਬਾਦਲਾਂ ਨੂੰ ਚੁਣੌਤੀ ਕਦੀ ਵੀ ਨਾ ਦੇ ਸਕੀਆਂ। ਹੁਣ ਵੀ ਇਹ ਧਿਰਾਂ ਇਕਮੁਠਤਾ ਦਾ ਮੁਜਾਹਰਾ ਕਰਨ ਤੋਂ ਨਾਕਾਮ ਰਹੀਆਂ ਹਨ। ਅਸਲ ਵਿਚ ਇਨ੍ਹਾਂ ਧਿਰਾਂ ਦਾ ਅਸਲ ਮਸਲਾ ਲੀਡਰਸ਼ਿਪ ਦਾ ਹੈ। ਕੋਈ ਠੁੱਕਦਾਰ ਲੀਡਰਸ਼ਿਪ ਉਭਰ ਕੇ ਸਾਹਮਣੇ ਨਾ ਆਉਣ ਕਾਰਨ ਲੋਕਾਂ ਵੱਲੋਂ ਮਿਲੇ ਹੁੰਗਾਰੇ ਨੂੰ ਅਗਾਂਹ ਹੁਲਾਰਾ ਨਹੀਂ ਮਿਲਦਾ। ਜਿੰਨੀ ਦੇਰ ਤੱਕ ਦਮਖਮ ਵਾਲੀ ਕੋਈ ਲੀਡਰਸ਼ਿਪ ਨਹੀਂ ਉਭਰਦੀ, ਓਨੀ ਦੇਰ ਸੂਬੇ ਅੰਦਰ ਕਿਸੇ ਵੱਡੀ ਤਬਦੀਲੀ ਦੀਆਂ ਉਮੀਦਾਂ ਲੱਗੀਆਂ ਰਹਿਣਗੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹੱਥ ਨਾ ਆਣ ਫੜ੍ਹਿਆ!*

ਲੋਕ ਜਦ ਵੀ ਆਉਣ ਤੂਫਾਨ ਬਣ ਕੇ, ਰੰਗ ਖੂਬ ਬਗਾਵਤਾਂ ਨੂੰ ਚੜ੍ਹ ਜਾਂਦੇ।
ਮੌਕਾ ਮਿਲੇ ਤਾਂ ਦੇਣ ਖਦੇੜ ਸੱਤਾ, ਹਿੱਕਾਂ ਤਾਣ ਮੈਦਾਨਾਂ 'ਚ ਖੜ੍ਹ ਜਾਂਦੇ।
ਸੌ ਦਿਨ ਚੋਰ ਦੇ, ਇਕ ਸਾਧ ਦਾ, ਆਵੇ ਇੰਜ ਹੀ ਲੋਕੀਂ ਇਹ ਆਖਦੇ ਨੇ,
ਬਦੀ ਜਿੰਨੀ ਵੀ ਫੈਲ ਕੇ ਕੁੱਪ ਬਣ ਜਾਏ, ਆਖਰ ਤੀਲੜੇ ਸਭ ਹੀ ਸੜ ਜਾਂਦੇ।
ਕਿੰਨੇ ਚਿਰਾਂ ਦੀ ਲੱਗੀ ਉਡੀਕ ਭਾਈਓ, ਘੜਾ ਭਰ ਕੇ ਜ਼ੁਲਮ ਦਾ ਹੁਣ ਹੜ੍ਹਿਆ।
ਆਖਰਕਾਰ ਉਹੋ ਘੜੀ ਵੀ ਆਣ ਢੁੱਕੀ, ਕਿਸੇ ਹੱਥ ਨਾ ਆਣ ਕੇ ਫਿਰ ਫੜ੍ਹਿਆ।

# ਭਾਰਤ ਦੀਆਂ ਖੇਤਰੀ ਪਾਰਟੀਆਂ ਦੀ ਸਿਆਸਤ ਅਤੇ ਪੰਜਾਬ

***ਭਾਰਤ ਅੰਦਰ ਅਗਲੀਆਂ ਲੋਕ ਸਭਾ ਚੋਣਾਂ ਸਿਰ 'ਤੇ ਆਣ ਖੜ੍ਹੀਆਂ ਹਨ। ਆਰ.ਐਸ.ਐਸ. ਦੇ ਸਿਆਸੀ ਵਿੰਗ, ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਜਿਸ ਢੰਗ ਨਾਲ ਸਿਆਸੀ ਪਿੜ ਵਿਚ ਆਪਣੀ ਹਿੰਦੂਤਵੀ ਸੋਚ ਦੇ ਹਿਸਾਬ ਨਾਲ ਸਿੱਧੇ-ਅਸਿੱਧੇ ਦਖਲ ਦੇਣ ਦੀ ਹਨੇਰੀ ਚਲਾਉਣ ਦਾ ਯਤਨ ਕੀਤਾ ਹੈ, ਉਸ ਤੋਂ ਇਸ ਖਿਲਾਫ ਵਿਰੋਧ ਦੀ ਲਹਿਰ ਖੜ੍ਹੀ ਹੋਣ ਦੀਆਂ ਕਿਆਸਆਰਾਈਆਂ ਹਨ। ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਪੰਜਾਬ ਦੇ ਪ੍ਰਸੰਗ ਵਿਚ ਖੇਤਰੀ ਸਿਆਸਤ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਹਨ ਜੋ ਅਸੀਂ ਪਾਠਕਾਂ ਲਈ ਛਾਪ ਰਹੇ ਹਾਂ। -ਸੰਪਾਦਕ***

ਬਰਤਾਨਵੀ ਰਾਜ ਦੇ ਜਾਨਸ਼ੀਨ ਭਾਰਤੀ ਗਣਰਾਜ ਦੇ ਸੱਤਰ ਸਾਲ ਦਾ ਇਤਿਹਾਸ, ਉਸ ਦੀ ਏਕਾਤਮਕਤਾ ਅਤੇ ਉਭਰ ਰਹੀਆਂ ਖੇਤਰੀ ਤਾਕਤਾਂ ਦਰਮਿਆਨ ਸ਼ਕਤੀ ਸੰਘਰਸ਼ ਦਾ ਇਤਿਹਾਸ ਹੈ। ਇਹ 'ਕੇਂਦਰ ਨੂੰ ਮਜ਼ਬੂਤ' ਕਰਨ ਦੀ ਸਿਆਸਤ ਅਤੇ 'ਰਾਜਾਂ ਨੂੰ ਵੱਧ ਅਧਿਕਾਰਾਂ' ਦੇ ਕਾਨੂੰਨੀ ਸੰਘਰਸ਼ ਵਿਚ ਪ੍ਰਗਟ ਹੋਇਆ ਪਰ ਇਹ ਖੇਤਰੀ ਪਾਰਟੀਆਂ ਬਣਨ, ਉਭਰਨ ਤੇ ਰਾਜਾਂ ਦੀ ਸੱਤਾ ਉਪਰ ਕਾਬਜ਼ ਹੋਣ ਅਤੇ ਕੌਮੀ ਪਾਰਟੀਆਂ ਦੇ ਕਮਜ਼ੋਰ ਹੋਣ ਦੇ ਸਿਆਸੀ ਰੁਝਾਨ ਦੇ ਰੂਪ ਵਿਚ ਸਾਹਮਣੇ ਆਇਆ।

ਬਿਨਾਂ ਸ਼ੱਕ, ਭਾਰਤ ਦੀ 'ਅਨੇਕਤਾ' ਨੇ ਇਸ ਖੇਤਰੀ ਉਭਾਰ ਲਈ ਜ਼ਮੀਨ ਮੁਹੱਈਆ ਕੀਤੀ।

**ਡਾ. ਧਰਮਵੀਰ ਗਾਂਧੀ**
ਫੋਨ: +91-90138-69336

ਇਸ ਦੇ ਦੋ ਮੁੱਖ ਕਾਰਨ ਗਿਣੇ ਜਾ ਸਕਦੇ ਹਨ: ਪਹਿਲਾ, ਰਾਜਾਂ ਦਾ ਭਾਸ਼ਾ ਦੇ ਆਧਾਰ 'ਤੇ ਪੁਨਰਗਠਨ ਜਿਸ ਨੇ ਇਤਿਹਾਸ ਵਿਚ ਪਹਿਲੀ ਵਾਰ ਭਾਸ਼ਾ ਅਤੇ ਭੂਗੋਲ ਨੂੰ ਪਾਰਲੀਮਾਨੀ ਜਮੂਹਰੀਅਤ ਦੇ ਮੁਕਾਬਲਤਨ ਸਥਿਰ ਦੌਰ ਵਿਚ ਇਕੱਠਿਆਂ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਕੌਮੀਅਤਾਂ ਦੇ ਸਪਸ਼ਟ ਨਕਸ਼ ਉਘੜ ਆਏ। ਦੂਜਾ, ਆਰਥਿਕ ਖੇਤਰ ਵਿਚ ਮੰਡੀ ਦੇ ਫੈਲਾਓ ਨੇ ਸਥਾਨਕ ਵਸੋਂ ਵਿਚ ਸ਼ਕਤੀਸ਼ਾਲੀ ਵਰਗਾਂ ਨੂੰ ਉਭਾਰ ਦਿੱਤਾ ਜਿਹੜੇ ਸਥਾਨਕ ਵਸੋਂ ਦੇ ਨੇੜੇ ਹੋਣ ਕਰਕੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਅਤੇ ਅਗਵਾਈ ਕਰ ਸਕਦੇ ਸਨ।

ਭਾਰਤੀ ਰਾਜ ਜਿਥੇ ਬਰਤਾਨਵੀ ਰਾਜ ਤੋਂ ਆਜ਼ਾਦੀ ਦਾ ਪ੍ਰਤੀਕ ਸੀ, ਉਥੇ ਇਸ ਦੇ ਹੋਂਦ ਵਿਚ ਆਉਣ ਦਾ ਕਾਰਨ ਬਣੀ ਫਿਰਕੂ ਵੰਡ ਇਸ ਦੇ ਮੱਥੇ 'ਤੇ ਜਮਾਂਦਰੂ ਲਸਣ ਵਾਂਙ ਇਸ ਦੇ ਜਮਹੂਰੀਅਤ ਵਿਰੋਧੀ ਕਿਰਦਾਰ ਦਾ ਪ੍ਰਤੀਕ ਸੀ ਜਿਹੜੀ ਸਦਾ ਇਸ ਦੀ ਧਰਮ ਨਿਰਪੱਖਤਾ ਦਾ ਮੂੰਹ ਚਿੜਾਉਂਦੀ ਸੀ। ਬਰਤਾਨਵੀ ਰਾਜ ਤੋਂ ਆਜ਼ਾਦੀ ਦੀ ਲਹਿਰ ਅਤੇ ਵੀਹਵੀਂ ਸਦੀ ਦੇ ਇਨਕਲਾਬਾਂ ਦੇ ਜਮੂਹਰੀ ਵੇਗ ਦੌਰਾਨ ਭਾਰਤੀ ਸੰਵਿਧਾਨ ਨੂੰ ਬੇਸ਼ੱਕ ਐਲਾਨੀਆ ਨਹੀਂ, ਪਰ ਤਾਕਤਾਂ ਦੀ ਤਿੰਨ ਥਾਏਂ ਵੰਡ ਕਰਕੇ ਕੁਝ ਫੈਡਰਲ ਗੁਣ ਦਿੱਤਾ ਗਿਆ ਪਰ ਉਸ ਤੋਂ ਬਾਅਦ ਇਕ ਪਾਰਟੀ ਦੀ ਕੇਂਦਰ ਅਤੇ ਰਾਜ, ਦੋਹੀਂ ਥਾਈਂ ਸੱਤਾ ਦੌਰਾਨ ਸੰਵਿਧਾਨਕ ਸੋਧਾਂ, ਗ਼ੈਰ-ਸੰਵਿਧਾਨਕ, ਜਬਰੀ ਅਤੇ ਚੋਰ ਤਰੀਕਿਆਂ ਰਾਹੀਂ ਰਾਜਾਂ ਦੀ ਪ੍ਰਭੂਸੱਤਾ ਨੂੰ ਖੋਰਾ ਲਾਉਣ ਦਾ ਅਮਲ ਚਲਾਇਆ ਗਿਆ। ਪੰਜਾਬ ਦੇ ਪਾਣੀਆਂ ਦਾ ਮਾਮਲਾ ਇਸ ਦੀ ਉਘੀ ਮਿਸਾਲ ਹੈ।

ਗਣਰਾਜ ਦੀ ਕੇਂਦਰ ਨੂੰ ਮਜ਼ਬੂਤ ਕਰਨ ਦੀ ਪਹਿਲੀ ਜ਼ੋਰਦਾਰ ਕੋਸ਼ਿਸ਼ 'ਐਮਰਜੰਸੀ' ਸੀ ਜਿਹੜੀ ਦਿੱਖ ਪੱਖੋਂ 'ਧਰਮ ਨਿਰਪੱਖ' ਪਰ ਅਸਫਲ ਕੋਸ਼ਿਸ਼ ਸੀ। ਦੂਜੀ ਕੋਸ਼ਿਸ਼ 'ਸਾਕਾ ਨੀਲਾ ਤਾਰਾ' ਸੀ ਜਿਹੜ ਫਿਤਰਤ ਪੱਖੋਂ ਫਿਰਕੂ ਹੋ ਕੇ ਹਿੰਸਕ ਅਤੇ ਅਸਰਕਾਰ ਵੀ ਸੀ, ਕਿਉਂਕਿ ਇਸ ਨੇ ਭਾਰਤੀ ਗਣਰਾਜ ਨੂੰ 'ਪੁਲੀਸ ਰਾਜ' ਬਣਨ ਦੇ ਰਾਹ ਪਾ ਦਿੱਤਾ। ਇਹ ਤਾਂ ਸੰਭਵ ਹੋ ਸਕਿਆ ਜਦ 'ਜਮਾਂਦਰੂ ਲਸਣ' 'ਫਿਰਕੂ ਵੰਡ' ਦੇ ਤਰੀਕਾਕਾਰ ਨੂੰ ਹਰ ਜਗ੍ਹਾ ਵਰਤਦਿਆਂ ਬੋਲੀ, ਇਲਾਕਾਈ, ਧਾਰਮਿਕ, ਜਾਤ-ਪਾਤੀ, ਕਬਾਇਲੀ ਅਤੇ ਨਸਲੀ; ਗੱਲ ਕੀ, ਹਰ ਕਿਸਮ ਦੀ ਸਮਾਜੀ ਤਰੇੜ ਵਧਾ ਕੇ ਹਰ ਥਾਂ ਪਾੜ ਪਾ ਦਿੱਤਾ ਅਤੇ ਭਾਈਚਾਰਿਆਂ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਨਤੀਜੇ ਵਜੋਂ ਅੱਜ ਕੱਲ੍ਹ ਭਾਰਤ ਦਾ ਸਾਰਾ ਸਮਾਜ ਪਾਟੋਧਾੜ ਦਾ ਸ਼ਿਕਾਰ ਹੋ ਕੇ ਕਮਜ਼ੋਰ ਅਤੇ ਨਿਤਾਣਾ ਹੋ ਚੁੱਕਾ ਹੈ। 'ਪਾੜੋ ਅਤੇ ਰਾਜ ਕਰੋ' ਦੀ ਇਸੇ ਨੀਤੀ ਨੂੰ ਪੰਜਾਬ ਅੰਦਰ ਲਾਗੂ ਕਰਦਿਆਂ ਪੰਜਾਬੀਆਂ ਦੀ ਏਕਤਾ ਫਤਿਾ-ਫੀਤਾ ਕਰ ਦਿੱਤੀ ਗਈ ਹੈ।

ਇਨ੍ਹਾਂ ਕੋਸ਼ਿਸ਼ਾਂ ਨੂੰ ਢਕਣ ਲਈ ਸਰਕਾਰੀਆ ਕਮਿਸ਼ਨ ਕੇਂਦਰ-ਰਾਜ ਸਬੰਧਾਂ ਦੀ ਨਜ਼ਰਸਾਨੀ ਲਈ ਸੰਵਿਧਾਨਕ ਭੇਖ਼ ਵਜੋਂ ਜੂਨ 1983 ਵਿਚ ਬਿਠਾਇਆ ਗਿਆ। ਇਸ ਦੀ ਰਿਪੋਰਟ ਅਕਤੂਬਰ 1987 ਵਿਚ ਆਈ ਅਤੇ ਇਸ ਦੀਆਂ ਨਿਗੂਣੀਆਂ ਸਿਫਾਰਸ਼ਾਂ ਅੱਜ ਵੀ ਠੰਢੇ ਬਸਤੇ ਵਿਚ ਹਨ ਪਰ ਕੇਂਦਰੀਕਰਨ ਦੀਆਂ ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਖੇਤਰੀ ਲੋਕਾਂ ਅਤੇ ਕੌਮੀਅਤਾਂ ਦੀਆਂ ਜਾਗੀਆਂ ਹੋਈਆਂ ਇੱਛਾਵਾਂ ਨੇ ਐਸਾ ਹਕੀਕੀ ਜਮੂਹਰੀ ਨਾਚ ਦਿਖਾਇਆ ਕਿ ਖੇਤਰੀ ਪਾਰਟੀਆਂ ਨੂੰ ਰਾਜਾਂ ਦੀ ਸਥਾਨਕ ਸੱਤਾ 'ਤੇ ਕਾਬਜ਼ ਬਣਾ ਧਰਿਆ ਅਤੇ ਸਾਰੀਆਂ ਕੌਮੀ ਪਾਰਟੀਆਂ ਸੱਜੇ ਤੇ ਖੱਬੇ, ਸਭਨਾਂ ਨੂੰ ਇਸ ਕਦਰ ਕਮਜ਼ੋਰ ਕਰ ਦਿੱਤਾ ਕਿ ਅੱਠਵੇਂ ਦਹਾਕੇ ਦੇ ਖ਼ਤਮ ਹੋਣ ਤੱਕ ਗੱਠਜੋੜ ਸਰਕਾਰਾਂ ਦਾ ਦੌਰ ਲੈ ਆਂਦਾ।

ਉਂਜ, ਖੇਤਰੀ ਉਭਾਰ ਕੁਝ ਗੰਭੀਰ ਦੋਸ਼ ਨਾਲ ਲੈ ਕੇ ਆਇਆ: ਪਹਿਲਾ, ਖੇਤਰੀ ਜਮਾਤਾਂ ਦੀ ਸੱਤਾ ਅਤੇ ਪੂੰਜੀ ਲਈ ਭੁੱਖ ਜਿਸ ਦੇ ਲਈ ਉਨ੍ਹਾਂ ਕੇਂਦਰਵਾਦੀ ਨੀਤੀਆਂ ਤੇ ਤੌਰ-ਤਰੀਕਿਆਂ ਅੱਗੇ ਝੁਕਣਾ ਕਬੂਲ ਕਰ ਲਿਆ ਅਤੇ ਉਨ੍ਹਾਂ ਨੂੰ ਅਪਣਾ ਲਿਆ। ਦੂਜਾ, ਪਿਛਾਂਹ ਵੱਲ ਤੱਕਣੀ ਅਤੇ ਰਾਜਿਆਂ ਮਹਾਰਾਜਿਆਂ ਵਾਲੀ ਸ਼ਾਨੋ-ਸ਼ੌਕਤ ਦੇ ਸੁਪਨੇ ਜਿਸ ਦਾ ਸਮਅਰਥ ਹੈ, ਜਨ-ਸਾਧਾਰਨ ਵਾਸਤੇ ਤ੍ਰਿਸਕਾਰ ਅਤੇ ਜਮੂਹਰੀਅਤ ਅੰਦਰ ਸੱਤਾ ਤੇ ਪ੍ਰਸ਼ਾਸਨ ਦੀਆਂ ਲੋੜਾਂ ਪ੍ਰਤੀ ਅਗਿਆਨਤਾ ਤੇ ਬੇਫਿਕਰੀ। ਇਸੇ ਵਜ੍ਹਾ ਕਰਕੇ ਹੀ ਵੀਹਵੀਂ ਸਦੀ ਦਾ ਇਹ ਖੇਤਰਵਾਦ ਭ੍ਰਿਸ਼ਟ ਅਤੇ ਸਮਾਜਿਕ ਜਮੂਹਰੀਅਤ ਦੇ ਸਾਰੇ ਸਮਾਜ ਭਲਾਈ ਕਾਰਜਾਂ ਨੂੰ ਛੁਟਿਆਉਣ ਅਤੇ ਖ਼ਪਤਕਾਰੀ ਨਵ-ਉਦਾਰਵਾਦ ਦੀਆਂ ਨੀਤੀਆਂ ਅਪਨਾਉਣ ਵਿਚ ਭਾਰਤੀ ਗਣਰਾਜ ਦੀਆਂ ਕੇਂਦਰਵਾਦੀ ਸ਼ਕਤੀਆਂ ਦਾ ਸਹਿਯੋਗੀ ਹੋ ਨਿਬੜਿਆ ਹੈ।

ਇਸ ਲਈ ਖੇਤਰੀ ਹਕੂਮਤਾਂ ਅਤੇ ਕੇਂਦਰ ਵਿਚ ਗਠਜੋੜਾਂ ਦਾ ਇਹ ਦੌਰ 'ਭ੍ਰਿਸ਼ਟਾਚਾਰ ਅਤੇ ਪ੍ਰਸ਼ਾਸਨ ਨੂੰ ਲਕਬੇ' ਦਾ ਐਸਾ ਦੌਰ ਹੋ ਨਿਬੜਿਆ, ਜਿਸ ਨੇ 'ਬਹੁਗਿਣਤੀਵਾਦੀ' ਵਿਚਾਰਧਾਰਾ ਹੇਠ ਕੇਂਦਰੀਕਰਨ ਦੀ ਨਵੀਂ ਜ਼ੋਰਦਾਰ ਕੋਸ਼ਿਸ਼ ਨੂੰ ਸਫਲ ਹੋਣ ਲਈ ਆਧਾਰ ਮੁਹੱਈਆ ਕਰ ਦਿੱਤਾ। ਇਸ ਤਹਿਤ ਭੇਖੀ ਧਰਮ ਨਿਰੱਪਖਤਾ ਅਤੇ ਜਮੂਹਰੀਅਤ ਦੇ ਫੋਕੇ ਲਬਾਦੇ ਨੂੰ ਵਗਾਹ ਮਾਰਿਆ ਗਿਆ ਹੈ ਅਤੇ ਸਿੱਧਮ-ਸਿੱਧਾ ਖੇਤਰੀ ਤਾਕਤਾਂ, ਘੱਟ ਗਿਣਤੀਆਂ, ਦਲਿਤਾਂ ਅਤੇ ਕਬਾਇਲੀਆਂ ਨੂੰ ਚੁਣੌਤੀ ਪੇਸ਼ ਕਰ ਦਿੱਤੀ ਗਈ ਹੈ: "ਜੇ ਇਸ ਦੇਸ਼ ਵਿਚ ਰਹਿਣਾ ਹੋਊ, ਤਾਂ ਵੰਦੇ ਮਾਤਰਮ ਕਹਿਣਾ ਹੋਊ"। ਸੰਨ 2019 ਦੀਆਂ ਚੋਣਾਂ ਵਿਚ ਮੁੱਖ ਮੁੱਦਾ ਇਹੀ ਰਹੇਗਾ: "ਖੇਤਰਵਾਦ ਬਚਦਾ ਹੈ ਕਿ ਕੇਂਦਰਵਾਦ ਭਾਰੂ ਹੁੰਦਾ ਹੈ"।

ਹੁਣ ਜਦ ਭਾਰਤੀ ਜਨਤਾ ਪਾਰਟੀ ਰੂਪੀ ਨਵੇਂ ਰਾਸ਼ਟਰਵਾਦ ਦਾ ਤਜਰਬਾ ਡਗਮਗਾ ਗਿਆ ਹੈ ਅਤੇ ਕਮਜ਼ੋਰ ਹੋਈ ਕਾਂਗਰਸ ਕਿਸੇ ਨਵੀਂ ਕੌਮੀ ਗੱਠਜੋੜ ਨੂੰ ਕਲਾਵੇ ਵਿਚ ਲੈਣ ਜੋਗਰੀ ਨਹੀਂ, ਮੁੜ-ਉਸਰੀ ਕੌਮੀ ਪਾਰਟੀ ਹੁਣ ਘੱਟ ਜਾਣੀਆਂ ਜਾਂਦੀਆਂ, ਭ੍ਰਿਸ਼ਟ ਤੇ ਬੇਢੰਗੀਆਂ ਪਰ ਮਜ਼ਬੂਤ ਵਿਰੋਧੀ, ਖੇਤਰੀ ਤਾਕਤਾਂ ਨਾਲ ਆਹਮੋ-ਸਾਹਮਣੇ ਹੈ। ਮਜ਼ਬੂਤ ਇਸ ਕਰਕੇ ਕਿ ਖੇਤਰੀ ਤਾਕਤਾਂ ਦੀਆਂ ਜੜ੍ਹਾਂ ਜ਼ਮੀਨ ਵਿਚ ਹਨ। ਪਾਰਲੀਮਾਨੀ ਚੋਣਾਂ 2019 ਹੁਣ ਕੇਂਦਰੀ ਜਾਂ ਕੌਮੀ ਪਾਰਟੀ ਅਤੇ ਖੇਤਰੀ ਪਾਰਟੀਆਂ ਵਿਚ ਸਿੱਧਮ-ਸਿੱਧੀ ਲੜਾਈ ਹਨ।

ਤੱਥਾਂ ਵੱਲ ਜਾਈਏ ਤਾਂ ਭਾਰਤ ਵਿਚ ਪੈਦਾ ਹੋ ਰਹੀ ਕੁੱਲ ਦੌਲਤ ਦਾ ਕਰੀਬ ਤਿੰਨ ਚੌਥਾਈ ਭਾਰਤ ਦੇ ਉਪਰਲੇ ਇਕ ਫੀਸਦੀ ਅਮੀਰਾਂ ਪਾਸ ਚਲਾ ਜਾਂਦਾ ਹੈ ਜਦ ਕਿ ਕਿਸਾਨ, ਦਲਿਤ, ਕਬਾਇਲੀ, ਮਜ਼ਦੂਰ ਅਤੇ ਸ਼ਹਿਰੀ ਮੱਧ ਵਰਗ ਦੇ ਹਿੱਸੇ ਗ਼ੁਰਬਤ ਵੱਲ ਧੱਕੇ ਜਾ ਰਹੇ ਹਨ। ਇਕ ਦੋ ਖਣਿਜਾਂ ਨਾਲ ਭਰਪੂਰ ਰਾਜਾਂ ਨੂੰ ਛੱਡ ਬਹੁਤੇਰੇ ਰਾਜ ਕਰਜ਼ਾ ਜਾਲ ਵਿਚ ਫਸ ਚੁੱਕੇ ਹਨ। ਕਸ਼ਮੀਰ ਅਤੇ ਉਤਰ-ਪੂਰਬ ਵਿਚ ਲੋਕ, ਫੌਜ ਨਾਲ ਆਹਮੋ-ਸਾਹਮਣੇ ਹਨ। ਗੁਆਂਢੀ ਮੁਲਕਾਂ ਨਾਲ ਜੰਗ ਵਾਲਾ ਮਹੌਲ ਬਣ ਚੁੱਕਾ ਹੈ। ਰਾਜ ਸਰਕਾਰਾਂ ਦੀ ਵਿਤੀ ਹਾਲਤ ਇਸ ਕਦਰ ਪਤਲੀ ਹੋ ਗਈ ਹੈ ਕਿ ਉਹ ਲੋਕ ਭਲਾਈ ਅਤੇ ਹੋਰ ਕਲਿਆਣਕਾਰੀ ਕੰਮਾਂ ਦੀ ਉਨ੍ਹਾਂ ਸਿਰ ਪਾਈ ਗਈ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣ ਦੇ ਸਮਰੱਥ ਨਹੀਂ ਰਹੀਆਂ।

'ਕਾਂਗਰਸ ਮੁਕਤ ਭਾਰਤ' ਦੀ ਭਾਰਤੀ ਜਨਤਾ ਪਾਰਟੀ ਦੀ ਜੱਦੋਜਹਿਦ ਨੇ ਕਾਂਗਰਸ ਨੂੰ ਬਰਾਬਰ ਦੀ ਕੌਮੀ ਛਤਰੀ ਬਣ ਖੇਤਰੀ ਪਾਰਟੀਆਂ ਨੂੰ ਕੌਮੀ ਕਲਾਵੇ ਵਿਚ ਲੈਣਾ ਮੁਸ਼ਕਿਲ ਬਣਾ ਦਿੱਤਾ ਹੈ। ਖੇਤਰੀ ਪਾਰਟੀਆਂ ਜਿੰਦ ਬਚਾਉਣ ਲਈ ਤਰੀਕੇ ਦੀ ਭਾਲ ਵਿਚ ਸਥਾਨਕ ਬਿਹਤਰੀਨ ਗੱਠਜੋੜਾਂ ਦੀ ਤਲਾਸ਼ ਵਿਚ ਨਿਕਲ ਪਈਆਂ ਹਨ। ਸਾਹਮਣੇ ਸਪਸ਼ਟ ਵਿਰੋਧੀ ਦੀ ਘਾਟ ਨੇ ਭਾਰਤੀ ਜਨਤਾ ਪਾਰਟੀ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ ਅਤੇ ਖੇਤਰੀ ਪਾਰਟੀਆਂ ਦੇ ਗੁਰੀਲਾ ਦਾਅਪੇਚ ਹੋਰ ਸ਼ਸ਼ੋਪੰਜ ਖੜ੍ਹਾ ਕਰ ਸਕਦੇ ਹਨ। ਕੌਮੀ ਪਾਰਟੀਆਂ ਵਾਰੋ-ਵਾਰੀ ਰਾਜ ਕਰਨ, ਜਾਂ ਦੋ ਪਾਰਟੀ ਪਾਰਲੀਮਾਨੀ ਸਿਲਸਿਲਾ ਜੜ੍ਹਾਂ ਲਾ ਲਵੇ, ਜਾਂ ਹਾਲੀਆ ਲੁਕਵੇਂ ਢੰਗ ਨਾਲ 'ਪ੍ਰਧਾਨਗੀ ਤਰਜ਼' ਦੀ ਸਰਕਾਰ ਆ ਜਾਵੇ; ਅਸਫਲ ਹੋ ਚੁੱਕਿਆ ਹੈ। ਭਾਰਤ ਦੀ ਵੰਨ-ਸੁਵੰਨਤਾ ਦੀ ਅਸਲ ਹਕੀਕਤ, ਖੇਤਰੀ ਪਾਰਟੀਆਂ ਦੀ ਸਿਆਸੀ ਚੜ੍ਹਾਈ ਨੇ ਭਾਰਤ ਦੇ ਸਿਆਸੀ ਦ੍ਰਿਸ਼ 'ਤੇ ਆਪਣਾ ਦਾਅਵਾ ਠੋਕ ਦਿੱਤਾ ਹੈ।

ਇਸ ਇਤਹਾਸਕ ਮੋੜ 'ਤੇ ਭਾਰਤ ਨੂੰ ਅਮਨ, ਖੁਸ਼ਹਾਲੀ ਅਤੇ ਕਲਿਆਣਕਾਰੀ ਰਾਜ ਦੀ ਲੋੜ ਹੈ। ਅਜਿਹਾ ਕਲਿਆਣਕਾਰੀ ਰਾਜ ਜਮੂਹਰੀਅਤ ਉਤੇ ਆਧਾਰਿਤ 'ਫੈਡਰਲ ਭਾਰਤ' ਹੀ ਹੋ ਸਕਦਾ ਹੈ ਜਿਥੇ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀ ਨੈਤਿਕਤਾ ਅਤੇ ਇਸ 'ਤੇ ਆਧਾਰਿਤ ਨਿਯਮ ਸਮਾਜ ਦਾ ਆਧਾਰ ਬਣਨ। ਭਾਰਤ ਵਿਚ ਸਹੀ ਮਾਅਨਿਆਂ ਦੇ ਫੈਡਰਲਵਾਦ ਅਤੇ ਜਮੂਹਰੀ ਸਮਾਜਾਂ ਦਾ ਦੌਰ ਆਰੰਭ ਹੋ ਚੁੱਕਿਆ ਹੈ। ਭਾਰਤ ਨੂੰ ਇਕੀਵੀਂ ਸਦੀ ਦੇ ਹਾਣ ਦੀਆਂ ਫੈਡਰਲ ਲੀਹਾਂ ਉਪਰ ਲਿਆਉਣ ਲਈ ਇਸ ਦੀਆਂ ਬਹੁ-ਕੌਮੀਅਤਾਂ ਅਤੇ ਅਨੇਕਤਾ ਦੀਆਂ ਇੱਛਾਵਾਂ ਅਨੁਸਾਰ ਰਾਜਾਂ ਦੀ ਪ੍ਰਭੂਸਤਾ ਦੇ ਸਵਾਲ ਨੂੰ ਮੁੜ ਏਜੰਡੇ 'ਤੇ ਲਿਆ ਕੇ ਕੇਂਦਰ-ਰਾਜ ਸਬੰਧਾਂ ਨੂੰ ਮੁੜ-ਵਿਚਾਰਨ ਲਈ ਗੱਲਬਾਤ ਦਾ ਦੌਰ ਫੌਰੀ ਤੌਰ 'ਤੇ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਭਾਰਤੀ ਉਪ-ਮਹਾਂਦੀਪ ਵਿਚ ਅਨੇਕਤਾ ਦਾ ਗੁਲਦਸਤਾ ਜਮੂਹਰੀਅਤ ਦੀ ਫਿਜ਼ਾ ਵਿਚ ਟਹਿਕੇ।

ਉਂਝ, ਫੈਡਰਲ ਭਾਰਤ ਦਾ ਸੁਪਨਾ ਓਨਾ ਚਿਰ ਪੂਰਾ ਨਹੀਂ ਹੋ ਸਕਦਾ, ਜਿੰਨਾ ਚਿਰ ਖ਼ੁਦ ਕੌਮੀਅਤਾਂ ਪਾਟੋਧਾੜ ਦਾ ਸ਼ਿਕਾਰ ਹਨ। ਅੱਜ ਪੰਜਾਬ ਧਾਰਮਿਕ, ਜਾਤ-ਪਾਤੀ ਅਤੇ ਨਸਲੀ ਧਿਰਾਂ ਬਣ ਬੁਰੀ ਤਰ੍ਹਾਂ ਖਿੰਡਿਆ ਹੋਇਆ ਹੈ। ਪੰਜਾਬੀ ਹੋਣ ਦੇ ਹਿੱਕ ਠੋਕਵੇਂ ਦਾਅਵਿਆਂ ਦੇ ਬਾਵਜੂਦ ਪੰਜਾਬੀ ਹਿੰਦੂ, ਸਿੱਖ, ਦਲਿਤ, ਪਛੜਿਆਂ ਦੀਆਂ ਪਛਾਣਾਂ ਦੇ ਸਵਾਰਥਾਂ ਵਿਚ ਗ੍ਰਸੇ ਹੋਏ ਹਨ, ਜਿਸ ਕਰਕੇ ਪੰਜਾਬੀਆਂ ਵਿਚ ਇਕ ਮਾਨਸਿਕਤਾ ਅਤੇ ਸਾਂਝੀ ਹੋਣੀ ਦੀ ਘਾਟ ਨਜ਼ਰ ਆਉਂਦੀ ਹੈ। ਇਸ ਘਾਟ ਕਾਰਨ ਪੰਜਾਬੀਆਂ ਨੂੰ ਪੰਜਾਬੀ ਕੌਮ ਤੱਕ ਪਹੁੰਚਣ ਲਈ ਮਾਨਸਿਕ, ਸਭਿਆਚਾਰਕ ਅਤੇ ਆਰਥਿਕ ਇਨਕਲਾਬ ਕਰਕੇ ਆਜ਼ਾਦੀ, ਬਰਾਬਰੀ ਅਤੇ ਸਾਂਝੀਵਾਲਤਾ ਦਾ ਜਮੂਹਰੀ ਝੰਡਾ ਬੁਲੰਦ ਕਰਨਾ ਪਏਗਾ।

ਭਾਰਤ ਵਿਚ 'ਫੈਡਰਲ ਭਾਰਤ' ਦਾ 'ਵਿਵਸਥਾ ਪਰਿਵਰਤਨ' 'ਜਮੂਹਰੀ ਪੰਜਾਬ' ਦੇ ਅੰਦਰੂਨੀ ਸਮਾਜਿਕ ਇਨਕਲਾਬ ਤੋਂ ਬਿਨਾਂ ਸੰਭਵ ਨਹੀਂ ਜਿਸ ਵਿਚ ਦਲਿਤਾਂ, ਪਛੜਿਆਂ, ਔਰਤਾਂ, ਧਾਰਮਿਕ ਘੱਟ ਗਿਣਤੀਆਂ ਲਈ ਕਿਸੇ ਵੀ ਕਿਸਮ ਦੇ ਭੈਅ ਜਾਂ ਦਾਬੇ ਤੋਂ ਮੁਕਤ ਮਹੌਲ ਅਤੇ ਭਾਈਚਾਰਾ ਸਿਰਜਣ ਦਾ ਕਾਰਜ ਹੋਵੇਗਾ।

# ਜਿਨਸੀ ਸ਼ੋਸ਼ਣ ਖਿਲਾਫ ਔਰਤਾਂ ਦੀ ਆਵਾਜ਼: ਮੀ ਟੂ

**ਬੂਟਾ ਸਿੰਘ**
ਫੋਨ: +91-94634-74342

ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਅਮਰੀਕਨ ਅਦਾਕਾਰਾ ਅਲੀਸਾ ਮਿਲਾਨੋ ਵਲੋਂ ਟਵਿਟਰ ਉਪਰ ਦਿੱਤਾ ਸੱਦਾ ਭਾਰਤ ਵਿਚ ਜਿਨਸੀ ਸੋਸ਼ਣ ਦੀਆਂ ਸ਼ਿਕਾਰ ਔਰਤਾਂ ਦੀ ਜ਼ਬਰਦਸਤ ਮੁਹਿੰਮ ਬਣ ਜਾਵੇਗਾ। ਇਕ ਇਕ ਕਰਕੇ ਔਰਤਾਂ ਖੁੱਲ੍ਹ ਕੇ ਬਿਆਨ ਕਰਨਾ ਸ਼ੁਰੂ ਕਰ ਦੇਣਗੀਆਂ ਕਿ ਕਿਵੇਂ ਫਿਲਮ ਸਨਅਤ, ਮੀਡੀਆ ਅਤੇ ਹੋਰ ਖੇਤਰਾਂ ਵਿਚ ਬੈਠੇ ਤਾਕਤਵਰ ਲੋਕ ਔਰਤਾਂ ਦਾ ਜਿਨਸੀ ਸ਼ੋਸ਼ਣ ਕਰ ਰਹੇ ਹਨ। ਅਲੀਸਾ ਨੇ ਪਿਛਲੇ ਸਾਲ ਟਵੀਟ ਕਰਕੇ ਲੋਕਾਂ ਨੂੰ ਆਪਣੇ ਜਿਨਸੀ ਸ਼ੋਸ਼ਣ ਦੀਆਂ ਕਹਾਣੀਆਂ ਸਾਂਝੀਆਂ ਕਰਨ ਪ੍ਰੇਰਿਆ ਸੀ ਕਿ ਉਹ ਵੀ ਦੱਸਣ, 'ਇੱਦਾਂ ਸਾਡੇ ਨਾਲ ਵੀ ਹੋਇਆ'।

ਭਾਰਤ ਵਿਚ ਇਸ ਮਾਮਲੇ ਦਾ ਮੁੱਢ ਅਦਾਕਾਰਾ ਤਨੂਸ਼੍ਰੀ ਦੱਤਾ ਦੀ ਪਹਿਲ ਕਰਨ ਨਾਲ ਬੱਝਿਆ। ਇਸ ਤੋਂ ਪਹਿਲਾਂ ਤਹਿਲਕਾ ਦੇ ਮੁੱਖ ਸੰਪਾਦਕ ਤਰੁਣ ਤੇਜਪਾਲ ਦਾ ਚਿਹਰਾ ਕੁਲ ਦੁਨੀਆ ਦੇਖ ਚੁੱਕੀ ਹੈ ਜਿਸ ਨੇ ਆਪਣੀ ਸਾਥੀ ਪੱਤਰਕਾਰ ਦਾ ਜਿਨਸੀ ਸ਼ੋਸ਼ਣ ਕੀਤਾ। ਉਸ ਉਪਰ ਮੁਕੱਦਮਾ ਚੱਲ ਰਿਹਾ ਹੈ। ਇਸੇ ਤਰ੍ਹਾਂ ਆਈ.ਏ.ਐਸ. ਅਧਿਕਾਰੀ ਰੂਪਨ ਦਿਓਲ ਬਜਾਜ ਵਲੋਂ ਕੇ.ਪੀ.ਐਸ. ਗਿੱਲ ਦੀ ਘਟੀਆ ਹਰਕਤ ਵਿਰੁਧ ਡਟ ਕੇ ਸਟੈਂਡ ਲਿਆ ਸੀ ਜਿਸ ਨੇ ਪਾਰਟੀ ਵਿਚ ਉਸ ਨਾਲ ਛੇੜਛਾੜ ਕੀਤੀ ਸੀ। ਇਹ ਵੱਖਰਾ ਸਵਾਲ ਹੈ ਕਿ ਹੁਕਮਰਾਨਾਂ ਦਾ ਚਹੇਤਾ ਹੋਣ ਕਾਰਨ ਗਿੱਲ ਨੂੰ ਆਪਣੀ ਇਸ ਕਰਤੂਤ ਦਾ ਕੋਈ ਖਾਸ ਮੁੱਲ ਨਹੀਂ ਸੀ ਚੁਕਾਉਣਾ ਪਿਆ। ਇਸ ਵਾਰ ਤਨੂਸ਼੍ਰੀ ਦੱਤਾ ਨੇ ਬਾਲੀਵੁੱਡ ਦੀ ਮਸ਼ਹੂਰ ਹਸਤੀ ਨਾਨਾ ਪਾਟੇਕਾਰ ਦਾ ਮਖੌਟਾ ਲਾਹੁਣ ਦਾ ਜੇਰਾ ਕੀਤਾ ਹੈ। ਉਸ ਤੋਂ ਪ੍ਰੇਰਤ ਹੋ ਕੇ ਬਹੁਤ ਸਾਰੀਆਂ ਹੋਰ ਔਰਤਾਂ ਵੀ ਅੱਗੇ ਆ ਗਈਆਂ। ਉਨ੍ਹਾਂ ਵਲੋਂ ਆਪਣੇ ਜਿਨਸੀ ਸ਼ੋਸ਼ਣ ਨੂੰ ਜਨਤਕ ਕੀਤੇ ਜਾਣ ਨਾਲ ਗੁਨਾਹਗਾਰਾਂ ਦੀ ਸੂਚੀ ਵਿਚ ਨਿਤ ਨਵੇਂ ਨਾਂ ਦਰਜ ਹੋ ਰਹੇ ਹਨ ਅਤੇ 'ਮੀ ਟੂ' (ਇੱਦਾਂ ਮੇਰੇ ਨਾਲ ਵੀ ਹੋਇਆ) ਮੁਹਿੰਮ ਨੇ ਸਭਿਆ ਸਮਝੇ ਜਾਣ ਵਾਲਿਆਂ ਦੇ ਸ਼ਰਾਫਤ ਦੇ ਮਖੌਟੇ ਲੀਰੋ-ਲੀਰ ਕਰ ਦਿੱਤੇ ਹਨ।

ਪੱਤਰਕਾਰ ਤੋਂ ਭਗਵੇਂ ਸਿਆਸਤਦਾਨ ਬਣੇ ਐਮ.ਜੇ. ਅਕਬਰ ਤੋਂ ਲੈ ਕੇ ਫਿਲਮ ਨਿਰਦੇਸ਼ਕ ਵਿਕਾਸ ਬਹਿਲ, ਗਾਇਕ ਕੈਲਾਸ਼ ਖੇਰ, ਕਾਮੇਡੀਅਨ ਉਤਸਵ ਚਕਰਵਰਤੀ, ਗਾਇਕ ਅਭਿਜੀਤ ਭੱਟਾਚਾਰੀਆ, ਗੀਤਕਾਰ ਵਰੁਣ ਗਰੋਵਰ, ਅਦਾਕਾਰ ਰਜਤ ਕਪੂਰ, ਤਾਮਿਲ ਗੀਤਕਾਰ ਵੈਰਮੁਤੂ, ਮਲਿਆਲਮ ਅਦਾਕਾਰ ਮੁਕੇਸ਼ ਮਾਧਵਨ, ਗਣੇਸ਼ ਅਚਾਰੀਆ, ਰਾਕੇਸ਼ ਸਾਰੰਗ, ਨਾਵਲਕਾਰ ਚੇਤਨ ਭਗਤ ਤੋਂ ਇਲਾਵਾ ਬਹੁਤ ਸਾਰੇ ਪੱਤਰਕਾਰਾਂ ਦੇ ਨਾਂ ਨਸ਼ਰ ਹੋਣ ਨਾਲ ਔਰਤਾਂ ਦੇ ਜਿਨਸੀ ਸ਼ੋਸ਼ਣ ਦੀ ਵਿਆਪਕਤਾ ਨੇ ਧਿਆਨ ਖਿੱਚਿਆ ਹੈ। ਫਿਲਮ ਪ੍ਰੋਡਿਊਸਰ ਵਿੰਟਾ ਨੰਦਾ ਨੇ ਅਦਾਕਾਰ ਅਲੋਕ ਕੁਮਾਰ ਉਪਰ ਜਬਰ ਜਨਾਹ ਦਾ ਇਲਜ਼ਾਮ ਲਗਾਇਆ ਹੈ। ਸੰਘ ਦੇ ਤਿੱਖੇ ਆਲੋਚਕ ਤੇ ਸੀਨੀਅਰ ਪੱਤਰਕਾਰ ਵਿਨੋਦ ਦੂਆ ਅਤੇ ਚਿਤਰਕਾਰ ਜਤਿਨ ਦਾਸ ਉਪਰ ਵੀ ਗੰਭੀਰ ਇਲਜ਼ਾਮ ਲੱਗ ਚੁੱਕੇ ਹਨ।

ਕੁਝ ਜਣਿਆਂ ਨੇ ਤਾਂ ਇਨ੍ਹਾਂ ਇਲਜ਼ਾਮਾਂ ਨੂੰ ਸਵੀਕਾਰ ਕਰਕੇ ਮੁਆਫੀ ਮੰਗ ਲਈ ਹੈ। ਬਹੁਤ ਸਾਰਿਆਂ ਨੇ ਸਫਾਈਆਂ ਦਿੱਤੀਆਂ ਹਨ। ਕਈਆਂ ਦੀ ਮਰਦ ਹੈਂਕੜ ਸਗੋਂ ਭੜਕ ਉਠੀ ਅਤੇ ਉਨ੍ਹਾਂ ਸੱਚ ਦਾ ਸਾਹਮਣਾ ਕਰਨ ਦੀ ਬਜਾਏ ਪੀੜਤ ਔਰਤਾਂ ਨੂੰ ਹੀ ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਅਦਾਲਤਾਂ ਵਿਚ ਮਾਣਹਾਨੀ ਦੇ ਕੇਸ ਕਰਕੇ ਇਨ੍ਹਾਂ ਆਵਾਜ਼ਾਂ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਸਿਰਫ ਆਨਲਾਈਨ ਮੀਡੀਆ ਬਲਾਗ 'ਦਿ ਵਾਇਰ' ਨੇ ਪੱਤਰਕਾਰ ਵਿਨੋਦ ਦੂਆ ਉਪਰ ਲੱਗੇ ਇਲਜ਼ਾਮਾਂ ਦੀ ਜਾਂਚ ਕਰਨ ਲਈ ਤਿੰਨ ਮੈਂਬਰੀ ਆਜ਼ਾਦ ਕਮਿਸ਼ਨ ਬਣਾਇਆ ਹੈ। ਬਾਕੀ ਮਾਮਲਿਆਂ ਵਿਚ ਔਰਤਾਂ ਨੂੰ ਦਬਾਉਣ ਜਾਂ ਝੂਠੀਆਂ ਸਾਬਤ ਕਰਨ ਲਈ ਮੁਜਰਿਮਾਂ ਵਲੋਂ ਪੂਰਾ ਤਾਣ ਲਗਾਇਆ ਜਾ ਰਿਹਾ ਹੈ।

ਬੰਗਲੌਰ ਤੋਂ ਪੱਤਰਕਾਰ ਪ੍ਰਿਯਾ ਰਮਾਨੀ ਨੇ ਪਿਛਲੇ ਸਾਲ ਬਿਨਾਂ ਮੁਜਰਿਮ ਦਾ ਨਾਂ ਲਏ ਆਪਣੇ ਜਿਨਸੀ ਸ਼ੋਸ਼ਣ ਦੀ ਕਹਾਣੀ ਸਾਂਝੀ ਕੀਤੀ ਸੀ। ਇਸ ਵਾਰ ਉਸ ਨੇ ਆਪਣੇ ਲੇਖ ਵਿਚ ਸਾਫ ਦੱਸਿਆ ਕਿ ਕਿਵੇਂ ਸੀਨੀਅਰ ਪੱਤਰਕਾਰ ਐਮ.ਜੇ. ਅਕਬਰ ਆਪਣੇ ਮਾਤਹਿਤ ਕੰਮ ਕਰਨ ਵਾਲੀਆਂ ਔਰਤਾਂ ਉਪਰ ਝਪਟਣ ਵਾਲਾ ਮੁਜਰਿਮ ਬਿਰਤੀ ਵਾਲਾ ਸ਼ਿਕਾਰੀ ਹੈ। ਤਾਕਤ ਦੇ ਗਰੂਰ ਵਿਚ ਇਹ ਮੰਤਰੀ ਉਸ ਨੂੰ ਦਬਾਉਣ ਲਈ ਧਮਕੀਆਂ ਦੇਣ 'ਤੇ ਉਤਰ ਆਇਆ। ਇਸ ਤੋਂ ਬਾਅਦ ਅੱਠ ਹੋਰ ਔਰਤਾਂ ਨੇ ਅਕਬਰ ਦੇ ਕੱਚੇ ਚਿੱਠੇ ਬਿਆਨ ਕੀਤੇ ਅਤੇ ਉਸ ਦੇ ਅਸਤੀਫੇ ਦੀ ਮੰਗ ਕੀਤੀ ਜਾਣ ਲੱਗੀ, ਫਿਰ ਵੀ ਉਸ ਨੇ ਹੈਂਕੜ ਨਹੀਂ ਛੱਡੀ। ਵਿਦੇਸ਼ ਤੋਂ ਪਰਤ ਕੇ ਉਸ ਨੇ ਮੋਦੀ ਵਜ਼ਾਰਤ ਦੀ ਸ਼ਹਿ 'ਤੇ 97 ਵਕੀਲਾਂ ਦੀ ਟੀਮ ਬਣਾ ਕੇ ਪ੍ਰਿਯਾ ਰਮਾਨੀ ਦੇ ਖਿਲਾਫ ਮਾਣਹਾਨੀ ਦਾ ਮੁਕੱਦਮਾ ਕਰ ਦਿੱਤਾ। ਉਸ ਨੇ ਇਥੋਂ ਤਕ ਕਿਹਾ ਕਿ ਇਹ ਔਰਤਾਂ ਝੂਠੀਆਂ ਹਨ ਅਤੇ ਆਮ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਵਿੱਢੀ ਗਈ 'ਮੀ ਟੂ' ਮੁਹਿੰਮ ਸਿਆਸੀ ਏਜੰਡੇ ਤਹਿਤ ਹੈ ਜਿਸ ਦਾ ਮਨੋਰਥ ਮੋਦੀ ਸਰਕਾਰ ਨੂੰ ਪ੍ਰੇਸ਼ਾਨ ਕਰਨਾ ਹੈ। ਭਗਵੇਂ ਬ੍ਰਿਗੇਡ ਦੀਆਂ ਔਰਤ ਆਗੂਆਂ ਉਮਾ ਭਾਰਤੀ, ਸੁਸ਼ਮਾ ਸਵਰਾਜ, ਸਮ੍ਰਿਤੀ ਇਰਾਨੀ ਸਮੇਤ ਸਾਧਵੀਆਂ ਦਾ ਖਾਮੋਸ਼ ਹੈ ਜੋ ਕਾਂਗਰਸ ਦੇ ਰਾਜ ਦੌਰਾਨ ਨਿਰਭੈ ਬਲਾਤਕਾਰ ਵਰਗੀਆਂ ਹੌਲਨਾਕ ਘਟਨਾਵਾਂ ਦਾ ਸਿਆਸੀ ਲਾਹਾ ਲੈਣ ਲਈ ਸਰਗਰਮ ਰਹਿੰਦਾ ਸੀ। ਔਰਤ ਤੇ ਬਾਲ ਵਿਕਾਸ ਮਾਮਲਿਆਂ ਦੀ ਕੇਂਦਰੀ ਮੰਤਰੀ ਮੇਨਕਾ ਗਾਂਧੀ ਨੇ ਇਸ ਮੁੱਦੇ 'ਤੇ ਥੋੜ੍ਹੀ ਪਹਿਲ ਜ਼ਰੂਰ ਕੀਤੀ ਪਰ ਉਹ ਵੀ ਰਸਮੀ ਐਲਾਨਾਂ ਤੋਂ ਅੱਗੇ ਨਹੀਂ ਵਧੀ।

ਇਸ ਚਿੱਕੜ-ਉਛਾਲੀ ਤੋਂ ਭੈਭੀਤ ਹੋ ਕੇ ਖਾਮੋਸ਼ ਹੋਣ ਦੀ ਬਜਾਏ ਸਗੋਂ 20 ਪੱਤਰਕਾਰ ਔਰਤਾਂ ਪ੍ਰਿਯਾ ਰਮਾਨੀ ਦੇ ਹੱਕ ਵਿਚ ਆ ਡਟੀਆਂ। ਉਨ੍ਹਾਂ ਵਲੋਂ ਅਕਬਰ ਦੇ ਹੱਥੋਂ ਜਿਨਸੀ ਸ਼ੋਸ਼ਣ ਦੇ ਆਪਣੇ ਅਨੁਭਵਾਂ ਦੀ ਗਵਾਹੀ ਦੇਣ ਦਾ ਐਲਾਨ ਕੀਤੇ ਜਾਣ ਨਾਲ ਮੋਦੀ ਵਜ਼ਾਰਤ ਕਸੂਤੀ ਘਿਰ ਗਈ। ਸੰਘ ਬ੍ਰਿਗੇਡ ਨੂੰ ਅਹਿਸਾਸ ਹੋ ਗਿਆ ਕਿ ਇਸ ਦਾਗ਼ੀ ਕਿਰਦਾਰ ਦੀ ਸਫਾਈ ਦੇਣ ਦਾ ਉਨ੍ਹਾਂ ਨੂੰ ਉਲਟਾ ਸਿਆਸੀ ਮੁੱਲ ਚੁਕਾਉਣਾ ਪੈ ਸਕਦਾ ਹੈ ਕਿਉਂਕਿ ਚਾਰ ਸੂਬਿਆਂ ਵਿਚ ਵਿਧਾਨ ਸਭਾ ਚੋਣ ਅਮਲ ਚੱਲ ਰਿਹਾ ਹੈ ਅਤੇ ਆਮ ਚੋਣਾਂ ਵੀ ਸਿਰ 'ਤੇ ਹਨ। ਇਸ ਦੌਰਾਨ ਮੋਦੀ-ਅਮਿਤਸ਼ਾਹ ਦਾ ਪੁਰਾਣਾ 'ਸਨੂਪਗੇਟ' ਕਿੱਸਾ ਵੀ ਮੁੜ ਚਰਚਾ ਦਾ ਵਿਸ਼ਾ ਬਣਨਾ ਸ਼ੁਰੂ ਹੋ ਗਿਆ ਸੀ। 2009 ਵਿਚ ਗੁਜਰਾਤ ਦੇ ਤਤਕਾਲੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ਼ਾਰੇ 'ਤੇ ਗੁਜਰਾਤ ਪੁਲਿਸ ਵਲੋਂ ਇਕ ਆਰਕੀਟੈਕਟ ਔਰਤ ਦੀ ਜਾਸੂਸੀ ਕੀਤੀ ਗਈ ਸੀ, ਕਿਉਂਕਿ 'ਸਾਹਬ' ਦੀ ਉਸ ਵਿਚ ਰੁਚੀ ਸੀ।

ਸਿਆਸੀ ਗਿਣਤੀਆਂ-ਮਿਣਤੀਆਂ ਕਰਕੇ ਸੰਘ ਬ੍ਰਿਗੇਡ ਨੇ ਸੁਰ ਬਦਲ ਲਈ। ਭਾਜਪਾ ਦਾ ਜਨਰਲ ਸਕੱਤਰ ਰਾਮ ਮਾਧਵ, ਜੋ ਰਾਸ਼ਟਰੀ ਸਵੈਮਸੇਵਕ ਸੰਘ ਦਾ ਸਾਬਕਾ ਤਰਜਮਾਨ ਰਹਿ ਚੁੱਕਾ ਹੈ, ਔਰਤਾਂ ਦੇ ਹੱਕ ਵਿਚ ਲੇਖ ਲਿਖ ਰਿਹਾ ਹੈ। ਹੁਣ ਸੰਘ ਦੇ ਤਰਜਮਾਨਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਭਾਜਪਾ ਔਰਤਾਂ ਦੀ ਸੁਰੱਖਿਆ ਲਈ ਵਚਨਬੱਧ ਹੈ ਅਤੇ ਇਸੇ ਲਈ ਅਕਬਰ ਨੂੰ ਅਸਤੀਫਾ ਦੇਣ ਲਈ ਕਿਹਾ ਗਿਆ। ਇਹ ਵੀ ਕਿਹਾ ਜਾ ਰਿਹਾ ਹੈ ਕਿ ਅਕਬਰ ਨੇ ਅਦਾਲਤ ਵਿਚ ਮੁਕੱਦਮਾ ਨਿੱਜੀ ਹੈਸੀਅਤ ਵਿਚ ਕੀਤਾ ਹੈ, ਭਾਜਪਾ ਉਸ ਦੀ ਹਮਾਇਤ ਨਹੀਂ ਕਰ ਰਹੀ। ਚਰਚਾ ਹੈ ਕਿ ਮੋਦੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਅਕਬਰ ਨਾਲ ਗੱਲ ਕੀਤੀ। ਇਸ ਵਕਤ ਨਾਗਪੁਰ ਸਦਰਮੁਕਾਮ ਬਹੁਤ ਬੋਚ-ਬੋਚ ਕੇ ਚੱਲ ਰਿਹਾ ਹੈ। ਦਰਅਸਲ, ਇਹ ਅਸਤੀਫਾ ਮਹਿਜ਼ ਅੱਖਾਂ ਪੂੰਝਣ ਲਈ ਹੈ,




ਕਿਉਂਕਿ ਰਾਜ ਸਭਾ ਮੈਂਬਰ ਦੀ ਹੈਸੀਅਤ ਵਿਚ ਉਸ ਦਾ ਰਾਜਸੀ ਰੁਤਬਾ ਤੇ ਰਸੂਖ ਬਰਕਰਾਰ ਹੈ ਜਿਸ ਦੇ ਜ਼ੋਰ ਉਹ ਆਪਣੇ ਖਿਲਾਫ ਕਿਸੇ ਵੀ ਜਾਂਚ ਨੂੰ ਆਪਣੀ ਮਰਜ਼ੀ ਅਨੁਸਾਰ ਮੋੜਨ ਦੇ ਸਮਰੱਥ ਹੈ।

ਸਾਡੇ ਸਮਾਜ ਦੀ ਜ਼ਿਹਨੀਅਤ ਵਿਚ ਪਿਤਰਸੱਤਾ ਦੀਆਂ ਜੜ੍ਹਾਂ ਐਨੀਆਂ ਡੂੰਘੀਆਂ ਹਨ ਕਿ ਦਾਬੇ ਹੇਠ ਪਿਸ ਰਹੀ ਔਰਤ ਦੀ ਨਿਤਾਣੀ ਹਾਲਤ ਨੂੰ ਸਮਝਣ ਦੀ ਬਜਾਏ ਔਰਤਾਂ ਦੇ ਬਿਆਨਾਂ ਨੂੰ ਹੀ ਸ਼ੱਕੀ ਮੰਨਿਆ ਜਾ ਰਿਹਾ ਹੈ। ਸੱਚ ਸਾਹਮਣੇ ਲਿਆਉਣ ਵਾਲੀਆਂ ਔਰਤਾਂ ਨੂੰ ਹੀ ਸਵਾਲ ਕੀਤੇ ਜਾ ਰਹੇ ਹਨ ਕਿ ਉਹ ਐਨੇ ਸਾਲ ਖਾਮੋਸ਼ ਕਿਉਂ ਰਹੀਆਂ? ਜੇ ਇਹ ਵੀ ਮੰਨ ਲਿਆ ਜਾਵੇ ਕਿ ਕੁਝ ਮਾਮਲੇ ਵਧਾ-ਚੜ੍ਹਾ ਕੇ ਪੇਸ਼ ਕੀਤੇ ਜਾ ਰਹੇ ਹਨ, ਫਿਰ ਵੀ ਇਹ ਦਲੀਲਾਂ ਦੇ ਕੇ ਵਿਆਪਕ ਜਿਨਸੀ ਸ਼ੋਸ਼ਣ ਦੀ ਹਕੀਕਤ ਉਪਰ ਪਰਦਾ ਨਹੀਂ ਪਾਇਆ ਜਾ ਸਕਦਾ। ਇਨ੍ਹਾਂ ਔਰਤਾਂ ਦੇ ਹੁਣ ਖਾਮੋਸ਼ੀ ਤੋੜਨ ਦਾ ਕਾਰਨ ਇਹ ਨਹੀਂ ਕਿ ਉਹ ਝੂਠੀਆਂ ਹਨ, ਸਗੋਂ ਅਸਲ ਕਾਰਨ ਇਹ ਹੈ ਕਿ ਉਹ ਹੁਣ ਅਕਬਰ ਵਰਗੇ ਸ਼ੋਸ਼ਣਕਾਰੀ ਡਾਢੇ ਮਰਦਾਂ ਦੇ ਮਾਤਹਿਤ ਨਹੀਂ, ਜਿਵੇਂ ਉਹ ਉਦੋਂ ਦਾਬੇ ਅਤੇ ਦਬਾਓ ਹੇਠ ਸਨ। ਇਹ ਤੱਥ ਵੀ ਚੇਤੇ ਰੱਖਣਾ ਹੋਵੇਗਾ ਕਿ 1997 ਤੋਂ ਪਹਿਲਾਂ ਮੁਲਕ ਵਿਚ ਕੰਮ ਦੀਆਂ ਥਾਵਾਂ ਉਪਰ ਔਰਤਾਂ ਦੇ ਜਿਨਸੀ ਸ਼ੋਸ਼ਣ ਨੂੰ ਰੋਕਣ ਦੀ ਕੋਈ ਕਾਨੂੰਨੀ ਵਿਵਸਥਾ ਨਹੀਂ ਸੀ। ਜਿਨਸੀ ਸ਼ੋਸ਼ਣ ਕੀ ਹੈ, ਇਹ 1997 ਵਿਚ ਪਰਿਭਾਸ਼ਤ ਕੀਤਾ ਗਿਆ। ਇਹ ਹਕੀਕਤ ਵੀ ਯਾਦ ਰੱਖਣੀ ਜ਼ਰੂਰੀ ਹੈ ਕਿ ਜਿਨਸੀ ਸ਼ੋਸ਼ਣ ਅਤੇ ਧੱਕੇਸ਼ਾਹੀ ਕੁਲ ਆਲਮ ਵਿਚ ਫੈਕਟਰੀਆਂ ਅਤੇ ਕੰਮ ਦੀਆਂ ਹੋਰ ਥਾਵਾਂ ਉਪਰ ਔਰਤਾਂ ਨੂੰ ਘੋਰ ਲੁੱਟ-ਖਸੁੱਟ ਅਤੇ ਦਾਬੇ ਦੇ 'ਅਨੁਸ਼ਾਸਨ ਵਿਚ' ਰੱਖਣ ਦਾ ਮੁੱਖ ਸੰਦ ਹੈ। ਇਹ ਸਮਝਣਾ ਹੋਰ ਵੀ ਜ਼ਰੂਰੀ ਹੈ ਕਿ ਜੇ ਮੀਡੀਆ ਵਿਚ ਕੰਮ ਕਰ ਰਹੀਆਂ ਪੜ੍ਹੀਆਂ-ਲਿਖੀਆਂ ਅਤੇ ਜਾਗਰੂਕ ਔਰਤਾਂ ਦੀ ਹਾਲਤ ਐਨੀ ਗੰਭੀਰ ਹੈ ਤਾਂ ਦੱਬੇ-ਕੁਚਲੇ ਅਤੇ ਲੁੱਟੇ-ਪੁੱਟੇ ਹਿੱਸਿਆਂ ਦੀਆਂ ਗ਼ਰੀਬ ਨਿਤਾਣੀਆਂ ਔਰਤਾਂ ਦੀ ਹਾਲਤ ਕਿੰਨੀ ਬਦਤਰ ਹੋਵੇਗੀ।

ਨਿਸ਼ਚੇ ਹੀ 'ਮੀ ਟੂ' ਨੇ ਅਜਿਹੇ ਸ਼ੋਸ਼ਣ ਦਾ ਸ਼ਿਕਾਰ ਔਰਤਾਂ ਨੂੰ ਤਾਕਤ ਦਿੱਤੀ ਹੈ। ਬਹੁਤ ਸਾਰੇ ਘਿਨਾਉਣੇ ਚਿਹਰੇ ਨੰਗੇ ਹੋਏ ਹਨ। ਇਹ ਹੋ ਸਕਦਾ ਹੈ ਕਿ 'ਬੇਟੀ ਬਚਾਓ' ਦੇ ਹੋਕਰੇ ਮਾਰਨ ਵਾਲੀ ਮੋਦੀ ਸਰਕਾਰ ਇਨ੍ਹਾਂ ਵਿਚੋਂ ਕੁਝ ਨੂੰ ਇਨ੍ਹਾਂ ਦੀਆਂ ਕਰਤੂਤਾਂ ਦੀ ਮਾਮੂਲੀ ਸਜ਼ਾ ਦੇ ਕੇ ਔਰਤ ਪੱਖੀ ਹੋਣ ਦਾ ਦੰਭ ਕਰੇ; ਲੇਕਿਨ ਇਸ ਨਾਲ ਇਹ ਸਮੱਸਿਆ ਖਤਮ ਹੋਣ ਵਾਲੀ ਨਹੀਂ। ਇਨ੍ਹਾਂ ਔਰਤਾਂ ਅੱਗੇ ਵੀ ਅਜੇ ਇਸ ਸਮਾਜ ਅਤੇ ਰਾਜਕੀ ਢਾਂਚੇ ਦੀ ਰਗ-ਰਗ ਵਿਚ ਫੈਲੀ ਪਿਤਰਸੱਤਾ ਦੇ ਖਿਲਾਫ ਵਿਆਪਕ ਅਤੇ ਲੰਮੀ ਲੜਾਈ ਬਾਕੀ ਹੈ। ਇਸ ਦੌਰਾਨ ਕੇਸ ਵਾਪਸ ਲੈਣ, ਬਿਆਨਾਂ ਤੋਂ ਮੁਕਰਨ ਅਤੇ ਰਾਜ਼ੀਨਾਮਾ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਦਬਾਓ ਪਾਏ ਜਾਣਗੇ। ਤਹਿਲਕਾ ਵਾਲੇ ਤਰੁਣ ਤੇਜਪਾਲ ਦੀ ਮਿਸਾਲ ਸਾਡੇ ਸਾਹਮਣੇ ਹੈ ਕਿ ਕਿਵੇਂ ਸੱਤਾ ਦੇ ਗਲਿਆਰਿਆਂ ਵਿਚ ਪਹੁੰਚ ਵਾਲੇ ਬਾਰਸੂਖ ਮੁਜਰਿਮ ਸਹਿਜੇ ਹੀ ਆਪਣੇ ਖਿਲਾਫ ਮੁਕੱਦਮੇ ਦੇ ਅਦਾਲਤੀ ਅਮਲ ਨੂੰ ਪ੍ਰਭਾਵਿਤ ਕਰਨ ਅਤੇ ਲਟਕਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਇਕ ਹੋਰ ਮਿਸਾਲ ਦਲਿਤ ਔਰਤ ਭਾਂਬਰੀ ਦੇਵੀ ਦੀ ਹੈ ਜਿਸ ਵਲੋਂ 1990ਵਿਆਂ ਵਿਚ ਆਪਣੇ ਨਾਲ ਹੋਏ ਸਮੂਹਿਕ ਜਬਰ ਜਨਾਹ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਅਡੋਲ ਲੜਾਈ ਲੜੀ ਗਈ। ਇਹ ਸਬੂਤ ਹੈ ਕਿ ਇਨਸਾਫ ਲਈ ਅਦਾਲਤ ਵਿਚ ਜਾਣ ਵਾਲੀਆਂ ਔਰਤਾਂ ਨੂੰ ਕਿਸ ਤਰ੍ਹਾਂ ਦੇ ਸੰਤਾਪ ਤੇ ਮੁਸ਼ਕਿਲਾਂ ਵਿਚੋਂ ਗੁਜ਼ਰਨਾ ਪੈਂਦਾ ਹੈ।

ਰਾਜਸਥਾਨ ਵਿਚ 'ਔਰਤ ਵਿਕਾਸ ਪ੍ਰੋਗਰਾਮ' ਤਹਿਤ 'ਸਾਥਣ' ਦੇ ਤੌਰ 'ਤੇ ਕੰਮ ਕਰ ਰਹੀ ਕਾਰਕੁਨ ਭਾਂਬਰੀ ਦੇਵੀ ਨੂੰ ਘੇਰ ਕੇ ਉਸ ਦੇ ਪਤੀ ਦੀਆਂ ਅੱਖਾਂ ਸਾਹਮਣੇ ਉਸ ਨਾਲ ਸਮੂਹਿਕ ਜਬਰ ਜਨਾਹ ਕੀਤਾ ਗਿਆ, ਕਿਉਂਕਿ ਉਸ ਨੇ ਰਾਜਸਥਾਨ ਦੇ ਰਾਜਪੂਤ ਭਾਈਚਾਰੇ ਵਲੋਂ ਕੀਤੇ ਜਾ ਰਹੇ ਬਾਲ ਵਿਆਹ ਨੂੰ ਰੋਕਣ ਲਈ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਸੀ। ਜਿਸ ਸੰਸਥਾ ਲਈ ਉਹ ਕੰਮ ਕਰਦੀ ਸੀ, ਉਹ ਵੀ ਉਸ ਦਾ ਸਾਥ ਛੱਡ ਗਈ, ਲੇਕਿਨ ਭਾਂਵਰੀ ਦੇਵੀ ਨੇ ਹਾਰ ਨਹੀਂ ਮੰਨੀ ਅਤੇ ਡਟ ਕੇ ਕਾਨੂੰਨੀ ਲੜਾਈ ਲੜੀ। ਹੇਠਲੀ ਅਦਾਲਤ ਨੇ ਉਸ ਨੂੰ ਜ਼ਲੀਲ ਕਰਨ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡੀ। ਅਦਾਲਤ ਨੇ ਬਾਰਸੂਖ ਮੁਜਰਿਮਾਂ ਨੂੰ ਬਰੀ ਕਰਨ ਲਈ ਉਸ ਦੀ ਦਰਦਨਾਕ ਕਹਾਣੀ ਨੂੰ ਇਹ ਦਲੀਲ ਦੇ ਕੇ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਪਤੀ ਦੀ ਮੌਜੂਦਗੀ ਵਿਚ ਜਬਰ ਜਨਾਹ ਸੰਭਵ ਹੀ ਨਹੀਂ, ਕਿਉਂਕਿ ਸਾਡੇ ਸਮਾਜ ਵਿਚ ਪਤਨੀ ਦੀ ਰੱਖਿਆ ਕਰਨਾ ਪਤੀ ਦੀ ਜ਼ਿੰਮੇਵਾਰੀ ਹੈ ਤੇ ਮੁਜਰਿਮਾਂ ਨੂੰ ਬਰੀ ਕਰ ਦਿੱਤਾ ਗਿਆ।

ਔਰਤਾਂ ਦੇ ਗਰੁੱਪਾਂ ਅਤੇ ਗ਼ੈਰ ਸਰਕਾਰੀ ਜਥੇਬੰਦੀਆਂ ਵਲੋਂ ਸਾਂਝੇ ਮੰਚ 'ਵਿਸ਼ਾਖਾ' ਦੇ ਨਾਂ ਹੇਠ ਸੁਪਰੀਮ ਕੋਰਟ ਵਿਚ ਰਿੱਟ ਦਾਇਰ ਕੀਤੀ ਗਈ ਜਿਸ ਦੇ ਨਤੀਜੇ ਵਜੋਂ ਸੁਪਰੀਮ ਕੋਰਟ ਵਲੋਂ 1997 ਵਿਚ ਕੰਮ ਵਾਲੀਆਂ ਥਾਵਾਂ ਉਪਰ ਜਿਨਸੀ ਸ਼ੋਸ਼ਣ ਰੋਕਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਜੋ 'ਵਿਸ਼ਾਖਾ ਦਿਸ਼ਾ-ਨਿਰਦੇਸ਼' ਵਜੋਂ ਮਸ਼ਹੂਰ ਹਨ। 2013 ਵਿਚ 'ਕੰਮ ਵਾਲੀਆਂ ਥਾਵਾਂ ਉਪਰ ਔਰਤਾਂ ਦੇ ਜਿਨਸੀ ਸ਼ੋਸ਼ਣ ਦੀ ਰੋਕਥਾਮ, ਮਨਾਹੀ ਅਤੇ ਸ਼ਿਕਾਇਤਾਂ ਦੇ ਨਿਬੇੜੇ ਲਈ ਐਕਟ 2013' ਬਣਿਆ ਜਿਸ ਤਹਿਤ ਹਰ ਅਦਾਰਾ ਔਰਤਾਂ ਨੂੰ ਸੁਰੱਖਿਅਤ ਮਾਹੌਲ ਦੇਣ ਤੋਂ ਲੈ ਕੇ ਉਨ੍ਹਾਂ ਦੀਆਂ ਜਿਨਸੀ ਸ਼ੋਸ਼ਣ ਦੀਆਂ ਸ਼ਿਕਾਇਤਾਂ ਸੁਣਨ ਲਈ 'ਅੰਦਰੂਨੀ ਸ਼ਿਕਾਇਤ ਕਮੇਟੀਆਂ' ਬਣਾਉਣ ਦਾ ਪਾਬੰਦ ਹੈ। ਇਹ ਵੱਖਰਾ ਸਵਾਲ ਹੈ ਕਿ ਇਸ ਐਕਟ ਨੂੰ ਲਾਗੂ ਕਰਨ ਵਿਚ ਔਰਤਾਂ ਨੂੰ ਕੰਮ ਦੇਣ ਵਾਲਿਆਂ ਦੇ ਹਿਤ ਨਹੀਂ। ਰਾਜਕੀ ਢਾਂਚਾ ਮਹਿਜ਼ ਕਾਗਜ਼ੀ ਕਾਰਵਾਈ ਕਰਦਾ ਹੈ।

ਜਿਨਸੀ ਸ਼ੋਸ਼ਣ ਦਾ ਖਾਤਮਾ ਸਿਰਫ ਮਰਦ ਹੰਕਾਰ ਦੀ ਪੁਸ਼ਤਪਨਾਹੀ ਕਰਨ ਵਾਲੇ ਇਸ ਸਮਾਜੀ ਅਤੇ ਰਾਜਕੀ ਢਾਂਚੇ ਨੂੰ ਸੰਘਰਸ਼ ਰਾਹੀਂ ਮੁਢੋਂ ਬਦਲਣ ਨਾਲ ਹੀ ਸੰਭਵ ਹੈ।

> ***ਸਾਡੇ ਸਮਾਜ ਦੀ ਜ਼ਿਹਨੀਅਤ ਵਿਚ ਪਿਤਰਸੱਤਾ ਦੀਆਂ ਜੜ੍ਹਾਂ ਐਨੀਆਂ ਡੂੰਘੀਆਂ ਹਨ ਕਿ ਦਾਬੇ ਹੇਠ ਪਿਸ ਰਹੀ ਔਰਤ ਦੀ ਨਿਤਾਣੀ ਹਾਲਤ ਨੂੰ ਸਮਝਣ ਦੀ ਬਜਾਏ ਔਰਤਾਂ ਦੇ ਬਿਆਨਾਂ ਨੂੰ ਹੀ ਸ਼ੱਕੀ ਮੰਨਿਆ ਜਾ ਰਿਹਾ ਹੈ। ਸੱਚ ਸਾਹਮਣੇ ਲਿਆਉਣ ਵਾਲੀਆਂ ਔਰਤਾਂ ਨੂੰ ਹੀ ਸਵਾਲ ਕੀਤੇ ਜਾ ਰਹੇ ਹਨ ਕਿ ਉਹ ਐਨੇ ਸਾਲ ਖਾਮੋਸ਼ ਕਿਉਂ ਰਹੀਆਂ? ਜੇ ਇਹ ਵੀ ਮੰਨ ਲਿਆ ਜਾਵੇ ਕਿ ਕੁਝ ਮਾਮਲੇ ਵਧਾ-ਚੜ੍ਹਾ ਕੇ ਪੇਸ਼ ਕੀਤੇ ਜਾ ਰਹੇ ਹਨ, ਫਿਰ ਵੀ ਇਹ ਦਲੀਲਾਂ ਦੇ ਕੇ ਵਿਆਪਕ ਜਿਨਸੀ ਸ਼ੋਸ਼ਣ ਦੀ ਹਕੀਕਤ ਉਪਰ ਪਰਦਾ ਨਹੀਂ ਪਾਇਆ ਜਾ ਸਕਦਾ।***

# ਔਰਤਾਂ ਦੇ ਸ਼ੋਸ਼ਣ ਦੀ ਗਾਥਾ

ਭਾਰਤ ਵਿਚ ਅਜੇ ਵੀ ਸਰੀਰਕ ਸਬੰਧਾਂ 'ਤੇ ਕੋਈ ਚਰਚਾ ਖੁੱਲ੍ਹੇਆਮ ਨਹੀਂ ਕੀਤੀ ਜਾਂਦੀ। ਹਿੰਦੁਸਤਾਨੀ ਸਮਾਜ ਜਗੀਰਦਾਰੀ ਅਤੇ ਰੂੜੀਵਾਦੀ ਖਿਆਲਾਂ ਦਾ ਪਾਲਕ ਹੈ ਪਰ ਇਸ ਮੁੱਦੇ 'ਤੇ ਅਭਿਨੇਤਾ ਆਮਿਰ ਖ਼ਾਨ, ਨੇਤਾ ਰਾਹੁਲ ਗਾਂਧੀ ਅਤੇ ਸਮ੍ਰਿਤੀ ਇਰਾਨੀ ਦੇ ਬਿਆਨ ਸ਼ਲਾਘਾਯੋਗ ਹਨ। ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਨੇ ਇਸ ਮਸਲੇ ਨਾਲ ਸਬੰਧਤ ਕੇਸਾਂ ਦੀ ਜਾਂਚ ਕਰਨ ਲਈ ਚਾਰ ਮੈਂਬਰੀ ਕਮੇਟੀ ਬਣਾਈ ਹੈ। ਸ੍ਰੀਮਤੀ ਗਾਂਧੀ ਨੇ ਕਿਹਾ ਕਿ ਉਹ ਇਸ ਕੇਸ ਵਿਚ ਅੱਗੇ ਆਉਣ ਵਾਲੀਆਂ ਸਾਰੀਆਂ ਔਰਤਾਂ 'ਤੇ ਵਿਸ਼ਵਾਸ ਕਰਦੇ ਹਨ ਅਤੇ ਉਨ੍ਹਾਂ ਦੇ ਦਰਦ ਤੇ ਮਾਨਸਿਕ ਪੀੜ ਨੂੰ ਮਹਿਸੂਸ ਕਰਦੇ ਹਨ।

ਜਦੋਂ ਵੀ ਕਦੇ ਔਰਤ ਦੇ ਘਰ ਤੋਂ ਬਾਹਰ ਨਿਕਲ ਕੇ ਕੰਮ ਕਰਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਹੀ ਚਰਚਾ ਦਾ ਵਿਸ਼ਾ ਬਣਦਾ ਹੈ ਕਿ ਕੋਈ ਅਜਿਹਾ ਖੇਤਰ ਚੁਣਿਆ ਜਾਵੇ ਜਿਥੇ ਉਸ ਨੂੰ ਸਰੀਰਕ ਸ਼ੋਸ਼ਣ ਦਾ ਸਾਹਮਣਾ ਨਾ ਕਰਨਾ ਪਵੇ, ਪਰ ਸ਼ਾਇਦ ਹੀ ਕੋਈ ਅਜਿਹਾ ਖੇਤਰ ਹੋਵੇਗਾ ਜਿਥੇ ਔਰਤਾਂ ਨੂੰ ਇਹ ਸਭ ਨਹੀਂ ਮਿਲਦਾ।

ਇਸ ਦਾ ਪ੍ਰਤੱਖ ਪ੍ਰਮਾਣ ਹੈ 'ਮੀ ਟੂ' ਮੂਵਮੈਂਟ ਜਿਸ ਵਿਚ ਪਹਿਲੇ ਹੀ ਦਿਨ ਇਸ ਸ਼ਬਦ ਜੋੜ ਨੂੰ ਟਵਿਟਰ 'ਤੇ 5 ਲੱਖ ਵਾਰ ਵਰਤਿਆ ਗਿਆ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਸਮੱਸਿਆ ਕਿੰਨੀ ਵੱਡੀ ਹੈ। ਔਰਤ ਭਾਵੇਂ ਪੜ੍ਹ-ਲਿਖ ਕੇ ਯੋਗ ਬਣ ਜਾਵੇ, ਪਰ ਉਸ ਨੂੰ ਅਜਿਹੀਆਂ ਅਗਨੀ ਪ੍ਰਖਿਆਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਫ਼ਿਲਮੀ ਖੇਤਰ, ਮੀਡੀਆ, ਪ੍ਰਸ਼ਾਸਨ, ਅਧਿਆਪਨ ਸਮੇਤ ਕੋਈ ਵੀ ਖੇਤਰ ਜਾਂ ਕਿੱਤਾ ਇਸ ਤੋਂ ਅਛੂਤਾ ਨਹੀਂ ਹੈ।

'ਮੀ ਟੂ' ਮੁਹਿੰਮ ਦੇ ਸ਼ੁਰੂ ਹੋਣ ਉਪਰੰਤ ਔਰਤਾਂ ਨਾਲ ਹਰ ਖੇਤਰ ਵਿਚ ਹੋ ਰਹੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਬਾਰੇ ਵਿਸ਼ਾਲ ਪੱਧਰ 'ਤੇ ਖੁੱਲ੍ਹੀ ਚਰਚਾ ਛਿੜ ਗਈ ਹੈ। ਮਰਦਾਂ ਵਲੋਂ ਦੋਸ਼ ਲਾਇਆ ਜਾ ਰਿਹਾ ਹੈ ਕਿ ਔਰਤਾਂ ਇਸ ਬਹਾਨੇ ਮਰਦਾਂ ਨਾਲ ਆਪਣੀ ਪੁਰਾਣੀ ਕਿੜ ਕੱਢ ਰਹੀਆਂ ਹਨ। ਅਲੋਕ ਨਾਥ ਅਤੇ ਐਮ.ਜੇ. ਅਕਬਰ ਵਲੋਂ ਇਨ੍ਹਾਂ ਦੋਸ਼ਾਂ ਨੂੰ ਨਕਾਰਨਾ ਅਤੇ ਉਲਟਾ ਉਨ੍ਹਾਂ ਔਰਤਾਂ 'ਤੇ ਮਾਣਹਾਨੀ ਦਾ ਦਾਅਵਾ ਕਰਨਾ ਇਸ ਦਾ ਹੀ ਪ੍ਰਮਾਣ ਜਾਪਦਾ ਹੈ। ਜਦੋਂ ਵੀ ਕੋਈ ਮੁਹਿੰਮ ਇੰਨੇ ਵੱਡੇ ਪੱਧਰ 'ਤੇ ਚੱਲ ਪਵੇ ਤਾਂ ਉਸ ਨੂੰ ਪੂਰੀ ਤਰ੍ਹਾਂ ਨਕਾਰਨਾ ਮੁਸ਼ਕਿਲ ਹੁੰਦਾ ਹੈ ਅਤੇ ਇਸ ਦੀ ਜਵਾਬਦੇਹੀ ਲਾਜ਼ਮੀ ਹੋ ਜਾਂਦੀ ਹੈ।

ਔਰਤ ਘਰੇਲੂ ਅਤੇ ਰਸੋਈ ਦੇ ਕੰਮ ਛੱਡ ਕੇ ਆਪਣੇ ਸੁਪਨੇ ਸਾਕਾਰ ਕਰਨ ਲਈ ਜਦੋਂ ਵੀ ਘਰ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਨੂੰ ਅਕਸਰ ਇਸ ਦੀ ਭਾਰੀ ਕੀਮਤ ਅਦਾ ਕਰਨੀ ਪੈਂਦੀ ਹੈ। ਨਤੀਜੇ ਵਜੋਂ ਜ਼ਿਆਦਾਤਰ ਪਰਿਵਾਰ ਔਰਤ ਨੂੰ ਘਰ ਵਿਚ ਹੀ ਚੁੱਲ੍ਹਾ ਚੌਂਕਾ ਸਾਂਭਣ ਦੀ ਸਲਾਹ ਦਿੰਦੇ ਹਨ। ਜੇ ਹਰ ਮਰਦ ਔਰਤ ਨਾਲ ਵਧੀਆ ਸਲੂਕ ਕਰਨਾ ਜਾਣਦਾ ਹੋਵੇ ਅਤੇ ਕਿਤੇ ਵੀ ਅਜਿਹਾ ਹੁੰਦਾ ਵੇਖ ਕੇ ਉਸ ਦੀ ਨਿੰਦਾ ਕਰੇ ਤੇ ਔਰਤ ਦਾ ਪੱਖ ਪੂਰੇ ਤਾਂ ਇਹ ਨੌਬਤ ਹੀ ਨਾ ਆਵੇ। ਇਸੇ ਕਾਰਨ ਔਰਤ ਅੱਜ ਵੀ ਘਰ, ਦਫ਼ਤਰ ਅਤੇ ਆਪਣੇ ਕੰਮ ਖੇਤਰ ਵਿਚ ਸਰੀਰਕ, ਮਾਨਸਿਕ ਅਤੇ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ।

ਇਸ ਗੱਲ ਨੂੰ ਸਿਰਿਓਂ ਨਕਾਰਨਾ ਵੱਡਾ ਝੂਠ ਹੋਵੇਗਾ ਕਿ ਔਰਤਾਂ ਨਾਲ ਅਜਿਹਾ ਕੁਝ ਨਹੀਂ ਹੋ ਰਿਹਾ। ਇਕ ਔਰਤ ਲਈ ਆਪਣੇ ਨਾਲ ਹੋਏ ਇਹੋ ਜਿਹੇ ਦੁਰ-ਵਿਹਾਰ ਨੂੰ ਜੱਗ ਜ਼ਾਹਿਰ ਕਰਨਾ ਵੀ ਬਹੁਤ ਦਲੇਰੀ ਦਾ ਕੰਮ ਹੁੰਦਾ ਹੈ ਕਿਉਂਕਿ ਇਸ ਲਈ ਉਸ ਨੂੰ ਬਹੁਤ ਸਾਰੇ ਮਾਨਸਿਕ ਅਤੇ ਸਮਾਜਿਕ ਦਬਾਅ ਵਿਚੋਂ ਗੁਜ਼ਰਨਾ ਪੈਂਦਾ ਹੈ। ਅਜਿਹੀ ਹਾਲਤ ਵਿਚ ਇਸ ਸਭ ਨੂੰ ਨਿੰਦਣ ਦੀ ਬਜਾਏ ਸਾਨੂੰ ਇਨ੍ਹਾਂ ਔਰਤਾਂ ਨੂੰ ਸਲਾਮ ਕਰਨਾ ਚਾਹੀਦਾ ਹੈ ਜੋ ਅਜਿਹੇ ਸ਼ੋਸ਼ਣ ਵਿਰੁਧ ਆਵਾਜ਼ ਉਠਾਉਣ ਲਈ ਅੱਗੇ ਆ ਰਹੀਆਂ ਹਨ ਤਾਂ ਜੋ ਔਰਤ ਨੂੰ ਘਰ ਅਤੇ ਬਾਹਰ ਦੋਵੇਂ ਜਗ੍ਹਾ ਖੁੱਲ੍ਹਾ ਅਤੇ ਸੁਰੱਖਿਅਤ ਮਾਹੌਲ ਮਿਲੇ ਅਤੇ ਉਹ ਬਿਹਤਰ ਜ਼ਿੰਦਗੀ ਦੇ ਸੁਪਨੇ ਬੁਣ ਸਕੇ ਤੇ ਉਨ੍ਹਾਂ ਨੂੰ ਸਾਕਾਰ ਕਰ ਸਕੇ।

***-ਹਰਲਵਲੀਨ ਬਰਾੜ***

# ਸਿੱਖਾਂ ਵਿਚ ਲੀਡਰਸ਼ਿਪ ਦੀ ਘਾਟ

*ਸਿੱਖ ਭਾਈਚਾਰੇ ਨੂੰ ਹਮੇਸ਼ਾ ਰੋਸ ਰਿਹਾ ਹੈ ਕਿ ਭਾਰਤ ਸਰਕਾਰ ਸਿੱਖਾਂ ਨਾਲ ਹਮੇਸ਼ਾ ਅਨਿਆਂ ਕਰਦੀ ਰਹੀ ਹੈ। ਇਸ ਰੋਸ ਵਿਚ ਵੱਡਾ ਸੱਚ ਵੀ ਹੈ। ਇਸ ਲੇਖ ਵਿਚ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਸਵਾਲ ਉਠਾਉਂਦੇ ਹਨ ਕਿ ਕੀ ਅਜ ਤੱਕ ਅਸੀਂ ਕਦੇ ਬੈਠ ਕੇ ਇਹ ਵੀ ਸੋਚਿਆ ਹੈ ਕਿ ਸਿਆਸੀ ਲੀਡਰਸ਼ਿਪ ਕੀ ਕਰ ਰਹੀ ਸੀ? ਕੋਈ ਜਰਨੈਲ ਆਪਣੀ ਫੌਜ ਮਰਵਾਉਣ ਲਈ ਤਿਆਰ ਨਹੀਂ ਹੁੰਦਾ। ਪਰ ਇਸ ਵਿਸ਼ੇ 'ਤੇ ਸਾਡੇ ਜਜ਼ਬਾਤ ਇਹੋ ਜਿਹੇ ਬਣ ਚੁਕੇ ਹਨ ਕਿ ਅਸੀਂ ਇਸ ਨੂੰ ਘੋਖਣ ਨੂੰ ਤਿਆਰ ਨਹੀਂ ਹਾਂ। -ਸੰਪਾਦਕ*

ਬੜਾ ਅਜੀਬ ਲਗਦਾ ਹੈ, ਇਹ ਸੋਚ ਕੇ ਕਿ ਜਦ ਵਿਸ਼ਵ ਭਰ ਵਿਚ ਸਿੱਖ ਆਪਣੀ ਹਿੰਮਤ ਨਾਲ ਇੰਨੀ ਤਰਕੀ ਕਰ ਰਹੇ ਹਨ, ਫਿਰ ਇਹ ਸਵਾਲ ਕਿਉਂ ਉਠਦਾ ਹੈ ਕਿ ਕੌਮ ਨੂੰ ਸੁਚੱਜੀ ਲੀਡਰਸ਼ਿਪ ਦੀ ਘਾਟ ਹੈ? ਸਿੱਖਾਂ ਦੀ ਆਬਾਦੀ ਦੋ ਕਰੋੜ ਹੈ, ਇਸ ਵਿਚੋਂ 30 ਲੱਖ ਭਾਰਤ ਤੋਂ ਬਾਹਰ ਵਸਦੇ ਹਨ। ਪੰਜਾਬ ਸਾਡਾ ਹੋਮ ਲੈਂਡ ਹੈ, ਪੰਜਾਬ ਵਿਚ ਜੋ ਵਾਪਰਦਾ ਹੈ, ਉਸ ਦਾ ਅਸਰ ਸਾਰੀ ਕੌਮ 'ਤੇ ਪੈਂਦਾ ਹੈ। ਜੋ ਪਿਛੇ ਵਾਪਰਿਆ, ਉਹ ਸਾਡੇ ਸਾਹਮਣੇ ਹੈ। ਮੈਂ ਦੱਸਣਾ ਨਹੀਂ ਚਾਹੁੰਦਾ ਕਿ 1984 ਦੇ ਦਹਾਕੇ ਵਿਚ ਕੌਮ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਅਕਾਲ ਤਖਤ 'ਤੇ ਹਮਲਾ, ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਕਤਲੇਆਮ। ਇਕ ਅੰਦਾਜ਼ੇ ਅਨੁਸਾਰ ਉਸ ਦਹਾਕੇ ਵਿਚ 40,000

**ਤਰਲੋਚਨ ਸਿੰਘ**
**ਸਾਬਕਾ ਐਮ. ਪੀ.**

ਸਿੱਖ, ਉਹ ਵੀ ਬਿਨਾ ਕਾਰਨ ਮਾਰੇ ਗਏ ਸਨ। ਮੈਂ ਪਾਰਲੀਮੈਂਟ ਵਿਚ ਜਦ ਇਹ ਅੰਕੜੇ ਰੱਖੇ, ਸਾਰਾ ਹਾਊਸ ਹੈਰਾਨ ਰਹਿ ਗਿਆ ਸੀ।

ਭਾਰਤ ਸਰਕਾਰ ਦੀ ਅਸੀਂ ਜਿੰਨੀ ਨਿੰਦਿਆ ਕਰੀਏ, ਥੋੜ੍ਹੀ ਹੈ, ਪਰ ਅਜ ਤੱਕ ਅਸੀਂ ਕਦੇ ਬੈਠ ਕੇ ਨਹੀਂ ਸੋਚਿਆ ਕਿ ਸਿਆਸੀ ਲੀਡਰਸ਼ਿਪ ਕੀ ਕਰ ਰਹੀ ਸੀ? ਕੋਈ ਜਰਨੈਲ ਆਪਣੀ ਫੌਜ ਮਰਵਾਉਣ ਲਈ ਤਿਆਰ ਨਹੀਂ ਹੁੰਦਾ। ਪਰ ਇਸ ਵਿਸ਼ੇ 'ਤੇ ਸਾਡੇ ਜਜ਼ਬਾਤ ਇਹੋ ਜਿਹੇ ਬਣ ਚੁਕੇ ਹਨ ਕਿ ਅਸੀਂ ਇਸ ਨੂੰ ਘੋਖਣ ਨੂੰ ਤਿਆਰ ਨਹੀਂ ਹਾਂ।

ਅੱਜ ਜਿਸ ਸਥਿਤੀ ਵਿਚੋਂ ਪੰਜਾਬ ਲੰਘ ਰਿਹਾ ਹੈ, ਉਹ ਵਿਚਾਰਨ ਵਾਲੀ ਹੈ। ਸਿੱਖਾਂ ਦੀਆਂ ਦੋ ਜਥੇਬੰਦੀਆਂ ਹੀ ਮੰਨੀਆਂ ਜਾਂਦੀਆਂ ਹਨ-ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਇਨ੍ਹਾਂ ਦੋਨਾਂ ਦੀ ਹੋਂਦ 1920 ਪਿਛੋਂ ਗੁਰਦੁਆਰਾ ਮੋਰਚਿਆਂ ਕਾਰਨ ਹੋਈ ਸੀ। ਇਹ ਆਮ ਵੇਖਣ ਵਿਚ ਆਇਆ ਹੈ ਕਿ ਅਕਾਲੀ ਪਾਰਟੀ ਦਾ ਹੀ ਗੁਰਦੁਆਰਾ ਕਮੇਟੀ 'ਤੇ ਕਬਜ਼ਾ ਰਿਹਾ ਹੈ ਅਤੇ ਧਾਰਮਕ ਜਥੇਬੰਦੀ ਸਿਆਸੀ ਲੀਡਰਾਂ ਦੀ ਕਮਾਂਡ ਹੇਠਾਂ ਚਲਦੀ ਰਹੀ ਹੈ। ਕੋਈ ਸਮਾਂ ਸੀ ਜਦੋਂ ਕਥਨੀ ਤੇ ਕਰਨੀ ਵਾਲੇ ਦੀਦਾਰੀ ਸਿੱਖ ਸ਼੍ਰੋਮਣੀ ਕਮੇਟੀ ਵਿਚ ਚੁਣੇ ਜਾਂਦੇ ਸਨ। ਜਦ ਤਕ ਮਾਸਟਰ ਤਾਰਾ ਸਿੰਘ ਦਾ ਪ੍ਰਭਾਵ ਰਿਹਾ, ਗੁਰਦੁਆਰਾ ਕਮੇਟੀ ਵਿਚ ਸਿਆਸਤ ਘਟ ਹੁੰਦੀ ਸੀ, ਪਰ 1956 ਪਿਛੋਂ ਜਦੋਂ ਤੋਂ ਸੰਤ ਫਤਿਹ ਸਿੰਘ ਦਾ ਦੌਰ ਆਇਆ, ਸ਼੍ਰੋਮਣੀ ਕਮੇਟੀ ਅਕਾਲੀ ਦਲ ਦਾ ਹੀ ਦੂਜਾ ਰੂਪ ਬਣ ਗਈ ਸੀ। ਇਤਿਹਾਸ ਗਵਾਹ ਹੈ ਕਿ ਸਿੱਖੀ ਦਾ ਪਤਨ ਇਸੇ ਕਾਰਨ ਹੋਇਆ ਸੀ।

ਅਕਾਲੀ ਲੀਡਰਾਂ ਨੇ ਸ਼੍ਰੋਮਣੀ ਕਮੇਟੀ ਨੂੰ



ਮਰਹੂਮ ਮਾਸਟਰ ਤਾਰਾ ਸਿੰਘ

ਸਿਆਸੀ ਲਾਭ ਲਈ ਵਰਤ ਕੇ ਇਸ ਦੇ ਧਾਰਮਕ ਪੱਖ ਨੂੰ ਕਮਜ਼ੋਰ ਹੀ ਨਹੀਂ ਕੀਤਾ ਸਗੋਂ ਹੌਲੀ-ਹੌਲੀ ਖਤਮ ਹੀ ਕਰ ਦਿੱਤਾ ਹੈ। ਅਜ ਜਿਸ ਦੁਬਿਧਾ ਵਿਚੋਂ ਕੌਮ ਲੰਘ ਰਹੀ ਹੈ, ਉਸ ਦਾ ਮੁਖ ਕਾਰਨ ਸ਼੍ਰੋਮਣੀ ਕਮੇਟੀ ਦੀ ਸਾਖ ਦਾ ਖਤਮ ਹੋਣਾ ਹੈ। ਇਸ ਦੇ ਪ੍ਰਧਾਨ ਚੁਣਨ ਸਮੇਂ ਇਹੋ ਸੋਚਿਆ ਜਾਂਦਾ ਹੈ ਕਿ ਉਹ ਕਿੰਨਾ ਹੁਕਮ ਹੇਠ ਚੱਲੇਗਾ? ਇਸ ਦਾ ਸਿੱਧਾ ਪ੍ਰਭਾਵ ਅਕਾਲ ਤਖਤ ਅਤੇ ਦੂਜੇ ਜਥੇਦਾਰਾਂ ਦੀ ਚੋਣ 'ਤੇ ਵੀ ਪਿਆ ਹੈ। ਕਦੇ ਜਥੇਦਾਰਾਂ ਦੀ ਸ਼ਾਖ ਵਿਸ਼ਵ ਭਰ ਵਿਚ ਸਨਮਾਨਯੋਗ ਹੁੰਦੀ ਸੀ। ਅਜ ਜੋ ਹਾਲ ਹੈ, ਉਹ ਹਰ ਕੋਈ ਜਾਣਦਾ ਹੈ। ਜਥੇਦਾਰ ਜਦ ਘਰੋਂ ਬਾਹਰ ਨਿਕਲਦੇ ਹਨ, ਆਸੇ-ਪਾਸੇ ਪੁਲਿਸ ਦਾ ਘੇਰਾ ਇਨ੍ਹਾਂ ਦੀ ਸੁਰੱਖਿਆ ਲਈ ਹੁੰਦਾ ਹੈ।

ਇਹ ਸਾਡੇ ਸਾਹਮਣੇ ਹੈ ਕਿ ਮੌਜੂਦਾ ਅਕਾਲੀ ਲੀਡਰਸ਼ਿਪ ਪੰਜਾਬ ਸੂਬਾ, ਜੋ 1966 ਵਿਚ ਬਣਿਆ ਸੀ, ਦੀ ਸਥਾਪਤੀ ਤੋਂ ਆਈ ਹੈ। ਇਹ ਲੀਡਰਸ਼ਿਪ 50 ਸਾਲਾਂ ਤੋਂ ਸਥਿਰ ਹੈ, ਇਸ ਵਿਚ ਅਦਲ-ਬਦਲ ਦੀ ਕਦੇ ਕੋਈ ਘਟਨਾ ਨਹੀਂ ਵਾਪਰੀ ਹੈ। ਵੈਸੈ ਤਾਂ ਇਸ ਲੀਡਰਸ਼ਿਪ ਨੂੰ ਮਾਣ ਹੈ ਕਿ ਇੰਨਾ ਲੰਬਾ ਸਮਾਂ ਜੋ ਇਨ੍ਹਾਂ ਨੂੰ ਮਿਲਿਆ ਹੈ, ਭਾਰਤ ਦੀ ਕਿਸੇ ਹੋਰ ਰਾਜਸੀ ਪਾਰਟੀ ਦੀ ਲੀਡਰਸ਼ਿਪ ਨੂੰ ਨਹੀਂ ਮਿਲਿਆ।

ਪੰਜਾਬੀ ਸੂਬਾ ਬਣਨ ਕਰਕੇ ਹੀ ਅਕਾਲੀ ਰਾਜ ਸੰਭਵ ਹੋਇਆ ਹੈ। ਸਮੁੱਚੇ ਪੰਜਾਬ ਵਿਚ ਤਾਂ ਅਕਾਲੀ ਦਲ ਦੇ ਵਿਧਾਇਕ ਗਿਣਤੀ ਦੇ ਹੁੰਦੇ ਸਨ। ਮਾਸਟਰ ਤਾਰਾ ਸਿੰਘ ਨੂੰ ਅੱਜ ਦੇ ਲੀਡਰ ਭੁੱਲ ਗਏ ਹਨ। ਯਾਦ ਨਹੀਂ ਕਰਦੇ ਕਿ ਉਸ ਨੇ ਹੀ ਪੰਜਾਬੀ ਸੂਬਾ ਇਸ ਲਈ ਮੰਗਿਆ ਸੀ ਕਿ ਸਿੱਖ ਬਹੁਗਿਣਤੀ ਦਾ ਸੂਬਾ ਬਣੇ ਤੇ ਅਕਾਲੀ ਰਾਜ ਕਰਨ। ਇਦਾਂ ਹੀ ਅਨੁਦਰਾਏ ਨੇ ਤਾਮਿਲਨਾਡੂ ਬਣਾ ਕੇ ਡੀ. ਐਮ. ਕੇ. ਨੂੰ ਰਾਜ ਦਿੱਤਾ ਸੀ।

ਪਿਛਲੇ 50 ਸਾਲਾਂ ਵਿਚ ਅਕਾਲੀ ਲੀਡਰਸ਼ਿਪ ਨੇ ਕਿੰਨੇ ਨਵੇਂ ਚਿਹਰੇ ਪਾਰਟੀ ਵਿਚ ਲਿਆਂਦੇ! ਵਿਸ਼ਵ ਭਰ ਦਾ ਸਿਆਸੀ ਇਤਿਹਾਸ ਪੜ੍ਹਿਆਂ ਪਤਾ ਲੱਗੇਗਾ ਕਿ ਕਿਵੇਂ ਨਵੇਂ ਲੀਡਰ ਹਰ ਪਾਰਟੀ ਵਿਚ ਪੈਦਾ ਹੁੰਦੇ ਹਨ? ਕਦੇ ਕਿਸੇ ਸੁਣਿਆ ਸੀ, ਅਮਰੀਕੀ ਰਾਸ਼ਟਰਪਤੀ ਦਾ ਨਾਂ ਕਿਵੇਂ ਨਿਕਲਦਾ ਹੈ? ਪਾਰਟੀਆਂ ਨਵੇਂ ਚਿਹਰੇ ਲੱਭਦੀਆਂ ਹਨ। ਪੰਡਿਤ ਜਵਾਹਰ ਲਾਲ ਨਹਿਰੂ ਨੇ ਬਾਹਰੋਂ ਲਿਆ ਕੇ ਵਜ਼ੀਰ ਬਣਾਏ, ਜਦਕਿ ਜੇਲ੍ਹਾਂ ਕੱਟਣ ਵਾਲੇ ਕਾਂਗਰਸੀ ਲੀਡਰਾਂ ਦੀ ਕਤਾਰ ਲੱਗੀ ਹੋਈ ਸੀ। ਨਰਸਿਮ੍ਹਾ ਰਾਓ ਨੇ ਤਾਂ ਡਾ. ਮਨਮੋਹਨ ਸਿੰਘ ਨੂੰ ਵਿਤ ਮੰਤਰੀ ਬਣਾਇਆ ਸੀ। ਹਰ ਪ੍ਰਧਾਨ ਮੰਤਰੀ, ਮੁੱਖ ਮੰਤਰੀ ਬਾਹਰੋਂ ਵਿਦਵਾਨ ਲੱਭ ਕੇ



ਸੰਤ ਫਤਿਹ ਸਿੰਘ

ਲਿਆਉਂਦੇ ਹਨ। ਮਮਤਾ ਬੈਨਰਜੀ ਨੇ ਫਿਕੀ ਦਿੱਲੀ ਦੇ ਡਾਇਰੈਕਟਰ ਨੂੰ ਵਿਤ ਮੰਤਰੀ ਬਣਾ ਕੇ ਧੁੰਮ ਪਾ ਰਖੀ ਹੈ।

ਮੈਂ ਯਾਦ ਕਰਵਾਉਣਾ ਚਾਹੁੰਦਾ ਹਾਂ ਅਕਾਲੀ ਇਤਿਹਾਸ ਕਿ ਕਿਵੇਂ ਲੀਡਰ ਲੱਭ ਕੇ ਲਿਆਂਦੇ ਗਏ ਸਨ। ਜਦ ਭਾਰਤ ਆਜ਼ਾਦ ਹੋਇਆ, ਮਾਸਟਰ ਤਾਰਾ ਸਿੰਘ ਨੇ ਹੁਕਮ ਸਿੰਘ ਤੇ ਭੁਪਿੰਦਰ ਸਿੰਘ ਮਾਨ ਪਾਰਲੀਮੈਂਟ ਵਿਚ ਭੇਜੇ। ਉਨ੍ਹਾਂ ਆਪਣੀ ਧਾਂਕ ਜਮਾਈ। ਹੁਕਮ ਸਿੰਘ ਲੋਕ ਸਭਾ ਦੇ ਸਪੀਕਰ ਬਣੇ।

ਮਾਸਟਰ ਤਾਰਾ ਸਿੰਘ ਨੇ ਅਨੇਕਾਂ ਲੀਡਰ ਲੱਭ-ਲੱਭ ਕੇ ਸਿੱਖ ਸਿਆਸਤ ਵਿਚ ਪਾਏ। ਬਲਦੇਵ ਸਿੰਘ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਬਣੇ। ਸਵਰਨ ਸਿੰਘ ਪੰਜਾਬ ਲਾਹੌਰ ਵਿਚ ਵਜ਼ੀਰ, ਉਜਲ ਸਿੰਘ, (ਖੁਸ਼ਵੰਤ ਸਿੰਘ ਦੇ ਚਾਚਾ) ਵਿਧਾਇਕ, ਸੰਪੂਰਨ ਸਿੰਘ ਵਿਧਾਇਕ (ਪਾਕਿਸਤਾਨ 'ਚ ਭਾਰਤ ਦੇ ਪਹਿਲੇ ਅੰਬੈਸਡਰ), ਅਜੀਤ ਸਿੰਘ ਸਰਹੱਦੀ ਐਮ. ਪੀ., ਬੂਟਾ ਸਿੰਘ ਐਮ. ਪੀ., ਹਰਨਾਮ ਸਿੰਘ ਐਡਵੋਕੇਟ, ਸਰੂਪ ਸਿੰਘ ਵਿਧਾਇਕ, ਅਮਰ ਸਿੰਘ, ਡਾ. ਜਸਵੰਤ ਸਿੰਘ ਨੇਕੀ ਅਤੇ ਭਾਨ ਸਿੰਘ। ਜਦ 1952 ਦੀ ਚੋਣ ਹੋਈ, ਗਿਆਨ ਸਿੰਘ ਰਾੜੇ ਵਾਲਾ ਨੂੰ ਲਿਆਂਦਾ, ਜੋ ਪਹਿਲੇ ਅਕਾਲੀ ਮੁੱਖ ਮੰਤਰੀ ਬਣੇ। ਐਡਵੋਕੇਟ ਦਾਰਾ ਸਿੰਘ (ਮਰਹੂਮ ਕੈਪਟਨ ਕੰਵਲਜੀਤ ਸਿੰਘ ਦੇ ਪਿਤਾ) ਵਜ਼ੀਰ ਬਣਾਏ। ਗੋਪਾਲ ਸਿੰਘ ਖਾਲਸਾ ਵਿਧਾਇਕ ਤੇ ਕਪੂਰ ਸਿੰਘ ਐਮ. ਪੀ. ਬਣਾਏ। ਜਸਟਿਸ ਗੁਰਨਾਮ ਸਿੰਘ ਜਦ ਰਿਟਾਇਰ ਹੋਏ, ਮਾਸਟਰ ਤਾਰਾ ਸਿੰਘ ਉਸ ਦੇ ਘਰ ਗਏ ਤੇ ਪਾਰਟੀ ਵਿਚ ਸ਼ਾਮਲ ਕੀਤਾ। ਉਨ੍ਹਾਂ ਵੱਡੇ-ਵੱਡੇ ਸਿੱਖਾਂ ਨੂੰ ਨਾਲ ਜੋੜਿਆ ਤੇ ਸਿੱਖ ਪੰਥ ਲਈ ਸੇਵਾ ਕਰਨ ਲਈ ਪ੍ਰੇਰਿਆ। ਅਫਸੋਸ! ਇਹ ਨੀਤੀ ਮੁੜ ਨਹੀਂ ਅਪਨਾਈ ਗਈ।

ਇਕ ਵਾਰ ਜਸਟਿਸ ਕੁਲਦੀਪ ਸਿੰਘ ਨੇ ਸੁਪਰੀਮ ਕੋਰਟ ਤੋਂ ਰਿਟਾਇਰ ਹੋ ਕੇ ਵਰਲਡ ਸਿੱਖ ਕੌਂਸਲ ਦੀ ਪ੍ਰਧਾਨਗੀ ਦੀ ਸੇਵਾ ਕਬੂਲ ਕੀਤੀ ਸੀ, ਪਰ ਅਕਾਲੀ ਲੀਡਰਸ਼ਿਪ ਨੂੰ ਚੰਗਾ ਨਾ ਲੱਗਾ ਤੇ ਉਹ ਛੱਡ ਗਏ। ਕਿੰਨੇ ਜੱਜ, ਫੌਜੀ ਜਰਨੈਲ, ਅਫਸਰ, ਪ੍ਰੋਫੈਸਰ ਰਿਟਾਇਰ ਹੋ ਕੇ ਸੇਵਾ ਕਰ ਸਕਦੇ ਹਨ, ਪਰ ਉਨ੍ਹਾਂ ਨੂੰ ਕੌਣ ਜਾ ਕੇ ਪ੍ਰੇਰੇ? ਨਵੀਂ ਲੀਡਰਸ਼ਿਪ ਆਈ ਨਹੀਂ ਹੈ, ਅੱਜ ਉਸ ਦੀ ਘਾਟ ਸਾਰਾ ਪੰਜਾਬ ਮਹਿਸੂਸ ਕਰ ਰਿਹਾ ਹੈ।

ਲੋੜ ਪੈਣ 'ਤੇ ਮਾਸਟਰ ਤਾਰਾ ਸਿੰਘ ਨੇ ਜਥੇਦਾਰ ਅਕਾਲ ਤਖਤ ਗਿਆਨੀ ਅੱਛਰ ਸਿੰਘ, ਹੈਡ ਗ੍ਰੰਥੀ ਦਰਬਾਰ ਸਾਹਿਬ ਗਿਆਨੀ ਭੁਪਿੰਦਰ ਸਿੰਘ ਅਤੇ ਸੰਤ ਫਤਿਹ ਸਿੰਘ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਸੀ।

ਗੁਰੂ ਸਾਨੂੰ ਸੁਮਤ ਬਖਸ਼ੇ ਕਿ ਚੰਗੇ ਸਿੱਖ ਅੱਗੇ ਨਿਤਰਨ ਅਤੇ ਕੌਮ ਦੀ ਸੇਵਾ ਕਰਨ। ਪੰਜਾਬ ਨੂੰ ਅਕਾਲੀ ਪਾਰਟੀ ਅਤੇ ਸ਼੍ਰੋਮਣੀ ਕਮੇਟੀ ਦੀ ਲੋੜ ਹੈ। ਜਿੰਨੀ ਇਹ ਤਾਕਤ ਪਕੜਨਗੀਆਂ, ਪੰਜਾਬ ਦਾ ਭਲਾ ਹੈ।

# ਸੇਵਾ ਤੇ ਸੂਰਮਗਤੀ ਦਾ ਸਿਖਰ: ਭਗਤ ਪੂਰਨ ਸਿੰਘ

3 ਜੂਨ 1904 ਨੂੰ ਪਿੰਡ ਰਾਜੇਵਾਲ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਦੇ ਇਕ ਹਿੰਦੂ ਪਰਿਵਾਰ ਵਿਚ ਪੈਦਾ ਹੋਏ 'ਰਾਮ ਜੀ ਦਾਸ' ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਪੂਰਨ ਸਿੰਘ ਬਣ ਗਏ। ਦਸਵੀਂ ਜਮਾਤ ਦੀ ਪੜ੍ਹਾਈ ਲੁਧਿਆਣਾ ਜ਼ਿਲ੍ਹੇ ਦੇ ਕਸਬਾ ਖੰਨਾ ਤੋਂ ਪ੍ਰਾਪਤ ਕੀਤੀ। ਦਸਵੀਂ ਵਿਚੋਂ ਫੇਲ੍ਹ ਹੋ ਜਾਣ 'ਤੇ ਖਾਲਸਾ ਹਾਈ ਸਕੂਲ ਲਾਹੌਰ ਵਿਚ ਦਾਖਲ ਹੋ ਗਏ। ਲਾਹੌਰ ਵਿਚ ਹੀ ਉਨ੍ਹਾਂ ਦੀ ਮਾਤਾ ਭਾਂਡੇ ਮਾਂਜਣ ਦੀ ਸੇਵਾ ਕਰਿਆ ਕਰਦੀ ਸੀ।

ਸਕੂਲ ਦੀ ਪੜ੍ਹਾਈ ਸਮੇਂ ਅਕਸਰ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਦੇ

**ਡਾ. ਰੂਪ ਸਿੰਘ***

ਦਰਸ਼ਨ ਕਰਨ ਆਉਂਦੇ। ਇਹ ਗੱਲ 1932 ਦੀ ਹੈ, ਜਦ ਪੂਰਨ ਸਿੰਘ ਆਪਣੇ ਜੀਵਨ-ਆਦਰਸ਼ ਦੀ ਪ੍ਰਾਪਤੀ ਸਬੰਧੀ ਗੁਰਦੁਆਰਾ ਸਾਹਿਬ ਦੇ ਮਹੰਤ ਗੋਪਾਲ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਦੇ ਸਥਾਨਕ ਪ੍ਰਬੰਧਕਾਂ ਪਾਸ ਗਿਆ ਤੇ ਉਨ੍ਹਾਂ ਨੇ ਕਿਹਾ ਕਿ ਇਹ ਨੌਜਵਾਨ ਆਪਣਾ ਜੀਵਨ ਬੇ-ਸਹਾਰਾ, ਪਾਗਲਾਂ, ਲੂਲ੍ਹਿਆਂ-ਲੰਗੜਿਆਂ, ਪਿੰਗਲਿਆਂ ਦੀ ਸੇਵਾ ਲਈ ਸਮਰਪਿਤ ਕਰਨਾ ਚਾਹੁੰਦਾ ਹੈ। ਪ੍ਰਬੰਧਕਾਂ ਦੇ ਇਹ ਪੁੱਛਣ 'ਤੇ ਕਿ ਇਹ ਵਿਚਾਰ ਤੁਹਾਡੇ ਮਨ ਵਿਚ ਕਿਵੇਂ ਆਇਆ, ਪੂਰਨ ਸਿੰਘ ਨੇ ਕਿਹਾ ਕਿ ਉਹ ਇਕ ਹਿੰਦੂ ਪਰਿਵਾਰ ਵਿਚੋਂ ਹਨ, ਉਨ੍ਹਾਂ ਦੀ ਮਾਤਾ ਧਾਰਮਿਕ ਬਿਰਤੀ ਰੱਖਦੇ ਹੋਏ ਹਮੇਸ਼ਾ ਰਾਹਗੀਰਾਂ, ਲੋੜਵੰਦਾਂ ਦੀ ਜਲ-ਪਾਣੀ ਨਾਲ ਸੇਵਾ ਕਰਿਆ ਕਰਦੀ ਹੈ ਅਤੇ ਜਪੁਜੀ ਸਾਹਿਬ ਦਾ ਪਾਠ ਨੇਮ ਨਾਲ ਕਰਦੀ ਹੈ, ਜਿਸ 'ਤੇ ਉਸ ਨੇ ਵੀ ਕਾਲਜ ਦੀ ਪੜ੍ਹਾਈ ਕਰਨ ਦੀ ਥਾਂ 'ਇਹ ਪੜ੍ਹਾਈ' ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਕਿਹਾ ਕਿ ਉਹ ਆਪਣਾ ਜੀਵਨ ਲੋੜਵੰਦ ਦੁਖੀਆਂ ਦੀ ਮਦਦ ਕਰਨ ਲਈ ਸਮਰਪਣ ਕਰਨਾ ਚਾਹੁੰਦੇ ਹਨ। ਇਸ ਆਦਰਸ਼ ਦੀ ਪ੍ਰਾਪਤੀ ਲਈ ਉਹ ਆਪਾ ਤਿਆਗ, ਗੁਰਦੁਆਰਾ ਸਾਹਿਬ



ਠਹਿਰ ਸੇਵਾ, ਸਿਮਰਨ, ਪਰਉਪਕਾਰ ਦੀ ਸਿਖਿਆ ਲੈਣੀ ਚਾਹੁੰਦੇ ਹਨ। ਇਹ ਉਚ ਵਿਚਾਰ ਸੁਣਦਿਆਂ ਹੀ ਪ੍ਰਬੰਧਕਾਂ ਨੇ ਪੂਰਨ ਸਿੰਘ ਦੇ ਖਾਣ-ਪੀਣ ਤੇ ਰਹਿਣ-ਸਹਿਣ ਦਾ ਪ੍ਰਬੰਧ ਕਰ ਦਿੱਤਾ।

ਇਹ ਅਰੰਭ ਸੀ ਉਸ ਆਦਰਸ਼ ਦਾ, ਜਿਸ ਦੀ ਪ੍ਰਾਪਤੀ ਲਈ ਪੂਰਨ ਸਿੰਘ ਘਰੋਂ ਤੁਰਿਆ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਜਲ-ਪਾਣੀ, ਲੰਗਰ, ਸਫਾਈ, ਬਰਤਨਾਂ ਆਦਿ ਦੀ ਨਿਤ-ਪ੍ਰਤੀ ਸੇਵਾ ਕਰ, ਪੂਰਨ ਸਿੰਘ ਬਾਜ਼ਾਰ ਵਿਚ ਘੁੰਮਣ ਨਿਕਲ ਤੁਰਦਾ। ਮੁੱਖ ਨਿਸ਼ਾਨਾ ਸੜਕਾਂ ਤੋਂ ਸ਼ੀਸ਼ੇ-ਪੱਥਰ, ਰੋੜੇ, ਕਿਲ-ਕਾਂਟੇ ਆਦਿ ਲਾਂਭੇ ਕਰਨਾ ਸੀ ਤਾਂ ਕਿ ਰਾਹੀਆਂ ਨੂੰ ਕਿਸੇ ਕਿਸਮ ਦਾ ਕਸ਼ਟ ਨਾ ਪਹੁੰਚੇ। ਫਿਰ ਲਾਇਬ੍ਰੇਰੀ ਬੈਠ ਉਚ ਖਿਆਲਾਂ ਨੂੰ ਪੜ੍ਹਨਾ-ਲਿਖਣਾ ਤੇ ਪ੍ਰਚਾਰ ਹਿਤ ਵੰਡਣਾ ਪੂਰਨ ਸਿੰਘ ਦਾ ਨਿਤ ਦਾ ਕਾਰਜ ਸੀ।

1934 ਵਿਚ ਗੁਰਦੁਆਰਾ ਡੇਹਰਾ ਸਾਹਿਬ ਦੀ ਦਰਸ਼ਨੀ ਡਿਓੜੀ 'ਤੇ ਕੋਈ ਨਿਰਦਈ ਦਿਲ ਇਕ ਚਾਰ ਕੁ ਸਾਲ ਦਾ ਪਿੰਗਲਾ ਤੇ ਗੂੰਗਾ ਬੱਚਾ ਛੱਡ ਗਿਆ। ਪੂਰਨ ਸਿੰਘ ਨੇ ਉਸ ਨੂੰ ਗੋਦ ਲੈ, ਸਾਂਭ-ਸੰਭਾਲ ਸ਼ੁਰੂ ਕਰ ਦਿੱਤੀ ਪਰ ਆਪਣੀ ਨਿਤ ਦੀ ਕਿਰਤ ਵੀ ਜਾਰੀ ਰੱਖੀ। ਕੋਈ 14 ਸਾਲ ਉਸ ਬੱਚੇ ਦੀ ਸੇਵਾ-ਸੰਭਾਲ ਕਰਦੇ ਰਹੇ ਅਤੇ ਦੇਸ਼-ਵੰਡ ਸਮੇਂ 'ਪਿੰਗਲੇ' ਨੂੰ ਵਿਰਾਸਤੀ ਪੂੰਜੀ ਵਜੋਂ ਨਾਲ ਲੈ ਕੇ ਅੰਮ੍ਰਿਤਸਰ ਆ ਗਏ।

ਭਗਤ ਪੂਰਨ ਸਿੰਘ ਦੇ ਲਿਖਣ ਅਨੁਸਾਰ, "ਦੇਸ਼ ਵੰਡ ਸਮੇਂ ਮੈਂ ਆਪਣੇ ਨਾਲ ਇਕ ਰੁਪਇਆ, ਪੰਜ ਆਨੇ ਲੈ ਕੇ ਆਇਆ ਸਾਂ, ਕਛਹਿਰਾ ਮੈਂ ਪਹਿਨਿਆ ਹੋਇਆ ਸੀ ਅਤੇ ਫੁਲਕਾਰੀ ਮੇਰੇ ਪਿੰਡੇ 'ਤੇ ਸੀ। ਇਸ ਤੋਂ ਇਲਾਵਾ ਮੇਰੇ ਕੋਲ ਇਕ ਲੋਹੇ ਦਾ ਬਾਟਾ, ਦੋ ਵੱਡੀਆਂ ਕਾਪੀਆਂ, ਦੋ ਅੰਗਰੇਜ਼ੀ ਰਸਾਲੇ ਤੇ 'ਲੂਲਾ' ਮੇਰੀ ਪਿੱਠ 'ਤੇ ਸੀ।"

ਭਗਤ ਜੀ ਦਾ ਇਸ ਪਿੰਗਲੇ-ਲੂਲੇ ਬੱਚੇ ਨਾਲ ਕਿਤਨਾ ਪਿਆਰ ਸੀ, ਉਨ੍ਹਾਂ ਦੀ ਜ਼ੁਬਾਨੀ, "ਜਿਗਰ ਦਾ ਟੁਕੜਾ ਲੂਲਾ ਬੱਚਾ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਹਾਰਾ ਰਿਹਾ ਹੈ, ਉਹ ਜੇ ਮੈਨੂੰ ਨਾ ਮਿਲਦਾ ਤਾਂ ਮੈਂ ਉਹ ਕੁਝ ਨਾ ਕਰ ਸਕਦਾ ਜੋ ਮੈਂ ਪਿੰਗਲਵਾੜੇ ਦੇ ਰੂਪ ਵਿਚ ਕੀਤਾ ਹੈ ਅਤੇ ਦੁਨੀਆਂ ਦਾ ਪਿਆਰ ਅਤੇ ਸਤਿਕਾਰ ਜਿਤਿਆ ਹੈ।"

ਸ਼ਰਨਾਰਥੀ ਕੈਂਪ ਖਤਮ ਹੋ ਜਾਣ 'ਤੇ ਭਗਤ ਪੂਰਨ ਸਿੰਘ ਨੇ ਰੇਲਵੇ ਸਟੇਸ਼ਨ 'ਤੇ ਕੁਝ ਸਮੇਂ ਲਈ ਨਿਵਾਸ ਕੀਤਾ ਤੇ ਫਿਰ ਕੁਝ ਸਮਾਂ ਦਰਖਤਾਂ ਦੀ ਛੱਤ ਹੇਠ ਗੁਜ਼ਾਰਿਆ। ਸਹਿਜੇ-ਸਹਿਜੇ ਭਗਤ ਪੂਰਨ ਸਿੰਘ ਦੇ ਪਰਿਵਾਰਕ ਮੈਂਬਰਾਂ ਦੀ ਗਿਣਤੀ ਵਧਦੀ ਗਈ, ਜਿਸ ਲਈ ਕਿਸੇ ਪੱਕੇ ਟਿਕਾਣੇ ਦੀ ਲੋੜ ਸੀ, ਜਿਥੇ ਟਿਕ ਕੇ ਇਨ੍ਹਾਂ ਲਾਵਾਰਸਾਂ-ਅਪਾਹਜਾਂ ਦੀ ਸੇਵਾ-ਸੰਭਾਲ ਤੇ ਇਲਾਜ ਦਾ ਪ੍ਰਬੰਧ ਹੋ ਸਕੇ। ਇਸ ਸਮੇਂ ਇਨ੍ਹਾਂ ਦਾ ਨਿਵਾਸ ਇਕ ਬੰਦ ਪਏ ਸਿਨੇਮੇ ਦੀ ਇਮਾਰਤ ਵਿਚ ਸੀ। ਉਸ ਸਿਨੇਮੇ ਦੀ ਬੋਲੀ 35000 ਰੁਪਏ ਹੋ ਗਈ। ਭਗਤ ਜੀ ਕੋਲ ਜਮ੍ਹਾਂ-ਪੂੰਜੀ ਤਾਂ ਕੋਈ ਹੈ ਨਹੀਂ ਸੀ, ਜਿਸ ਨਾਲ ਇਮਾਰਤ ਖਰੀਦੀ ਜਾਂਦੀ। ਸੰਜੋਗ ਵੱਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਚੱਲ ਰਹੀ ਸੀ, ਭਗਤ ਜੀ ਨੇ ਕਮੇਟੀ ਮੈਂਬਰਾਂ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ, "ਇਸ ਵੇਲੇ ਸਾਨੂੰ ਇਮਾਰਤ ਦੀ ਸਖਤ ਜ਼ਰੂਰਤ ਹੈ ਜਿਸ ਲਈ ਘੱਟੋ-ਘੱਟ 50,000 ਰੁਪਏ ਦੀ ਜ਼ਰੂਰਤ ਹੈ, ਜੋ ਮੈਂ ਇਕੱਠੀ ਨਹੀਂ ਕਰ ਸਕਦਾ।"

ਭਗਤ ਜੀ ਦੇ ਵਿਚਾਰ ਸੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਮਾਇਆ ਦੇਣ ਦਾ ਬਹੁ-ਪਰਉਪਕਾਰੀ ਫੈਸਲਾ ਕਰ ਦਿੱਤਾ, ਜਿਸ ਨਾਲ ਪਿੰਗਲਵਾੜੇ ਦੀ ਵਿਸ਼ਾਲ ਇਮਾਰਤ ਦਾ ਅਰੰਭ ਹੋਇਆ। ਭਗਤ ਪੂਰਨ ਸਿੰਘ ਦੇ ਸੇਵਾ-ਕਾਰਜਾਂ ਦੇ ਸਨਮਾਨ ਵਜੋਂ ਭਾਰਤ ਸਰਕਾਰ ਵੱਲੋਂ ਭਗਤ ਜੀ ਨੂੰ 'ਪਦਮ ਸ੍ਰੀ' ਨਾਲ ਸਨਮਾਨਿਤ ਕੀਤਾ ਗਿਆ, ਪਰ ਭਗਤ ਜੀ ਨੇ ਇਹ ਸਨਮਾਨ ਉਸ ਸਮੇਂ ਵਾਪਸ ਕਰ ਦਿੱਤਾ, ਜਦ ਸਰਕਾਰ ਨੇ ਮਾਨਵਤਾ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਫੌਜੀ ਹਮਲੇ ਸਮੇਂ ਭਾਰੀ ਹਾਨੀ ਪਹੁੰਚਾਈ।

5 ਅਗਸਤ 1992 ਨੂੰ ਭਗਤ ਪੂਰਨ ਸਿੰਘ ਮਨੁੱਖਤਾ ਦੀ ਸੇਵਾ ਦਾ ਇਕ ਅਨਮੋਲ ਸੁਨੇਹਾ ਦੇ ਕੇ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ।

**ਮੁੱਖ ਸਕੱਤਰ,*
*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।*

# ਬਰਗਾੜੀ ਮੋਰਚਾ: ਏ ਰਾਸਤੇ ਹੈਂ ਬਹੁਤ ਮੁਸ਼ਕਿਲ...

## ਮੋਰਚੇ ਦੇ ਆਗੂਆਂ ਵਿਚ ਜਜ਼ਬਾਤੀ ਤੇ ਸਿਧਾਂਤਕ ਏਕਤਾ ਦੀ ਜ਼ਬਰਦਸਤ ਲੋੜ

ਬਰਗਾੜੀ ਦੇ ਅੰਦਰ, ਬਰਗਾੜੀ ਦੇ ਬਾਹਰ ਪੰਜਾਬ ਵਿਚ ਅਤੇ ਬਾਹਰਲੇ ਮੁਲਕਾਂ ਵਿਚ ਇਸ ਸਮੇਂ ਸਲਾਹਾਂ, ਮਸ਼ਵਰਿਆਂ, ਤਜਵੀਜ਼ਾਂ ਤੇ ਸੁਝਾਵਾਂ ਦਾ ਬਾਜ਼ਾਰ ਪੂਰੀ ਤਰ੍ਹਾਂ ਗਰਮ ਹੈ। ਪਰ ਕਿਸ ਨੇ ਕੀਤਾ ਇਹ ਬਾਜ਼ਾਰ ਗਰਮ? ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਚੋਂ ਉਠੇ ਗੁੱਸੇ, ਰੋਸ ਤੇ ਦਰਦ ਨੂੰ ਇਕ ਥਾਂ ਉਤੇ, ਇਕ ਮੰਚ ਉਤੇ ਇਕੱਠਾ ਕਰਨ ਵਾਲੇ ਵੀਰ ਤੇ ਜਥੇਬੰਦੀਆਂ ਕਿਹੜੀਆਂ ਹਨ? ਸਪੱਸ਼ਟ ਹੈ ਕਿ ਇਹ ਮਾਣ ਬਰਗਾੜੀ ਮੋਰਚੇ ਵਾਲਿਆਂ ਨੂੰ ਹੀ ਜਾਂਦਾ ਹੈ ਅਤੇ ਜਾਣਾ ਚਾਹੀਦਾ ਵੀ ਹੈ।



ਕਰਮਜੀਤ ਸਿੰਘ ਚੰਡੀਗੜ੍ਹ
ਫੋਨ: 91-99150-91063

ਬਰਗਾੜੀ ਵਿਚ ਹੁੰਮ ਹੁੰਮਾ ਕੇ ਜੋ ਹੁਣ ਲੋਕ ਪਹੁੰਚਣ ਲੱਗੇ ਹਨ ਅਤੇ ਜੋ ਇਹ ਮੋਰਚਾ ਪੰਜਾਬ ਦੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚੋਂ ਨਿਕਲ ਕੇ ਬਾਹਰਲੇ ਮੁਲਕਾਂ ਦੇ ਸਿੱਖਾਂ ਦੇ ਦਿਲਾਂ ਵਿਚ ਵਸਦਾ ਜਾ ਰਿਹਾ ਹੈ ਤਾਂ ਇਸ ਪਿੱਛੇ ਕਰੜੀ ਮਿਹਨਤ, ਮੁਸ਼ੱਕਤ ਤੇ ਪਸੀਨਾ ਵਹਾਉਣ ਵਾਲੇ ਕੌਣ ਹਨ? ਜਵਾਬ ਇਹੋ ਹੈ ਕਿ ਬਰਗਾੜੀ ਮੋਰਚੇ ਨੂੰ ਚਲਾਉਣ ਵਾਲੇ ਹੀ ਹਨ।

ਅਗਲਾ ਸਵਾਲ ਇਹ ਹੈ ਕਿ ਜਦੋਂ ਇਹ ਮੋਰਚਾ ਸਫਲਤਾ ਦੀਆਂ ਮੰਜ਼ਿਲਾਂ ਵੱਲ ਆਪਣਾ ਸਫਰ ਜਾਰੀ ਰੱਖ ਰਿਹਾ ਹੈ ਅਤੇ ਆਮ ਆਦਮੀ ਪਾਰਟੀ, ਲੋਕ ਇਨਸਾਫ ਪਾਰਟੀ ਅਤੇ ਇਥੋਂ ਤੱਕ ਕਿ ਹਿੰਦੂ ਜਥੇਬੰਦੀਆਂ ਨੂੰ ਵੀ ਆਪਣੇ ਵੱਲ ਖਿੱਚ ਰਿਹਾ ਹੈ ਅਤੇ ਉਨ੍ਹਾਂ ਦੀ ਸਰਗਰਮ ਅਤੇ ਖਾਮੋਸ਼ ਹਮਾਇਤ ਹਾਸਲ ਕਰ ਰਿਹਾ ਹੈ ਤਾਂ ਫਿਰ ਕਿਨ੍ਹਾਂ ਜਥੇਬੰਦੀਆਂ ਅਤੇ ਵੀਰਾਂ ਨੇ ਇਹ ਪਵਿੱਤਰ ਤੇ ਠੋਸ ਆਧਾਰ ਤਿਆਰ ਕੀਤਾ? ਕਿਨ੍ਹਾਂ ਨੇ ਇਸ ਦੀ ਨੀਂਹ ਰੱਖੀ? ਕੀ ਬਰਗਾੜੀ ਮੋਰਚੇ ਦੇ ਆਗੂਆਂ ਤੋਂ ਬਿਨਾਂ ਅਸੀਂ ਇਸ ਸਮੇਂ ਕੋਈ ਹੋਰ ਨਾਂ ਲੈ ਸਕਦੇ ਹਾਂ? ਬਿਲਕੁਲ ਨਹੀਂ।

ਮੋਰਚਾ ਸ਼ੁਰੂ ਹੋਣ ਦੇ ਤੀਸਰੇ ਦਿਨ ਹੀ ਸਰਕਾਰ ਆਪ ਚੱਲ ਕੇ ਜੋ ਬਰਗਾੜੀ ਮੋਰਚੇ 'ਤੇ ਪਹੁੰਚ ਗਈ ਤਾਂ ਇਸ ਦੇ ਪਿੱਛੇ ਕਿਸ ਦੀ ਸਿਆਣਪ, ਸੁਚੱਜੀ ਰਾਜਨੀਤੀ ਅਤੇ ਦੂਰਅੰਦੇਸ਼ੀ ਕੰਮ ਕਰਦੀ ਹੈ? ਕੀ ਆਪਾਂ ਅਕਾਲੀ ਦਲ (ਅ), ਯੂਨਾਈਟਿਡ ਅਕਾਲੀ ਦਲ, ਸੁਤੰਤਰ ਅਕਾਲੀ ਦਲ, ਅਕਾਲੀ ਦਲ 1920, ਤਖਤ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਅਤੇ ਦਲ ਖਾਲਸਾ ਦੇ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ ਨੂੰ ਇਸ ਸਾਰੇ ਵਰਤਾਰੇ ਤੋਂ ਬਾਹਰ ਰੱਖ ਸਕਦੇ ਹਾਂ? ਕੀ ਅਸੀਂ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੀ ਕੁਰਬਾਨੀ ਅਤੇ ਦੂਰਅੰਦੇਸ਼ੀ ਨੂੰ ਨਜ਼ਰਅੰਦਾਜ਼ ਕਰ ਸਕਦੇ ਹਾਂ ਜੋ ਇਸ ਵੇਲੇ ਮੋਰਚੇ ਦੇ ਐਨ ਕੇਂਦਰ ਵਿਚ ਖੜ੍ਹੇ ਹਨ? ਕੌਣ ਹੈ ਜੋ ਇਨ੍ਹਾਂ ਗੱਲਾਂ ਦਾ ਜਵਾਬ ਨਾਂਹ ਵਿਚ ਦੇਵੇਗਾ?



ਜਥੇਦਾਰ ਧਿਆਨ ਸਿੰਘ ਮੰਡ

ਇਖਲਾਕ ਅਤੇ ਸਦਾਚਾਰ ਦੀਆਂ ਕਦਰਾਂ ਕੀਮਤਾਂ ਜਿਥੇ ਸਾਰਾ ਮਾਣ ਸਨਮਾਨ ਉਪਰੋਕਤ ਜਥੇਬੰਦੀਆਂ ਤੇ ਸ਼ਖਸੀਅਤਾਂ ਨੂੰ ਦਿੰਦੀਆਂ ਹਨ, ਉਥੇ ਇਨ੍ਹਾਂ ਜਥੇਬੰਦੀਆਂ ਦੇ ਸਿਰਾਂ ਉਤੇ ਜ਼ਿੰਮੇਵਾਰੀਆਂ ਦੀਆਂ ਪੰਡਾਂ ਵੀ ਵੱਡੀਆਂ ਵੱਡੀਆਂ ਹਨ। ਸਿੱਖ ਇਤਿਹਾਸ ਦੇ ਮੁਬਾਰਕ ਕਦਮ ਉਨ੍ਹਾਂ ਵੱਲ ਵਧ ਰਹੇ ਹਨ ਅਤੇ ਜੇ ਉਨ੍ਹਾਂ ਨੇ ਇਨ੍ਹਾਂ ਕਦਮਾਂ ਦਾ ਸਵਾਗਤ ਨਾ ਕੀਤਾ ਤਾਂ ਯਕੀਨਨ ਉਹ ਗੁਰੂ ਤੋਂ ਵੀ, ਖਾਲਸਾ ਪੰਥ ਤੋਂ ਵੀ ਅਤੇ ਇਥੋਂ ਤੱਕ ਕਿ ਮਾਨਵਤਾ ਦੇ ਸੁੱਚੇ ਜਜ਼ਬਿਆਂ ਤੋਂ ਵੀ ਦੂਰ ਹੋ ਜਾਣਗੇ।

ਮੋਰਚਾ ਸਿਖਰ 'ਤੇ ਪਹੁੰਚ ਗਿਆ ਹੈ। ਹੁਣ ਇਸ ਨੂੰ ਕੋਈ ਦਿਸ਼ਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਮੋਰਚਾ ਸਿੱਖਾਂ ਅਤੇ ਸਮੂਹ ਪੰਜਾਬੀਆਂ ਨੂੰ ਆਪਣੇ ਕਲਾਵੇ ਵਿਚ ਲੈ ਲਵੇ। ਇਕ ਮੋਮਬੱਤੀ ਦੂਜੀ ਮੋਮਬੱਤੀ ਨੂੰ ਜਗਾ ਕੇ ਆਪਣਾ ਕੁਝ ਨਹੀਂ ਗਵਾਉਂਦੀ ਸਗੋਂ ਰੌਸ਼ਨੀ ਦੇ ਘੇਰੇ ਨੂੰ ਹੋਰ ਵੱਡਾ ਕਰਦੀ ਹੈ। ਹੁਣ ਪਹਾੜ ਨੂੰ ਜੱਫੀ ਪਾਉਣ ਦਾ ਵਕਤ ਆ ਗਿਆ ਹੈ ਪਰ ਦੁਨੀਆਂ ਵੀ ਵੇਖ ਰਹੀ ਹੈ ਕਿ ਇਨ੍ਹਾਂ ਜਥੇਬੰਦੀਆਂ ਦੀਆਂ ਬਾਹਾਂ ਸਾਥ ਦਿੰਦੀਆਂ ਹਨ ਕਿ ਨਹੀਂ। ਇਨ੍ਹਾਂ ਜਥੇਬੰਦੀਆਂ ਅਤੇ ਇਨ੍ਹਾਂ ਦੇ ਆਗੂਆਂ ਨੂੰ ਬੜੀ ਦੂਰ ਤੱਕ ਵੇਖਣਾ ਪੈਣਾ ਹੈ, ਕਿਉਂਕਿ ਵਕਤ ਇਹ ਮੰਗ ਕਰਦਾ ਹੈ।

ਅਫਰੀਕਾ ਦੇ ਕਾਲੇ ਲੋਕਾਂ ਦੀ ਇਹ ਕਹਾਵਤ ਬਹੁਤ ਕੀਮਤੀ ਹੈ ਕਿ ਸਿਆਣੇ ਤੇ ਦੂਰਅੰਦੇਸ਼ ਸਿਆਸਤਦਾਨ ਪੈਰਾਂ ਭਾਰ ਬੈਠ ਕੇ ਵੀ ਉਨੀ ਦੂਰ ਤੱਕ ਵੇਖ ਸਕਦੇ ਹਨ ਜਿੰਨੀ ਦੂਰ ਤੱਕ ਇਕ ਅਨਾੜੀ ਤੇ ਕਚਘਰਤ ਸਿਆਸਤਦਾਨ ਉਚੇ ਦਰਖਤ ਉਤੇ ਬੈਠ ਕੇ ਵੀ ਨਹੀਂ ਵੇਖ ਸਕਦਾ। ਹੁਣ ਇਨ੍ਹਾਂ ਵੀਰਾਂ ਦੇ ਇਮਤਿਹਾਨ ਦੀ ਘੜੀ ਹੈ ਅਤੇ ਇਹ ਗੱਲ ਮੰਨਣ ਵਿਚ ਉਹ ਹੋਰ ਵੱਡੇ,



ਵਿਸ਼ਾਲ ਤੇ ਸਿਆਣੇ ਆਖੇ ਜਾਣਗੇ ਕਿ ਇਸ ਤੋਂ ਪਹਿਲੇ ਇਮਤਿਹਾਨਾਂ ਵਿਚ ਉਹ ਹਾਰਦੇ ਰਹੇ ਹਨ। ਪਰ ਇਹ ਚੰਗੀ ਗੱਲ ਹੈ ਕਿ ਉਨ੍ਹਾਂ ਹਾਰ ਮੰਨੀ ਨਹੀਂ ਅਤੇ ਇਸੇ ਕਰਕੇ ਬਰਗਾੜੀ ਮੋਰਚੇ ਵਿਚ ਕਿਸੇ ਅਦਿੱਖ ਤਾਕਤ ਨੇ ਉਨ੍ਹਾਂ ਨੂੰ ਫਿਰ ਇਕ ਯਾਦਗਰੀ ਮੌਕਾ ਦਿੱਤਾ ਹੈ।

ਬਰਗਾੜੀ ਮੋਰਚੇ ਦੀ ਮੰਜ਼ਿਲ ਕੀ ਹੈ? ਅਸਾਂ ਤਿੰਨ ਮੰਗਾਂ ਮਨਵਾ ਕੇ ਹੀ ਅੱਗੇ ਵਧਣਾ ਹੈ ਪਰ ਜਿਸ ਤਰ੍ਹਾਂ ਦੀ ਕਾਮਯਾਬੀ ਖਾਲਸਾ ਪੰਥ ਨੇ ਉਨ੍ਹਾਂ ਨੂੰ ਹੁਣ ਦੇ ਦਿੱਤੀ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਗੱਲ ਤਿੰਨ ਮੰਗਾਂ ਤੋਂ ਵੀ ਅੱਗੇ ਲੰਘ ਚੁੱਕੀ ਹੈ। ਸਾਰੇ ਵਿਦਵਾਨ, ਇਤਿਹਾਸਕਾਰ ਅਤੇ ਸੁਲਝੇ ਹੋਏ ਪੱਤਰਕਾਰਾਂ ਦੀਆਂ ਮਹਿਫਿਲਾਂ ਵਿਚ ਅੱਜ ਕੱਲ੍ਹ ਸਾਂਝੇ ਤੌਰ 'ਤੇ ਇਹੋ ਗੱਲ ਸਾਹਮਣੇ ਆ ਰਹੀ ਹੈ ਕਿ ਇਸ ਮੋਰਚੇ ਵਿਚੋਂ ਕੋਈ ਵੱਡੀ ਸ਼ਕਤੀ ਕੱਢਣੀ ਚਾਹੀਦੀ ਹੈ। ਕਈ ਵਾਰ ਇਤਿਹਾਸ ਅਣਮੰਗਿਆ ਦਾਨ ਵੀ ਦਿੰਦਾ ਹੈ ਪਰ ਇਸ ਦਾਨ ਨੂੰ ਪਚਾਉਣ ਤੇ ਸਾਂਭਣ ਦੀ ਤਾਕਤ ਵੀ ਹੋਣੀ ਚਾਹੀਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਤਿੰਨ ਮੰਗਾਂ ਤੋਂ ਅੱਗੇ ਹੋਰ ਕਿਹੜੀਆਂ ਮੰਜ਼ਿਲਾਂ ਹਨ ਜੋ ਉਨ੍ਹਾਂ ਨੇ ਅਜੇ ਤੈਅ ਕਰਨੀਆਂ ਹਨ? ਉਹ ਮੰਜ਼ਿਲਾਂ ਹਨ: ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਅਕਾਲ ਤਖਤ ਸਾਹਿਬ ਅਤੇ ਪੰਜਾਬ।

## ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ ਭਾਈ ਪੰਥਪ੍ਰੀਤ ਸਿੰਘ ਅਤੇ ਸੰਤ ਸਮਾਜ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ

ਇਸ ਲਈ ਹੁਣ ਕਈ ਵੱਡੇ ਕੰਮ ਕਰਨੇ ਪੈਣੇ ਹਨ। ਇਕ, ਸਮੁੱਚੀ ਸਿੱਖ ਕੌਮ ਨੂੰ ਅਰਥਾਤ ਕੌਮ ਦੇ ਹਰ ਵਰਗ ਨੂੰ ਇਕ ਪਲੇਟਫਾਰਮ 'ਤੇ ਇਕੱਠਿਆਂ ਕਰਨਾ।

ਜਦੋਂ ਇਕੱਠਿਆਂ ਕਰਨ ਦੀ ਗੱਲ ਤੁਰਦੀ ਹੈ ਤਾਂ ਵਿਦਵਾਨਾਂ ਦੀ ਮਹਿਫਿਲ ਵਿਚ ਇਹ ਵਿਚਾਰ ਪੇਸ਼ ਕੀਤਾ ਜਾਂਦਾ ਹੈ ਕਿ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ ਭਾਈ ਪੰਥਪ੍ਰੀਤ ਸਿੰਘ ਨੂੰ ਵਿਸ਼ੇਸ਼ ਸੱਦਾ ਦੇਣਾ ਚਾਹੀਦਾ ਹੈ ਕਿਉਂਕਿ ਪੰਥ ਦੇ ਵੱਡੇ ਹਿੱਸੇ ਉਨ੍ਹਾਂ ਨਾਲ ਵੀ ਜੁੜੇ ਹੋਏ ਹਨ। ਇਸ ਤਰ੍ਹਾਂ ਸੰਤ ਸਮਾਜ ਨੂੰ ਵੀ ਅਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ।

ਦੂਜਾ, ਸਾਰੇ ਪੰਜਾਬੀਆਂ ਨੂੰ, ਕੌਮ ਤੋਂ ਵਿਛੜ ਰਹੇ ਦਲਿਤ ਭਰਾਵਾਂ ਨੂੰ, ਬੁੱਧੀਜੀਵੀਆਂ ਨੂੰ, ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਦੇ ਦਿਲਾਂ ਤੇ ਦਿਮਾਗਾਂ ਨੂੰ ਬਰਗਾੜੀ ਮੋਰਚੇ ਦੇ ਵਿਸ਼ਾਲ ਖੰਭਾਂ ਹੇਠ ਇਕੱਠੇ ਕਰਨਾ ਹੈ। ਤੀਜੀ ਮੰਜ਼ਿਲ ਉਨ੍ਹਾਂ ਪਾਰਟੀਆਂ ਤੱਕ ਪਹੁੰਚ ਕਰਨੀ ਹੈ ਜਿਨ੍ਹਾਂ ਨੇ ਪਿਛਲੇ ਕੁਝ ਅਰਸੇ ਵਿਚ ਪੰਜਾਬ ਦੇ ਲੋਕਾਂ ਅੰਦਰ ਇਕ ਵੱਖਰੀ ਤੇ ਸਤਿਕਾਰਯੋਗ ਥਾਂ ਬਣਾਈ ਹੋਈ ਹੈ। ਇਨ੍ਹਾਂ ਵਿਚ ਆਮ ਆਦਮੀ ਪਾਰਟੀ ਅਤੇ ਇਸ ਪਾਰਟੀ ਦੇ ਬਾਗੀ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਲੋਕ ਇਨਸਾਫ ਪਾਰਟੀ ਦੇ ਆਗੂ ਸਿਮਰਜੀਤ ਸਿੰਘ ਬੈਂਸ ਸ਼ਾਮਿਲ ਹਨ। ਇਸੇ ਤਰ੍ਹਾਂ ਦਲਿਤਾਂ ਦੀਆਂ ਕਈ ਜਥੇਬੰਦੀਆਂ ਅਤੇ ਖੱਬੇਪੱਖੀ ਆਗੂ ਵੀ ਬਰਗਾੜੀ ਮੋਰਚੇ ਦੀ ਹਮਾਇਤ ਕਰ ਰਹੇ ਹਨ। ਭਵਿੱਖ ਵਿਚ ਇਕ ਵਿਸ਼ਾਲ ਅਤੇ ਪਾਏਦਾਰ ਮੰਚ ਸਥਾਪਿਤ ਕਰਨ ਲਈ ਇਨ੍ਹਾਂ ਸਭਨਾਂ ਨੂੰ ਇਕ ਮੰਚ ਉਤੇ ਇਕੱਠਾ ਕਰਨਾ ਜ਼ਰੂਰੀ ਹੈ। ਵੈਸੇ ਇਹ ਆਗੂ ਸਿੱਖਾਂ ਦੀਆਂ ਧਾਰਮਿਕ ਮੰਗਾਂ ਉਤੇ ਵੀ ਇਕਜੁੱਟ ਹਨ।

ਇਸੇ ਤਰ੍ਹਾਂ ਬਾਹਰਲੇ ਮੁਲਕਾਂ ਵਿਚ ਪੰਜਾਬ ਦੇ ਹਿਤਾਂ ਲਈ ਲੜ ਰਹੀਆਂ ਤਮਾਮ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਇਸ ਮੋਰਚੇ ਦਾ ਸਰਗਰਮ ਹਿੱਸਾ ਬਣਾਉਣ ਦੀ ਲੋੜ ਹੈ। ਅਜਿਹੀ ਚੋਣ ਕਰਨ ਲੱਗਿਆਂ ਕਿਸੇ ਵੀ ਧਿਰ ਨੂੰ ਇਹ ਅਹਿਸਾਸ ਨਹੀਂ ਹੋਣਾ ਚਾਹੀਦਾ ਕਿ ਉਨ੍ਹਾਂ ਨਾਲ ਕਿਸੇ ਕਿਸਮ ਦਾ ਲੁਕਿਆ ਜਾਂ ਪ੍ਰਤੱਖ ਵਿਤਕਰਾ ਕੀਤਾ ਜਾ ਰਿਹਾ ਹੈ।

ਇਸ ਦਿਸ਼ਾ ਵਿਚ ਮੋਰਚੇ ਨਾਲ ਜੁੜੀਆਂ ਜਥੇਬੰਦੀਆਂ ਤੋਂ ਇਲਾਵਾ ਮੋਰਚੇ ਦੇ ਸੰਚਾਲਕ ਭਾਈ ਧਿਆਨ ਸਿੰਘ ਮੰਡ ਦੀਆਂ ਜ਼ਿੰਮੇਵਾਰੀਆਂ ਅਤੇ ਫਰਜ਼ ਹੋਰ ਵੀ ਵੱਧ ਜਾਂਦੇ ਹਨ। ਕਿਸੇ ਵੀ ਵੱਡੇ ਸਮਾਗਮ ਵਿਚ ਭਾਵੇਂ ਸਾਰਿਆਂ ਨੂੰ ਬੋਲਣ ਲਈ ਸਮਾਂ ਨਹੀਂ ਮਿਲਦਾ ਅਤੇ ਇਤਿਹਾਸਕ ਮੁਤਾਬਿਕ ਦਿੱਤਾ ਵੀ ਨਹੀਂ ਜਾ ਸਕਦਾ ਪਰ ਇਹ ਖਬਰਾਂ ਆ ਰਹੀਆਂ ਹਨ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦਾ ਕੌਮ ਦੇ ਨਾਮ ਵਿਸ਼ੇਸ਼ ਸੰਦੇਸ਼ ਲੈ ਕੇ ਆਏ ਉਘੇ ਐਡਵੋਕੇਟ ਏ. ਐਸ. ਚਹਿਲ ਨੂੰ ਤਿੰਨ ਚਾਰ ਮਿੰਟ ਬੋਲਣ ਦਾ ਵੀ ਸਮਾਂ ਨਹੀਂ ਦਿੱਤਾ ਜਾ ਸਕਿਆ। ਉਹ ਬਿਨ ਬੋਲੇ ਹੀ ਉਠ ਕੇ ਆ ਗਏ। ਜਦੋਂ ਕੌਮ ਦੇ ਜਥੇਦਾਰ ਦਾ ਸੰਦੇਸ਼ ਹੀ ਨਹੀਂ ਸੁਣਾਇਆ ਗਿਆ ਤਾਂ ਇਸ ਨਾਲ ਸੁਭਾਵਿਕ ਹੀ ਨਿੱਕੇ ਮੋਟੇ ਮਤਭੇਦ ਤੇ ਮਨਮੁਟਾਵ ਆ ਜਾਣੇ ਮੋਰਚੇ ਦੀ ਸਾਂਝੀ ਤਾਕਤ ਨੂੰ ਕਮਜ਼ੋਰ ਕਰ ਸਕਦੇ ਹਨ। ਕਿਸੇ ਵੀ ਹਾਲਤ ਵਿਚ ਇਸ ਤਰ੍ਹਾਂ ਦੀ ਕਨਸੋਅ ਨਹੀਂ ਮਿਲਣੀ ਚਾਹੀਦੀ ਜਿਸ ਤੋਂ ਇਹ ਪਤਾ ਲੱਗੇ ਕਿ ਸਰਬੱਤ ਖਾਲਸਾ ਵੱਲੋਂ ਅਥਾਹ ਦੀ ਸ਼ਰਧਾ, ਵਿਸ਼ਵਾਸ ਤੇ ਵਿਵੇਕ ਜਜ਼ਬਿਆਂ ਅਤੇ ਜੈਕਾਰਿਆਂ ਦੀ ਗੂੰਜ ਵਿਚ ਕਾਇਮ ਕੀਤੇ ਗਏ ਭਾਈ ਜਗਤਾਰ ਸਿੰਘ ਹਵਾਰਾ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਮੋਰਚੇ ਦੇ ਆਗੂਆਂ ਨੂੰ ਹਰ ਹਾਲਤ ਵਿਚ ਪੈਰ ਪੈਰ 'ਤੇ ਸੰਭਲਣਾ ਪੈਣਾ ਹੈ ਕਿਉਂਕਿ ਜੇ ਇਕ ਪਾਸੇ ਸਰਕਾਰੀ ਏਜੰਸੀਆਂ ਮੋਰਚੇ ਨੂੰ ਕਮਜ਼ੋਰ ਕਰਨ ਲਈ ਮੋਰਚੇ ਦੀ ਨਿੱਕੀ ਨਿੱਕੀ ਸਰਗਰਮੀ ਉਤੇ ਨਿਗਾਹ ਰੱਖ ਰਹੀਆਂ ਹਨ, ਉਥੇ ਲੁਕੇ ਦੁਸ਼ਮਣ, ਨਿੰਦਕ ਤੇ ਸ਼ਰੀਕ ਤਾਂ ਪਹਿਲਾਂ ਹੀ ਮੁਸ਼ਕਿਲ ਨਾਲ ਹਾਸਲ ਕੀਤੀ ਇਸ ਕਾਮਯਾਬੀ ਤੇ ਏਕਤਾ ਨੂੰ ਢਾਹ ਲਾਉਣ ਲਈ ਤਿਆਰ ਬਰ ਤਿਆਰ ਰਹਿੰਦੇ ਹਨ।

ਸਿੱਖ, ਸਿੱਖੀ ਤੇ ਪੰਜਾਬ ਨੂੰ ਯੋਜਨਾਬੱਧ ਢੰਗ ਨਾਲ ਬਰਬਾਦ ਕਰਨ ਵਾਲੇ ਬਾਦਲ-ਪਰਿਵਾਰ, ਬਾਦਲ-ਕਲਚਰ ਅਤੇ ਬਾਦਲ-ਤਰਜ਼-ਜ਼ਿੰਦਗੀ ਨੂੰ ਤਾਂ ਹੀ ਇਤਿਹਾਸ ਦੇ ਵਿਹੜੇ ਵਿਚੋਂ ਬਾਹਰ ਕੀਤਾ ਜਾਵੇਗਾ ਜੇ ਬਰਗਾੜੀ ਮੋਰਚਾ ਇਕ ਵੱਡਾ ਧਾਰਮਿਕ ਤੇ ਰਾਜਨੀਤਕ ਬਦਲ ਪੰਜਾਬ ਦੀ ਝੋਲੀ ਵਿਚ ਪਾਉਂਦਾ ਹੈ। ਇਸ ਲਈ ਲੋਕਾਂ ਦੇ ਅੰਦਰ ਉਠੀਆਂ ਇਨ੍ਹਾਂ ਉਮੀਦਾਂ ਨੂੰ ਪੂਰਾ ਕਰਨ ਲਈ ਤਿਆਗ, ਕੁਰਬਾਨੀ ਤੇ ਸਿਆਣਪ ਦੀ ਇਸ ਸਮੇਂ ਬਹੁਤ ਲੋੜ ਹੈ। ਇਉਂ ਸਮਝੋ ਮੋਰਚੇ ਦੇ ਆਗੂ ਕਿਸੇ ਵੱਡੇ ਰਾਜਨੀਤਕ ਦਰਿਆ ਵਿਚ ਕਿਸ਼ਤੀ 'ਤੇ ਸਵਾਰ ਤਾਂ ਹਨ ਪਰ ਉਨ੍ਹਾਂ ਨੂੰ ਲੋੜ ਪੈਣ 'ਤੇ ਤਰਨ ਦੀ ਜਾਚ ਵੀ ਆਉਣੀ ਚਾਹੀਦੀ ਹੈ।

ਕਿੰਨਾ ਚੰਗਾ ਹੋਵੇ ਜੇ ਹਰ ਰੋਜ਼ ਸ਼ਾਮ ਨੂੰ ਮੋਰਚੇ ਦੀਆਂ ਸਰਗਰਮੀਆਂ ਦਾ ਵਿਸ਼ਲੇਸ਼ਣ ਕੀਤਾ ਜਾਵੇ। ਅਸੀਂ ਇਕ ਜੰਗ ਬਾਹਰ ਲੜ ਰਹੇ ਹਾਂ ਜਦਕਿ ਸਿਆਣੇ ਲੋਕਾਂ ਦਾ ਕਹਿਣਾ ਹੈ ਕਿ ਇਨਸਾਨਾਂ ਦੇ ਸਭ ਤੋਂ ਵੱਡੇ ਯੁੱਧ ਉਹ ਹੁੰਦੇ ਹਨ ਜਿਹੜੇ ਉਹ ਆਪਣੇ 'ਅੰਦਰ' ਲੜਦੇ ਹਨ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਮੋਰਚੇ ਦੀਆਂ ਜਥੇਬੰਦੀਆਂ ਤੇ ਇਸ ਨਾਲ ਜੁੜੀਆਂ ਸ਼ਖਸੀਅਤਾਂ ਇਸ ਮੋਰਚੇ ਦੀ ਬੁਨਿਆਦ ਹਨ, ਨੀਂਹ ਹਨ। ਜੇ ਨੀਂਹ ਹਿੱਲ ਗਈ ਤਾਂ ਢਾਂਚਾ ਆਪਣੇ ਆਪ ਡਿੱਗ ਪਵੇਗਾ। ਹਰ ਸੁਹਿਰਦ ਵੀਰ ਤੇ ਭੈਣ ਡਰਦੀ ਹੈ ਕਿ ਕਿਤੇ ਇੰਜ ਨਾ ਹੋ ਜਾਵੇ।

## ਸਖਤੀ ਦੇ ਦਾਅਵੇ ਪਿੱਛੋਂ ਵੀ ਨਾ ਰੁਕੀਆਂ ਬੇਅਦਬੀ ਦੀਆਂ ਘਟਨਾਵਾਂ

**ਗਿੱਦੜਬਾਹਾ:** ਹਲਕਾ ਗਿੱਦੜਬਾਹਾ ਅਧੀਨ ਪੈਂਦੇ ਪਿੰਡ ਖਿੜਕੀਆਂਵਾਲਾ ਲਿੰਕ ਡਰੇਨ ਪੁਲ ਨੇੜੇ ਗੁਟਕਾ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰੀ ਹੈ। ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਕਮੇਟੀ ਦੇ ਮੀਤ ਪ੍ਰਧਾਨ ਬੇਅੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੁਖਮਨੀ ਸਾਹਿਬ ਦੇ ਗੁਟਕਾ ਸਾਹਿਬ ਦੇ ਅੰਗਾਂ ਦੀ ਬੇਅਦਬੀ ਕੀਤੇ ਜਾਣ ਦੀ ਸੂਚਨਾ ਮਿਲੀ ਸੀ, ਜਿਸ 'ਤੇ ਉਨ੍ਹਾਂ ਤੁਰਤ ਇਹ ਜਾਣਕਾਰੀ ਥਾਣਾ ਕੋਟਭਾਈ ਨੂੰ ਦਿੱਤੀ। ਇਸ ਘਟਨਾ ਦਾ ਪਤਾ ਉਸ ਸਮੇਂ ਚੱਲਿਆ ਜਦ ਸਵੇਰੇ ਪਿੰਡ ਵਾਸੀ ਗੁਰਦੁਆਰੇ ਮੱਥਾ ਟੇਕਣ ਆ ਰਹੇ ਸਨ ਤਾਂ ਕੁਝ ਪਿੰਡ ਵਾਸੀਆਂ ਨੇ ਗੁਟਕਾ ਸਾਹਿਬ ਦੇ ਅੰਗ ਪਏ ਦੇਖੇ ਅਤੇ ਇਸ ਦੀ ਸੂਚਨਾ ਗੁਰਦੁਆਰਾ ਪ੍ਰਬੰਧ ਕਮੇਟੀ ਨੂੰ ਦਿੱਤੀ ਅਤੇ ਪਿੰਡ ਵਾਸੀਆਂ ਨੇ ਗੁਟਕਾ ਸਾਹਿਬ ਦੇ ਅੰਗ ਗੁਰਦੁਆਰੇ ਪਹੁੰਚਾਏ।

ਘਟਨਾ ਦਾ ਪਤਾ ਚੱਲਦਿਆਂ ਹੀ ਥਾਣਾ ਕੋਟਭਾਈ ਮੁਖੀ ਦਲਜੀਤ ਸਿੰਘ ਪੁਲੀਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਅਤੇ ਇਸ ਤੋਂ ਇਲਾਵਾ ਨਾਇਬ ਤਹਿਸੀਲਦਾਰ ਚਰਨਜੀਤ ਕੌਰ ਨੇ ਮੌਕੇ 'ਤੇ ਪੁੱਜ ਕੇ ਘਟਨਾ ਦੀ ਜਾਣਕਾਰੀ ਪ੍ਰਾਪਤ ਕੀਤੀ। ਪਿੰਡ ਖਿੜਕੀਆਂ ਵਾਲਾ ਪੁੱਜੇ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਦੇ ਮੈਨੇਜਰ ਬਲਦੇਵ ਸਿੰਘ ਨੇ ਘਟਨਾ ਦੀ ਨਿਰਪੱਖ ਜਾਂਚ ਕੀਤੇ ਜਾਣ ਦੀ ਮੰਗ ਕੀਤੀ।

# ਸਵਾਲਾਂ ਦੇ ਘੇਰੇ 'ਚ ਆਇਆ ਪੰਜਾਬ ਦਾ ਨਸ਼ਾ ਛੁਡਾਊ ਪ੍ਰੋਗਰਾਮ

**ਚੰਡੀਗੜ੍ਹ:** ਪੰਜਾਬ ਦਾ ਨਸ਼ਾ ਛੁਡਾਊ ਪ੍ਰੋਗਰਾਮ ਨਸ਼ੇੜੀ ਮਰੀਜ਼ਾਂ ਨੂੰ ਇਸ ਅਲਾਮਤ ਤੋਂ ਛੁਟਕਾਰਾ ਦਿਵਾਉਣ ਦੀ ਥਾਂ ਉਨ੍ਹਾਂ ਨੂੰ ਨਸ਼ੇ ਦਾ ਆਦੀ ਬਣਾ ਰਿਹਾ ਹੈ। ਨਸ਼ਿਆਂ ਤੋਂ ਖਹਿੜਾ ਛੁਡਾਉਣ ਲਈ ਰਾਜ ਨਾਲ ਸਬੰਧਤ ਮਰੀਜ਼ਾਂ ਨੂੰ ਇਨ੍ਹਾਂ ਕੇਂਦਰਾਂ ਵਿਚ ਜਿਹੜੀ ਦਵਾਈ ਦਿੱਤੀ ਜਾ ਰਹੀ ਹੈ, ਉਸ ਵਿਚ ਬਿਊਪਰਿਨੌਰਫਿਨ ਸਾਲਟ ਦੀ ਮਾਤਰਾ ਮਿੱਥੀ ਕਾਨੂੰਨੀ ਲਿਮਿਟ ਨਾਲੋਂ 25 ਫੀਸਦੀ ਵੱਧ ਹੈ। ਮਾਹਿਰਾਂ ਮੁਤਾਬਕ ਗੈਰਕਾਨੂੰਨੀ ਤਰੀਕੇ ਨਾਲ ਸਟੋਰ ਕੀਤੀ ਇਸ ਦਵਾਈ ਦਾ ਵੱਡਾ ਸਟਾਕ ਜ਼ਬਤ ਕੀਤੇ ਜਾਣਾ ਤੇ ਮਰੀਜ਼ਾਂ ਨੂੰ ਨਿਯਤ ਮਾਤਰਾ ਨਾਲੋਂ ਵੱਧ ਦਵਾਈ ਦੇਣ ਤੋਂ ਸਾਫ ਹੈ ਕਿ ਕਿਤੇ ਤਾਂ ਕੁਝ ਗੜਬੜ ਹੈ।

ਪੰਜਾਬ 'ਚ ਬਿਊਪਰਿਨੌਰਫਿਨ ਸਾਲਟ ਦੇ ਚਾਰ ਪ੍ਰਮੁੱਖ ਸਪਲਾਇਰ ਹਨ, ਜੋ ਵੱਖ-ਵੱਖ ਬਰਾਂਡਾਂ ਹੇਠ ਇਸ ਨੂੰ ਵੇਚਦੇ ਹਨ। ਇਨ੍ਹਾਂ ਵਿਚੋਂ ਦੋ ਸਪਲਾਇਰਾਂ ਕੋਲੋਂ ਪ੍ਰਾਪਤ ਦਵਾਈ ਦੇ ਨਮੂਨੇ ਵਿਚੋਂ ਇਕ ਵਿਚ ਸਾਲਟ ਦੀ ਮਾਤਰਾ ਮਿੱਥੇ ਨਾਲੋਂ ਕਿਤੇ ਵੱਧ ਤੇ ਦੂਜੇ ਵਿਚ ਕਿਤੇ ਘੱਟ ਹੈ। ਇਹ ਤੱਥ ਰਾਜ ਦੇ ਖੁਰਾਕ ਤੇ ਡਰੱਗ ਪ੍ਰਸ਼ਾਸਨ ਵੱਲੋਂ ਰਾਜ ਦੀ ਡਰੱਗ ਟੈਸਟਿੰਗ ਲੈਬਾਰਟਰੀ ਤੋਂ ਦਵਾਈ ਦੀ ਕਰਵਾਈ ਜਾਂਚ ਤੋਂ ਸਾਹਮਣੇ ਆਏ ਹਨ। ਦੀ ਸਮੀਖਿਆ ਤੋਂ ਸਪਸ਼ਟ ਹੈ ਕਿ ਦਵਾਈਆਂ ਵਿਚ ਸਾਲਟ ਦੀ ਮਾਤਰਾ ਮਿੱਥੇ ਨਾਲੋਂ 17 ਤੋਂ 25 ਫੀਸਦੀ ਵੱਧ ਸੀ। ਇਹ ਦਵਾਈਆਂ ਤਿੰਨ ਕੰਪਨੀਆਂ




ਦਸਤਾਵੇਜ਼ਾਂ ਮੁਤਾਬਕ ਦਵਾਈਆਂ ਦੇ ਨਮੂਨੇ ਵੱਖ-ਵੱਖ ਨਸ਼ਾ ਛੁਡਾਊ ਕੇਂਦਰਾਂ ਤੇ ਕੈਮਿਸਟ ਦੀਆਂ ਦੁਕਾਨਾਂ ਤੋਂ ਇਕੱਤਰ ਕੀਤੇ ਗਏ ਸਨ। ਨਮੂਨਿਆਂ ਰੁਸਾਨ ਫਾਰਮਾ (ਐਡਨੌਕ-ਐਨ), ਮਾਨ ਫਾਰਮਾਸਿਊਟੀਕਲਜ਼ (ਸਿਜ਼ਡੋਲ-ਐਨ) ਅਤੇ ਐਸ.ਬੀ.ਐਸ. ਬਾਇਓਟੈਕ (ਕਿਊਟਿਰਗਜ਼) ਵੱਲੋਂ ਵੇਚੀਆਂ ਜਾ ਰਹੀਆਂ ਹਨ। ਦਵਾਈ ਦੇ ਪੱਤੇ ਉਤੇ ਅੰਕਿਤ ਵੇਰਵੇ ਮੁਤਾਬਕ ਐਡਨੌਕ-ਐਨ ਵਿਚ ਬਿਊਪੇਰਿਨੌਰਫਿਨ ਦੀ ਮਾਤਰਾ ਪ੍ਰਤੀ ਗੋਲੀ 2 ਮਿਲੀਗ੍ਰਾਮ ਤੋਂ ਵਧ ਨਹੀਂ ਹੋਣੀ ਚਾਹੀਦੀ ਜਦੋਂਕਿ ਇਸ ਵਿਚ ਸਾਲਟ ਦੀ ਮਾਤਰਾ ਮਿੱਥੇ ਨਾਲੋਂ 25 ਫੀਸਦੀ ਵੱਧ ਹੈ।

ਇਸੇ ਤਰ੍ਹਾਂ ਸਿਜ਼ਡੋਲ-ਐਨ ਵਿਚ ਸਾਲਟ 17 ਫੀਸਦੀ ਵਧ ਜਦੋਂਕਿ ਕਿਊਟਿਰਗਜ਼ 0.4 ਵਿਚ ਸਾਲਟ ਮਿਥੀ ਡੋਜ਼ ਨਾਲੋਂ 14 ਫੀਸਦੀ ਘੱਟ ਹੈ। ਡਰੱਗਜ਼ ਤੇ ਕੌਸਮੈਟਿਕ ਨੇਮ 1945 ਮੁਤਾਬਕ ਬਿਊਪਰਿਨੌਰਫਿਨ ਸਾਲਟ ਵਿਚ ਡੋਜ਼ ਉਤੇ ਅੰਕਿਤ ਸੀਮਾ ਨਾਲੋਂ ਦਸ ਫੀਸਦੀ ਤੋਂ ਵਧ ਫਰਕ ਨਹੀਂ ਹੋ ਸਕਦਾ। ਉਂਜ ਸਰਕਾਰ ਵੱਲੋਂ ਜਾਰੀ ਅੰਦਰੂਨੀ ਹਦਾਇਤਾਂ ਵਿਚ ਇਨ੍ਹਾਂ ਦਵਾਈਆਂ ਨੂੰ ਸਟੈਂਡਰਡ ਮਿਆਰ ਵਾਲੀ ਸ਼੍ਰੇਣੀ 'ਚੋਂ ਬਾਹਰ ਰੱਖਿਆ ਗਿਆ ਹੈ।

ਉਂਜ, ਇਸ ਨਵੇਂ ਖੁਲਾਸੇ ਨਾਲ ਵੱਡੀ ਗਿਣਤੀ ਕੈਮਿਸਟ ਤੇ ਨਸ਼ਾ ਛੁਡਾਊ ਕੇਂਦਰ ਨਿਗਰਾਨੀ ਅਧੀਨ ਆ ਗਏ ਹਨ। ਖੁਰਾਕ ਤੇ ਡਰੱਗ ਪ੍ਰਸ਼ਾਸਨ ਨੇ ਅਗਸਤ ਮਹੀਨੇ ਲੁਧਿਆਣਾ ਦੇ ਇਕ ਥੋਕ ਦਵਾਈ ਵਿਕਰੇਤਾ ਤੋਂ 46 ਲੱਖ ਮੁੱਲ ਦੀਆਂ ਬਿਊਪਰਿਨੌਰਫਿਨ ਤੇ ਨਾਲੋਕਸੋਨ ਦੇ ਮਿਸ਼ਰਨ ਵਾਲੀਆਂ 1.6 ਲੱਖ ਗੋਲੀਆਂ ਬਰਾਮਦ ਕੀਤੀਆਂ ਸਨ। ਸੰਪਰਕ ਕਰਨ ਉਤੇ ਰੁਸਾਨ ਫਾਰਮਾ ਨੇ ਕਿਹਾ ਕਿ ਉਨ੍ਹਾਂ ਦੀ ਦਵਾਈ ਮਿੱਥੇ ਮਾਪਦੰਡਾਂ ਮੁਤਾਬਕ ਹੈ।

ਉਧਰ, ਵਧੀਕ ਮੁੱਖ ਸਕੱਤਰ (ਸਿਹਤ) ਸਤੀਸ਼ ਚੰਦਰਾ ਨੇ ਕਿਹਾ ਕਿ ਇਹ ਵੱਡੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਉਪਰੋਕਤ ਤਿੰਨੇ ਡਰੱਗ ਕੰਪਨੀਆਂ ਤੋਂ ਦਵਾਈ ਲੈਣ ਉਤੇ ਰੋਕ ਲਾ ਦਿੱਤੀ ਹੈ। ਉਧਰ, ਪੀ.ਜੀ.ਆਈ. ਚੰਡੀਗੜ੍ਹ ਵਿਚ ਮਨੋਵਿਗਿਆਨ ਵਿਭਾਗ ਦੇ ਪ੍ਰੋਫੈਸਰ ਡਾ. ਡੀ. ਬਾਸੂ ਨੇ ਕਿਹਾ ਕਿ ਜੇਕਰ ਮਰੀਜ਼ਾਂ ਨੂੰ ਦਵਾਈ ਦੇ ਕਿਸੇ ਖਾਸ ਬ੍ਰਾਂਡ ਵਿਚ ਸਾਲਟ ਦੀ ਵਧੇਰੇ ਖੁਰਾਕ ਦਿੱਤੀ ਜਾਂਦੀ ਹੈ ਤਾਂ ਇਕ ਤਾਂ ਉਨ੍ਹਾਂ ਨੂੰ ਇਸ ਦੀ ਆਦਤ ਪੈ ਜਾਵੇਗੀ ਤੇ ਦੂਜਾ ਹੋਰ ਬ੍ਰਾਂਡ ਦੀ ਆਮ ਖੁਰਾਕ ਉਨ੍ਹਾਂ ਉਤੇ ਅਸਰ ਨਹੀਂ ਕਰੇਗੀ।

# ਚੰਡੀਗੜ੍ਹ 'ਤੇ ਪੰਜਾਬ ਦੇ ਹੱਕਾਂ ਨੂੰ ਖੋਰਾ ਲਾਉਣ ਵਾਲੇ ਫੈਸਲੇ ਤੋਂ ਪਿੱਛੇ ਹਟੀ ਮੋਦੀ ਸਰਕਾਰ

**ਨਵੀਂ ਦਿੱਲੀ:** ਕੇਂਦਰ ਨੇ ਚੰਡੀਗੜ੍ਹ ਯੂ.ਟੀ. ਪ੍ਰਸ਼ਾਸਨ ਨੂੰ ਸਲਾਹ ਦਿੱਤੀ ਹੈ ਕਿ ਉਹ ਖਾਲੀ ਪਈਆਂ ਸਿਵਲ ਅਸਾਮੀਆਂ ਨੂੰ ਭਰਨ ਵੇਲੇ ਪੰਜਾਬ ਤੇ ਹਰਿਆਣਾ ਲਈ 60:40 ਅਨੁਪਾਤ ਦਾ ਇਸਤੇਮਾਲ ਕਰੇ, ਜਿਥੇ ਕਿ ਅਜਿਹਾ ਰਵਾਇਤੀ ਤੌਰ 'ਤੇ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ




ਚੰਡੀਗੜ੍ਹ ਪ੍ਰਸ਼ਾਸਨ 'ਚ ਸਰਕਾਰੀ ਸਿਵਲ ਸੇਵਾਵਾਂ ਦੀਆਂ 17 ਮਨਜ਼ੂਰਸ਼ੁਦਾ ਅਸਾਮੀਆਂ ਹਨ ਜਿਨ੍ਹਾਂ ਵਿਚੋਂ 10 ਪੰਜਾਬ ਸਰਕਾਰ ਦੇ ਅਧਿਕਾਰੀਆਂ ਵੱਲੋਂ ਅਤੇ 7 ਡੈਪੂਟੇਸ਼ਨ 'ਤੇ ਹਰਿਆਣਾ ਸਰਕਾਰ ਵੱਲੋਂ ਭਰੀਆਂ ਗਈਆਂ ਹਨ।

ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕਾਰ ਪਰੀਮਲ ਰਾਏ ਨੇ ਦੱਸਿਆ ਕਿ ਪੰਜਾਬ ਤੇ ਹਰਿਆਣਾ ਸਿਵਲ ਸੇਵਾਵਾਂ ਦੇ ਅਧਿਕਾਰੀਆਂ ਨੂੰ ਲੈਣ ਦੇ ਲਈ 60:40 ਅਨੁਪਾਤ ਦੇ ਨਿਯਮ ਨੂੰ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਗ੍ਰਹਿ ਮੰਤਰਾਲੇ ਨੇ ਚੰਡੀਗੜ੍ਹ ਪੁਲਿਸ ਦੇ ਡੀ.ਐਸ.ਪੀਜ਼ ਦੀਆਂ ਅਸਾਮੀਆਂ ਨੂੰ ਦਿੱਲੀ ਅਤੇ ਹੋਰਨਾਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਡੀ.ਏ.ਐਨ.ਆਈ.ਪੀ.ਐਸ.) ਵਿਚ ਰਲੇਵੇਂ ਵਾਲੇ ਆਪਣੇ ਆਦੇਸ਼ ਨੂੰ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਬੀਤੀ 25 ਸਤੰਬਰ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਚੰਡੀਗੜ੍ਹ ਪੁਲਿਸ ਦੇ ਡੀ.ਐਸ.ਪੀਜ਼ ਦੀਆਂ ਅਸਾਮੀਆਂ ਨੂੰ ਡੀ.ਏ. ਐਨ.ਆਈ.ਪੀ.ਐਸ. 'ਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਸੀ। ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ ਫੈਸਲੇ 'ਤੇ ਸੱਤਾਧਾਰੀ ਐਨ.ਡੀ.ਏ. ਸਰਕਾਰ ਦੇ ਭਾਈਵਾਲ ਅਕਾਲੀ ਦਲ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਤਰਾਜ਼ ਜਤਾਇਆ ਸੀ। ਇਸ ਮੁੱਦੇ 'ਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ 'ਚ ਅਕਾਲੀ ਦਲ ਦੇ ਇਕ ਵਫਦ ਨੇ ਬੀਤੀ 11 ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਵੀ ਕੀਤੀ ਸੀ, ਜਿਸ ਦੌਰਾਨ ਰਾਜਨਾਥ ਸਿੰਘ ਨੇ ਅਕਾਲੀ ਦਲ ਦੇ ਵਫਦ ਨੂੰ ਚੰਡੀਗੜ੍ਹ ਉਤੇ ਪੰਜਾਬ ਦੇ ਹੱਕਾਂ ਨੂੰ ਬਹਾਲ ਰੱਖਣ ਦਾ ਭਰੋਸਾ ਦਿਵਾਇਆ ਸੀ।

ਇਸ ਤੋਂ ਇਲਾਵਾ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਚੰਡੀਗੜ੍ਹ 'ਚ ਸਿੱਖ ਬੀਬੀਆਂ ਲਈ ਹੈਲਮੈੱਟ ਪਾਉਣਾ ਜ਼ਰੂਰੀ ਨਹੀਂ ਹੈ ਅਤੇ ਇਸ ਨੂੰ ਮਰਜ਼ੀ ਮੁਤਾਬਕ (ਆਪਸ਼ਨਲ) ਬਣਾ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਪਿਛਲੇ ਹਫਤੇ ਗ੍ਰਹਿ ਮੰਤਰਾਲੇ ਨੇ ਹੈਲਮਟ ਪਾਉਣ ਤੋਂ ਪੂਰੀ ਤਰ੍ਹਾਂ ਛੋਟ ਦੇ ਦਿੱਤੀ ਸੀ। ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਚੰਡੀਗੜ੍ਹ ਦੇ ਯੂ.ਟੀ. ਪ੍ਰਸ਼ਾਸਨ ਨੂੰ ਇਹ ਸਲਾਹ ਦਿੱਤੀ ਗਈ ਹੈ ਕਿ ਦਿੱਲੀ 'ਚ ਮੌਜੂਦਾ ਅਮਲ ਅਨੁਸਾਰ ਦੋ ਪਹੀਆ ਵਾਹਨ ਚਲਾਉਣ ਜਾਂ ਉਸ ਦੇ ਪਿੱਛੇ ਵਾਲੀ ਸੀਟ 'ਤੇ ਬੈਠਣ ਵਾਲੀਆਂ ਸਿੱਖ ਬੀਬੀਆਂ ਲਈ ਹੈਲਮੈੱਟ ਪਾਉਣ ਦੇ ਨਿਯਮ ਨੂੰ ਮਰਜ਼ੀ ਮੁਤਾਬਕ ਬਣਾਇਆ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਦੇਸ਼ ਭਰ 'ਚ ਸਿੱਖ ਪੁਰਸ਼ਾਂ ਲਈ ਹੈਲਮੈੱਟ ਪਾਉਣਾ ਜ਼ਰੂਰੀ ਨਹੀਂ ਹੈ। ਦੱਸਣਯੋਗ ਹੈ ਕਿ ਦਿੱਲੀ ਟ੍ਰਾਂਸਪੋਰਟ ਵਿਭਾਗ ਨੇ 4 ਜੂਨ 1999 ਨੂੰ ਦਿੱਲੀ ਮੋਟਰ ਵਾਹਨ ਐਕਟ 1993 ਦੇ ਨਿਯਮ 115 'ਚ ਇਕ ਸੋਧ ਕੀਤੀ ਸੀ, ਜਿਸ ਦੇ ਤਹਿਤ ਮੋਟਰਸਾਇਕਲ ਚਲਾਉਣ ਸਮੇਂ ਔਰਤਾਂ ਲਈ ਹੈਲਮੈੱਟ ਪਾਉਣਾ ਮਰਜ਼ੀ ਮੁਤਾਬਕ ਬਣਾ ਦਿੱਤਾ ਗਿਆ ਸੀ। ਇਸ ਤੋਂ ਬਾਅਦ 28 ਅਗਸਤ 2014 ਨੂੰ ਇਸ ਨਿਯਮ ਨੂੰ ਇਕ ਹੋਰ ਨੋਟੀਫਿਕੇਸ਼ਨ ਦੇ ਜ਼ਰੀਏ ਸੋਧਿਆ ਗਿਆ ਸੀ, ਜਿਸ ਦੇ ਤਹਿਤ 'ਔਰਤ' ਸ਼ਬਦ ਨੂੰ ਬਦਲ ਕੇ 'ਸਿੱਖ ਬੀਬੀਆਂ' ਕਰ ਦਿੱਤਾ ਗਿਆ ਸੀ।

# ਹਰਭਜਨ ਸਿੰਘ ਦੀ ਚੰਡੀਗੜ੍ਹ ਸਥਿਤ ਕੋਠੀ 'ਤੇ ਕਬਜ਼ੇ ਦੀ ਕੋਸ਼ਿਸ਼

**ਚੰਡੀਗੜ੍ਹ:** ਭਾਰਤੀ ਕ੍ਰਿਕਟ ਟੀਮ ਦੇ ਖਿਡਾਰੀ ਹਰਭਜਨ ਸਿੰਘ ਦੀ ਚੰਡੀਗੜ੍ਹ ਸਥਿਤ ਕੋਠੀ 'ਚ ਦੋ ਅਣਪਛਾਤੇ ਵਿਅਕਤੀਆਂ ਨੇ ਤਾਲਾ ਲਗਾ ਦਿੱਤਾ ਹੈ। ਇਸ ਮਾਮਲੇ 'ਚ ਚੰਡੀਗੜ੍ਹ ਪੁਲਿਸ ਹੁਣ ਤੱਕ ਕਈ ਜਣਿਆਂ ਤੋਂ ਪੁੱਛਗਿੱਛ ਕਰ ਚੁੱਕੀ ਹੈ, ਪਰ ਇਸ ਅਜੇ ਤੱਕ ਮੁਲਜ਼ਮ




ਪੁਲਿਸ ਦੀ ਪਹੁੰਚ ਤੋਂ ਬਾਹਰ ਦੱਸੇ ਜਾ ਰਹੇ ਹਨ। ਪੁਲਿਸ ਨੇ ਇਸ ਮਾਮਲੇ ਵਿਚ ਉਥੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਆਈ ਦੋਵਾਂ ਮੁਲਜ਼ਮਾਂ ਦੀ ਸ਼ਕਲ ਧੁੰਦਲੀ ਹੋਣ ਕਾਰਨ ਉਨ੍ਹਾਂ ਦੀ ਠੀਕ ਤਰ੍ਹਾਂ ਨਾਲ ਪਛਾਣ ਨਹੀਂ ਹੋ ਸਕੀ ਹੈ। ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਸ ਮਾਮਲੇ ਦੀ ਜਾਂਚ ਜਾਰੀ ਹੈ ਤੇ ਮੁਲਜ਼ਮਾਂ ਨੂੰ ਜਲਦੀ ਹੀ ਫੜ ਲਿਆ ਜਾਵੇਗਾ।

ਦੱਸਣਯੋਗ ਹੈ ਕਿ ਹਰਭਜਨ ਸਿੰਘ ਦੀ ਕੋਠੀ ਇਥੇ ਸੈਕਟਰ-9 ਵਿਚ ਹੈ। ਇਥੇ ਉਹ ਕਦੀ ਕਦਾਈਂ ਹੀ ਰੁਕਦੇ ਹਨ ਅਤੇ ਅਕਸਰ ਇਹ ਕੋਠੀ ਬੰਦ ਰਹਿੰਦੀ ਹੈ। ਪਿਛਲੇ ਦਿਨੀਂ ਉਹ ਆਪਣੀ ਕੋਠੀ ਵਿਚ ਤਿਉਹਾਰਾਂ ਮੌਕੇ ਸਾਫ ਸਫਾਈ ਕਰਵਾਉਣ ਲਈ ਪਹੁੰਚੇ ਤਾਂ ਆਪਣੀ ਕੋਠੀ ਦੇ ਗੇਟ 'ਤੇ ਦੋ ਤਾਲੇ ਲੱਗੇ ਦੇਖ ਕੇ ਹੈਰਾਨ ਰਹਿ ਗਏ ਤੇ ਇਸ ਦੀ ਸੂਚਨਾ ਪੁਲਿਸ ਅਧਿਕਾਰੀਆਂ ਨੂੰ ਦਿੱਤੀ।

ਪੁਲਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਕੋਠੀ ਦੇ ਆਸਪਾਸ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਰਿਕਾਰਡਿੰਗ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਜਾਂਚ ਦੌਰਾਨ ਕੋਠੀ ਨੇੜੇ ਦੋ ਸ਼ੱਕੀ ਵਿਅਕਤੀ ਦਿਖਾਈ ਦੇ ਰਹੇ ਹਨ, ਹਾਲਾਂਕਿ ਉਨ੍ਹਾਂ ਦਾ ਚਿਹਰਾ ਸਾਫ ਨਜ਼ਰ ਨਹੀਂ ਆ ਰਿਹਾ ਸੀ। ਦੱਸਣਯੋਗ ਹੈ ਕਿ ਕ੍ਰਿਕਟਰ ਹਰਭਜਨ ਸਿੰਘ ਨੇ 2007 ਵਿਚ ਇਥੇ ਸੈਕਟਰ 9 ਵਿਚ ਚਾਰ ਕਨਾਲ ਦੀ ਕੋਠੀ ਖਰੀਦੀ ਸੀ। ਇਨ੍ਹਾਂ ਤਾਲਿਆਂ ਬਾਰੇ ਹਰਭਜਨ ਸਿੰਘ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਵੀ ਕਿਸੇ ਤਰ੍ਹਾਂ ਦੀ ਜਾਣਕਾਰੀ ਨਹੀਂ ਹੈ।

# ਔਰਤਾਂ ਨੂੰ ਵੀ ਪਿਆ ਚਸਕਾ 'ਲਾਲ ਪਰੀ' ਦਾ

**ਚੰਡੀਗੜ੍ਹ:** ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ ਪੁਰਸ਼ਾਂ ਦੇ ਨਾਲ-ਨਾਲ ਔਰਤਾਂ ਵੀ 'ਲਾਲ ਪਰੀ' ਦੀਆਂ ਸ਼ੌਕੀਨ ਬਣਦੀਆਂ ਜਾ ਰਹੀਆਂ ਹਨ। ਰਿਪੋਰਟ ਅਨੁਸਾਰ ਦੁਨੀਆਂ ਭਰ 'ਚ ਸਾਢੇ 4 ਕਰੋੜ ਤੋਂ ਵੀ ਜ਼ਿਆਦਾ ਔਰਤਾਂ ਸ਼ਰਾਬ ਨਾਲ ਹੋਣ ਵਾਲੀਆਂ ਬਿਮਾਰੀਆਂ ਨਾਲ ਪੀੜਤ ਹਨ। ਇਸ ਦੇ ਇਲਾਵਾ ਸ਼ਰਾਬ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਚੱਲਦੇ ਹਰ ਸਾਲ 2.6 ਲੱਖ ਭਾਰਤੀ ਵੀ ਮੌਤ ਦੇ ਮੂੰਹ 'ਚ ਜਾ ਰਹੇ ਹਨ।



ਰਿਪੋਰਟ ਅਨੁਸਾਰ ਵਿਸ਼ਵ ਭਰ ਵਿਚ ਕਰੀਬ 23 ਕਰੋੜ 70 ਲੱਖ ਪੁਰਸ਼ ਤੇ ਚਾਰ ਕਰੋੜ 60 ਲੱਖ ਔਰਤਾਂ ਸ਼ਰਾਬ ਦੇ ਜ਼ਿਆਦਾ ਸੇਵਨ ਦੇ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੀ ਚਪੇਟ 'ਚ ਹਨ ਅਤੇ ਇਹ ਅੰਕੜਾ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਦੇ ਇਲਾਵਾ ਸ਼ਰਾਬ ਦੇ ਸੇਵਨ ਨਾਲ ਹੋਣ ਵਾਲੀਆਂ ਬਿਮਾਰੀਆਂ ਦੀ ਵਜ੍ਹਾ ਨਾਲ ਹਰ ਸਾਲ 30 ਲੱਖ ਲੋਕਾਂ ਦੀ ਮੌਤ ਵੀ ਹੋ ਰਹੀ ਹੈ। ਰਿਪੋਰਟ ਅਨੁਸਾਰ ਦੁਨੀਆਂ ਭਰ 'ਚ ਹਰ 20 ਵਿਚੋਂ ਇਕ ਮੌਤ ਸ਼ਰਾਬ ਦੀ ਵਜ੍ਹਾ ਨਾਲ ਹੁੰਦੀ ਹੈ, ਫਿਰ ਚਾਹੇ ਸ਼ਰਾਬ ਪੀ ਕੇ ਵਾਹਨ ਚਲਾਉਣ ਨਾਲ ਹੋਣ ਵਾਲੇ ਹਾਦਸੇ 'ਚ ਹੋਵੇ ਜਾਂ ਸ਼ਰਾਬ ਦੇ ਸੇਵਨ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਚੱਲਦੇ ਹੋਵੇ। ਰਿਪੋਰਟ ਅਨੁਸਾਰ ਸ਼ਰਾਬ ਦੀ ਵਜ੍ਹਾ ਨਾਲ ਸਭ ਤੋਂ ਵੱਧ ਪੁਰਸ਼ਾਂ ਦੀ ਮੌਤ ਹੋ ਰਹੀ ਹੈ ਤੇ ਸਰਕਾਰ ਵਲੋਂ ਇਸ ਸਬੰਧੀ ਜਾਗਰੂਕਤਾ ਫੈਲਾਉਣ ਦੇ ਬਾਵਜੂਦ ਵੀ ਇਹ ਅੰਕੜੇ ਘਟਦੇ ਨਜ਼ਰ ਨਹੀਂ ਆ ਰਹੇ।


ਸ਼ਰਾਬ ਦੇ ਸੇਵਨ ਦੇ ਚਲਦੇ ਔਰਤਾਂ ਦਿਲ ਦੀਆਂ ਬਿਮਾਰੀਆਂ, ਖਤਰਨਾਕ ਇਨਫੈਕਸ਼ਨ, ਕੈਂਸਰ, ਮਾਨਸਿਕ ਬਿਮਾਰੀਆਂ ਤੇ ਪਾਚਨ ਸਬੰਧੀ ਬਿਮਾਰੀਆਂ ਨਾਲ ਜੂਝ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਕਈ ਔਰਤਾਂ ਜ਼ਿਆਦਾਤਰ ਇਕਲੇਪਨ ਦੇ ਚਲਦੇ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਵੱਲ ਆਕਰਸ਼ਿਤ ਹੁੰਦੀਆਂ ਹਨ। ਰਿਪੋਰਟ ਇਹ ਵੀ ਦੱਸਦੀ ਹੈ ਕਿ ਭਾਰਤ 'ਚ ਹਰ ਸਾਲ ਸੜਕ ਹਾਦਸੇ ਵਿਚ ਹੋਣ ਵਾਲੀਆਂ ਕਰੀਬ 1 ਲੱਖ ਮੌਤਾਂ ਦੇ ਪਿੱਛੇ ਸ਼ਰਾਬ ਦਾ ਸੇਵਨ ਹੀ ਹੁੰਦਾ ਹੈ।

ਇਸ ਦੇ ਇਲਾਵਾ ਦੇਸ਼ ਭਰ 'ਚ ਹਰ ਸਾਲ ਕੈਂਸਰ ਨਾਲ ਹੋਣ ਵਾਲੀਆਂ 30 ਹਜ਼ਾਰ ਤੋਂ ਜ਼ਿਆਦਾ ਮੌਤਾਂ ਦਾ ਕਾਰਨ ਵੀ ਸ਼ਰਾਬ ਹੀ ਬਣ ਰਹੀ ਹੈ। ਸਿਹਤ ਮਾਹਿਰਾਂ ਅਨੁਸਾਰ ਸ਼ਰਾਬ ਪੀਣ ਦੇ ਸ਼ੌਕੀਨਾਂ ਨੂੰ ਲਿਵਰ ਤੇ ਕਈ ਤਰ੍ਹਾਂ ਦੇ ਕੈਂਸਰ ਸਮੇਤ 200 ਤੋਂ ਜ਼ਿਆਦਾ ਬਿਮਾਰੀਆਂ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਰਿਪੋਰਟ ਅਨੁਸਾਰ ਜੇਕਰ ਸਮਾਂ ਰਹਿੰਦੇ ਇਨ੍ਹਾਂ ਬਿਮਾਰੀਆਂ ਦਾ ਇਲਾਜ ਸ਼ਰਾਬ ਛੱਡਣ ਮਗਰੋਂ ਸ਼ੁਰੂ ਕਰ ਦਿੱਤਾ ਜਾਵੇ ਤਾਂ ਬਚਾਅ ਹੋ ਸਕਦਾ ਹੈ ਪਰ ਜ਼ਿਆਦਾਤਰ ਮਰੀਜ਼ ਇਲਾਜ ਦੌਰਾਨ ਵੀ ਸ਼ਰਾਬ ਦਾ ਸੇਵਨ ਜਾਰੀ ਰੱਖਦੇ ਹਨ ਜਿਸ ਦੇ ਚਲਦੇ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ।

# 'ਇਕ ਪਿੰਡ-ਇਕ ਗੁਰਦੁਆਰਾ' ਮੁਹਿੰਮ ਨੂੰ ਨਾ ਮਿਲਿਆ ਹੁੰਗਾਰਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ 8 ਕੁ ਮਹੀਨੇ ਪਹਿਲਾਂ ਜ਼ੋਰ-ਸ਼ੋਰ ਨਾਲ ਅਰੰਭ ਕੀਤੀ ਮੁਹਿੰਮ 'ਇਕ ਪਿੰਡ, ਇਕ ਗੁਰਦੁਆਰਾ, ਇਕ ਸ਼ਮਸ਼ਾਨਘਾਟ' ਮੁਹਿੰਮ ਨੂੰ ਹੁੰਗਾਰਾ ਨਾ ਮਿਲਿਆ। ਪਿੰਡਾਂ 'ਚ ਜਾਤ-ਪਾਤ ਆਧਾਰਿਤ ਗੁਰਦੁਆਰਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ 'ਤੇ ਭਾਈ ਲੌਂਗੋਵਾਲ ਨੇ ਸ਼੍ਰੋਮਣੀ ਕਮੇਟੀ ਦੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਇਸ ਸਬੰਧੀ ਪਾਸ ਕੀਤੇ ਮਤੇ ਉਪਰੰਤ ਇਸ ਮੁਹਿੰਮ ਦੀ ਅਰੰਭਤਾ ਜਗਰਾਉਂ ਨੇੜਲੇ ਪਿੰਡ ਚੱਕਰ ਤੋਂ ਬੀਤੀ 10 ਮਾਰਚ ਨੂੰ ਕੀਤੀ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਪਿੰਡ 'ਚ ਇਕ ਗੁਰਦੁਆਰਾ ਸਾਹਿਬ ਕਰਨ ਵਾਲੀਆਂ ਗੁਰਦੁਆਰਾ ਕਮੇਟੀਆਂ ਤੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਨਗਦ ਰਾਸ਼ੀ ਭੇਟ ਕਰ ਕੇ ਸਨਮਾਨਤ ਕਰਨ ਦਾ ਵੀ ਐਲਾਨ ਕੀਤਾ ਗਿਆ ਸੀ। ਵੇਰਵਿਆਂ ਅਨੁਸਾਰ ਜ਼ੋਰ-ਸ਼ੋਰ ਨਾਲ ਆਰੰਭ ਕੀਤੀ ਇਸ ਮੁਹਿੰਮ ਨੂੰ ਪਿੰਡਾਂ ਦੀਆਂ ਗੁਰਦੁਆਰਾ ਕਮੇਟੀਆਂ ਤੇ ਪੰਚਾਇਤਾਂ ਵੱਲੋਂ ਯੋਗ ਹੁੰਗਾਰਾ ਨਹੀਂ ਮਿਲਿਆ। ਇਸ ਮੁਹਿੰਮ ਦੌਰਾਨ ਪਿੰਡ ਚੱਕਰ ਤੇ ਪਿੰਡ ਧੂੜਕੋਟ ਸਮੇਤ ਪੰਜਾਬ ਦੇ ਵੱਖ-ਵੱਖ 8-9 ਦੇ ਕਰੀਬ ਪਿੰਡਾਂ ਦੀਆਂ ਗੁਰਦੁਆਰਾ ਕਮੇਟੀਆਂ ਨੇ ਹੀ ਆਪਣੇ ਪਿੰਡ ਦੇ ਦੋ ਜਾਂ ਬਹੁਤੇ ਗੁਰਦੁਆਰਿਆਂ ਦੀ ਥਾਂ ਆਪਣੇ ਪਿੰਡਾਂ 'ਚ ਇਕ ਗੁਰਦੁਆਰਾ ਸਾਹਿਬ ਕਰ ਲਿਆ ਗਿਆ, ਜਿਨ੍ਹਾਂ ਨੂੰ ਵੱਡੇ ਸਮਾਗਮ ਕਰ ਕੇ ਸ਼੍ਰੋਮਣੀ ਕਮੇਟੀ ਵੱਲੋਂ ਨਗਦ ਰਾਸ਼ੀ ਨਾਲ ਸਨਮਾਨਤ ਵੀ ਕੀਤਾ ਗਿਆ ਪਰ ਬਾਅਦ 'ਚ ਖੁਦ ਪ੍ਰਧਾਨ ਤੇ ਹੋਰ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਵੱਲੋਂ ਇਸ ਮੁਹਿੰਮ ਪ੍ਰਤੀ ਬਣਦਾ ਉਤਸ਼ਾਹ ਨਾ ਦਿਖਾਏ ਜਾਣ ਕਰ ਕੇ ਇਹ ਮੁਹਿੰਮ ਕੁਝ ਮਹੀਨਿਆਂ ਬਾਅਦ ਹੀ ਠੁੱਸ ਹੋ ਕੇ ਰਹਿ ਗਈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ 'ਇਕ ਪਿੰਡ ਇਕ ਗੁਰਦੁਆਰਾ ਮੁਹਿੰਮ' ਬੰਦ ਨਹੀਂ ਹੋਈ ਬਲਕਿ ਜਾਰੀ ਹੈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਵੇਲੇ ਵੱਧ ਤਵੱਜੋ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵੱਲ ਦਿੱਤੀ ਜਾ ਰਹੀ ਹੈ।



ਮਨੁੱਖਤਾ, ਵਾਤਾਵਰਣ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ
ਭਗਤ ਪੂਰਨ ਸਿੰਘ ਜੀ ਦੀ 26ਵੀਂ ਬਰਸੀ

# ਸ਼ਰਧਾਂਜਲੀ ਸਮਾਰੋਹ

ਭਗਤ ਪੂਰਨ ਸਿੰਘ ਜੀ ਨੇ ਆਪਣੀ ਸਾਰੀ ਜ਼ਿੰਦਗੀ ਬਿਨਾ ਕਿਸੇ ਭਿੰਨ-ਭੇਦ ਤੋਂ ਅੰਗਹੀਣ, ਨਿਥਾਵਿਆਂ ਅਤੇ ਨਿਤਾਣਿਆਂ ਦੀ ਸੇਵਾ ਵਿਚ ਲਾ ਦਿੱਤੀ। ਉਨ੍ਹਾਂ ਵਲੋਂ ਕਾਇਮ ਕੀਤਾ ਗਿਆ ਪਿੰਗਲਵਾੜਾ ਅੱਜ ਨਿਸ਼ਕਾਮ, ਨਿਸ਼ਕਪਟ, ਨਿਮਰ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਹੈ। ਆਓ, ਇਸ ਨੇਕ ਕਾਰਜ ਨੂੰ ਹੋਰ ਸਫਲ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਈਏ ਅਤੇ ਸਮਰੱਥਾ ਅਨੁਸਾਰ ਪਿੰਗਲਵਾੜੇ ਦੀ ਮਦਦ ਕਰੀਏ ਜੀ।

**26th Barsi Commemoration Bhagat Puran Singh**
*October 14 – November 18, 2018*
**Indiana, Wisconsin, Illinois and Michigan**

## ਸਾਧ ਸੰਗਤ ਨੂੰ ਹੁਮ ਹੁਮਾ ਕੇ ਦਰਸ਼ਨ ਦੇਣ ਦੀ ਬੇਨਤੀ ਹੈ ਜੀ

### ਐਤਵਾਰ, 28 ਅਕਤੂਬਰ 2018

**ਗੁਰਦੁਆਰਾ ਸਾਹਿਬ ਵ੍ਹੀਟਨ**
Illinois Sikh Community Center
2131 Creekside Dr.,
Wheaton IL 60187
Ph: (630) 655-0307

**ਗੁਰਦੁਆਰਾ ਦੀਵਾਨ ਐਵਨਿਊ, ਸ਼ਿਕਾਗੋ**
Gurdwara Sahib Chicago
2341 W. Devon Ave.,
Chicago, IL 60658
Ph: (773) 274-3133

### ਐਤਵਾਰ, 4 ਨਵੰਬਰ 2018

**ਗੁਰਦੁਆਰਾ ਬਰੁੱਕਫੀਲਡ, ਮਿਲਵਾਕੀ**
Sikh Religious Society of Wisconsin
3675 N. Calhoun Road,
Brookfield, WI 53005
Ph: (262) 790-1600

**ਗੁਰਦੁਆਰਾ ਓਕ ਕਰੀਕ, ਮਿਲਵਾਕੀ**
Sikh Temple of Wisconsin
7512 South Howell St.,
Oak Creek, WI 53154
Ph: (414) 764-7454

### ਐਤਵਾਰ, 11 ਨਵੰਬਰ 2018

**ਗੁਰਦੁਆਰਾ ਪੈਲਾਟਾਈਨ**
Sikh Religious Society
1280 Winnetka St.,
Palatine, IL. 60067
Ph: (847) 358-1117

### ਐਤਵਾਰ, 18 ਨਵੰਬਰ 2018

**ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ**
Guru Nanak Sikh Center
4701 Pleasant Grove Rd.,
Lansing, MI 48910
Ph: (517) 272-0231

**Want to Donate?** *Please make check payable to:*
Jaswant Sawhney Trust Fund, 7713 Tobruck Ct., Hanover, MD 21076

Know more about Pingalwara at www.Pingalwara.org

**Contact:**
Lakhbir Singh Sandhu (847) 975-3877, Narinderpal Singh Marwaha (630) 313-9121
Satnam Singh Aulakh (847) 809-6145, Balwant Singh Hansra (847) 991-7761
Jasbir K. Mann (847) 890-2390, Bikrambir Singh Sidhu (630) 330-8286
Harjit Singh Gill (847) 833-5340, Paramjit Singh Sangha (224) 388-9393
Tarlochan Singh Gill (847) 219-0824, Jairam Singh Kahlon (224) 456-8096

## ਪੰਜਾਬੀ ਵਿਰਾਸਤ ਸੰਸਥਾ, ਸ਼ਿਕਾਗੋ
**PUNJABI HERITAGE ORGANIZATION OF CHICAGO**
P.O. BOX 2556, PALATINE, IL. 60078 Email: phochicago@hotmail.com

# ਕਵਿਤਾ ਵਿਚ ਰਿੱਝਦਾ ਚੁਰਾਸੀ

ਅਮਰਜੀਤ ਚੰਦਨ ਨੇ ਹਰਿਭਜਨ ਸਿੰਘ ਦੀਆਂ 48 ਕਵਿਤਾਵਾਂ ਅਤੇ 3 ਲੇਖ ਜੋੜ ਕੇ ਅਜਿਹਾ ਸਾਹਿਤਕ ਤੇ ਇਤਿਹਾਸਕ ਦਸਤਾਵੇਜ਼ ਤਿਆਰ ਕੀਤਾ ਹੈ ਜਿਸ ਦੀ ਤਾਂਘ ਪੰਜਾਬੀਆਂ ਨੂੰ ਲੰਮੇ ਸਮੇਂ ਤੋਂ ਸੀ, ਪਰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕਿਥੋਂ, ਕਦੋਂ ਅਤੇ ਕਿਵੇਂ ਆਵੇਗਾ। ਇਹ ਦਸਤਾਵੇਜ਼ 1984 ਦੀ ਤ੍ਰਾਸਦੀ 'ਤੇ ਹੈ ਅਤੇ ਇਸ ਦਾ ਸਿਰਲੇਖ ਵੀ 'ਉਨੀ ਸੌ ਚੁਰਾਸੀ'



ਹੈ। ਪੁਸਤਕ ਰੂਪ 'ਚ ਪੇਸ਼ ਕੀਤਾ ਗਿਆ ਇਹ ਦਸਤਾਵੇਜ਼ 80ਵਿਆਂ ਦੇ ਪੰਜਾਬ ਦੀ ਭਿਆਨਕ ਤ੍ਰਾਸਦੀ ਨਾਲ ਸਨਮੁੱਖ ਹੋਣ ਦੀ ਹਰਿਭਜਨ ਸਿੰਘ ਦੀ

ਰਾਜੇਸ਼ ਸ਼ਰਮਾ


ਵਿਚਾਰਕ ਤੇ ਕਾਵਿਕ ਪੱਧਰ 'ਤੇ ਸੂਖਮ ਕੋਸ਼ਿਸ਼ ਹੈ ਜਿਸ ਵਿਚ ਉਹ ਬਿਨਾ ਕੋਈ ਪੱਖ ਪੂਰੇ, ਨਿਰਭੈ ਹੋ ਕੇ ਆਪਣੇ ਹਾਸਿਲ ਸੱਚ 'ਤੇ ਖੜ੍ਹਾ ਨਜ਼ਰ ਆਉਂਦਾ ਹੈ।

ਸੰਪਾਦਕ ਵਜੋਂ ਪੁਸਤਕ ਦਾ ਪਰਿਚੈ ਕਰਵਾਉਂਦਾ ਚੰਦਨ ਲਿਖਦਾ ਹੈ ਕਿ ਉਸ ਨੂੰ ਇਹ ਅਫਸੋਸ ਹੈ ਕਿ ਸੰਨ 47 ਤੇ ਸੰਨ 84 ਦੇ ਕੋਈ ਲੋਕ ਗੀਤ ਨਹੀਂ ਬਣੇ। ਕਿਸੇ ਘਟਨਾ ਨੂੰ ਲੋਕ ਗੀਤਾਂ ਵਿਚ ਢਾਲਣ ਲਈ ਜ਼ਰੂਰੀ ਹੁੰਦਾ ਹੈ ਕਿ ਉਸ ਦੇ ਗਹਿਰੇ ਤੇ ਬਹੁ-ਪੱਖੀ ਪਾਸਾਰ ਨੂੰ ਬੰਦੇ ਅਤੇ ਸਮਾਜ ਆਤਮਸਾਤ ਕਰਨ। ਚੰਦਨ ਦਾ ਇਹ ਸੰਪਾਦਕੀ ਉਪਰਾਲਾ, ਹਰਿਭਜਨ ਸਿੰਘ ਦੇ ਜ਼ਿਹਨੀ ਸਫਰ ਵਿਚ ਸ਼ਮੂਲੀਅਤ ਰਾਹੀਂ ਪਾਠਕਾਂ ਲਈ ਅਜਿਹੇ ਹੀ ਆਤਮਸਾਤ ਦਾ ਇਕਰਾਰ ਲੈ ਕੇ ਆਇਆ ਲੱਗਦਾ ਹੈ। ਮੰਨਣਾ ਪਵੇਗਾ, ਅਸੀਂ ਪੰਜਾਬੀ ਆਪਣੇ ਆਪੇ ਨੂੰ ਤਸੱਵਰ ਅਤੇ ਚਿੰਤਨ ਦੇ ਪੱਧਰ 'ਤੇ ਤ੍ਰਾਸਦੀਆਂ ਦੀ ਅੱਗ 'ਚ ਬਾਲਣ ਤੇ ਰੁਸ਼ਨਾਉਣ ਤੋਂ ਹਿਚਕਚਾਉਂਦੇ ਰਹੇ ਹਾਂ। ਹਰਿਭਜਨ ਸਿੰਘ 84 ਦੀ ਤ੍ਰਾਸਦੀ ਰੂਪੀ ਅੱਗ ਦੇ ਬਿਲਕੁਲ ਵਿਚੋਂ ਹੋ ਕੇ ਗੁਜ਼ਰਦਾ ਹੈ। ਇਸ ਯਾਤਰਾ 'ਚ ਉਸ ਦੀ ਅੰਤਰ-ਯਾਤਰਾ ਵੀ ਸ਼ਾਮਿਲ ਹੈ ਜਿਸ ਵਿਚ ਉਹ ਆਪਣੇ ਸੱਚ ਦੇ ਸਨਮੁਖ ਹੋਣ ਅਤੇ ਉਸ ਨੂੰ ਕਹਿਣ ਤੇ ਪ੍ਰਕਾਸ਼ਿਤ ਕਰਨ ਦਾ ਅਸਾਧਾਰਨ ਹੌਸਲਾ ਕਰਦਾ ਹੈ।

ਚੰਦਨ ਦੀ ਵਿਲੱਖਣ ਲੇਖਣੀ ਪਿੱਛੇ ਉਸ ਦਾ ਵਿਸ਼ਾਲ ਸਭਿਆਚਾਰਕ ਬਿੰਬ-ਚੇਤਨ ਹੈ। ਉਸ ਦੀ ਸ਼ਬਦ ਚੋਣ, ਸ਼ਬਦ ਤੇ ਵਾਕ ਵਿਉਂਤ ਦੇ ਪਿੱਛੇ ਨਿਰੰਤਰ ਫੈਲ ਰਿਹਾ ਇਹ ਬਿੰਬ-ਚੇਤਨ ਹੀ ਹੈ। ਉਸ ਦੇ ਅੰਦਾਜ਼ੇ-ਬਿਆਨ ਦੀ ਸਪਸ਼ਟਤਾ, ਸਾਦਗੀ, ਸੁਹੱਪਣ ਤੇ ਪਾਕੀਜ਼ਗੀ ਦੀਆਂ ਜੜ੍ਹਾਂ ਇਥੇ ਹਨ, ਕਿਸੇ ਸਤਹੀ ਚਮਕ-ਦਮਕ ਦੇ ਬਾਜ਼ਾਰ ਵਿਚ ਨਹੀਂ। ਉਹ ਭਾਸ਼ਾ ਤੇ ਵਿਚਾਰ ਦੇ ਅੰਤਰ ਸੰਵਾਦ ਨਾਲ ਸਭਿਆਚਾਰਕ ਇਤਿਹਾਸ ਨੂੰ ਰੌਸ਼ਨ ਕਰਦਾ ਹੈ। ਉਸ ਦਾ ਲਿਖਿਆ 'ਸਿਆਣ' ਗਹਿਰੀ ਉਦਾਸੀ 'ਚ ਭਿੱਜਿਆ ਪਿਆ ਹੈ। ਕਿਤੇ-ਕਿਤੇ ਕ੍ਰੋਧ ਦਾ ਚੰਗਿਆੜਾ ਮੱਚਦਾ ਹੈ। ਕਈ ਥਾਂ ਫੈਲਸੂਫੀ ਚਿੰਤਨ ਸ਼ਬਦ-ਧਿਆਨ ਰਾਹੀਂ ਬੋਧ ਦੇ ਚਾਨਣ ਵਾਂਗ ਚਮਕਦਾ ਹੈ। ਸੰਪਾਦਕ ਦੇ ਹਿੱਸੇ ਦਾ ਕੀ ਹੈ, ਨੂੰ ਸਮਝਦਾ ਚੰਦਨ ਤੁਹਾਨੂੰ ਹਰਿਭਜਨ ਸਿੰਘ ਦੀ ਸੰਗਤ 'ਚ ਬਿਠਾ ਕੇ ਚੁੱਪ-ਚੁਪੀਤੇ ਚਲਾ ਜਾਂਦਾ ਹੈ। ਤੁਹਾਡੇ ਕੰਨਾਂ 'ਚ ਪੰਜਾਬ ਦੀ ਅਮਰਤਾ ਦਾ ਮੰਤਰ ਉਚਰ ਜਾਂਦਾ ਹੈ, 'ਨਾਨਕਤਾ ਹੀ ਪੰਜਾਬੀਅਤ ਹੈ।'

ਜਾਹਰ ਹੈ, ਪੁਸਤਕ 'ਚ ਸ਼ਾਮਿਲ ਤਿੰਨਾਂ ਲੇਖਾਂ ਦੀ ਚੋਣ ਕਵਿਤਾਵਾਂ 'ਚ ਮੁਖਰਿਤ ਹਰਿਭਜਨ ਸਿੰਘ ਦੀ ਯਾਤਨਾ-ਯਾਤਰਾ ਨੂੰ ਪ੍ਰਸੰਗ ਵਿਚ ਰੱਖਣ ਦੇ ਇਰਾਦੇ ਨਾਲ ਕੀਤੀ ਗਈ ਹੈ। ਪਹਿਲੇ ਲੇਖ 'ਜੜ੍ਹਾਂ ਵਾਲਾ ਫੋੜਾ' ਵਿਚ ਹਰਿਭਜਨ ਸਿੰਘ ਹਿੰਦੀ ਦੇ ਉਘੇ ਕਵੀ ਕੇਦਾਰਨਾਥ ਸਿੰਘ ਦੀ ਕਵਿਤਾ ਨੂੰ ਯਾਦ ਕਰਦਾ, ਅਕਾਲ ਤਖਤ ਨੂੰ ਧਿਆਉਂਦਾ, ਉਸ 'ਟੁੱਟਣ' ਨੂੰ ਉਘਾੜਦਾ ਹੈ ਜੋ ਚੇਤਨਾ ਦੀਆਂ ਅਚੇਤਨ ਜੜ੍ਹਾਂ ਅੰਦਰ ਜਾ ਵਸਿਆ ਹੈ। ਇਸ ਨੇ ਨਾਸੂਰ ਦੀ ਸ਼ਕਲ ਲੈ ਲਈ ਹੈ ਪਰ ਹਰਿਭਜਨ ਸਿੰਘ ਹੋਰ ਪਿੱਛੇ ਅਤੇ ਡੂੰਘੇ ਦੇਖਦਾ ਹੈ, ਤੇ ਆਖਦਾ ਹੈ, "ਸਾਕਾ ਨੀਲਾ ਤਾਰਾ ਤੋਂ ਪਹਿਲਾਂ ਹੀ ਸਾਡੇ ਅੰਤਰਮਨ ਵਿਚ ਜੜ੍ਹਾਂ ਵਾਲੇ ਫੋੜੇ ਦੇ ਬੀਜ ਬੀਜੇ ਜਾ ਰਹੇ ਸਨ।" ਬੀਤੇ ਸਮੇਂ ਦਾ ਸਭਿਆਚਾਰਕ ਮਨੋ-ਵਿਸ਼ਲੇਸ਼ਣ ਕਰਦਾ ਉਹ 'ਸਭਿਆਚਾਰਕ ਵਰਜਣਾਵਾਂ' ਦੀ ਗੱਲ ਕਰਦਾ ਹੈ ਤੇ ਫਿਰ ਇਸ ਸਿੱਟੇ 'ਤੇ ਪਹੁੰਚਦਾ ਹੈ ਕਿ ਜਦੋਂ ਉਨ੍ਹਾਂ ਵਰਜਣਾਵਾਂ ਦਾ ਉਲੰਘਣ ਕੀਤਾ ਜਾਂਦਾ ਹੈ, ਉਦੋਂ 'ਕਵਿਤਾ ਬੇਇਖਤਿਆਰ ਹੋ ਕੇ ਆਪਣਾ ਰੁਦਨਮਈ ਸਵਰ/ਸੁਰ ਅਲਾਪਦੀ ਹੈ।' ਇੰਜ ਹਰਿਭਜਨ ਸਿੰਘ ਸਭਿਆਚਾਰਕ ਤ੍ਰਾਸਦੀ ਵਿਚੋਂ ਜੰਮਦੀ ਆਪਣੀ ਖੁਦਮੁਖਤਿਆਰ ਕਵਿਤਾ ਦੀ ਗਵਾਹੀ ਭਰਦਾ ਹੈ। ਉਹ ਲਿਖਦਾ ਹੈ, "ਪੁਲਿਸ ਅਫਸਰ ਅਟਵਾਲ ਦੀ ਹੱਤਿਆ ਮੇਰੇ ਜ਼ਿਹਨ ਵਿਚ ਗਰਮ ਸਲਾਖਾਂ ਨਾਲ ਉਕਰੀ ਪਈ ਹੈ। ਇਹ ਗੁਰਮਤਿ ਧਾਰਾ ਦਾ ਹੀ ਨਹੀਂ, ਸਗਲ ਸੰਸਾਰ ਦੀ ਸੰਪੂਰਨ ਧਾਰਮਿਕ ਮਰਿਆਦਾ ਦਾ ਉਲੰਘਣ ਹੈ।" ਕਵਿਤਾ ਦੀਆਂ ਆਖਰੀ ਸਤਰਾਂ ਇਉਂ ਹਨ:

ਇਹ ਅਣਹੋਈ ਤੈਂ ਦਰ ਹੋਈ
ਧਰਮ ਕੁਧਰਮ ਨਿਤਾਰੋ
ਤੇਰੀ ਡਿਉੜੀ ਦਾਗ ਪਿਆ ਹੈ
ਕਿਰਪਾ ਸਹਿਤ ਉਤਾਰੋ।




ਨਿਰਭੈ ਹੋ ਵਿਚਰਦੀ ਹਰਿਭਜਨ ਸਿੰਘ ਦੀ ਕਵਿਤਾ ਵਾਰ-ਵਾਰ ਉਸ ਦੀ ਜ਼ਿਹਨੀ ਇਮਾਨਦਾਰੀ ਅਤੇ ਇਖਲਾਕੀ ਹੌਸਲੇ ਦਾ ਸਬੂਤ ਬਣਦੀ ਹੈ। 'ਫੌਜਾਂ ਕੌਣ ਦੇਸ਼ ਤੋਂ ਆਈਆਂ', 'ਜੈ ਜੈ ਮਾਤਾ ਜੈ ਮਤਰੇਈ', 'ਰਾਣੀਏ ਕਿੱਕਰ ਨੂੰ ਕਹੁ ਕਾਂ ਉਡਾਵੇ' ਅਜਿਹੀਆਂ ਤਿੰਨ ਹੋਰ ਕਵਿਤਾਵਾਂ ਹਨ। ਅਜਿਹੀਆਂ ਕਵਿਤਾਵਾਂ ਆਪਣੀ ਪ੍ਰਾਣ-ਸ਼ਕਤੀ, ਕਵੀ ਦੇ ਆਪਣੇ ਸ਼ਬਦਾਂ ਵਿਚ, 'ਲੋਕ-ਵੇਦੀ' ਸੋਮਿਆਂ ਤੋਂ ਪ੍ਰਾਪਤ ਕਰਦੀਆਂ ਹਨ। ਤਾਂ ਹੀ ਉਹ ਲੋਕ-ਮਨ ਵਿਚ ਗਹਿਰੇ ਉਤਰ ਜਾਣ ਦੀ ਸਮਰੱਥਾ ਰੱਖਦੀਆਂ ਹਨ। ਅਜਿਹੀ ਕਵਿਤਾ ਹੀ ਲੋਕ-ਮਨ ਦੇ ਅਵਚੇਤਨ ਵਿਚ ਜਾ ਬੈਠੀ ਪੀੜ ਨੂੰ ਬਿਆਨ ਕਰ ਸਕਦੀ ਹੈ।

ਪੁਸਤਕ ਵਿਚਲੀ ਪਹਿਲੀ ਕਵਿਤਾ ਅਸਲੀਅਤ ਦੇ ਧਰਾਤਲ 'ਤੇ ਵਾਪਰਦੀ ਖੌਫਨਾਕ ਕਲਪਨਾ ਜਾਪਦੀ ਹੈ। ਕਵੀ-ਚੇਤਨਾ ਅਜਿਹੇ ਬਿੰਬ ਨੂੰ ਸਿਰਜਦੀ ਹੈ ਜੋ ਵਿਅਕਤ 'ਚ ਲੁਕੇ ਅਵਿਅਕਤ ਨੂੰ ਸਿਖਰ ਦੁਪਹਿਰ ਦੀ ਧੁੱਪ ਵਿਚ ਲਿਆ ਖੜ੍ਹਾ ਕਰਦਾ ਹੈ। ਇਹ ਅਸਲੋਂ ਅਜੀਬ ਬਿੰਬ ਚੇਤਨਾ ਦੇ ਜਾਣ-ਪਛਾਣੇ ਅਤੇ ਅਵਿਚਾਰਤ ਖਿੱਤਿਆਂ ਨੂੰ ਕਲਪਨਾ ਤੇ ਸੋਚ ਦੀ ਅਗਨ-ਸੂਈ ਨਾਲ ਕੁਰੇਦਦਾ ਅਤੇ ਸਿਊਂਦਾ ਹੋਇਆ ਆਪਸ ਵਿਚ ਜੋੜਦਾ ਹੈ:

ਚੌੜੀ ਸੜਕ 'ਤੇ ਸਿਖਰ ਦੁਪਹਿਰੇ
ਕੋਈ ਧੜ ਤੁਰਿਆ ਜਾਂਦਾ ਹੈ
'ਕੱਲਾ ਡਿੱਕਮਡੋਲੇ ਖਾਂਦਾ
ਜਾਓ ਉਸ ਦਾ ਸਿਰ ਲਿਆਓ
ਯਾ ਫਿਰ ਉਸ ਦੀ ਉਂਗਲੀ ਫੜ ਕੇ
ਉਸ ਨੂੰ ਉਸ ਦੇ ਘਰ ਪਹੁੰਚਾਉ।

ਇਹ ਉਨੀ ਸੌ ਚੁਰਾਸੀ ਵਿਚ ਰਾਜਧਾਨੀ ਵਿਚ ਸਾਕਾਰ ਹੋਏ ਨਰਕ-ਤੰਤਰ ਦਾ ਬਿੰਬ ਹੈ। ਇਸ ਵਿਚ ਭੈਅ, ਵਹਿਸ਼ਤ, ਬੇਦੋਸ਼ੀ ਅਤੇ ਕਰੁਣਾ ਦਾ ਅਜਿਹਾ ਮੇਲ ਹੈ ਜੋ ਸਿਰਫ ਕਵਿਤਾ ਵਿਚ ਹੀ ਸੰਭਵ ਹੁੰਦੀ ਹੈ। ਦੂਜਾ ਬਿੰਬ ਸਮੂਹਿਕ ਬਲਾਤਕਾਰ ਦੀ ਸ਼ਿਕਾਰ ਮਾਂ ਦਾ ਹੈ ਜਿਸ ਨੂੰ ਸਿਰਜਣ ਲਈ ਕਵੀ ਨੂੰ ਖੁਦ ਤਸੱਵਰ ਰਾਹੀਂ ਹੀ ਸਹੀ, ਪਰ ਨਰਕ ਭੋਗਣਾ ਪਿਆ:

ਮੈਂ ਸ਼ਰਮ ਨਾਲ ਨਾ ਮਰ
ਜਾਂ ਜਵਾਨ ਪੁੱਤ ਸਾਹਵੇਂ
ਕਈ ਨੰਗੇਜਾਂ ਮੇਰੇ ਇਕ ਨੰਗੇਜ ਨੂੰ ਢਕਿਆ।

ਇਕ ਔਰਤ ਅਤੇ ਮਾਂ ਦੀ ਯਾਤਨਾ ਸਮਝਣ ਲਈ ਕਵੀ ਉਹ ਮਾਂ ਅਤੇ ਔਰਤ ਬਣਦਾ ਹੈ। ਉਸ ਦਾ ਇਹ ਸਵੈ-ਸਿਰਜਣ ਉਸ ਰਾਜਤੰਤਰ ਉਪਰ ਲਾਹਨਤ ਪਾਉਂਦਾ ਹੈ ਜੋ ਲੋਕਤੰਤਰ ਦੇ ਦਾਅਵੇ ਕਰਦਾ ਹੈ ਪਰ ਮਨੁੱਖੀ ਸੰਵੇਦਨਾ ਤੋਂ ਬਿਲਕੁਲ ਕੋਰਾ ਹੈ। ਇਕ ਹੋਰ ਕਵਿਤਾ ਵਿਚ ਕਵੀ ਵਤਨਪ੍ਰਸਤੀ ਦੇ ਉਚ ਸੁਰ ਵਾਲੇ ਪਰ ਫੋਕੇ ਪ੍ਰਵਚਨ ਉਪਰ ਜ਼ਬਰਦਸਤ ਚੋਟ ਕਰਦਾ ਹੈ:

ਬੇਵਤਨ ਹੋ ਜਾਣ ਦਾ
ਦੁੱਖ ਜੀ ਲਿਆ ਦੁੱਖ ਜਰ ਲਿਆ
ਬਦਵਤਨ ਹੋ ਜਾਣ ਦੀ
ਬੋਲੀ ਕਿਸੇ ਮਾਰੀ ਨਾ ਸੀ।

ਹਰਿਭਜਨ ਸਿੰਘ ਦੀ ਸ਼ਖਸੀਅਤ ਦੀ ਖੂਬਸੂਰਤੀ ਹੈ ਕਿ ਜਿਥੇ ਉਹ ਆਪਣੀ ਬੇਘਰੀ ਦੇ ਗ਼ਮ ਨੂੰ ਕਵਿਤਾ ਦੇ ਸੁਰਾਂ ਵਿਚ ਪਰੋਂਦਾ ਹੈ, ਉਥੇ ਹੀ ਉਹ ਕਿਸੇ ਵੀ ਇਨਸਾਨ ਦੀ ਬਰਬਾਦੀ, ਬੇਘਰੀ ਜਾਂ ਕਤਲ ਉਪਰ ਦਿਲੋਂ ਰੋਂਦਾ ਹੈ:

ਸਾਡੇ ਸ਼ਹਿਰ ਮੁਹੱਲੇ ਇਹ ਕੀ ਹੋਇਆ
ਆਪਣਾ ਸੀ ਜੋ ਵਾਂਗ ਪਰਾਇਆਂ ਮੋਇਆ
---
ਮੋਢਿਆਂ ਵਾਲੇ ਭਾਈ ਕਿਧਰ ਗਏ ਨੇ
ਸਾਨੂੰ ਸਿਵਿਆਂ ਤੀਕ ਕਿਸੇ ਨਾ ਢੋਇਆ।

ਬੇਘਰੀ ਬੰਦੇ ਨੂੰ ਆਪਣੇ ਆਪ ਤੋਂ ਕਿੰਜ ਉਖਾੜ ਮਾਰਦੀ ਹੈ, ਇਸ ਦਾ ਬਿਆਨ ਉਹ ਇੰਜ ਕਰਦਾ ਹੈ:

ਆਦਮੀ ਸੀ ਯਾ ਉਹ ਕਿਰਾਏ ਦਾ ਮਕਾਨ
ਕਿਸ ਤਰ੍ਹਾਂ ਉਹ ਖੁਦ ਨੂੰ ਖਾਲੀ ਕਰ ਗਿਆ।

ਆਪਣੇ ਦੁੱਖ ਨੂੰ ਸਵੈ-ਚਿੰਤਨ ਰਾਹੀਂ ਫਰੋਲਦਾ ਉਹ ਆਪਣੀ ਸਵੈ-ਪਛਾਣ ਨੂੰ ਢਹਿੰਦੀ ਅਤੇ ਮੁੜ ਉਸਰਦੀ ਦੇਖਦਾ ਹੈ, ਜਦੋਂ ਹਾਲਾਤ ਅੱਗੇ ਬੇਵੱਸ ਉਹ ਅਚੇਤਨ ਮਨ ਅੰਦਰ ਵਸਦੀ ਸਿੱਖ ਸਵੈ-ਪਛਾਣ ਨੂੰ ਸੁਚੇਤ ਮਨ ਵਿਚ ਲਿਆ ਸਥਾਪਿਤ ਕਰਦਾ ਹੈ। ਇਉਂ ਉਹ ਭਾਰੀ ਮਨ ਨਾਲ, ਪਰ ਨਾਬਰੀ ਦੇ ਲਹਿਜੇ ਵਿਚ ਕਰਦਾ ਹੈ। ਇਸ ਤਰ੍ਹਾਂ ਉਹ ਪਛਾਣ ਦੀ ਰਾਜਨੀਤੀ ਦੀਆਂ ਮਨੁੱਖ-ਮਾਰੂ ਸੰਭਾਵਨਾਵਾਂ ਉਪਰ ਵੀ ਅਸਿੱਧਾ ਵਾਰ ਕਰਦਾ ਹੈ। ਇਸ ਸਮੁੱਚੇ ਵਰਤਾਰੇ ਤੋਂ ਉਪਰ ਉਹ ਸਤਿਗੁਰ ਦੀ ਅਨੰਤ ਕਰੁਣਾ ਦਾ ਧਿਆਨ ਕਰਦਾ ਹੋਇਆ, ਉਨ੍ਹਾਂ ਦੀ ਸ਼ੋਭਾ ਦਾ ਵਰਣਨ ਇਉਂ ਕਰਦਾ ਹੈ:

ਸਤਿਗੁਰ ਇਹ ਕੀ ਕਲਾ ਵਿਖਾਈ
ਕੀ ਭਾਣਾ ਵਰਤਾਇਆ
ਮੈਂ ਕਾਫਰ ਦੀ ਸੋਧ ਲਈ
ਤੂੰ ਆਪਣਾ ਘਰ ਢਠਵਾਇਆ।

ਕਵੀ ਦਾ ਆਪਣੇ ਕਸੂਰਵਾਰ ਹੋਣ ਦਾ ਅਹਿਸਾਸ ਅਤੇ ਸਤਿਗੁਰ ਪ੍ਰਤੀ ਉਸ ਦੀ ਸ਼ਰਧਾ ਵਿਚਕਾਰ ਅੰਤਰ-ਸੰਵਾਦ ਇਨ੍ਹਾਂ ਸਤਰਾਂ ਨੂੰ ਇਕ ਵਿਲੱਖਣ ਸਾਦਗੀ ਦਿੰਦਾ ਹੈ ਅਤੇ ਨਾਲ ਹੀ ਗਹਿਰਾਈ ਅਤੇ ਵਿਚਾਰਕ ਜਟਿਲਤਾ ਵੀ।

ਇਸ ਪੁਸਤਕ ਵਿਚਲੀ ਸਭ ਤੋਂ ਵੱਖਰੀ, ਅਲੌਕਿਕ ਪ੍ਰਕਾਸ਼ ਨਾਲ ਜਗਮਗਾਉਂਦੀ ਰਚਨਾ ਹੈ 'ਰਾਤ ਪਈ ਤਾਂ ਸਤਿਗੁਰ ਬੈਠੇ ਇਕੋ ਇਕ ਦੀਵਾ ਬਾਲ ਕੇ'। ਇਸ ਵਿਚ ਇੱਕ ਸਮੁੱਚਾ, ਸੁੱਚਾ ਜੀਵਨ ਦਰਸ਼ਨ ਹੈ, ਇਤਿਹਾਸਕ ਤ੍ਰਾਸਦੀ ਦਾ ਮਿਥਕ ਰੂਪਾਂਤਰਣ ਹੈ, ਜਾਗਰਤ ਅਵਸਥਾ ਵਿਚ ਦੇਖੇ ਸੁਪਨੇ ਦੀ ਸਪੱਸ਼ਟਤਾ ਹੈ ਅਤੇ ਗੁਰੂਆਂ ਦੇ ਚਾਨਣਮਈ ਅਤੇ ਅਮਰ ਵਿਰਸੇ ਦਾ ਅਜਿਹਾ ਕਾਵਿਕ ਬਿਆਨ ਹੈ ਜਿਸ ਤੋਂ ਬਿਨਾਂ ਮਨੁੱਖ ਦਾ ਭਵਿੱਖ ਹਨੇਰੇ ਵਿਚ ਡੁੱਬੇ ਪਸ਼ੂਪੁਣੇ ਤੋਂ ਇਲਾਵਾ ਕੁਝ ਵੀ ਨਹੀਂ:

ਰਾਤ ਪਈ ਤਾਂ ਸਤਿਗੁਰ ਬੈਠੇ
ਇਕੋ ਦੀਵਾ ਬਾਲ ਕੇ।
ਪਰਕਰਮਾ 'ਚੋਂ ਜ਼ਖਮ ਬੁਲਾ ਲਏ
ਸੁੱਤੇ ਹੋਏ ਉਠਾਲ ਕੇ।
---
ਨਾ ਕੋਈ ਵੈਰੀ ਨਾਹਿ ਬਿਗਾਨਾ
ਹਰ ਇਕ ਲਾਜ ਦੇ ਰਾਖੇ ਹੋ
ਵੇਖੋ ਜਬਰੂ ਲੈ ਨਾ ਜਾਏ
ਪਤਿ ਪਰਤੀਤ ਉਧਾਲ ਕੇ।
---
ਦਰਦ ਰੌਸ਼ਨੀ ਇਕਮਿਕ ਹੋ ਕੇ
ਦੁਨੀਆਂ ਦੇ ਵਿਚ ਫੈਲ ਗਏ
ਸਤਿਗੁਰ ਦੇ ਵਰੁਸਾਏ ਲੋਕੋ
ਰਖਣਾ ਦਰਦ ਉਜਾਲ ਕੇ।

ਕਵੀ ਦੀ ਚੇਤਨਾ ਵਿਚ ਉਭਰਿਆ ਇਹ ਅਲੌਕਿਕ ਦ੍ਰਿਸ਼ ਸਾਕਾ ਨੀਲਾ ਤਾਰਾ ਤੋਂ ਬਾਅਦ ਸ੍ਰੀ ਹਰਿਮੰਦਿਰ ਸਾਹਿਬ ਦੀ ਪਰਿਕਰਮਾ ਦਾ ਹੈ। ਅਡੋਰਨੋ ਨੇ ਕਿਹਾ ਸੀ ਕਿ ਔਸ਼ਵਿਚਜ਼ ਜਿਹੀ ਤ੍ਰਾਸਦੀ ਤੋਂ ਬਾਅਦ ਸ਼ਾਇਦ ਕਵਿਤਾ ਨਹੀਂ ਲਿਖੀ ਜਾ ਸਕੇਗੀ ਪਰ ਜਾਪਦਾ ਹੈ ਹਰਿਭਜਨ ਸਿੰਘ ਨੇ ਇਹ ਕਵਿਤਾ ਲਿਖ ਕੇ ਅਡੋਰਨੋ ਨੂੰ ਜੁਆਬ ਦਿੱਤਾ ਹੈ ਕਿ ਮਨੁੱਖਤਾ ਅਤੇ ਕਵਿਤਾ ਨੂੰ ਕੋਈ ਹਿੰਸਾ ਖਤਮ ਨਹੀਂ ਕਰ ਸਕਦੀ, ਬਸ਼ਰਤੇ ਸਾਡੀ ਨਜ਼ਰ ਸਾਫ, ਸੱਚੀ ਤੇ ਸੁੱਚੀ ਹੋਵੇ ਅਤੇ ਸਾਡੇ ਲਫਜ਼ਾਂ ਵਿਚ ਸੱਚ ਦੇ ਹਾਣ ਦੀ ਪਾਕੀਜ਼ਗੀ ਹੋਵੇ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਨਵੰਬਰ 2018 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-349



*ਸਾਂਝ ਦੇ ਮੋਤੀ ਪਰੋਏ, ਜੋ ਦਿਲਾਂ ਨੂੰ ਠਾਰਦੇ।
ਪਿਆਰ ਨੂੰ ਦਿੰਦੇ ਨੇ ਸੱਦਾ, ਨਫਰਤਾਂ ਨੂੰ ਮਾਰਦੇ।
ਹੈ ਚਿਰਾਂ ਦੀ ਇਹ ਕਹਾਣੀ, ਜਦ ਤੋਂ ਜੀਆ-ਜੰਤ ਹੈ,
ਮੁੱਕਣ 'ਤੇ ਵੀ ਮੁੱਕਦੀ ਨਾ, ਇਹ ਕਥਾ ਬਲਵੰਤ ਹੈ।*

### ਕੈਪਸ਼ਨ ਮੁਕਾਬਲਾ-347



ਭੋਲਾ ਬਚਪਨ, ਸੱਚਾ ਮਨ ਦਾ
ਡਰ ਨਾ ਕਦੇ ਵੀ ਨੇੜੇ ਆਵੇ।
ਕੋਈ ਨਹੀਂ ਬੇਗਾਨਾ ਜੱਗ 'ਤੇ
ਮੋਹ ਹੀ ਮੋਹ ਨੂੰ ਖਿੱਚ ਲਿਆਵੇ।
ਸਮਝ ਲਵੇ ਜੇ ਹਰ ਕੋਈ ਇਸ ਨੂੰ
ਕਿਉਂ ਨਾ ਕਾਇਨਾਤ ਰੁਸ਼ਨਾਵੇ?
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-3722*
---
ਕੱਟੀ, ਕੁੱਤਾ ਵੀ ਘਰ ਦੇ ਜੀਅ ਨੇ
ਤੇ ਬੱਚੀ ਵੀ ਨਿਰਛਲ, ਅਣਭੋਲ।
ਡਰਦੀ ਪੁਚਕਾਰੇ ਕੁੱਤੇ ਤਾਈਂ
ਖੜ੍ਹ ਗਏ ਹੋ ਕੇ ਸਭ ਅਡੋਲ।
ਰੱਬ ਵੱਸਦਾ, ਹਰ ਇੱਕ ਅੰਦਰ
ਪ੍ਰੇਮ-ਤਰੰਗਾਂ ਰਸ ਦੇਵਣ ਘੋਲ।
*-ਦਵਿੰਦਰ ਕੌਰ*
---
ਜਾਤਾਂ-ਨਸਲਾਂ ਤੋਂ ਅਣਜਾਣ
ਬੱਚੇ ਜਾਨਵਰਾਂ ਨਾਲ ਖੇਡੀ ਜਾਣ।
ਨਿਰਛੱਲ ਮਨ, ਨਫਰਤ ਨਾ ਜਾਣੇ।
ਲੋਕੀਂ ਇਨ੍ਹਾਂ ਨੂੰ ਕਹਿਣ ਨਿਆਣੇ।
ਉਲਟੇ ਹੋਏ ਦਸਤੂਰ ਜੱਗ ਦੇ।
ਸਿਆਣਿਆਂ ਤੋਂ ਇਹ ਸਿਆਣੇ ਲੱਗਦੇ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ*
*ਫੋਨ: 91-94176-49275*
---
ਪਿਆਰ ਦੀ ਕੋਈ ਭਾਸ਼ਾ ਨਹੀਂ
ਉਮਰ, ਨਸਲ, ਨਾ ਹੀ ਜਾਤ।
ਨਾ ਕੋਈ ਸੌਗਾਤ ਦੀ ਚਾਹਤ
ਬੱਸ ਅਹਿਸਾਸ ਜਾਂ ਜਜ਼ਬਾਤ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*
---
ਬੇਜ਼ੁਬਾਨ ਤਾਂ ਮੋਹ ਦੇ ਭੁੱਖੇ
ਜਾਨਵਰ ਚਾਹੇ ਛੋਟੇ ਬੱਚੇ।
ਜ਼ੁਬਾਨ ਜਦੋਂ ਚੱਲਣ ਲੱਗ ਜਾਵੇ
ਬਣ ਜਾਂਦੇ ਫਿਰ ਲੰਡੇ ਢੱਠੇ।
ਧਰਮ ਦੇ ਨਾਂ 'ਤੇ ਬਲੀ ਦੇ ਦਿੰਦੇ
ਧਰਮ ਦੇ ਨਾਂ 'ਤੇ ਲੜ ਲੜ ਮਰਦੇ।
ਮੋਹ ਪਿਆਰ ਰਹੇ ਇੰਜ ਹੀ ਪਲਦਾ
ਜੇ ਬੱਚੇ ਨਾ ਹੋਵਣ ਵੱਡੇ।
*-ਪੋਰਿੰਦਰ ਸਿੰਗਲਾ ਢਪਾਲੀ*
---
ਜਾਤੀ ਅਤੇ ਜੀਨਾਂ ਵਿਚ
ਭਾਵੇਂ ਲੱਖ ਨੇ ਦੂਰੀਆਂ।
ਦਿਲਾਂ ਵਿਚ ਛੁਪੀਆਂ ਨੇ
ਤਾਂ ਵੀ ਮਨਜ਼ੂਰੀਆਂ।
ਮਾਸੂਮ ਵਿਸ਼ਵਾਸ ਤੇ ਗੁੰਮ ਗਮਰੂਰੀਆਂ
ਘੜੀਆਂ ਪਿਆਰ ਨਾਲ
ਹੁੰਦੀਆਂ ਨੇ ਗੂੜ੍ਹੀਆਂ।
*-ਗੁਰਦੇਵ ਸਿੰਘ ਦੇਬਾ*
*ਫੋਨ: 773-220-2268*
---
ਪਿਆਰ ਦੀ ਭਾਸ਼ਾ ਜਾਨਵਰ ਵੀ ਸਮਝਣ
ਕਰੇ ਜੇ ਕੋਈ ਦਿਲੋਂ ਪਿਆਰ।
ਇਕ ਰੋਟੀ ਖਾਤਰ ਕੁੱਤਾ ਵੀ
ਮਾਲਕ ਦਾ ਬਣ ਜਾਂਦਾ ਵਫਾਦਾਰ।
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਭਾਰਤ 'ਚ ਰੋਜ਼ਾਨਾ 50 ਕਰੋੜ ਲੀਟਰ ਨਕਲੀ ਦੁੱਧ ਦੀ ਹੋ ਰਹੀ ਹੈ ਖਪਤ

**ਚੰਡੀਗੜ੍ਹ:** ਤਿਉਹਾਰਾਂ ਦੇ ਦਿਨਾਂ ਦੌਰਾਨ ਮਠਿਆਈਆਂ ਦੀ ਵਧਦੀ ਮੰਗ ਨੂੰ ਧਿਆਨ 'ਚ ਰੱਖਦੇ ਹੋਏ ਨਕਲੀ (ਸਿੰਥੈਟਿਕ) ਦੁੱਧ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਨੇ ਪੂਰੀ ਤਾਕਤ ਲਗਾਈ ਹੋਈ ਹੈ। ਇਹ ਲੋਕ ਵੱਡੇ ਪੱਧਰ 'ਤੇ ਨਕਲੀ ਦੁੱਧ ਤਿਆਰ ਕਰ ਕੇ ਇਸ ਦੀ ਵਰਤੋਂ ਮਠਿਆਈਆਂ ਤੇ ਹੋਰ ਖਾਧ ਪਦਾਰਥ ਬਣਾਉਣ ਲਈ ਕਰਕੇ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹਨ ਪਰ ਦੇਸ਼ 'ਚ ਅਜਿਹੇ ਲੋਕਾਂ ਖਿਲਾਫ ਕੋਈ ਠੋਸ ਕਾਰਵਾਈ ਨਾ ਹੋਣ ਕਾਰਨ ਇਹ ਲੋਕ ਬੇਖੌਫ਼ ਹਨ।



ਇਸ ਸਬੰਧੀ ਘੋਖ ਕਰਨ 'ਤੇ ਹੈਰਾਨੀਜਨਕ ਖੁਲਾਸਾ ਹੋਇਆ ਕਿ ਮੌਜੂਦਾ ਸਮੇਂ ਦੌਰਾਨ ਦੇਸ਼ 'ਚ ਰੋਜ਼ਾਨਾ ਦੁੱਧ ਦਾ ਉਤਪਾਦਨ ਸਿਰਫ ਕਰੀਬ 14 ਕਰੋੜ ਲੀਟਰ ਹੈ ਜਦੋਂ ਕਿ ਖਪਤ ਕਰੀਬ 64 ਕਰੋੜ ਲੀਟਰ ਪ੍ਰਤੀ ਦਿਨ ਹੋ ਰਹੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਦੇਸ਼ 'ਚ ਰੋਜ਼ਾਨਾ 50 ਕਰੋੜ ਲੀਟਰ ਨਕਲੀ ਦੁੱਧ ਦੀ ਖਪਤ ਹੋ ਰਹੀ ਹੈ। ਇਹ ਦੁੱਧ ਪੀਣ ਤੇ ਇਸ ਤੋਂ ਤਿਆਰ ਖਾਧ ਪਦਾਰਥਾਂ ਨੂੰ ਖਾਣ ਨਾਲ ਦੇਸ਼ ਦੇ ਲੋਕ ਵੱਡੇ ਪੱਧਰ 'ਤੇ ਕੈਂਸਰ ਤੇ ਹੋਰ ਨਾ ਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਪਰ ਸਿਹਤ ਵਿਭਾਗ ਤੇ ਸਰਕਾਰ ਵਲੋਂ ਸਿਰਫ ਤਿਉਹਾਰਾਂ ਦੇ ਦਿਨਾਂ ਦੌਰਾਨ ਖਾਨਾਪੂਰਤੀ ਕਰਨ ਲਈ ਕੁਝ ਦੁਕਾਨਾਂ ਦੀ ਜਾਂਚ ਕੀਤੀ ਜਾਂਦੀ ਹੈ। ਕਈ ਵਾਰ ਵੱਡੇ ਪੱਧਰ 'ਤੇ ਨਕਲੀ ਦੁੱਧ ਤੇ ਇਸ ਤੋਂ ਤਿਆਰ ਖਾਧ ਪਦਾਰਥ ਫੜ ਵੀ ਲਏ ਜਾਂਦੇ ਹਨ ਪਰ ਅਜਿਹੇ ਖਾਧ ਪਦਾਰਥ ਤਿਆਰ ਕਰਨ ਵਾਲੇ ਲੋਕਾਂ ਖਿਲਾਫ਼ ਅਗਾਂਹ ਕੀ ਕਰਵਾਈ ਹੋਈ, ਇਸ ਬਾਰੇ ਕੁਝ ਵੀ ਪਤਾ ਨਹੀਂ ਲੱਗਦਾ।

ਇਹ ਵੀ ਜਾਣਕਾਰੀ ਮਿਲੀ ਹੈ ਕਿ ਇਸ ਕਾਰੋਬਾਰ 'ਚ ਲੱਗੇ 90 ਫੀਸਦੀ ਲੋਕ ਸਿਆਸੀ ਅਸਰ-ਰਸੂਖ ਵਰਤ ਕੇ ਅਜਿਹੇ ਮਾਮਲਿਆਂ ਨੂੰ ਥੋੜ੍ਹਾ ਜਿਹਾ ਜੁਰਮਾਨਾ ਅਦਾ ਕਰਕੇ ਰਫਾ-ਦਫ਼ਾ ਕਰਵਾ ਦਿੰਦੇ ਹਨ। ਹੁਣ ਸਿਰਫ ਸ਼ਹਿਰੀ ਖੇਤਰਾਂ 'ਚ ਹੀ ਨਹੀਂ, ਸਗੋਂ ਪੇਂਡੂ ਇਲਾਕਿਆਂ ਵਿਚ ਵੀ ਨਕਲੀ ਦੁੱਧ ਤੇ ਇਸ ਤੋਂ ਤਿਆਰ ਖਾਧ ਪਦਾਰਥ ਵਿਕ ਰਹੇ ਹਨ। ਇਸ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪਿਛਲੇ ਦਿਨੀਂ ਵਿਸ਼ਵ ਸਿਹਤ ਸੰਗਠਨ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਸਾਲ 2025 ਤੱਕ ਭਾਰਤ ਦੀ 87 ਫ਼ੀਸਦੀ ਆਬਾਦੀ ਨੂੰ ਕੈਂਸਰ ਦਾ ਖ਼ਤਰਾ ਹੈ ਪਰ ਫਿਰ ਵੀ ਦੇਸ਼ 'ਚ ਅਜਿਹੇ ਲੋਕਾਂ ਖਿਲਾਫ਼ ਸ਼ਿਕੰਜਾ ਨਹੀਂ ਕੱਸਿਆ ਜਾ ਰਿਹਾ। ਇਹ ਵੀ ਜਾਣਕਾਰੀ ਮਿਲੀ ਹੈ ਕਿ ਇਹ ਸਿੰਥੈਟਿਕ ਦੁੱਧ ਨੂੰ ਤਿਆਰ ਕਰਨ ਲਈ ਸ਼ੈਂਪੂ, ਯੂਰੀਆ, ਰਿਫਾਇੰਡ, ਤੇਜ਼ਾਬ, ਜ਼ਹਿਰੀਲਾ ਕੈਮੀਕਲ ਤੇ ਸੁੱਕਾ ਦੁੱਧ ਵੀ ਵਰਤਿਆ ਜਾ ਰਿਹਾ ਹੈ।

ਬੇਸ਼ੱਕ ਮੀਡੀਆ ਨੇ ਕਈ ਵਾਰ ਇਹ ਖੁਲਾਸੇ ਕੀਤੇ ਹਨ ਕਿ ਦੁੱਧ ਤੋਂ ਤਿਆਰ ਹੁੰਦੀਆਂ ਤੇ ਹੋਰ ਮਠਿਆਈਆਂ ਮਨੁੱਖੀ ਸਿਹਤ ਲਈ ਹਾਨੀਕਾਰਕ ਹਨ ਪਰ ਫਿਰ ਵੀ ਲੋਕਾਂ ਦੀ ਮਠਿਆਈਆਂ ਪ੍ਰਤੀ ਖਿੱਚ ਅਜੇ ਬਹੁਤੀ ਨਹੀਂ ਘਟੀ।


## ਪੰਜਾਬ ਭਰ 'ਚੋਂ 47 ਫੀਸਦੀ ਨਮੂਨੇ ਫੇਲ੍ਹ

**ਪਟਿਆਲਾ:** ਲੋਕਾਂ ਦੀ ਸਿਹਤ ਨਾਲ ਹੁੰਦੇ ਖਿਲਵਾੜ ਨੂੰ ਰੋਕਣ ਲਈ ਪਟਿਆਲਾ ਤੋਂ ਸ਼ੁਰੂ ਕੀਤੀ ਖਾਧ ਪਦਾਰਥਾਂ ਦੀ ਜਾਂਚ ਦੀ ਮੁਹਿੰਮ ਦੌਰਾਨ ਸੂਬੇ 'ਚੋਂ ਲਏ ਗਏ ਕਰੀਬ ਅੱਧੇ ਸੈਂਪਲ ਫੇਲ੍ਹ ਹੋ ਗਏ ਹਨ। ਅਗਸਤ ਮਹੀਨੇ ਖਾਧ ਪਦਾਰਥਾਂ ਦੇ ਪੰਜਾਬ ਭਰ ਤੋਂ ਲਏ ਗਏ ਸੈਂਪਲਾਂ ਦੀਆਂ ਆਈਆਂ ਰਿਪੋਰਟਾਂ ਮੁਤਾਬਕ 1429 ਵਿਚੋਂ 666 (46.6 ਫੀਸਦੀ) ਸੈਂਪਲ ਫੇਲ੍ਹ ਹੋ ਗਏ ਹਨ।

ਅਗਸਤ 'ਚ ਪਟਿਆਲਾ ਸਮੇਤ 12 ਜ਼ਿਲ੍ਹਿਆਂ ਵਿਚ ਤਾਂ ਸੈਂਪਲ ਭਰਨ ਦਾ ਟੀਚਾ ਵੀ ਪੂਰਾ ਨਹੀਂ ਹੋਇਆ। 32 ਫੀਸਦੀ ਸੈਂਪਲ ਭਰਨ ਵਾਲਾ ਗੁਰਦਾਸਪੁਰ ਫਾਡੀ ਰਿਹਾ। ਪਟਿਆਲਾ ਨੇ ਟੀਚੇ ਦੇ ਸੌ ਵਿਚੋਂ 47 ਫੀਸਦੀ ਅਤੇ ਤਰਨ ਤਾਰਨ ਨੇ 60 ਫੀਸਦੀ ਹੀ ਸੈਂਪਲ ਲਏ।

# ਟਰੂਡੋ ਹਾਲੇ ਵੀ ਕੈਨੇਡੀਅਨਾਂ ਦੀ ਪਹਿਲੀ ਪਸੰਦ

**ਵੈਨਕੂਵਰ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੇ ਦੇਸ਼ ਵਾਸੀਆਂ ਦੇ ਹਰਮਨ ਪਿਆਰੇ ਹਨ। ਪ੍ਰਸਿੱਧੀ ਦੇ ਮਾਮਲੇ ਵਿਚ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਤੋਂ ਅੱਗੇ ਨਹੀਂ ਨਿਕਲ ਸਕੇ। ਦੇਸ਼ ਵਿਚ ਫੈਡਰਲ ਚੋਣਾਂ ਤੋਂ ਇਕ ਸਾਲ ਪਹਿਲਾਂ ਕੀਤੇ ਇਹ ਨਤੀਜੇ ਲੋਕ ਰਾਏ ਖੋਜ ਅਦਾਰੇ, ਐਨਗਸ ਰੀਡ ਇੰਸਟੀਚਿਊਟ (ਏ.ਆਰ.ਆਈ.) ਵੱਲੋਂ ਕੌਮੀ ਸਰਵੇਖਣ ਦੇ ਵਿਸ਼ਲੇਸ਼ਣ ਦੌਰਾਨ ਸਾਹਮਣੇ ਆਏ ਹਨ।



ਏ.ਆਰ.ਆਈ. ਵੱਲੋਂ ਕੀਤੇ ਸਰਵੇਖਣ ਦੌਰਾਨ ਪਤਾ ਲੱਗਾ ਹੈ ਕਿ ਐਨ.ਡੀ.ਪੀ. ਦੇ ਨੇਤਾ ਜਗਮੀਤ ਸਿੰਘ ਵੋਟਰਾਂ ਵਿਚ ਉਤਸ਼ਾਹ ਤੇ ਜੋਸ਼ ਦੀ ਚਿਣਗ ਜਗਾਉਣ ਵਿਚ ਤਾਂ ਸਫਲ ਹੋਏ ਹਨ ਜਦਕਿ ਅਗਲੇ ਸਾਲ ਬੈਲਟ ਬੌਕਸ 'ਤੇ ਉਨ੍ਹਾਂ ਨੂੰ ਚੁਣਨ ਲਈ ਵੋਟਰ ਦੁਬਿਧਾ ਵਿਚ ਹਨ। ਸਰਵੇਖਣ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਸਿਰਫ 34 ਫੀਸਦੀ ਵੋਟਰਾਂ ਨੂੰ ਹੀ ਪੂਰਾ ਯਕੀਨ ਹੈ ਕਿ ਜਗਮੀਤ ਸਿੰਘ ਅਗਲੀਆਂ ਚੋਣਾਂ ਵਿਚ ਸਫਲ ਹੋ ਜਾਣਗੇ। ਜਗਮੀਤ ਤੋਂ ਅੱਗੇ ਕੈਨੇਡਾ ਦੇ ਮੌਜੂਦਾ ਵਿਰੋਧੀ ਧਿਰ ਦੇ ਨੇਤਾ ਐਂਡ੍ਰਿਊ ਸਚਿਰ ਵੀ ਹਨ। ਸਰਵੇਖਣ ਵਿਚ ਤਕਰੀਬਨ 65 ਫੀਸਦੀ ਵੋਟਰਾਂ ਨੇ ਉਨ੍ਹਾਂ ਨੂੰ ਪਸੰਦ ਕੀਤਾ ਹੈ। ਹਾਲਾਂਕਿ, ਟਰੂਡੋ ਹਰਮਨਪਿਆਰੇ ਜ਼ਰੂਰ ਹਨ ਪਰ ਉਨ੍ਹਾਂ ਲਈ ਸਭ ਠੀਕ ਨਹੀਂ ਹੈ।

ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ 80 ਫੀਸਦੀ ਸੰਭਾਵੀ ਵੋਟਰ ਲਿਬਰਲ ਪਾਰਟੀ ਦੇ ਨੇਤਾ ਜਸਟਿਨ ਟਰੂਡੋ ਦੀ ਲੀਡਰਸ਼ਿਪ ਤੋਂ ਪ੍ਰਸੰਨ ਹਨ।

ਇਸ ਦੇ ਉਲਟ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ ਦੇ ਪ੍ਰਦਰਸ਼ਨ ਤੋਂ 50 ਕੁ ਫੀਸਦੀ ਵੋਟਰ ਹੀ ਸੰਤੁਸ਼ਟ ਹਨ। ਜਦਕਿ, ਕੰਜ਼ਰਵੇਟਿਵ ਪਾਰਟੀ ਦੇ ਲੀਡਰ ਤੇ ਕੈਨੇਡਾ ਦੀ ਕੌਮੀ ਸੰਸਦ ਵਿਚ ਵਿਰੋਧੀ ਧਿਰ ਦੇ ਨੇਤਾ ਐਂਡ੍ਰਿਊ ਸਚਿਰ ਦੋ ਤਿਹਾਈ ਵੋਟਰਾਂ ਨੂੰ ਹੀ ਪਸੰਦ ਹਨ।

ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਲੋਕ ਮੱਤਦਾਨ ਦੌਰਾਨ ਮੌਜੂਦ ਹੋਰ ਸਿਆਸੀ ਵਿਕਲਪਾਂ ਵੱਲ ਜਾ ਸਕਦੇ ਹਨ। ਏ.ਆਰ.ਆਈ. ਨੇ ਬੇਤਰਤੀਬੇ ਤਰੀਕੇ (ਰੈਂਡਮ) ਨਾਲ ਚੁਣੇ 1500 ਕੈਨੇਡੀਅਨ ਤੋਂ ਸਵਾਲਾਂ ਦੇ ਜਵਾਬਾਂ ਤੋਂ ਇਸ ਸਰਵੇਖਣ ਦੇ ਨਤੀਜੇ ਲਏ ਹਨ। 1500 ਲੋਕਾਂ ਵਿਚੋਂ ਹਰੇਕ ਪਾਰਟੀ (ਲਿਬਰਲ, ਕੰਜ਼ਰਵੇਟਿਵ ਅਤੇ ਐਨਡੀਪੀ) ਦੇ 500-500 ਸਮਰਥਕਾਂ ਨੂੰ ਸ਼ਾਮਲ ਕੀਤਾ ਗਿਆ ਸੀ।

# ਅਮਰੀਕਾ 'ਚ ਬਦਲੇ ਵੀਜ਼ਾ ਨਿਯਮਾਂ ਨਾਲ ਸੈਂਕੜੇ ਭਾਰਤੀ ਕੰਪਨੀਆਂ 'ਚ ਹਾਹਾਕਾਰ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਐਚ-1ਬੀ ਵੀਜ਼ਾ ਨੀਤੀ ਵਿਚ ਤਬਦੀਲੀ ਦਾ ਪ੍ਰਸਤਾਵ ਭੇਜਿਆ ਹੈ। ਇਸ ਤਹਿਤ ਅਮਰੀਕੀ ਕੰਪਨੀਆਂ ਵਿਚ ਉਹੀ ਵਿਦੇਸ਼ੀ ਕਰਮਚਾਰੀ ਕੰਮ ਕਰ ਸਕਣਗੇ, ਜੋ ਸਰਬੋਤਮ ਹੋਣਗੇ। ਹਾਲ ਹੀ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਅਮਰੀਕਾ ਵਿਚ ਨੌਕਰੀ ਕਰਨ ਸਿਰਫ ਉਹੀ ਆ ਸਕਦੇ ਹਨ, ਜੋ ਯੋਗ ਹੋਣ ਤੇ ਦੇਸ਼ ਦੀ ਮਦਦ ਕਰਨ ਦੇ ਸਮਰੱਥ ਹੋਣ। ਟਰੰਪ ਦੇ ਇਸ ਫੈਸਲੇ ਨਾਲ ਭਾਰਤੀ ਕੰਪਨੀਆਂ ਉੱਪਰ ਅਸਰ ਪਵੇਗਾ।




ਅਮਰੀਕਾ ਦੇ 50 ਸੂਬਿਆਂ ਵਿਚ 100 ਭਾਰਤੀ ਕੰਪਨੀਆਂ ਹਨ, ਜਿਨ੍ਹਾਂ ਵਿਚ ਇਕ ਲੱਖ 13 ਹਜ਼ਾਰ ਲੋਕ ਕੰਮ ਕਰ ਰਹੇ ਹਨ। ਟਰੰਪ ਪ੍ਰਸ਼ਾਸਨ ਦੇ ਇਸ ਫੈਸਲੇ ਕਾਰਨ ਭਾਰਤੀ ਆਈ.ਟੀ. ਕੰਪਨੀਆਂ 'ਤੇ ਅਸਰ ਹੋਵੇਗਾ। ਇਹ ਕੰਪਨੀਆਂ ਆਪਣੇ ਕਾਮਿਆਂ ਦੀ ਲੋੜ ਦੀ ਪੂਰਤੀ ਲਈ ਵੱਡੇ ਪੱਧਰ ਉਤੇ ਐਚ1-ਬੀ ਵੀਜ਼ਾ 'ਤੇ ਨਿਰਭਰ ਕਰਦੀਆਂ ਹਨ। ਹੁਣ ਅਮਰੀਕੀ ਨਾਗਰਿਕਤਾ ਤੇ ਪਰਵਾਸ ਸੇਵਾ (ਯੂ.ਐਸ.ਸੀ.ਆਈ.ਐਸ.) ਨੇ ਜਨਵਰੀ 2019 ਤੋਂ ਸਿਰਫ ਉਨ੍ਹਾਂ ਵਿਦੇਸ਼ੀ ਕਰਮਚਾਰੀਆਂ ਨੂੰ ਐਚ1-ਬੀ ਵੀਜ਼ਾ ਦੇਣ ਦੀ ਤਜਵੀਜ਼ ਪੇਸ਼ ਕੀਤੀ ਹੈ, ਜੋ ਆਪਣੇ ਕੰਮ ਵਿਚ ਅੱਵਲ ਹੋਣਗੇ।

ਅਮਰੀਕੀ ਗ੍ਰਹਿ ਮੰਤਰਾਲਾ ਦਾ ਕਹਿਣਾ ਹੈ ਕਿ ਅਸੀਂ ਸਹੀ ਮਾਇਨਿਆਂ ਵਿਚ ਰੁਜ਼ਗਾਰ ਦੀ ਪਰਿਭਾਸ਼ਾ ਬਦਲਣਾ ਚਾਹੁੰਦੇ ਹਾਂ ਤਾਂ ਜੋ ਕੰਪਨੀ ਤੇ ਕਰਮਚਾਰੀ ਦੇ ਸਬੰਧ ਸੁਖਾਵੇਂ ਬਣਾਏ ਜਾ ਸਕਣ ਤੇ ਨਾਲ ਹੀ ਅਮਰੀਕੀ ਮੁਲਾਜ਼ਮਾਂ ਤੇ ਉਨ੍ਹਾਂ ਦੀਆਂ ਤਨਖਾਹਾਂ ਨੂੰ ਸੁਰੱਖਿਅਤ ਕੀਤਾ ਜਾ ਸਕੇ। ਗ੍ਰਹਿ ਮੰਤਰਾਲੇ ਨੇ ਇਹ ਵੀ ਦੱਸਿਆ ਹੈ ਕਿ ਇਸ ਪ੍ਰਕਿਰਿਆ ਤਹਿਤ ਐਚ1-ਬੀ ਵੀਜ਼ਾ ਧਾਰਕਾਂ ਦੇ ਪਤੀ ਜਾਂ ਪਤਨੀ ਨੂੰ ਐਚ-4 ਵੀਜ਼ਾ ਵਾਂਗ ਰੁਜ਼ਗਾਰ ਲਈ ਏਲੀਅਨ ਰਜਿਸਟ੍ਰੇਸ਼ਨ ਕਾਰਡ ਜਾਰੀ ਕੀਤਾ ਜਾਵੇਗਾ। ਇਸ ਏਲੀਅਨ ਕਾਰਡ ਧਾਰਨ ਨੂੰ ਕਾਨੂੰਨੀ ਪਰਵਾਸੀ ਮੰਨਿਆ ਜਾਵੇਗਾ ਤੇ ਉਸ ਨੂੰ ਅਮਰੀਕਾ ਵਿਚ ਰਹਿਣ ਤੇ ਕੰਮ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

## ਹਰ ਚਾਰ ਐਚ-1ਬੀ ਵੀਜ਼ਾ ਧਾਰਕਾਂ ਪਿੱਛੇ ਤਿੰਨ ਭਾਰਤੀ ਨਾਗਰਿਕ

**ਵਾਸ਼ਿੰਗਟਨ:** ਇਕ ਰਿਪੋਰਟ ਮੁਤਾਬਕ ਅਮਰੀਕਾ ਵਿਚ ਐਚ-1ਬੀ ਵੀਜ਼ਾ ਤਹਿਤ ਕਾਰਜਸ਼ੀਲ ਹਰ ਚਾਰ ਵਿਅਕਤੀਆਂ ਵਿਚੋਂ ਤਿੰਨ ਭਾਰਤੀ ਹਨ। ਅਮਰੀਕੀ ਨਾਗਰਿਕਤਾ ਤੇ ਆਵਾਸ ਸਰਵਿਸ ਦੇ ਅੰਕੜਿਆਂ ਮੁਤਾਬਕ 4,19,637 ਵਿਦੇਸ਼ੀ ਨਾਗਰਿਕ ਮੁਲਕ ਵਿਚ ਐਚ-1ਬੀ ਵੀਜ਼ੇ 'ਤੇ ਕੰਮ ਕਰ ਰਹੇ ਸਨ। ਇਨ੍ਹਾਂ ਵਿਚੋਂ 3,09,986 ਭਾਰਤੀ ਹਨ। ਰਿਪੋਰਟ ਲਿੰਗ ਭੇਦਭਾਵ ਨੂੰ ਵੀ ਉਜਾਗਰ ਕਰਦੀ ਹੈ। ਵੇਰਵਿਆਂ ਮੁਤਾਬਕ ਹਰ ਚਾਰ ਐੱਚ-1ਬੀ ਵੀਜ਼ਾ ਧਾਰਕਾਂ 'ਚੋਂ ਸਿਰਫ ਇਕ ਔਰਤ ਵਰਕਰ ਇਸ ਵੀਜ਼ਾ ਤਹਿਤ ਕੰਮ ਕਰ ਰਹੀ ਹੈ। ਭਾਰਤੀ ਕਾਮਿਆਂ ਵਿਚਾਲੇ ਲਿੰਗ ਭੇਦਭਾਵ ਵੱਧ ਹੈ।

# ਜੰਮੂ ਮਿਉਂਸਪਲ ਚੋਣਾਂ 'ਚ ਭਾਜਪਾ ਦੀ ਚੜ੍ਹਤ

**ਸ੍ਰੀਨਗਰ:** ਭਾਜਪਾ ਨੇ ਜੰਮੂ ਮਿਉਂਸਪਲ ਕਾਰਪੋਰੇਸ਼ਨ ਚੋਣਾਂ ਵਿਚ ਹੂੰਝਾ ਫੇਰ ਜਿੱਤ ਦਰਜ ਕੀਤੀ ਹੈ ਜਦੋਂ ਕਸ਼ਮੀਰ ਕਿ ਵਿਚ ਬੜ੍ਹਤ ਬਣਾਈ



ਹੈ। ਭਗਵੀਂ ਪਾਰਟੀ ਨੇ ਵਾਦੀ ਵਿਚ 100 ਵਾਰਡਾਂ 'ਚ ਜਿੱਤ ਦਰਜ ਕੀਤੀ ਹੈ। ਸ਼ਹਿਰੀ ਸਥਾਨਕ ਇਕਾਈਆਂ ਦੀਆਂ ਚੋਣਾਂ ਚਾਰ ਪੜਾਵਾਂ ਵਿਚ ਹੋਈਆਂ ਸਨ। ਨੈਸ਼ਨਲ ਕਾਂਗਰਸ ਅਤੇ ਪੀਡੀਪੀ ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਸੀ।

ਐਲਾਨੇ ਗਏ ਨਤੀਜਿਆਂ ਵਿਚ ਕਸ਼ਮੀਰ 'ਚ ਆਜ਼ਾਦ ਉਮੀਦਵਾਰ ਸਭ ਤੋਂ ਵੱਡਾ ਧੜਾ ਬਣ ਕੇ ਉਭਰੇ। ਲੇਹ ਅਤੇ ਕਾਰਗਿਲ ਸਮੇਤ ਕਸ਼ਮੀਰ ਡਿਵੀਜ਼ਨ ਦੀਆਂ 42 ਮਿਉਂਸਪਲ ਸਥਾਵਾਂ ਵਿਚੋਂ 178 ਵਾਰਡਾਂ ਵਿਚ ਆਜ਼ਾਦ ਉਮੀਦਵਾਰ ਜੇਤੂ ਰਹੇ। ਦੂਜੇ ਨੰਬਰ 'ਤੇ ਕਾਂਗਰਸ ਰਹੀ ਹੈ। ਕਾਂਗਰਸ ਨੇ 157 ਵਾਰਡਾਂ 'ਚ ਜਿੱਤ ਦਰਜ ਕੀਤੀ ਹੈ, ਜਦੋਂ ਕਿ ਭਗਵਾਂ ਪਾਰਟੀ ਨੂੰ 100 ਵਾਰਡਾਂ ਵਿਚ ਸਫਲਤਾ ਮਿਲੀ ਹੈ।

ਨੈਸ਼ਨਲ ਕਾਨਫਰੰਸ ਅਤੇ ਪੀ.ਡੀ.ਪੀ. ਦੇ ਬਾਈਕਾਟ ਕਾਰਨ ਭਾਜਪਾ ਅਤੇ ਕਾਂਗਰਸ ਦੇ ਕ੍ਰਮਵਾਰ 76 ਅਤੇ 78 ਉਮੀਦਵਾਰ ਬਿਨਾਂ ਮੁਕਾਬਲਾ ਚੁਣੇ ਗਏ ਸਨ। 12 ਮਿਉਂਸਪਲ ਸੰਸਥਾਵਾਂ ਵਿਚ ਭਾਜਪਾ ਸਭ ਤੋਂ ਵੱਡੀ ਪਾਰਟੀ ਹੈ, ਜਦੋਂ ਕਿ 5 ਵਿਚ ਉਸ ਨੂੰ ਬਹੁਮਤ ਹਾਸਲ ਹੈ।

15 ਸੰਸਥਾਵਾਂ ਵਿਚ ਕਾਂਗਰਸ ਵੱਡੀ ਪਾਰਟੀ ਹੈ, ਜਦੋਂ ਕਿ 11 ਵਿਚ ਉਸ ਨੂੰ ਬਹੁਮਤ ਮਿਲਿਆ ਹੈ। ਸ੍ਰੀਨਗਰ ਮਿਉਂਸਪਲ ਕਾਰਪੋਰੇਸ਼ਨ (74 ਸੀਟਾਂ) 'ਚ ਕਾਂਗਰਸ 15, ਚਾਰ ਵਿਚ ਭਾਜਪਾ ਅਤੇ 53 ਵਿਚ ਆਜ਼ਾਦ ਉਮੀਦਵਾਰ ਜੇਤੂ ਰਹੇ ਹਨ। ਕਾਰਗਿਲ ਅਤੇ ਲੇਹ ਵਿਚ ਭਾਜਪਾ ਖਾਤਾ ਖੋਲ੍ਹਣ ਵਿਚ ਅਸਫਲ ਰਹੀ। ਲੇਹ ਦੀਆਂ 13 ਸੀਟਾਂ 'ਤੇ ਕਾਂਗਰਸ ਜੇਤੂ ਰਹੀ ਹੈ ਜਦੋਂ ਕਿ ਕਾਰਗਿਲ ਵਿਚ ਪਾਰਟੀ ਨੂੰ ਛੇ ਸੀਟਾਂ ਉਤੇ ਜਿੱਤ ਮਿਲੀ ਹੈ। ਜੰਮੂ ਵਿਚ ਕਾਂਗਰਸ ਨੂੰ ਭਾਰੀ ਨੁਕਸਾਨ ਹੋਇਆ ਹੈ। ਇਥੇ ਕਾਂਗਰਸ ਨੂੰ 74 ਵਿਚੋਂ 14 'ਤੇ ਜਿੱਤ ਮਿਲੀ ਹੈ। ਆਜ਼ਾਦ ਉਮੀਦਵਾਰ 18 ਸੀਟਾਂ ਉਤੇ ਜੇਤੂ ਰਹੇ। ਜੰਮੂ ਖਿੱਤੇ ਦੇ ਰਹਿੰਦੇ 446 ਵਾਰਡਾਂ ਵਿਚੋਂ 169 'ਤੇ ਭਾਜਪਾ, 167 'ਤੇ ਆਜ਼ਾਦ ਅਤੇ 96 ਸੀਟਾਂ ਉਤੇ ਕਾਂਗਰਸ ਜੇਤੂ ਰਹੀ ਹੈ।

# ਚੀਨ ਨੇ ਬਣਾਇਆ ਪਾਣੀ ਅਤੇ ਜ਼ਮੀਨ ਤੋਂ ਉੱਡਣ ਵਾਲਾ ਜਹਾਜ

**ਬੀਜਿੰਗ:** ਚੀਨ ਨੇ ਆਪਣੇ ਦੇਸ਼ ਵਿਚ ਬਣਾਏ ਐਂਫੀਬਿਅਸ ਜਹਾਜ਼ ਏਜੀ 600 ਦੀ ਪਹਿਲੀ ਉਡਾਣ ਦਾ ਸਫਲ ਪ੍ਰੀਖਣ ਕੀਤਾ। ਐਂਫੀਬਿਅਸ ਜਹਾਜ਼ ਪਾਣੀ ਤੇ ਜ਼ਮੀਨ ਦੋਵੇਂ



ਥਾਵਾਂ 'ਤੇ ਉਡਾਣ ਭਰਨ ਤੇ ਲੈਂਡ ਕਰਨ ਦੇ ਸਮਰੱਥ ਹੈ। ਚੀਨ ਦਾ ਦਾਅਵਾ ਹੈ ਕਿ ਇਹ ਵਿਸ਼ਵ ਦਾ ਸਭ ਤੋਂ ਵੱਡਾ ਐਂਫੀਬਿਅਸ ਜਹਾਜ਼ ਹੈ। ਚੀਨ ਦੇ ਸਰਕਾਰੀ ਮੀਡੀਆ ਅਨੁਸਾਰ ਏਵੀਏਸ਼ਨ ਇੰਡਸਟਰੀ ਕਾਰਪੋਰੇਸ਼ਨ ਆਫ ਚਾਈਨਾ (ਏ.ਵੀ.ਆਈ.ਸੀ.) ਵੱਲੋਂ ਤਿਆਰ ਕੀਤੇ ਜਹਾਜ਼ ਨੇ ਹੁਬੇਈ ਪ੍ਰਾਂਤ ਦੇ ਜਿੰਗਮੈਨ ਵਿਚ ਝੰਗਹੇ ਤੋਂ ਉਡਾਣ ਭਰੀ ਸੀ ਤੇ ਇਹ ਲਗਭਗ 15 ਮਿੰਟ ਲਈ ਹਵਾ ਵਿਚ ਰਿਹਾ।

ਖ਼ਬਰ ਏਜੰਸੀ ਸ਼ਿਨਹੂਆ ਮੁਤਾਬਕ ਇਸ ਜਹਾਜ਼ ਨੂੰ ਚਾਰ ਪਾਇਲਟ ਚਲਾ ਰਹੇ ਸੀ। ਜਹਾਜ਼ ਦਾ ਛੋਟਾ ਨਾਂ 'ਕੁਨਲੋਂਗ' ਹੈ। 17600 ਨੇ ਆਪਣੀ ਪਹਿਲੀ ਉਡਾਣ ਦਸੰਬਰ 2017 ਵਿਚ ਝੁਨਹੇਈ ਤੋਂ ਸ਼ੁਰੂ ਕੀਤੀ ਸੀ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਇਸ ਉਪਲੱਬਧੀ 'ਤੇ ਵਧਾਈ ਦਿੰਦਿਆਂ ਸੰਦੇਸ਼ ਭੇਜਿਆ ਜਿਸ 'ਚ ਉਨ੍ਹਾਂ ਕਿਹਾ ਕਿ 17600 ਦੀ ਸਫਲ ਉਡਾਣ ਤੋਂ ਇਕ ਹੋਰ ਉਪਲਬਧੀ ਹਾਸਲ ਹੋਈ ਹੈ।

# ਵਧਦੀ ਆਲਮੀ ਤਪਸ਼ ਨਾਲ ਕਿਵੇਂ ਨਜਿੱਠਿਆ ਜਾਵੇ?

**ਡਾ. ਗੁਰਿੰਦਰ ਕੌਰ**
ਫੋਨ: 424-362-8759

ਮੌਸਮੀ ਤਬਦੀਲੀ ਬਾਰੇ ਦੱਖਣੀ ਕੋਰੀਆ 'ਚ 8 ਅਕਤੂਬਰ 2018 ਨੂੰ ਇੰਟਰਗਵਰਨਮੈਂਟਲ ਪੈਨਲ ਫਾਰ ਕਲਾਈਮੇਟ ਚੇਂਜ (ਆਈ. ਪੀ. ਸੀ. ਸੀ.) ਨੇ 400 ਪੰਨਿਆਂ ਦੀ ਇੱਕ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਤੇਜ਼ੀ ਨਾਲ ਘਟਾਇਆ ਨਾ ਗਿਆ ਤਾਂ ਤਾਪਮਾਨ ਦੇ ਵਾਧੇ ਦੇ ਬਹੁਤ ਹੀ ਭਿਆਨਕ ਸਿੱਟੇ ਸਾਹਮਣੇ ਆਉਣਗੇ, ਜਿਨ੍ਹਾਂ ਬਾਰੇ ਅਨੁਮਾਨ ਲਾਉਣਾ ਵੀ ਮੁਸ਼ਕਿਲ ਹੈ। ਉਹ ਧਰਤੀ ਅਤੇ ਸਮੁੰਦਰ ਵਿਚਲੀ ਹਰ ਤਰ੍ਹਾਂ ਦੀ ਜ਼ਿੰਦਗੀ ਲਈ ਬਹੁਤ ਹੀ ਘਾਤਕ ਹੋਣਗੇ।

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਮੌਜੂਦਾ ਪੱਧਰ 'ਤੇ ਹੀ ਬਰਕਰਾਰ ਰਹੀ ਤਾਂ ਸਾਲ 2030 ਤੋਂ 2052 ਦਰਮਿਆਨ ਧਰਤੀ ਦਾ ਔਸਤ ਤਾਪਮਾਨ ਉਦਯੋਗੀਕਰਨ ਤੋਂ ਪਹਿਲਾਂ ਦੇ 1.5 ਡਿਗਰੀ ਸੈਲਸੀਅਸ, ਜਦੋਂ ਕਿ ਸਦੀ ਦੇ ਅੰਤ ਤੱਕ ਧਰਤੀ 3 ਤੋਂ 4 ਡਿਗਰੀ ਸੈਲਸੀਅਸ ਦੇ ਵਾਧੇ ਨਾਲ ਤਪਣ ਲੱਗੇਗੀ, ਜਿਸ ਵਿਚ ਜਿਉਣਾ ਸੰਭਵ ਨਹੀਂ ਹੋਵੇਗਾ।

ਰਿਪੋਰਟ 91 ਵਿਗਿਆਨੀਆਂ ਨੇ 40 ਦੇਸ਼ਾਂ ਦੇ ਹਜ਼ਾਰਾਂ ਮਾਹਿਰਾਂ ਅਤੇ ਸਮੀਖਿਅਕਾਂ ਦੀ ਮਦਦ ਨਾਲ ਤਿਆਰ ਕੀਤੀ ਹੈ। ਸਾਲ 2015 ਦੀ ਪੈਰਿਸ ਮੌਸਮੀ ਸੰਧੀ ਵੇਲੇ ਧਰਤੀ ਉਤੇ ਤਾਪਮਾਨ ਦੇ ਵਾਧੇ ਦੀ ਸੁਰੱਖਿਅਤ ਸੀਮਾ ਦਾ ਮੁੱਦਾ ਬਹੁਤ ਜ਼ਿਆਦਾ ਚਰਚਾ 'ਚ ਰਿਹਾ ਕਿਉਂਕਿ ਵਿਕਸਿਤ ਦੇਸ਼ ਇਸ ਨੂੰ ਉਦਯੋਗਿਕ ਇਨਕਲਾਬ ਦੇ ਔਸਤ ਤਾਪਮਾਨ ਤੋਂ 2 ਡਿਗਰੀ ਸੈਲਸੀਅਸ, ਜਦਕਿ ਛੋਟੇ ਛੋਟੇ ਟਾਪੂਆਂ ਉਤੇ ਸਥਿਤ ਅਤੇ ਘੱਟ ਵਿਕਸਿਤ ਦੇਸ਼ 1.5 ਡਿਗਰੀ ਸੈਲਸੀਅਸ ਜਾਂ ਉਸ ਤੋਂ ਵੀ ਘੱਟ ਵਾਧੇ ਨੂੰ ਸੁਰੱਖਿਅਤ ਸੀਮਾ ਮੰਨਦੇ ਸਨ, ਕਿਉਂਕਿ ਛੋਟੇ ਛੋਟੇ ਟਾਪੂਆਂ-ਮਾਲਦੀਵ, ਕੀਰੀਬਾਤੀ ਅਤੇ ਮਾਰੂਥਲ ਵਰਗੇ ਬਹੁਤ ਸਾਰੇ ਦੇਸ਼ਾਂ ਦਾ ਵਜੂਦ ਸਮੁੰਦਰੀ ਜਲ ਸਰੋਤ ਦੇ ਇੱਕ ਮੀਟਰ ਉਚਾ ਹੋਣ ਨਾਲ ਹੀ ਖਤਮ ਹੋ ਜਾਵੇਗਾ। ਇਸ ਮੁੱਦੇ ਨੂੰ ਮੁੱਖ ਮੰਨਦਿਆਂ ਆਈ. ਪੀ. ਸੀ. ਸੀ. ਨੇ ਤਾਪਮਾਨ ਦੇ ਵਾਧੇ ਦੀ ਹੱਦ ਮਿਥਣ ਲਈ ਇਹ ਸਪੈਸ਼ਲ ਰਿਪੋਰਟ ਤਿਆਰ ਕੀਤੀ ਗਈ ਹੈ, ਜੋ ਛੇਵੀਂ ਮੌਸਮੀ ਤਬਦੀਲੀਆਂ ਦੀ ਰਿਪੋਰਟ ਦੀ ਪਹਿਲੀ ਕੜੀ ਵੀ ਹੈ।

ਰਿਪੋਰਟ ਵਿਚ ਵਿਗਿਆਨੀਆਂ ਨੇ 1.5 ਡਿਗਰੀ ਅਤੇ 2.0 ਡਿਗਰੀ ਸੈਲਸੀਅਸ ਦੇ ਤਾਪਮਾਨ ਦੇ ਵਾਧੇ ਦਾ ਵੱਖ ਵੱਖ ਤਰ੍ਹਾਂ ਦੇ ਵਿਗਿਆਨਕ ਮਾਡਲਾਂ ਰਾਹੀਂ ਅਧਿਐਨ ਕੀਤਾ ਹੈ ਤਾਂਕਿ ਧਰਤੀ ਨੂੰ ਮੌਸਮੀ ਤਬਦੀਲੀ ਦੇ ਭਿਆਨਕ ਸਿੱਟਿਆਂ ਤੋਂ ਬਚਾਉਣ ਲਈ ਦਸੰਬਰ ਵਿਚ ਪੋਲੈਂਡ ਦੇ ਕਾਟੋਵਿਸ ਸ਼ਹਿਰ ਵਿਚ ਹੋਣ ਵਾਲੀ ਕਾਨਫਰੰਸ ਵਿਚ ਪੈਰਿਸ ਮੌਸਮੀ ਸੰਧੀ ਨੂੰ ਅਮਲੀ ਜਾਮਾ ਪਹਿਨਾਉਣ ਲਈ ਅੰਤਿਮ ਰੂਪ-ਰੇਖਾ ਸੰਜੀਦਗੀ ਨਾਲ ਸਾਰੇ ਦੇਸ਼ਾਂ ਦੇ ਹਿੱਤਾਂ ਨੂੰ ਮੱਦੇਨਜ਼ਰ ਰੱਖਦਿਆਂ ਉਲੀਕੀ ਜਾ ਸਕੇ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਭਾਵੇਂ ਤਾਪਮਾਨ ਵਿਚ ਅੱਧੀ ਡਿਗਰੀ ਦਾ ਵਾਧਾ ਭਾਵ (1.5 ਤੋਂ 2.0 ਤੱਕ) ਬਹੁਤ ਥੋੜ੍ਹਾ ਲੱਗਦਾ ਹੈ, ਪਰ ਇਸ ਦੇ ਨਤੀਜੇ ਬਹੁਤ ਭਿਆਨਕ ਤੇ ਘਾਤਕ ਹੋਣਗੇ। ਦੋ ਡਿਗਰੀ ਤਾਪਮਾਨ ਦੇ ਵਾਧੇ ਨਾਲ ਉਤਰੀ ਧਰੁਵ ਉਪਰਲੀ ਬਰਫ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ, ਜਦਕਿ 1.5 ਡਿਗਰੀ ਦੇ ਵਾਧੇ ਨਾਲ ਉਥੇ ਬਹੁਤੇ ਇਲਾਕਿਆਂ ਵਿਚ ਗਰਮੀਆਂ 'ਚ ਵੀ ਬਰਫ ਹੋਵੇਗੀ।

> **ਖੋਜਕਰਤਿਆਂ ਅਨੁਸਾਰ ਸਮੁੰਦਰ ਦੇ ਜਲ ਪੱਧਰ ਵਿਚ 1.5 ਫੁੱਟ ਦੇ ਵਾਧੇ ਨਾਲ ਸੁਨਾਮੀ ਦਾ ਖਤਰਾ 12 ਤੋਂ 24 ਗੁਣਾ ਅਤੇ 3 ਫੁੱਟ ਦੇ ਵਾਧੇ ਨਾਲ 15 ਤੋਂ 47 ਗੁਣਾ ਵੱਧ ਸਕਦਾ ਹੈ। ਇੱਕ ਡਿਗਰੀ ਸੈਲਸੀਅਸ ਵਾਧੇ ਨਾਲ ਹੀ ਕੁਦਰਤੀ ਆਫਤਾਂ ਵਿਚ ਇੰਨਾ ਜ਼ਿਆਦਾ ਵਾਧਾ ਹੋ ਗਿਆ ਹੈ ਕਿ ਉਨ੍ਹਾਂ ਸਾਹਮਣੇ ਅਮਰੀਕਾ ਅਤੇ ਜਾਪਾਨ ਵਰਗੇ ਵਿਕਸਿਤ ਦੇਸ਼ ਵੀ ਬੇਵੱਸ ਹੋ ਗਏ ਹਨ। ਜੇ ਇਹ ਵਾਧਾ 1.5 ਜਾਂ 2 ਡਿਗਰੀ ਸੈਲਸੀਅਸ ਵੀ ਹੋ ਜਾਂਦਾ ਹੈ ਤਾਂ ਉਸ ਤੋਂ ਹੋਣ ਵਾਲੇ ਨੁਕਸਾਨ ਦਾ ਅਨੁਮਾਨ ਲਾਉਣਾ ਔਖਾ ਹੈ। ਇਸ ਲਈ ਸਾਰੇ ਦੇਸ਼ਾਂ ਨੂੰ ਤਾਪਮਾਨ ਦੇ ਹੋਣ ਵਾਲੇ ਵਾਧੇ ਦੇ ਮਾੜੇ ਪ੍ਰਭਾਵਾਂ ਦੀ ਰਿਪੋਰਟ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।**

ਇਸ ਤੋਂ ਇਲਾਵਾ ਤਾਪਮਾਨ ਵਿਚ 1.5 ਡਿਗਰੀ ਦੇ ਵਾਧੇ ਨਾਲ 35 ਕਰੋੜ ਦੀ ਸ਼ਹਿਰੀ ਆਬਾਦੀ ਪਾਣੀ ਦੀ ਕਮੀ ਦੀ ਮਾਰ ਝੱਲੇਗੀ ਅਤੇ 6 ਫੀਸਦੀ ਕੀੜੇ-ਮਕੌੜੇ, 8 ਫੀਸਦੀ ਬਨਸਪਤੀ ਅਤੇ 4 ਫੀਸਦੀ ਚਾਰ ਪੈਰਾਂ ਵਾਲੇ ਜਾਨਵਰ ਆਪਣਾ ਵਜੂਦ ਖੋ ਬੈਠਣਗੇ, ਪਰ 2 ਡਿਗਰੀ ਸੈਲਸੀਅਸ ਵਾਧੇ ਨਾਲ 41 ਕਰੋੜ ਸ਼ਹਿਰੀ ਆਬਾਦੀ ਨੂੰ ਪਾਣੀ ਦੀ ਕਮੀ ਹੋਵੇਗੀ ਅਤੇ 18 ਫੀਸਦੀ ਕੀੜੇ-ਮਕੌੜੇ, 16 ਫੀਸਦੀ ਬਨਸਪਤੀ ਤੇ 8 ਫੀਸਦੀ ਚਾਰ ਪੈਰਾਂ ਵਾਲੇ ਜਾਨਵਰ ਧਰਤੀ ਤੋਂ ਹਮੇਸ਼ਾ ਲਈ ਖਤਮ ਹੋ ਜਾਣਗੇ। ਅੱਧੇ ਡਿਗਰੀ ਤਾਪਮਾਨ ਦੇ ਵਾਧੇ ਨਾਲ ਸਮੁੰਦਰ ਦੇ ਜਲ ਪੱਧਰ ਵਿਚ 8 ਫੁੱਟ ਤੱਕ ਦਾ ਵਾਧਾ ਹੋ ਸਕਦਾ ਹੈ, ਜਿਸ ਨਾਲ 3 ਕਰੋੜ ਤੋਂ ਲੈ ਕੇ 8 ਕਰੋੜ ਤੱਕ ਦੀ ਮਨੁੱਖੀ ਆਬਾਦੀ ਨੂੰ ਨੁਕਸਾਨ ਪਹੁੰਚ ਸਕਦਾ ਹੈ।


ਰਿਪੋਰਟ ਤੋਂ ਇਹ ਵੀ ਪਤਾ ਲਗਦਾ ਹੈ ਕਿ ਤਾਪਮਾਨ ਵਿਚ ਹੋਣ ਵਾਲਾ ਥੋੜ੍ਹਾ ਜਿਹਾ ਵਾਧਾ ਵੀ ਧਰਤੀ ਉਤੇ ਆਉਣ ਵਾਲੀਆਂ ਕੁਦਰਤੀ ਆਫਤਾਂ ਵਿਚ ਬੇਸ਼ੁਮਾਰ ਵਾਧਾ ਕਰਦਾ ਹੈ। ਉਦਯੋਗੀਕਰਨ ਦੇ ਸਮੇਂ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ ਹੁਣ ਤੱਕ ਲਗਭਗ 150 ਸਾਲਾਂ ਵਿਚ ਸਿਰਫ ਇੱਕ ਡਿਗਰੀ ਸੈਲਸੀਅਸ ਤਾਪਮਾਨ ਵਧਿਆ ਹੈ, ਜਿਸ ਨਾਲ ਇਸ ਸਾਲ ਅਮਰੀਕਾ ਅਤੇ ਯੂਰਪ ਸਮੇਤ ਦੁਨੀਆਂ ਦੇ ਬਹੁਤੇ ਦੇਸ਼ ਗਰਮੀ ਦੀ ਲਪੇਟ ਵਿਚ ਆਏ ਹਨ। ਯੂਰਪ ਦੇ ਕਈ ਸ਼ਹਿਰਾਂ ਵਿਚ ਤਾਪਮਾਨ ਔਸਤ ਤੋਂ 3 ਤੋਂ 6 ਡਿਗਰੀ ਸੈਲਸੀਅਸ ਵੱਧ ਆਂਕਿਆ ਗਿਆ। ਤਾਪਮਾਨ ਵਧਣ ਨਾਲ ਅਮਰੀਕਾ ਅਤੇ ਯੂਰਪ ਦੇ ਜੰਗਲਾਂ ਵਿਚ ਭਿਆਨਕ ਅੱਗ ਲਗੀ ਰਹੀ।

ਮੋਰਾ ਨਾਂ ਦੀ ਵਿਗਿਆਨੀ ਦੀ ਇੱਕ ਖੋਜ ਅਨੁਸਾਰ ਜੇ ਤਾਪਮਾਨ ਹੁਣ ਵਾਲੀ ਰਫਤਾਰ ਨਾਲ ਹੀ ਵਧਦਾ ਰਿਹਾ ਤਾਂ ਸਦੀ ਦੇ ਅੰਤ ਤੱਕ 74 ਫੀਸਦੀ ਆਬਾਦੀ ਹਰ ਸਾਲ ਘੱਟੋ-ਘੱਟ 20 ਦਿਨ ਗਰਮੀ ਦੀ ਮਾਰ ਝੱਲੇਗੀ ਜੋ ਹੁਣ ਸਿਰਫ 30 ਫੀਸਦੀ ਆਬਾਦੀ ਹੀ ਝੱਲਦੀ ਹੈ। ਇੱਕ ਹੋਰ ਖੋਜ ਅਨੁਸਾਰ ਤਾਪਮਾਨ ਦੇ ਵਾਧੇ ਨਾਲ ਠੰਡੇ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਵਿਚ ਗਰਮੀ ਨਾਲ ਹੋਣ ਵਾਲੀਆਂ ਮੌਤਾਂ ਵਿਚ ਸਾਲ 2080 ਤੱਕ 2000 ਫੀਸਦੀ ਵਾਧਾ ਹੋ ਸਕਦਾ ਹੈ। ਇਸ ਸਾਲ ਜਾਪਾਨ ਵਿਚ 80 ਅਤੇ ਕੈਨੇਡਾ ਵਿਚ 90 ਵਿਅਕਤੀਆਂ ਦੀ ਮੌਤ ਬਹੁਤੀ ਗਰਮੀ ਕਾਰਨ ਹੋ ਗਈ।

ਇਸ ਤੋਂ ਇਲਾਵਾ ਸਾਲ 2017 ਵਿਚ ਅਮਰੀਕਾ ਵਿਚ ਉਪਰੋਥੱਲੀ ਆਏ ਹਰਵੇ, ਇਰਮਾ ਤੇ ਮਾਰੀਆ ਅਤੇ ਇਸ ਸਾਲ ਫਲੋਰੈਂਸ ਵਰਗੇ ਭਿਆਨਕ ਚੱਕਰਵਾਤੀ ਤੂਫਾਨਾਂ ਦੀ ਗਿਣਤੀ ਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਵਾਧੇ ਦਾ ਮੁੱਖ ਕਾਰਨ ਵੀ ਤਾਪਮਾਨ ਵਿਚ ਹੋਣ ਵਾਲਾ ਵਾਧਾ ਹੀ ਹੈ, ਕਿਉਂਕਿ ਜੇ ਸਮੁੰਦਰੀ ਪਾਣੀ ਦੇ ਤਾਪਮਾਨ ਵਿਚ ਇੱਕ ਡਿਗਰੀ ਦਾ ਵਾਧਾ ਹੁੰਦਾ ਹੈ ਤਾਂ ਸਮੁੰਦਰੀ ਤੂਫਾਨ ਵਿਚਲੀ ਹਵਾ ਦੀ ਗਤੀ ਵਿਚ 5 ਫੀਸਦੀ ਵਾਧਾ ਹੋ ਜਾਂਦਾ ਹੈ ਅਤੇ ਵਧ ਗਤੀ ਵਾਲੀ ਹਵਾ ਨਾਲ ਸਮੁੰਦਰੀ ਤੂਫਾਨ ਵੱਧ ਤਬਾਹੀ ਮਚਾਉਂਦਾ ਹੈ। ਤਾਪਮਾਨ ਦੇ ਵਾਧੇ ਨਾਲ ਸਮੁੰਦਰੀ ਜਲ ਪੱਧਰ ਦੇ ਵਧਣ ਨਾਲ ਸੁਨਾਮੀ ਦੇ ਖਤਰਿਆਂ ਵਿਚ ਵੀ ਕਈ ਗੁਣਾ ਵਾਧਾ ਹੋ ਸਕਦਾ ਹੈ, ਭਾਵ ਛੋਟੀ ਸੁਨਾਮੀ ਦਾ ਵੀ ਵੱਡਾ ਪ੍ਰਭਾਵ ਹੋ ਸਕਦਾ ਹੈ।

ਖੋਜਕਰਤਿਆਂ ਅਨੁਸਾਰ ਸਮੁੰਦਰ ਦੇ ਜਲ ਪੱਧਰ ਵਿਚ 1.5 ਫੁੱਟ ਦੇ ਵਾਧੇ ਨਾਲ ਸੁਨਾਮੀ ਦਾ ਖਤਰਾ 12 ਤੋਂ 24 ਗੁਣਾ ਅਤੇ 3 ਫੁੱਟ ਦੇ ਵਾਧੇ ਨਾਲ 15 ਤੋਂ 47 ਗੁਣਾ ਵੱਧ ਸਕਦਾ ਹੈ। ਇੱਕ ਡਿਗਰੀ ਸੈਲਸੀਅਸ ਵਾਧੇ ਨਾਲ ਹੀ ਕੁਦਰਤੀ ਆਫਤਾਂ ਵਿਚ ਇੰਨਾ ਜ਼ਿਆਦਾ ਵਾਧਾ ਹੋ ਗਿਆ ਹੈ ਕਿ ਉਨ੍ਹਾਂ ਸਾਹਮਣੇ ਅਮਰੀਕਾ ਅਤੇ ਜਾਪਾਨ ਵਰਗੇ ਵਿਕਸਿਤ ਦੇਸ਼ ਵੀ ਬੇਵੱਸ ਹੋ ਗਏ ਹਨ। ਜੇ ਇਹ ਵਾਧਾ 1.5 ਜਾਂ 2 ਡਿਗਰੀ ਸੈਲਸੀਅਸ ਵੀ ਹੋ ਜਾਂਦਾ ਹੈ ਤਾਂ ਉਸ ਤੋਂ ਹੋਣ ਵਾਲੇ ਨੁਕਸਾਨ ਦਾ ਅਨੁਮਾਨ ਲਾਉਣਾ ਔਖਾ ਹੈ। ਇਸ ਲਈ ਸਾਰੇ ਦੇਸ਼ਾਂ ਨੂੰ ਤਾਪਮਾਨ ਦੇ ਹੋਣ ਵਾਲੇ ਵਾਧੇ ਦੇ ਮਾੜੇ ਪ੍ਰਭਾਵਾਂ ਦੀ ਰਿਪੋਰਟ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਸਾਰੇ ਦੇਸ਼ਾਂ ਨੂੰ ਪੋਲੈਂਡ ਵਿਚ ਦਸੰਬਰ ਮਹੀਨੇ ਹੋਣ ਵਾਲੀ ਕਾਨਫਰੰਸ ਵਿਚ ਤਾਪਮਾਨ ਦੇ ਵਾਧੇ ਉਤੇ ਕਾਬੂ ਪਾਉਣ ਲਈ ਇਸ ਰਿਪੋਰਟ ਵਿਚ ਦਿੱਤੀ ਗਈ ਤਜਵੀਜ਼ ਅਨੁਸਾਰ ਗਰੀਨ ਹਾਊਸ ਗੈਸਾਂ ਵਿਚ ਸਾਲ 2030 ਤੱਕ ਸਾਲ 2010 ਦੇ ਗਰੀਨ ਗੈਸਾਂ ਦੇ ਨਿਕਾਸੀ ਦੇ ਪੱਧਰ ਤੋਂ 45 ਫੀਸਦੀ ਕਟੌਤੀ ਕਰਨ ਬਾਰੇ ਸਹਿਮਤੀ ਬਣਾਉਣੀ ਹੋਵੇਗੀ ਅਤੇ ਸਾਲ 2050 ਤੱਕ ਗੈਸਾਂ ਦੀ ਨਿਕਾਸੀ ਦੀ ਮਾਤਰਾ ਜ਼ੀਰੋ ਕਰਨੀ ਹੋਵੇਗੀ ਭਾਵ ਜਿੰਨਾ ਨਿਕਾਸ ਹੋਵੇ, ਉਸ ਨੂੰ ਜਜ਼ਬ ਕਰਨ ਲਈ ਉਨੇ ਹੀ ਸਾਧਨ ਉਪਲਬਧ ਕੀਤੇ ਜਾਣ। ਉਸ ਤੋਂ ਬਾਅਦ ਵੀ ਤਾਪਮਾਨ ਵਿਚ ਵਾਧਾ 1.5 ਡਿਗਰੀ ਸੈਲਸੀਅਸ ਤੱਕ ਹੋਵੇਗਾ, ਜੋ ਮਨੁੱਖਤਾ ਨੂੰ ਹੁਣ ਨਾਲੋਂ ਵਧੇਰੇ ਕੁਦਰਤੀ ਆਫਤਾਂ ਦੇ ਸਨਮੁੱਖ ਕਰੇਗਾ।



ਇਸ ਦੇ ਨਾਲ ਨਾਲ ਬਿਜਲੀ ਪੈਦਾ ਕਰਨ ਲਈ ਕੁਦਰਤੀ ਸਰੋਤਾਂ ਜਿਵੇਂ ਹਵਾ, ਸੂਰਜ ਅਤੇ ਪਾਣੀ ਉਤੇ ਹੀ ਪੂਰੀ ਨਿਰਭਰਤਾ ਬਣਾਉਣ ਦੇ ਤੇਜ਼ੀ ਨਾਲ ਉਪਰਾਲੇ ਕਰਨੇ ਹੋਣਗੇ। ਇਸ ਤੋਂ ਇਲਾਵਾ ਜੰਗਲਾਂ ਅਤੇ ਹਰ ਤਰ੍ਹਾਂ ਦੀ ਬਨਸਪਤੀ ਦਾ ਰਕਬਾ ਵਧਾਉਣਾ ਹੋਵੇਗਾ। ਰਿਪੋਰਟ ਰਾਹੀਂ ਵਿਗਿਆਨੀਆਂ ਨੇ ਸਖਤ ਸ਼ਬਦਾਂ ਵਿਚ ਦੁਨੀਆਂ ਨੂੰ ਤਾਪਮਾਨ ਦੇ 1.5 ਡਿਗਰੀ ਦੇ ਵਾਧੇ ਦੀ ਭਿਆਨਕਤਾ ਦਾ ਸੁਨੇਹਾ ਵੀ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸਾਲ 2014 ਵਿਚ ਜਦੋਂ ਸੰਯੁਕਤ ਰਾਸ਼ਟਰ ਸੰਘ ਦੀ ਮੌਸਮੀ ਤਬਦੀਲੀਆਂ ਦੀ ਰਿਪੋਰਟ ਨੇ ਪਹਿਲੀ ਵਾਰ ਖੁਲਾਸਾ ਕੀਤਾ ਸੀ ਕਿ ਤਾਪਮਾਨ ਦੇ ਵਾਧੇ ਨਾਲ ਧਰਤੀ ਉਤੇ ਕੁਦਰਤੀ ਆਫਤਾਂ ਦੀ ਗਿਣਤੀ ਅਤੇ ਨੁਕਸਾਨ ਕਰਨ ਦੀ ਤੀਬਰਤਾ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਤੇ ਉਨ੍ਹਾਂ ਦੀ ਮਾਰ ਤੋਂ ਦੁਨੀਆਂ ਦਾ ਕੋਈ ਵੀ ਦੇਸ਼ ਬਚ ਨਹੀਂ ਸਕੇਗਾ। ਇਸ ਰਿਪੋਰਟ ਨੂੰ ਸਾਰੇ ਦੇਸ਼ਾਂ ਨੇ ਗੰਭੀਰਤਾ ਨਾਲ ਲਿਆ ਅਤੇ ਤਾਪਮਾਨ ਦੇ ਬੁਰੇ ਪ੍ਰਭਾਵਾਂ ਨੂੰ ਧਿਆਨ ਵਿਚ ਰੱਖਦਿਆਂ ਸਾਲ 2015 ਵਿਚ ਪੈਰਿਸ ਮੌਸਮੀ ਸਮਝੌਤੇ ਉਤੇ 196 ਦੇਸ਼ਾਂ ਨੇ ਦਸਤਖਤ ਕੀਤੇ ਸਨ।

ਪੈਰਿਸ ਸਮਝੌਤੇ ਵਿਚ ਦਿੱਤੀ ਗਈ ਵਿਉਂਤਬੰਦੀ ਅਨੁਸਾਰ ਧਰਤੀ ਦਾ ਤਾਪਮਾਨ 3 ਤੋਂ 4 ਡਿਗਰੀ ਤੱਕ ਵੱਧ ਸਕਦਾ ਹੈ, ਜਿਸ ਨੂੰ ਮੁੜ ਕੇ ਵਿਚਾਰਨ ਦੀ ਲੋੜ ਹੈ ਕਿਉਂਕਿ ਉਸ ਨਾਲ ਤਾਂ ਅਸੀਂ 1.5 ਦੇ ਟੀਚੇ ਨੂੰ ਤਾਂ ਕੀ, 2 ਡਿਗਰੀ ਸੈਲਸੀਅਸ ਦੇ ਟੀਚੇ ਨੂੰ ਹਾਸਲ ਕਰਨ ਦੇ ਕਾਬਲ ਵੀ ਨਹੀਂ ਹਾਂ, ਪਰ ਇਸ ਮਾਮਲੇ ਭਾਵ ਤਾਪਮਾਨ ਦੇ ਵਾਧੇ ਨਾਲ ਨਜਿੱਠਣ ਲਈ ਸਾਨੂੰ ਵਿਆਪਕ ਪੱਧਰ ਉਤੇ ਤੇਜ਼ੀ ਨਾਲ ਉਪਰਾਲੇ ਕਰਨ ਦੀ ਸਖਤ ਲੋੜ ਹੈ। ਦੁਨੀਆਂ ਦੇ ਹਰ ਦੇਸ਼ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਵਾਤਾਵਰਣ ਦੇ ਸੰਕਟ ਬਾਰੇ ਜਾਣੂ ਕਰਵਾ ਕੇ ਉਨ੍ਹਾਂ ਨੂੰ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਦੇ ਨਾਲ ਨਾਲ ਹਰ ਇੱਕ ਦੇਸ਼ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਦੇਸ਼ ਦੇ ਵਿਕਾਸ ਲਈ ਕਾਰਪੋਰੇਟ ਮਾਡਲ ਦੀ ਥਾਂ ਕੁਦਰਤ ਤੇ ਲੋਕ ਪੱਖੀ ਮਾਡਲ ਅਪਨਾਏ ਜਾਣ ਅਤੇ ਵਿਕਸਿਤ ਦੇਸ਼ਾਂ ਨੂੰ ਚਾਹੀਦਾ ਹੈ ਕਿ ਆਪਣੇ ਨਿੱਜੀ ਹਿੱਤਾਂ ਨੂੰ ਇੱਕ ਪਾਸੇ ਰੱਖ ਕੇ ਦੁਨੀਆਂ ਦੇ ਗਰੀਬ ਤੇ ਘੱਟ ਵਿਕਸਿਤ ਦੇਸ਼ਾਂ ਦੀ ਪੈਰਿਸ ਸਮਝੌਤੇ ਅਨੁਸਾਰ ਮਾਲੀ ਮਦਦ ਕਰਨ।

ਅਮਰੀਕਾ ਵਰਗੇ ਵਿਕਸਿਤ ਦੇਸ਼, ਜਿਸ ਨੇ ਵਾਤਾਵਰਣ ਨੂੰ ਪਿਛਲੇ ਸਾਲਾਂ ਵਿਚ ਸਭ ਦੇਸ਼ਾਂ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ, ਨੂੰ ਚਾਹੀਦਾ ਹੈ ਕਿ ਆਪਣੀ ਜ਼ਿੰਮੇਵਾਰੀ ਸਮਝਦਿਆਂ ਪੈਰਿਸ ਸਮਝੌਤੇ ਤੋਂ ਬਾਹਰ ਨਾ ਹੋ ਕੇ ਆਪਣੇ ਦੇਸ਼ ਵਿਚ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਤੇਜ਼ੀ ਨਾਲ ਘਟਾਵੇ ਤਾਂਕਿ ਧਰਤੀ ਦੇ ਤਾਪਮਾਨ ਦੇ ਵਾਧੇ ਨੂੰ ਕਾਬੂ ਵਿਚ ਲਿਆਂਦਾ ਜਾ ਸਕੇ।

# ਕੁਦਰਤੀ ਕਹਿਰ ਤੇ ਸਰਕਾਰੀ ਅਣਦੇਖੀ ਅੱਗੇ ਬੇਵੱਸ ਹੋਏ ਕਿਸਾਨ

**ਬਠਿੰਡਾ:** ਪੰਜਾਬ ਦੇ ਕਿਸਾਨਾਂ ਦਾ ਮੁਨਾਫਾ ਐਤਕੀਂ ਝੋਨੇ ਦੇ ਘਟੇ ਝਾੜ ਨੇ ਝਾੜ ਦਿੱਤਾ ਹੈ। ਅਗੇਤੀਆਂ ਕਿਸਮਾਂ ਦਾ ਝੋਨਾ ਹੁਣ ਖਰੀਦ ਕੇਂਦਰਾਂ ਵਿਚ ਪੁੱਜ ਰਿਹਾ ਹੈ। ਕਿਸਾਨਾਂ ਨੂੰ ਅਗੇਤੀ ਕਿਸਮ ਦੇ ਝਾੜ ਤੋਂ ਨਿਰਾਸ਼ਾ ਹੱਥ ਲੱਗੀ ਹੈ। ਖੇਤੀ ਵਿਭਾਗ ਹਾਲੇ ਸਮੁੱਚੀ ਫਸਲ ਦੀ ਉਡੀਕ ਵਿਚ ਬੈਠਾ ਹੈ। ਖੇਤੀ ਮਾਹਿਰ ਆਸਵੰਦ ਵੀ ਹਨ ਕਿ ਪਿਛੇਤੀਆਂ ਕਿਸਮਾਂ ਸਭ ਘਾਟੇ-ਵਾਧੇ ਪੂਰੇ ਕਰਨਗੀਆਂ। ਮੁਢਲਾ ਰੁਝਾਨ ਬਰਕਰਾਰ ਰਿਹਾ ਤਾਂ ਇਸ ਵਾਰ ਪੰਜਾਬ ਵਿਚ ਝੋਨੇ ਦੀ ਪੈਦਾਵਾਰ ਪਿਛਲੇ ਵਰ੍ਹੇ ਨਾਲੋਂ ਪੱਛੜ ਸਕਦੀ ਹੈ।

ਬਠਿੰਡਾ, ਮਾਨਸਾ, ਬਰਨਾਲਾ, ਫਰੀਦਕੋਟ ਤੇ ਮੁਕਤਸਰ ਜ਼ਿਲ੍ਹਿਆਂ ਵਿਚ ਝੋਨੇ ਦਾ ਝਾੜ ਪੰਜ ਮਣ ਤੋਂ ਲੈ ਕੇ 10 ਮਣ ਤੱਕ ਪ੍ਰਤੀ ਏਕੜ ਘੱਟ ਨਿਕਲ ਰਿਹਾ ਹੈ। ਵੇਰਵਿਆਂ ਅਨੁਸਾਰ ਪੰਜਾਬ ਵਿਚ ਐਤਕੀਂ 30.42 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਬਿਜਾਂਦ ਹੈ, ਜਦੋਂ ਕਿ ਪਿਛਲੇ ਵਰ੍ਹੇ ਇਹੋ ਬਿਜਾਂਦ 30.60 ਲੱਖ ਹੈਕਟੇਅਰ ਰਕਬੇ ਵਿਚ ਸੀ। ਲੰਘੇ ਵਰ੍ਹੇ ਪੰਜਾਬ 'ਚ ਝੋਨੇ ਦੀ ਕੁੱਲ ਪੈਦਾਵਾਰ 199 ਲੱਖ ਟਨ ਹੋਈ ਸੀ। ਮੌਜੂਦਾ ਸੀਜ਼ਨ ਵਿਚ ਝਾੜ ਘਟਣ ਦਾ ਰੁਝਾਨ ਜਾਰੀ ਰਿਹਾ ਤਾਂ ਮਿੱਥੇ ਟੀਚਿਆਂ ਵਿਚ ਫੇਰਬਦਲ ਕਰਨਾ ਪਵੇਗਾ। ਬਠਿੰਡਾ ਜ਼ਿਲ੍ਹੇ ਦੇ ਖਰੀਦ ਕੇਂਦਰਾਂ ਵਿਚ 1.38 ਲੱਖ ਟਨ ਝੋਨਾ ਪੁੱਜਿਆ ਹੈ, ਜਿਸ 'ਚੋਂ 1.21 ਲੱਖ ਟਨ ਦੀ ਖਰੀਦ ਹੋ ਚੁੱਕੀ ਹੈ। ਪਿਛਲੇ ਵਰ੍ਹੇ ਇਸ ਤਰੀਕ ਤੱਕ ਮੰਡੀਆਂ ਵਿਚ 3.30 ਲੱਖ ਟਨ ਝੋਨੇ ਦੀ ਫਸਲ ਪੁੱਜ ਚੁੱਕੀ ਸੀ। ਫਸਲ ਦੀ ਕਟਾਈ ਵੀ ਲੇਟ ਹੋ ਗਈ ਹੈ। ਮਾਲਵਾ ਪੱਟੀ ਵਿਚ 22 ਤੋਂ 24 ਸਤੰਬਰ ਤੱਕ ਮੀਂਹ ਪਏ ਸਨ, ਜਿਸ ਕਰ ਕੇ ਝੋਨੇ ਦੀ ਫਸਲ ਆਉਣ 'ਚ ਦੇਰੀ ਹੋ ਗਈ ਹੈ। ਹਾਲੇ ਵੀ ਪੂਰੀ ਤਰ੍ਹਾਂ ਕਟਾਈ ਦਾ ਕੰਮ ਚੱਲਿਆ ਨਹੀਂ ਹੈ।



ਪਿੰਡ ਬਾਜਕ ਦੇ ਕਿਸਾਨ ਗੁਰਚਰਨ ਸਿੰਘ ਅਤੇ ਬਲਜਿੰਦਰ ਸਿੰਘ ਨੇ ਦੱਸਿਆ ਕਿ ਪ੍ਰਤੀ ਏਕੜ ਝੋਨੇ ਦਾ ਝਾੜ ਪੰਜ ਤੋਂ ਸੱਤ ਮਣ ਤੱਕ ਘੱਟ ਗਿਆ ਹੈ। ਕਿਸਾਨ ਬਲਦੇਵ ਸਿੰਘ ਬਾਜਕ ਨੇ ਦੱਸਿਆ ਕਿ ਪਿਛਲੇ ਵਰ੍ਹੇ ਪ੍ਰਤੀ ਏਕੜ ਝਾੜ ਜੋ 85 ਮਣ ਤੱਕ ਦਾ ਸੀ, ਘਟ ਕੇ 72 ਮਣ ਔਸਤਨ ਰਹਿ ਗਿਆ ਹੈ। ਉਨ੍ਹਾਂ ਦੱਸਿਆ ਕਿ ਪ੍ਰਤੀ ਬੂਟਾ ਦਾਨਿਆਂ ਦੀ ਗਿਣਤੀ ਤਾਂ ਘਟੀ ਨਹੀਂ, ਪਰ ਵਜ਼ਨ ਵਿਚ ਕਟੌਤੀ ਹੋਈ ਹੈ। ਪੰਜਾਬ ਖੇਤੀ 'ਵਰਸਿਟੀ ਦੇ ਮਾਹਿਰ ਡਾ. ਗੁਰਜਿੰਦਰ ਸਿੰਘ ਰੋਮਾਣਾ ਦਾ ਕਹਿਣਾ ਸੀ ਕਿ ਝਾੜ ਘਟਣ ਦਾ ਕੋਈ ਵੱਡਾ ਕਾਰਨ ਤਾਂ ਨਜ਼ਰ ਨਹੀਂ ਆਉਂਦਾ ਹੈ। ਬਾਰਸ਼ ਦੀ ਮਾਰ ਹਰ ਵਰ੍ਹੇ ਹੀ ਕਿਸਾਨਾਂ ਨੂੰ ਝੱਲਣੀ ਪੈਂਦੀ ਹੈ।

ਬਠਿੰਡਾ ਜ਼ਿਲ੍ਹੇ ਵਿਚ ਇਸ ਵਾਰ 4 ਲੱਖ ਏਕੜ ਰਕਬੇ ਵਿਚ ਝੋਨਾ ਸੀ, ਜਿਸ 'ਚੋਂ 70 ਫੀਸਦੀ ਝੋਨਾ ਲੰਮੇ ਸਮੇਂ ਦੀਆਂ ਕਿਸਮਾਂ ਦਾ ਹੈ। ਮਾਨਸਾ ਦੇ ਝੁਨੀਰ ਦੇ ਕਿਸਾਨ ਅਮਨ ਸਿੰਘ ਨੰਬਰਦਾਰ ਨੇ ਦੱਸਿਆ ਕਿ ਝੋਨੇ ਦਾ ਝਾੜ ਜੋ ਨਿਕਲ ਰਿਹਾ ਹੈ, ਉਸ ਵਿਚ 10 ਮਣ ਦਾ ਫਰਕ ਆਇਆ ਹੈ। ਉਨ੍ਹਾਂ ਆਖਿਆ ਕਿ ਕਿਸਾਨਾਂ ਨੂੰ ਪ੍ਰਤੀ ਏਕੜ 7 ਹਜ਼ਾਰ ਰੁਪਏ ਦਾ ਨੁਕਸਾਨ ਹੋ ਗਿਆ ਹੈ। ਪਿੰਡ ਮਹਿਰਾਜ ਦੇ ਕਿਸਾਨ ਸਤਬੀਰ ਸਿੰਘ ਨੇ ਦੱਸਿਆ ਕਿ ਜੋ ਕੇਂਦਰ ਸਰਕਾਰ ਨੇ ਝੋਨੇ ਦੇ ਸਰਕਾਰੀ ਭਾਅ ਵਿਚ 200 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਸੀ, ਉਸ ਨੂੰ ਘਟੇ ਝਾੜ ਨੇ ਉਡਾ ਦਿੱਤਾ ਹੈ। ਚੁੱਘੇ ਕਲਾਂ ਦੇ ਕਿਸਾਨ ਗੁਰਚਰਨ ਸਿੰਘ ਨੇ ਦੱਸਿਆ ਕਿ ਕੰਬਾਈਨਾਂ ਨੇ ਕਟਾਈ ਦੇ ਭਾਅ ਵਧਾ ਦਿੱਤੇ ਹਨ ਅਤੇ ਉਪਰੋਂ ਪਰਾਲੀ ਸੰਭਾਲਣ ਦੇ ਖਰਚੇ ਪੈ ਜਾਣੇ ਹਨ।

## ਸਟੀਫਨ ਹਾਕਿੰਗ ਦੀ ਵੀਲ੍ਹ ਚੇਅਰ ਅਤੇ ਥੀਸਿਸ ਨਿਲਾਮ ਹੋਣਗੇ

**ਲੰਡਨ:** ਉਘੇ ਵਿਗਿਆਨੀ ਸਟੀਫਨ ਹਾਕਿੰਗਸ ਦੇ ਕੁਝ ਖੋਜ ਪੱਤਰ ਅਤੇ ਵੀਲ੍ਹਚੇਅਰ ਸਮੇਤ ਉਨ੍ਹਾਂ ਨਾਲ ਜੁੜੀਆਂ ਕਈ ਅਹਿਮ ਵਸਤਾਂ ਦੀ ਲੰਡਨ ਵਿਚ 31 ਅਕਤੂਬਰ ਤੋਂ 8 ਨਵੰਬਰ



ਤੱਕ ਨਿਲਾਮੀ ਹੋਵੇਗੀ। ਨਿਲਾਮੀ ਘਰ ਕ੍ਰਿਸਟੀ ਨੇ ਹਾਕਿੰਗਸ ਦੀਆਂ 22 ਚੀਜ਼ਾਂ ਦੀ ਆਨਲਾਈਨ ਵਿਕਰੀ ਦਾ ਐਲਾਨ ਕੀਤਾ ਹੈ, ਜਿਸ ਵਿਚ ਬ੍ਰਹਿਮੰਡ ਦੇ ਜਨਮ ਬਾਰੇ ਉਨ੍ਹਾਂ ਦੇ ਪੀਐਚ ਡੀ ਥੀਸਿਸ, ਕੁਝ ਇਨਾਮ ਅਤੇ ਵਿਗਿਆਨਕ ਖੋਜ ਪੱਤਰ ਸ਼ਾਮਲ ਹਨ।

ਵਿਚਾਰ-ਚਰਚਾ

# ਪੰਥਕ ਅਸੈਂਬਲੀ: ਮੌਕਾ ਅਤੇ ਸੰਭਾਵਨਾਵਾਂ

***ਹਾਲ ਹੀ ਵਿਚ ਪੰਥਕ ਮਸਲਿਆਂ 'ਤੇ ਵਿਚਾਰ ਕਰਨ ਲਈ ਇਕ ਨਵਾਂ ਮੰਚ ਮੁਹੱਈਆ ਕਰਨ ਦੇ ਮਨੋਰਥ ਨਾਲ 'ਪੰਥਕ ਅਸੈਂਬਲੀ' ਨਾਂ ਹੇਠ ਇਕ ਇਕੱਠ ਅੰਮ੍ਰਿਤਸਰ ਵਿਚ ਕੀਤਾ ਗਿਆ ਜਿਸ ਵਿਚ ਦੇਸ਼-ਵਿਦੇਸ਼ ਤੋਂ ਕੋਈ 200 ਵਿਚਾਰਵਾਨ ਇਕੱਤਰ ਹੋਏ। ਇਸ ਵਿਚਾਰ ਮੰਚ ਦੀ ਦਿਸ਼ਾ ਅਤੇ ਦਸ਼ਾ ਕੀ ਹੋ ਸਕਦੀ ਹੈ? ਇਹ ਪੰਥਕ ਮਾਮਲੇ ਹੱਲ ਕਰਨ ਲਈ ਕਿੰਨੀ ਕੁ ਸਾਰਥਕ ਸਾਬਤ ਹੋ ਸਕਦੀ ਹੈ? ਇਨ੍ਹਾਂ ਨੁਕਤਿਆਂ ਉਤੇ ਇੰਗਲੈਂਡ ਵਸਦੇ ਵਿਚਾਰਵਾਨ ਪ੍ਰਭਸ਼ਰਨਦੀਪ ਸਿੰਘ ਨੇ ਇਸ ਲੇਖ ਵਿਚ ਚਰਚਾ ਕੀਤੀ ਹੈ, ਜੋ ਅਸੀਂ ਵਿਚਾਰ-ਚਰਚਾ ਦੇ ਮਨੋਰਥ ਨਾਲ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਇਸ ਮੁੱਦੇ 'ਤੇ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

**ਪ੍ਰਭਸ਼ਰਨਦੀਪ ਸਿੰਘ**
**ਖੋਜਾਰਥੀ, ਆਕਸਫੋਰਡ ਯੂਨੀਵਰਸਿਟੀ**

ਬੀਤੇ ਹਫਤੇ ਅੰਮ੍ਰਿਤਸਰ ਵਿਚ ਪੰਥਕ ਅਸੈਂਬਲੀ ਨਾਂ ਦੀ ਇੱਕ ਸਭਾ ਜੁੜੀ। ਸਭਾ ਵਿਚ ਸ਼ਾਮਲ ਨੁਮਇੰਦਿਆਂ ਦੀ ਗਿਣਤੀ 117, ਯਾਨਿ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਜਿੰਨੀ ਸੀ। ਸੀਨੀਅਰ ਅਕਾਲੀ ਆਗੂ ਸ. ਸੁਖਦੇਵ ਸਿੰਘ ਭੌਰ ਨੇ ਸਪੀਕਰ ਦੀ ਜ਼ਿੰਮੇਵਾਰੀ ਨਿਭਾਈ। ਸਭਾ ਦੀ ਰੂਪ-ਰੇਖਾ ਪੰਜਾਬ ਅਸੈਂਬਲੀ ਨਾਲ ਮਿਲਦੀ-ਜੁਲਦੀ ਹੋਣ ਕਰਕੇ ਦ੍ਰਿਸ਼ ਜ਼ਰਾ ਅਟਪਟਾ ਜਿਹਾ ਪ੍ਰਤੀਤ ਹੁੰਦਾ ਸੀ ਪਰ ਮੌਜੂਦਾ ਦੌਰ ਵਿਚ 'ਅਸਲੀ' ਸਦਨ ਵੀ ਤਾਂ ਘੱਟ ਹਾਸੋ-ਹੀਣੇ ਨਹੀਂ ਹੁੰਦੇ। ਜਦੋਂ ਸਰਕਾਰ ਚਲਾਉਣ ਵਾਲੇ ਅਦਾਰੇ ਆਪਣੀ ਜ਼ਿੰਮੇਵਾਰੀ ਸਹੀ ਤਰੀਕੇ ਨਾਲ ਨਾ ਨਿਭਾਉਣ ਤਾਂ ਸਮਾਨੰਤਰ ਸਰਕਾਰ ਦਾ ਖਿਆਲ ਮਾੜਾ ਨਹੀਂ। ਇਸ ਤੋਂ ਬਿਨਾ ਅਜਿਹੇ ਵਿਚਾਰ ਮੰਚ ਲੋਕਾਂ ਨੂੰ ਉਨ੍ਹਾਂ ਦੀ ਹੋਣੀ ਨਾਲ ਜੁੜੇ ਹੋਏ ਮੁੱਦਿਆਂ ਬਾਰੇ ਲੋੜੀਂਦਾ ਮੰਚ ਅਤੇ ਫੁਰਸਤ ਵੀ ਮੁਹੱਈਆ ਕਰਦੇ ਹਨ। ਇਸ ਸੰਭਾਵਨਾ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਅਜਿਹੇ ਵਿਚਾਰ ਮੰਚ ਕਿਸੇ ਨਵੇਂ ਸਿਆਸੀ ਬਦਲ ਦੇ ਸ਼ੁਰੂ ਹੋਣ ਦਾ ਸਬੱਬ ਵੀ ਬਣ ਸਕਦੇ ਹਨ।

ਪੰਥਕ ਅਸੈਂਬਲੀ ਬਾਰੇ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਸਿੱਖਾਂ ਦੇ ਮੌਜੂਦਾ ਹਾਲਾਤ 'ਤੇ ਇੱਕ ਝਾਤ ਮਾਰ ਲਈਏ। ਸਿੱਖਾਂ ਦੀ ਮੁੱਖ ਸਿਆਸੀ ਪਾਰਟੀ ਵਜੋਂ ਜਾਣੇ ਜਾਂਦੇ ਸ਼੍ਰੋਮਣੀ ਅਕਾਲੀ ਦਲ ਦੇ ਮੌਜੂਦਾ ਆਗੂ ਸਿੱਖਾਂ ਨੇ ਨਕਾਰ ਦਿੱਤੇ ਹਨ। ਇਨ੍ਹਾਂ ਨੂੰ ਰੱਦ ਕਰਨ ਦਾ ਅਮਲ ਸਿਰਫ ਇਨ੍ਹਾਂ ਦੀਆਂ ਪਿਛਲੇ ਵਰ੍ਹਿਆਂ ਤੱਕ ਦੀਆਂ ਵਧੀਕੀਆਂ, ਆਪਹੁਦਰੀਆਂ ਅਤੇ ਗਲਤੀਆਂ ਤੱਕ ਸੀਮਤ ਨਹੀਂ। 1995 ਵਿਚ ਅਕਾਲੀ ਦਲ (ਬਾਦਲ) ਨੇ ਪੰਥਕ ਦੀ ਬਜਾਏ ਪੰਜਾਬੀ ਪਾਰਟੀ ਵਜੋਂ ਵਿਚਰਨ ਨੂੰ ਤਰਜੀਹ ਦਿੱਤੀ। ਇਸ ਪੰਜਾਬੀ ਪਾਰਟੀ ਨੇ ਪੰਜਾਬ ਦੇ ਹੱਕਾਂ ਦੇ ਸੰਘਰਸ਼ ਤੋਂ ਨਾਤਾ ਤੋੜ ਲਿਆ ਅਤੇ ਕਥਿਤ ਵਿਕਾਸ ਦੀ ਰਾਜਨੀਤੀ ਨੂੰ ਤਰਜੀਹ ਦਿੱਤੀ। ਅੱਸੀਵਿਆਂ ਦੇ ਅੱਧ ਤੱਕ, ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਬਣਨ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਕਿਸੇ ਨਾ ਕਿਸੇ ਰੂਪ ਵਿਚ ਸਿੱਖਾਂ ਅਤੇ ਪੰਜਾਬ ਦੇ ਹੱਕਾਂ ਲਈ ਸੰਘਰਸ਼ ਕਰਦਾ ਰਿਹਾ। ਉਸ ਦੌਰ ਵਿਚ ਇੱਕ ਵੀ ਅਕਾਲੀ ਸਰਕਾਰ ਨੇ ਆਪਣੇ ਪੰਜ ਸਾਲ ਪੂਰੇ ਨਾ ਕੀਤੇ, ਇੱਥੋਂ ਤੱਕ ਕਿ ਬਰਨਾਲਾ ਸਰਕਾਰ ਨੇ ਵੀ ਨਹੀਂ।

1997 ਤੋਂ ਮਗਰੋਂ ਅਕਾਲੀ ਦਲ ਦੀ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਪਿਛੋਂ ਅਕਾਲੀ ਸਰਕਾਰਾਂ ਨੇ ਹਰ ਵਾਰ ਮਿਆਦ ਪੂਰੀ ਕੀਤੀ। ਸਪੱਸ਼ਟ ਹੈ ਕਿ ਇਸ ਦੌਰ ਵਿਚ ਅਕਾਲੀ ਦਲ ਦੀ ਸ਼ਹਿ 'ਤੇ ਆਰ. ਐਸ. ਐਸ. ਸਿੱਖਾਂ ਦੇ ਹਿੰਦੂਕਰਨ ਦੀ ਮੁਹਿੰਮ ਚਲਾ ਰਹੀ ਸੀ ਤੇ ਹਿੰਦੁਸਤਾਨ ਦੀ ਕੇਂਦਰੀ ਹਕੂਮਤ ਬਿਨਾ ਕਿਸੇ ਹੀਲ-ਹੁੱਜਤ ਦੇ ਪੰਜਾਬ ਅਤੇ ਸਿੱਖਾਂ ਦੀ ਮੁਕੰਮਲ ਬਰਬਾਦੀ ਦੇ ਮਨਸੂਬਿਆਂ 'ਤੇ ਕੰਮ ਕਰ ਰਹੀ ਸੀ। ਅਕਾਲੀ ਦਲ ਵਿਕਾਸ ਦੇ ਪ੍ਰਾਜੈਕਟ ਕਰ ਰਿਹਾ ਸੀ, ਜਿਸ ਦਾ ਲਾਹਾ ਬਹੁਕੌਮੀ ਕਾਰਪੋਰੇਸ਼ਨਾਂ ਨੇ ਲੈਣਾ ਸੀ ਪਰ ਅਹਿਸਾਨ ਸਿੱਖਾਂ ਸਿਰ ਹੋ ਰਿਹਾ ਸੀ।

1992 ਤੋਂ ਬਾਅਦ ਦਾ ਦੌਰ ਸਿੱਖ ਸੰਘਰਸ਼ ਵਿਚ ਆਈ ਵੱਡੀ ਖੜੋਤ ਦਾ ਸਮਾਂ ਸੀ। ਇਸੇ ਦੌਰ ਵਿਚ ਸੰਸਾਰੀਕਰਨ ਦਾ ਅਮਲ ਸ਼ੁਰੂ ਹੋਇਆ, ਜਿਸ ਨੇ ਪੰਜਾਬ ਦੇ ਸਿਆਸੀ ਅਤੇ ਧਾਰਮਕ ਸੱਭਿਆਚਾਰ ਵਿਚ ਵੱਡੀਆਂ ਤਬਦੀਲੀਆਂ ਲਿਆਂਦੀਆਂ। ਮੰਡੀ ਦੀ ਚਮਕ-ਦਮਕ ਦੀ ਚੁੰਧਿਆਈ ਜੁਆਨੀ ਨੱਚਣ-ਗਾਉਣ 'ਚ ਉਮਰ ਬਿਤਾਉਣ ਦੇ ਭਰਮ ਪਾਲਦੀ-ਪਾਲਦੀ ਨਸ਼ਿਆਂ ਦੀ ਦਲਦਲ ਵਿਚ ਗਰਕ ਗਈ। ਇਸ ਤੋਂ ਅਗਲੇ ਪੋਚ ਨੇ ਹਿਜਰਤ ਦਾ ਰਾਹ ਫੜ੍ਹ ਲਿਆ ਤੇ ਅੱਜ ਸਿੱਖ ਆਪਣੀ ਧਰਤੀ 'ਤੇ ਘੱਟਗਿਣਤੀ ਬਣਨ ਵੱਲ ਨੂੰ ਵਧ ਰਹੇ ਹਨ।

ਸੰਸਾਰੀਕਰਨ ਦਾ ਦੂਜਾ ਪ੍ਰਭਾਵ ਸੀ, ਸੈਕੂਲਰਵਾਦ ਦਾ ਜ਼ੋਰ ਫੜ੍ਹਨਾ। ਇਸ ਤੋਂ ਪਹਿਲਾਂ ਪੰਜਾਬ ਵਿਚ ਸੈਕੂਲਰਵਾਦ ਦਾ ਝੰਡਾ ਚੁੱਕਣ ਵਾਲੇ ਮੁੱਖ ਤੌਰ 'ਤੇ ਮਾਰਕਸਵਾਦੀ ਸਨ, ਜਿਨ੍ਹਾਂ ਦੀ ਖੱਬੇ-ਪੱਖੀ ਸਿਆਸਤ ਆਪਣੇ ਸਿਆਸੀ ਅਕੀਦਿਆਂ ਅਤੇ ਸਾਦਾ ਜੀਵਨ ਦੀ ਦਾਅਵੇਦਾਰੀ ਕਰਕੇ ਜਾਣੀ ਜਾਂਦੀ ਸੀ। ਸੰਸਾਰੀਕਰਨ ਤੋਂ ਬਾਅਦ ਭੋਗਵਾਦੀ ਲਿਬਰਲ ਸੱਭਿਆਚਾਰ 'ਚੋਂ ਸੈਕੂਲਰਵਾਦ ਦਾ ਨਵਾਂ ਰੂਪ ਸਾਹਮਣੇ ਆਇਆ। ਸਥਿਤੀ ਦਾ ਵਿਅੰਗ ਵੇਖੋ ਕਿ ਸੈਕੂਲਰਵਾਦ ਦੇ ਇਸ ਰੂਪ ਦੇ ਜ਼ੋਰ ਫੜ੍ਹਨ ਲਈ ਜ਼ਮੀਨ ਖੱਬੇ-ਪੱਖੀਆਂ ਨੇ ਹੀ ਤਿਆਰ ਕੀਤੀ, ਜਿਨ੍ਹਾਂ ਦਾ ਮੁੱਖ ਅਕੀਦਾ ਸਿੱਖੀ ਦੇ ਆਦਰਸ਼ਾਂ ਅਤੇ ਸਿੱਖਾਂ ਦੇ ਸਰੋਕਾਰਾਂ ਨੂੰ ਨਕਾਰਨਾ ਰਿਹਾ। ਲਿਬਰਲ-ਸੈਕੂਲਰ ਸੱਭਿਆਚਾਰ ਨੇ ਲੋਕਾਂ ਦਾ ਗੈਰ-ਸਿਆਸੀਕਰਨ ਕੀਤਾ। ਇਸ ਸੱਭਿਆਚਾਰ ਦੇ ਜ਼ੋਰ ਫੜ੍ਹਨ ਨਾਲ ਪੰਜਾਬ ਦੀ ਪੰਥਕ ਧਿਰ ਹੋਰ ਹਾਸ਼ੀਏ ਵੱਲ ਧੱਕੀ ਗਈ ਅਤੇ ਲਿਬਰਲ ਤਰਜ਼ ਦੀਆਂ ਨਵੀਆਂ ਸਿਆਸੀ ਪਾਰਟੀਆਂ ਹੋਂਦ ਵਿਚ ਆਉਣੀਆਂ ਸ਼ੁਰੂ ਹੋ ਗਈਆਂ।

ਪੰਜਾਬ ਵਿਚ ਪਹਿਲੀ ਲਿਬਰਲ ਸਿਆਸੀ ਪਾਰਟੀ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਸੀ ਤੇ ਦੂਜੀ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ। ਮਨਪ੍ਰੀਤ ਸਿੰਘ ਬਾਦਲ ਤੇ ਕੇਜਰੀਵਾਲ ਬਹੁਤ ਸਾਫ-ਸੁਥਰੇ ਅਤੇ ਆਦਰਸ਼ਵਾਦੀ ਇਨਸਾਨ ਹੋਣ ਦਾ ਪ੍ਰਭਾਵ ਦਿੰਦੇ ਸਨ ਤੇ ਦੋਹਾਂ ਦਾ ਦਾਅਵਾ ਸੀ ਕਿ ਉਹ ਲੋਕਾਂ ਦੇ ਸਾਰੇ ਮਸਲੇ ਹੱਲ ਕਰ ਦੇਣਗੇ। ਬਿਨਾ ਕਿਸੇ ਠੋਸ ਅਤੇ ਸਪੱਸ਼ਟ ਸਿਆਸੀ ਪ੍ਰੋਗਰਾਮ ਤੋਂ ਸਾਰੇ ਢਾਂਚੇ ਨੂੰ ਸੁਧਾਰ ਦੇਣ ਦੇ ਇਹ ਦਾਅਵੇ ਲੋਕਾਂ ਨਾਲ ਬਹੁਤ ਘਟੀਆ ਮਖੌਲ ਸਾਬਤ ਹੋਏ, ਪਰ ਪੰਜਾਬ ਦੀ ਅੰਨ੍ਹੀ ਰੱਈਅਤ ਵਹੀਰਾਂ ਘੱਤ ਕੇ ਇਨ੍ਹਾਂ ਦੇ ਮਗਰ ਹੋ ਤੁਰੀ। ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਤਾਂ ਬਹੁਤ ਛੇਤੀ ਬੇਨਕਾਬ ਹੋ ਗਈ ਪਰ ਕੇਜਰੀਵਾਲ ਕਾਫੀ ਅਗਾਂਹ ਨਿਕਲ ਗਿਆ।

ਕੇਜਰੀਵਾਲ ਹਿੰਦੁਸਤਾਨ ਦਾ ਪਹਿਲਾ ਸਿਆਸਤਦਾਨ ਸੀ, ਜਿਸ ਨੇ ਸਿਆਸੀ ਪਾਰਟੀਆਂ ਦੇ ਸਾਹ-ਵਰੋਲਦੇ ਜਮਹੂਰੀ ਸੱਭਿਆਚਾਰ ਨੂੰ ਤਿਲਾਂਜਲੀ ਦੇ ਕੇ ਆਪਣੀ ਪਾਰਟੀ ਨੂੰ ਇੱਕ ਵਪਾਰਕ ਕਾਰਪੋਰੇਸ਼ਨ ਵਜੋਂ ਚਲਾਇਆ ਜਿਸ ਵਿਚ ਆਮ ਆਦਮੀ ਤਾਂ ਕੀ ਆਮ ਸਿਆਸੀ ਆਗੂ ਦੀ ਵੀ ਕੋਈ ਸੁਣਵਾਈ ਨਹੀਂ ਸੀ। ਭਾਵੇਂ ਅੰਤ ਨੂੰ ਕੇਜਰੀਵਾਲ ਬੇਨਕਾਬ ਹੋਇਆ ਪਰ ਉਸ ਦਾ ਐਨੇ ਲੰਮੇ ਅਰਸੇ ਤੱਕ ਚੱਲ ਜਾਣਾ ਵੀ ਪੰਜਾਬ ਦੇ ਸਿਆਸੀ ਸੱਭਿਆਚਾਰ ਲਈ ਕੋਈ ਫਖਰ ਵਾਲੀ ਗੱਲ ਨਹੀਂ। ਕੇਜਰੀਵਾਲ ਦੇ ਉਭਾਰ ਨਾਲ ਸਿੱਖਾਂ ਦਾ ਪੰਜਾਬ ਦੇ ਸਿਆਸੀ ਪਿੜ 'ਚੋਂ ਖਾਤਮਾ ਹੁੰਦਾ ਨਜ਼ਰ ਆਇਆ ਤੇ ਲਿਬਰਲ-ਸੈਕੂਲਰ ਹਿੰਦੂਤਵ ਦੀ ਚੜ੍ਹ ਮੱਚਦੀ ਦਿਸੀ।

ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸ਼ੁਰੂ ਹੋ ਗਈਆਂ ਜਿਸ ਦੌਰਾਨ ਬਾਦਲ ਦਿੱਲੀ ਦੇ ਸੂਬੇਦਾਰ ਬਣ ਕੇ ਸਿੱਖਾਂ ਨੂੰ ਜਬਰ ਰਾਹੀਂ ਦਬਾਉਣ ਦੇ ਰਾਹ ਤੁਰੇ ਰਹੇ। ਅਕਾਲੀ ਦਲ (ਬਾਦਲ) ਦੇ ਪਾਪਾਂ ਦਾ ਘੜਾ ਪਹਿਲਾਂ ਹੀ ਭਰ ਚੁਕਾ ਸੀ ਪਰ ਬੇਅਦਬੀ ਦੇ ਦੌਰ ਵਿਚ ਇਨ੍ਹਾਂ ਦੀਆਂ ਵਧੀਕੀਆਂ ਨੇ ਦੁਨੀਆਂ ਭਰ ਦੇ ਸਿੱਖਾਂ ਨੂੰ ਧੁਰ-ਅੰਦਰੋਂ ਝੰਜੋੜ ਦਿੱਤਾ ਤੇ ਸਿੱਖਾਂ ਵਿਚ ਨਵੀਂ ਸਫਬੰਦੀ ਸ਼ੁਰੂ ਹੋ ਗਈ।

ਨਵੀਂ ਪੰਥਕ ਸਫਬੰਦੀ ਵਿਚ ਪਹਿਲਾ ਕਦਮ ਪਿੰਡ ਚੱਬੇ ਵਿਚ ਹੋਇਆ ਸਰਬੱਤ ਖਾਲਸਾ ਸੀ ਤੇ ਦੂਜਾ ਬਰਗਾੜੀ ਮੋਰਚਾ। ਬਰਗਾੜੀ ਮੋਰਚੇ ਨੂੰ ਪਿਛਲੇ ਛੇ ਮਹੀਨਿਆਂ ਤੋਂ ਲਗਾਤਾਰ ਮਿਲ ਰਿਹਾ ਹੁੰਗਾਰਾ ਤਾਂ ਆਪਣੇ-ਆਪ ਵਿਚ ਮਿਸਾਲ ਹੈ ਹੀ, ਪਰ 7 ਤੇ 14 ਅਕਤੂਬਰ ਨੂੰ ਹੋਏ ਦੋ ਇਕੱਠਾਂ ਨੇ ਇਹ ਸਾਬਤ ਕਰ ਦਿੱਤਾ ਕਿ ਬੇਅਦਬੀ ਤੋਂ ਬਾਅਦ ਸਿੱਖਾਂ ਅੰਦਰ ਪੈਦਾ ਹੋਇਆ ਸਮੂਹਿਕ ਸਿਆਸੀ ਬੋਧ ਬਹੁਤ ਵੱਡਾ ਵਰਤਾਰਾ ਹੈ ਜਿਸ ਵਿਚੋਂ ਪੰਜਾਬ ਦੀ ਸਿਆਸਤ ਕੋਈ ਨਵੀਂ ਦਿਸ਼ਾ ਲੈ ਸਕਦੀ ਹੈ।

ਬਰਗਾੜੀ ਮੋਰਚਾ ਹਿੰਦੁਸਤਾਨ ਦੀ ਸਥਾਪਤੀ ਸਮੇਤ ਪੰਜਾਬ ਸਰਕਾਰ ਤੇ ਬਾਦਲ ਦਲ ਵਾਸਤੇ ਵੱਡੀ ਚੁਣੌਤੀ ਬਣ ਗਿਆ। ਸਿੱਖ ਸੰਗਤਾਂ ਦੇ ਇਤਿਹਾਸਕ ਹੁੰਗਾਰੇ ਦੇ ਮੱਦੇਨਜ਼ਰ ਸਰਕਾਰੀ ਤੰਤਰ ਲਈ ਜਬਰ ਨਾਲ ਮੋਰਚੇ ਨੂੰ ਦਬਾਉਣਾ ਐਨਾ ਸੌਖਾ ਨਾ ਰਿਹਾ। ਜਾਹਰ ਸੀ ਕਿ ਭਾਰਤੀ ਖੁਫੀਆ ਏਜੰਸੀਆਂ ਕਈ ਕਿਸਮ ਦੇ ਹੋਰ ਹਰਬੇ ਵਰਤ ਕੇ ਮੋਰਚੇ ਨੂੰ ਲੀਹ ਤੋਂ ਲਾਹੁਣ ਦੀ ਕੋਸ਼ਿਸ਼ ਕਰਨਗੀਆਂ। ਇਸ ਸਬੰਧੀ ਏਜੰਸੀਆਂ ਵੱਲੋਂ ਅਕਸਰ ਖੇਡਿਆ ਜਾਣ ਵਾਲਾ ਇਕ ਦਾਅ ਹੈ, ਬਰਗਾੜੀ ਮੋਰਚੇ ਵਰਗੇ ਜ਼ੋਰਦਾਰ ਜਨਤਕ ਮੁਹਾਜ਼ ਦੇ ਬਰਾਬਰ ਕੁੱਝ ਹੋਰ ਫਰੰਟ ਖੋਲ੍ਹ ਦਿੱਤੇ ਜਾਣ ਤਾਂ ਕਿ ਲੋਕਾਂ ਵਿਚ ਪਹਿਲਾਂ ਭੰਬਲਭੂਸਾ ਅਤੇ ਫਿਰ ਬਦਜ਼ਨੀ ਪੈਦਾ ਕਰਕੇ ਉਨ੍ਹਾਂ ਨੂੰ ਮੋਰਚੇ ਤੋਂ ਅਲੱਗ-ਥਲੱਗ ਕੀਤਾ ਜਾਵੇ।

ਇਨ੍ਹਾਂ ਹੀ ਦਿਨਾਂ ਵਿਚ ਅੰਮ੍ਰਿਤਸਰ ਵਿਚ ਪੰਥਕ ਅਸੈਂਬਲੀ ਜੁੜੀ ਜਿਸ ਵਿਚ ਪੁਰਾਣੇ ਚਿਹਰੇ ਨਵੇਂ ਝੰਡੇ ਹੇਠ ਇਕੱਠੇ ਹੁੰਦੇ ਦਿਸੇ। ਪੰਥਕ ਅਸੈਂਬਲੀ ਵਿਚ ਬਹੁਤ ਸਾਰੇ ਮੁੱਦਿਆਂ ਬਾਰੇ ਵੱਖ-ਵੱਖ ਤਰ੍ਹਾਂ ਦੇ ਵਿਚਾਰ ਸਾਹਮਣੇ ਆਏ। ਜਿਵੇਂ ਕਿ ਪਹਿਲਾਂ ਜ਼ਿਕਰ ਕਰ ਚੁਕੇ ਹਾਂ, ਇਸ ਤਰ੍ਹਾਂ ਦੀਆਂ ਸਭਾਵਾਂ ਜੁੜਨੀਆਂ ਚੰਗੀ ਗੱਲ ਹੈ, ਪਰ ਵੇਖਣ ਵਾਲੀ ਗੱਲ ਹੈ ਕਿ ਅਜਿਹੇ ਸਮਾਗਮ ਤਾਂ ਪਹਿਲਾਂ ਵੀ ਕਈ ਵਾਰ ਹੋਏ ਹਨ, ਹਰ ਵਾਰ ਉਹ ਬਿਨਾ ਕਿਸੇ ਸਿੱਟੇ ਦੇ ਆਏ-ਗਏ ਹੋ ਜਾਂਦੇ ਹਨ। ਪੰਥਕ ਅਸੈਂਬਲੀ ਦੇ ਕਰਤੇ-ਧਰਤੇ ਬਰਗਾੜੀ ਮੋਰਚੇ ਨਾਲ ਇੱਕਸੁਰਤਾ ਵਿਚ ਆਪਣੀ ਭੂਮਿਕਾ ਨਿਭਾ ਸਕਦੇ ਸਨ। ਸੁਆਲ ਹੈ ਕਿ ਪੰਥਕ ਅਸੈਂਬਲੀ ਐਨ ਉਦੋਂ, ਪਰ ਅਲਹਿਦਾ ਮੰਚ ਵਜੋਂ ਕਿਉਂ ਸਾਹਮਣੇ ਆਈ ਜਦੋਂ ਸਿੱਖ ਬਰਗਾੜੀ ਮੋਰਚੇ ਦੇ ਮੰਚ ਦੁਆਲੇ ਇਕੱਤਰ ਹੋ ਰਹੇ ਹਨ? ਸਿੱਖਾਂ ਨੂੰ ਵਰਗਲਾ ਕੇ ਬਰਗਾੜੀ ਮੋਰਚੇ ਤੋਂ ਪਾਸੇ ਲਿਜਾ ਬੀਆਬਾਨ ਦੀ ਭਟਕਣ ਵਿਚ ਇਕੱਲੇ ਛੱਡ ਦੇਣ ਤੋਂ ਬਿਨਾ ਹੋਰ ਕੀ ਟੀਚਾ ਹੈ, ਪੰਥਕ ਅਸੈਂਬਲੀ ਦਾ? ਇੱਥੇ ਸੁਆਲ ਹੈ ਕਿ ਮੇਰੇ ਵੱਲੋਂ ਲਾਏ ਐਨੇ ਸੰਗੀਨ ਦੋਸ਼ ਦਾ ਆਖਰ ਕੀ ਆਧਾਰ ਹੈ? ਇਸ ਦੇ ਜਵਾਬ ਲਈ ਸਾਨੂੰ ਪੰਥਕ ਅਸੈਂਬਲੀ ਦੀ ਕਾਰਵਾਈ 'ਤੇ ਜ਼ਰਾ ਨਜ਼ਰ ਮਾਰਨੀ ਪਵੇਗੀ।

ਭਾਵੇਂ ਅਸੈਂਬਲੀ 'ਚ ਕੁਝ ਕੁ ਆਵਾਜ਼ਾਂ ਸਨ, ਜਿਨ੍ਹਾਂ ਸਿੱਖਾਂ ਦੀ ਗੱਲ ਕੀਤੀ ਪਰ ਇਸ ਦੀ ਮੁੱਖ ਸੁਰ ਭੰਬਲਭੂਸਾ ਖੜ੍ਹਾ ਕਰਨ ਵਾਲੀ ਹੀ ਰਹੀ।

ਪੰਥਕ ਸੁਰ ਵਿਚੋਂ ਮੁੱਖ ਸਨ: ਸ. ਅਮਰ ਸਿੰਘ ਚਾਹਲ, ਭਾਈ ਨਾਰਾਇਣ ਸਿੰਘ ਚੌੜਾ ਅਤੇ ਭਾਈ ਸਰਬਜੀਤ ਸਿੰਘ ਘੁਮਾਣ। ਪੰਥਕ ਅਸੈਂਬਲੀ ਵਿਚ ਸ਼ਾਮਲ ਸੀਨੀਅਰ ਵਕੀਲ ਸ. ਅਮਰ ਸਿੰਘ ਚਾਹਲ ਨੇ ਸਵਾਲ ਕੀਤਾ ਕਿ ਜੇ ਲੱਖਾਂ ਦਾ ਇਕੱਠ ਪੰਥ ਦੇ ਇੱਕ ਵਰਗ ਦੀ ਹੀ ਤਰਜਮਾਨੀ ਕਰਦਾ ਹੈ ਤਾਂ ਇਸ 'ਅਸੈਂਬਲੀ' ਵਿਚ ਸ਼ਾਮਲ ਦੋ ਕੁ ਸੌ ਬੰਦੇ ਪੂਰੇ ਪੰਥ ਦੀ ਤਰਜਮਾਨੀ ਕਿਵੇਂ ਕਰਦੇ ਹਨ?

'ਅਸੈਂਬਲੀ' ਦੇ ਸੰਚਾਲਕ ਇਸ ਸੁਆਲ ਦੇ ਦਰਪੇਸ਼ ਹੁੰਦੇ ਨਜ਼ਰ ਨਾ ਆਏ। ਭਾਈ ਸਰਬਜੀਤ ਸਿੰਘ ਘੁਮਾਣ ਨੇ ਮਿਸ਼ਨਰੀ ਪ੍ਰਚਾਰਕਾਂ ਦੇ ਸੁਧਾਰਵਾਦ 'ਤੇ ਉਂਗਲ ਧਰਦਿਆਂ ਕਿਹਾ ਕਿ ਅਜਿਹੀਆਂ ਸਰਗਰਮੀਆਂ ਤਾਂ ਭਾਰਤ ਸਰਕਾਰ ਵੱਲੋਂ ਸਿੱਖਾਂ ਨੂੰ ਆਹਰੇ ਲਾਈ ਰੱਖਣ ਦਾ ਸਾਧਨ ਹਨ। ਉਨ੍ਹਾਂ ਕਿਹਾ ਕਿ ਖਾਲਿਸਤਾਨ ਦੀ ਪ੍ਰਾਪਤੀ ਹੀ ਅਸਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਚਾਰ ਦਾ ਮੁਨਾਸਬ ਤਰੀਕਾ ਹੈ। ਭਾਈ ਨਰਾਇਣ ਸਿੰਘ ਚੌੜਾ ਨੇ ਬੇਅਦਬੀਆਂ ਦੇ ਇਤਿਹਾਸ ਦੇ ਹਵਾਲੇ ਨਾਲ ਇਨ੍ਹਾਂ ਪਿੱਛੇ ਕੰਮ ਕਰਦੀ ਹਿੰਦੂਤਵੀ ਭਾਵਨਾ ਵੱਲ ਧਿਆਨ ਦੁਆਇਆ।

ਪੰਜਾਬ ਤੋਂ ਬਾਹਰੋਂ ਆਏ ਸਿੱਖਾਂ ਨੇ ਕੁੱਝ ਬਹੁਤ ਉਸਾਰੂ ਸੁਝਾਅ ਦਿੱਤੇ ਜਿਨ੍ਹਾਂ ਵਿਚੋਂ ਸ. ਕੁਲਵੰਤ ਸਿੰਘ (ਬੰਬਈ) ਤੇ ਸ. ਗੁਰਮੀਤ ਸਿੰਘ (ਰਾਂਚੀ) ਜ਼ਿਕਰਯੋਗ ਹਨ। ਸ. ਗੁਰਤੇਜ ਸਿੰਘ (ਸਾਬਕਾ ਆਈ. ਏ. ਐਸ.) ਅਤੇ ਭਾਈ ਹਰਵਿੰਦਰ ਸਿੰਘ ਖਾਲਸਾ ਦਾ ਸਿਆਸੀ ਪਿੜ ਵਿਚ ਨਿੱਤਰਨ ਦਾ ਸੁਝਾਅ ਵੀ ਚੰਗਾ ਸੀ, ਜਿਸ ਨੂੰ ਅਸੈਂਬਲੀ ਦੇ ਸੰਚਾਲਕਾਂ ਨੇ ਕੋਈ ਖਾਸ ਹੁੰਗਾਰਾ ਨਾ ਦਿੱਤਾ। ਭਾਈ ਹਰਵਿੰਦਰ ਸਿੰਘ ਖਾਲਸਾ ਦਾ ਬੀਬੀਆਂ ਦੀ ਬਣਦੀ ਸ਼ਮੂਲੀਅਤ ਨਾ ਹੋਣ ਬਾਰੇ ਇਤਰਾਜ਼ ਪੂਰਾ ਵਾਜਬ ਸੀ ਤੇ ਇਸ ਲਈ ਉਹ ਵਧਾਈ ਦੇ ਹੱਕਦਾਰ ਹਨ।

ਸਭ ਤੋਂ ਹੈਰਾਨੀ ਦੀ ਗੱਲ ਇਹ ਸੀ ਕਿ ਦਲ ਖਾਲਸਾ ਦੇ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬਰਗਾੜੀ ਮੋਰਚਾ ਸਿੱਖਾਂ ਦਾ ਸਿਆਸੀ ਮੰਚ ਹੋਣਾ ਚਾਹੀਦਾ ਹੈ। ਬਹੁਤ ਸਾਰੇ ਬੁਲਾਰੇ ਸ. ਬੀਰਦਵਿੰਦਰ ਸਿੰਘ ਦੀ ਤਕਰੀਰ ਦੀ ਸਿਫਤ ਕਰ ਰਹੇ ਸਨ ਪਰ ਮੈਨੂੰ ਉਹ ਇੰਟਰਨੈਟ ਰਾਹੀਂ ਹਾਸਲ ਨਾ ਹੋ ਸਕੀ।

ਹੁਣ ਜੇ ਪੰਥਕ ਅਸੈਂਬਲੀ ਦੀ ਨੁਮਾਇੰਦਾ ਧਿਰ ਵੱਲ ਝਾਤੀ ਮਾਰੀਏ ਤਾਂ ਇਸ ਵਿਚ ਸਿੱਖ ਮਿਸ਼ਨਰੀ ਪ੍ਰਚਾਰਕ ਭਾਰੂ ਸਨ। ਇਨ੍ਹਾਂ ਵਿਚੋਂ ਸਰਬਜੀਤ ਸਿੰਘ ਧੂੰਦਾ ਅਤੇ ਪੰਥਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਡੇਰਿਆਂ ਵਿਚ ਚਲਦੇ ਬ੍ਰਾਹਮਣਵਾਦ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਬਰਾਬਰ ਰੱਖ ਕੇ ਵੇਖਣਾ ਚਾਹੀਦਾ ਹੈ। ਅਜਿਹੇ ਤਰਕ ਦੀ ਆਸ ਕਿਸੇ ਸਿੱਖ ਤੋਂ ਨਹੀਂ, ਹਿੰਦੂਤਵੀਆਂ ਜਾਂ ਡੇਰਾ ਸਿਰਸਾ ਵਾਲਿਆਂ ਤੋਂ ਹੀ ਕੀਤੀ ਜਾ ਸਕਦੀ ਹੈ।

***ਬਰਗਾੜੀ ਮੋਰਚਾ ਹਿੰਦੁਸਤਾਨ ਦੀ ਸਥਾਪਤੀ ਸਮੇਤ ਪੰਜਾਬ ਸਰਕਾਰ ਤੇ ਬਾਦਲ ਦਲ ਵਾਸਤੇ ਵੱਡੀ ਚੁਣੌਤੀ ਬਣ ਗਿਆ। ਸਿੱਖ ਸੰਗਤਾਂ ਦੇ ਇਤਿਹਾਸਕ ਹੁੰਗਾਰੇ ਦੇ ਮੱਦੇਨਜ਼ਰ ਸਰਕਾਰੀ ਤੰਤਰ ਲਈ ਜਬਰ ਨਾਲ ਮੋਰਚੇ ਨੂੰ ਦਬਾਉਣਾ ਐਨਾ ਸੌਖਾ ਨਾ ਰਿਹਾ। ਜਾਹਰ ਸੀ ਕਿ ਭਾਰਤੀ ਖੁਫੀਆ ਏਜੰਸੀਆਂ ਕਈ ਕਿਸਮ ਦੇ ਹੋਰ ਹਰਬੇ ਵਰਤ ਕੇ ਮੋਰਚੇ ਨੂੰ ਲੀਹ ਤੋਂ ਲਾਹੁਣ ਦੀ ਕੋਸ਼ਿਸ਼ ਕਰਨਗੀਆਂ। ਇਸ ਸਬੰਧੀ ਏਜੰਸੀਆਂ ਵੱਲੋਂ ਅਕਸਰ ਖੇਡਿਆ ਜਾਣ ਵਾਲਾ ਇਕ ਦਾਅ ਹੈ, ਬਰਗਾੜੀ ਮੋਰਚੇ ਵਰਗੇ ਜ਼ੋਰਦਾਰ ਜਨਤਕ ਮੁਹਾਜ਼ ਦੇ ਬਰਾਬਰ ਕੁੱਝ ਹੋਰ ਫਰੰਟ ਖੋਲ੍ਹ ਦਿੱਤੇ ਜਾਣ ਤਾਂ ਕਿ ਲੋਕਾਂ ਵਿਚ ਪਹਿਲਾਂ ਭੰਬਲਭੂਸਾ ਅਤੇ ਫਿਰ ਬਦਜ਼ਨੀ ਪੈਦਾ ਕਰਕੇ ਉਨ੍ਹਾਂ ਨੂੰ ਮੋਰਚੇ ਤੋਂ ਅਲੱਗ-ਥਲੱਗ ਕੀਤਾ ਜਾਵੇ।***

ਪਰ ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਅਜਿਹੀ ਬੇਹੂਦਗੀ ਸਿਰਫ ਬੇਈਮਾਨੀ ਵਿਚੋਂ ਨਹੀਂ ਆ ਸਕਦੀ, ਇਸ ਲਈ ਅਨਪੜ੍ਹਤਾ ਤੇ ਜਹਾਲਤ ਦੀ ਬਰਾਬਰ ਮਿਕਦਾਰ ਹੋਣੀ ਜ਼ਰੂਰੀ ਹੈ। ਪੰਥਕ ਅਸੈਂਬਲੀ ਦੀ ਖਾਸ ਦੇਣ ਹੈ ਕਿ ਅਜਿਹੇ ਬੰਦਿਆਂ ਨੂੰ ਬਰਗਾੜੀ ਮੋਰਚੇ ਦੇ ਸਮਾਨੰਤਰ ਸਿੱਖ ਨੁਮਇੰਦਿਆਂ ਵਜੋਂ ਉਭਾਰ ਰਹੀ ਸੀ। ਮੈਂ ਇਹ ਯਕੀਨ ਨਾਲ ਕਹਿ ਸਕਦਾ ਹਾਂ ਕਿ ਧੂੰਦਾ ਅਤੇ ਪੰਥਪ੍ਰੀਤ ਅਜਿਹੇ ਸ਼ਖਸ ਹਨ ਕਿ ਉਹ ਇਹ ਸੁਆਲ ਕਰ ਸਕਦੇ ਹਨ ਕਿ ਪੰਥ ਅੰਦਰਲੀਆਂ ਕੁਰੀਤੀਆਂ ਨੂੰ ਬੇਅਦਬੀ ਦੀਆਂ ਘਟਨਾਵਾਂ ਦੇ ਬਰਾਬਰ ਰੱਖਣ ਵਿਚ ਗਲਤ ਕੀ ਹੈ?

ਹੋਰ ਮਿਸ਼ਨਰੀ ਬੁਲਾਰਿਆਂ ਦਾ ਜ਼ੋਰ ਇਸੇ ਗੱਲ 'ਤੇ ਰਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਅਹੁਦਾ ਹੋਣਾ ਹੀ ਨਹੀਂ ਚਾਹੀਦਾ। ਸੁਖਦੇਵ ਸਿੰਘ ਭੌਰ ਨੇ ਇਸ ਖਿਆਲ ਨਾਲ ਸਹਿਮਤੀ ਜਤਾਈ ਪਰ ਫਿਰ ਵੀ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਨੂੰ ਪ੍ਰਵਾਨ ਕਰ ਲੈਣ ਦੀ ਗੱਲ ਕੀਤੀ। ਸੁਆਲ ਹੈ ਕਿ ਕੀ ਪੰਥ ਨੂੰ ਭੌਰ ਸਾਹਿਬ ਦੇ ਅਜਿਹੇ ਰਹਿਮੋ-ਕਰਮ ਦੀ ਲੋੜ ਹੈ? ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਦੇ ਰੁਤਬੇ ਅਤੇ ਭੂਮਿਕਾ ਸਮੇਤ ਬਹੁਤ ਸਾਰੇ ਹੋਰ ਮੁੱਦਿਆਂ 'ਤੇ ਚਰਚਾ ਦੀ ਲੋੜ ਹੈ ਪਰ ਹਥਲੇ ਲੇਖ ਵਿਚ ਇਹ ਸੰਭਵ ਨਹੀਂ।

ਪੰਥਕ ਅਸੈਂਬਲੀ ਦੇ ਆਲੋਚਕ ਵਜੋਂ ਬੋਲੇ ਸਾਬਕਾ ਨਕਸਲੀ ਅਜਮੇਰ ਸਿੰਘ ਨੇ ਸਭਾ ਦੇ ਟੀਚੇ ਦੀ ਬਾਹਰੋਂ ਹਮਾਇਤ ਕੀਤੀ। ਅਜਮੇਰ ਸਿੰਘ ਦੇ ਵਿਚਾਰਾਂ ਬਾਰੇ ਵਿਸਥਾਰ ਵਿਚ ਵੱਖਰੇ ਤੌਰ 'ਤੇ ਗੱਲ ਕਰਾਂਗੇ ਪਰ ਉਸ ਦੀਆਂ ਟਿੱਪਣੀਆਂ ਦਾ ਤੱਤਸਾਰ ਸੀ ਕਿ ਸਿੱਖਾਂ ਨੂੰ ਮੌਜੂਦਾ ਸਿਆਸੀ ਅਮਲ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ ਤੇ ਇਸ ਦੀ ਬਜਾਏ ਸੰਗਤੀ ਰੂਪ ਵਿਚ ਬਹਿ ਕੇ ਵਿਚਾਰ ਚਰਚਾ ਕਰਨੀ ਚਾਹੀਦੀ ਹੈ ਕਿ ਸਿੱਖਾਂ ਨੇ ਅਠ੍ਹਾਰਵੀਂ ਸਦੀ ਵਾਲੀ ਭਾਵਨਾ ਕਿਵੇਂ ਸੁਰਜੀਤ ਕਰਨੀ ਹੈ। ਅਜਮੇਰ ਸਿੰਘ ਆਪਣੀ ਗੱਲ ਐਨੀ ਕੁ ਅਸਪੱਸ਼ਟ ਰੱਖਦਾ ਹੈ ਕਿ ਲੋੜ ਪੈਣ 'ਤੇ ਮਨਮਰਜ਼ੀ ਦੇ ਅਰਥ ਕੱਢੇ ਜਾ ਸਕਣ। ਪਰ ਉਸ ਦੀਆਂ ਲਿਖਤਾਂ ਅਤੇ ਬਿਆਨਾਂ ਨੂੰ ਥੋੜ੍ਹਾ ਜਿਹਾ ਗਹੁ ਨਾਲ ਵਾਚਣ 'ਤੇ ਇਹ ਸਾਫ ਸਮਝ ਆਉਂਦਾ ਹੈ ਕਿ ਉਹ ਇੱਕ ਸਾਬਕਾ ਮਾਰਕਸਵਾਦੀ ਹੈ, ਜੋ ਲਿਬਰਲ ਚਿਹਰੇ ਵਾਲੀ ਰਾਜਨੀਤੀ ਰਾਹੀਂ ਆਪਣਾ ਏਜੰਡਾ ਅਗਾਂਹ ਤੋਰਨਾ ਚਾਹੁੰਦਾ ਹੈ। ਬਰਗਾੜੀ ਮੋਰਚੇ ਦੇ ਬਰਾਬਰ ਝੰਡਾ ਗੱਡਣ ਵਾਲੀ ਅਸੈਂਬਲੀ ਨੂੰ ਅਜਮੇਰ ਸਿੰਘ ਵਧੀਆ ਰਾਸ ਆਉਂਦਾ ਹੈ।

ਪੰਥਕ ਅਸੈਂਬਲੀ ਦਾ ਖਾਸਾ ਅੰਤ ਵਿਚ ਜ਼ਿਆਦਾ ਜਾਹਰ ਹੋਇਆ। ਜਦੋਂ ਤੱਕ ਸ਼ਾਮਲ ਮੈਂਬਰ ਸਾਹਿਬਾਨ ਨੇ ਆਪੋ-ਆਪਣੇ ਵਿਚਾਰ ਪੇਸ਼ ਕਰਨੇ ਸਨ, 'ਸਦਨ' ਦੀ ਕਾਰਵਾਈ ਸੋਹਣੇ ਤਰੀਕੇ ਨਾਲ ਚੱਲਦੀ ਰਹੀ। ਜਦੋਂ ਸਾਰੀ ਕਾਰਵਾਈ ਨੂੰ ਸਮੇਟ ਮਤੇ ਪਾਸ ਕਰਨ ਦਾ ਵੇਲਾ ਆਇਆ ਤਾਂ ਸਪੀਕਰ ਸਾਹਿਬ ਵਿਚਾਰ-ਚਰਚਾ ਤੋਂ ਟਾਲਾ ਵੱਟ ਛੇਤੀ-ਛੇਤੀ ਪ੍ਰਵਾਨਗੀ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਨਜ਼ਰ ਆਏ। ਇੱਥੋਂ ਤੱਕ ਕੇ ਸਾਰੇ ਮਤੇ ਪੜ੍ਹ ਕੇ ਵੀ ਨਾ ਸੁਣਾਏ ਗਏ, ਕੁੱਝ ਮਤਿਆਂ ਦੇ ਸਿਰਫ ਸਿਰਲੇਖ ਹੀ ਪੜ੍ਹੇ ਗਏ। ਇਸ ਤਰ੍ਹਾਂ ਦੋ ਦਿਨ ਲੋਕਾਂ ਦੇ ਵਿਚਾਰ ਆਰਾਮ ਨਾਲ ਸੁਣਨ ਦਾ ਕੋਈ ਖਾਸ ਮਾਇਨਾ ਨਾ ਰਿਹਾ।

ਮਤਿਆਂ ਦੀ ਪ੍ਰਵਾਨਗੀ ਵੇਲੇ ਭਾਈ ਨਰਾਇਣ ਸਿੰਘ ਅਤੇ ਹੋਰਾਂ ਨੇ ਬਾਦਲਾਂ ਪ੍ਰਤੀ ਨਰਮ ਸੁਰ ਵਾਲੇ ਮਤੇ 'ਤੇ ਇਤਰਾਜ਼ ਕੀਤਾ। ਸੁਖਦੇਵ ਸਿੰਘ ਭੌਰ ਨੇ ਟਾਲ-ਮਟੋਲ ਕਰਕੇ ਇਹ ਮਤਾ ਲੰਘਾਉਣ ਦੀ ਕੋਸ਼ਿਸ਼ ਕੀਤੀ ਪਰ ਦਬਾਅ ਵਧਣ 'ਤੇ ਉਹ ਤਬਦੀਲੀ ਲਈ ਮੰਨ ਗਏ। ਸੁਖਦੇਵ ਸਿੰਘ ਭੌਰ ਉਹੀ ਸ਼ਖਸੀਅਤ ਹਨ, ਜਿਨ੍ਹਾਂ ਨੇ ਕੁੱਝ ਸਾਲ ਪਹਿਲਾਂ ਆਸਟਰੇਲੀਆ 'ਚ ਹੋਏ ਇੱਕ ਸਮਾਗਮ 'ਚ ਕਿਹਾ ਸੀ ਕਿ ਸਿੱਖਾਂ ਦੇ ਸਾਰੇ ਮਸਲੇ ਭਾਰਤੀ ਸੰਵਿਧਾਨ ਤਹਿਤ ਹੀ ਹੱਲ ਹੋ ਸਕਦੇ ਹਨ। ਇਸ ਸਬੰਧੀ ਸੁਆਲ ਕੀਤੇ ਜਾਣ 'ਤੇ ਭੌਰ ਸਾਹਿਬ ਹੱਤਕ ਮੰਨ ਗਏ ਤੇ ਸਮਾਗਮ 'ਚੋਂ ਪੱਕੇ ਤੌਰ 'ਤੇ ਵਾਕ-ਆਊਟ ਕਰ ਗਏ। ਇਸ ਤਰ੍ਹਾਂ ਦੇ ਤਾਨਾਸ਼ਾਹ ਵਿਅਕਤੀ, ਜੋ ਭਾਰਤੀ ਸੰਵਿਧਾਨ ਦੇ ਪੱਕੇ ਮੁਦੱਈ ਵੀ ਹਨ, ਹੁਣ ਬਾਦਲਾਂ ਦੇ ਬਦਲ ਬਣ ਕੇ ਸਾਹਮਣੇ ਆਉਣਗੇ? ਕੀ ਸਿੱਖਾਂ ਨੂੰ ਇਸ ਕਿਸਮ ਦੇ ਬਦਲ ਦੀ ਲੋੜ ਹੈ?

ਮੁੱਕਦੀ ਗੱਲ ਇਹ ਹੈ ਕਿ ਪੰਥਕ ਅਸੈਂਬਲੀ ਵਰਗੇ ਮੰਚ ਸਮੇਂ ਦੀ ਅਣਸਰਦੀ ਲੋੜ ਹਨ। ਸਿੱਖਾਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਲਗਾਤਾਰ ਅਜਿਹੇ ਸਮਾਗਮ ਕਰਦੇ ਰਹਿਣ। ਸਾਡੇ ਵਰਗੇ ਆਲੋਚਕਾਂ ਨੂੰ ਵੀ ਵਿਚਾਰ-ਵਟਾਂਦਰੇ ਦੇ ਇਸ ਅਮਲ ਦਾ ਹਿੱਸਾ ਹੀ ਸਮਝਣਾ ਚਾਹੀਦਾ ਹੈ। ਪਰ ਮੈਨੂੰ ਇਹ ਪੰਥਕ ਅਸੈਂਬਲੀ ਕੀਤੇ ਜਾਣ 'ਤੇ ਸਖਤ ਇਤਰਾਜ਼ ਹੈ। ਚਾਹੀਦਾ ਇਹ ਸੀ ਕਿ ਬਰਗਾੜੀ ਮੋਰਚੇ ਦੇ ਸੰਚਾਲਕਾਂ ਨੂੰ ਭਰੋਸੇ ਵਿਚ ਲੈ ਕੇ, ਉਨ੍ਹਾਂ ਨਾਲ ਭਾਈਵਾਲ ਬਣ ਕੇ ਇਹ ਸਮਾਗਮ ਕੀਤਾ ਜਾਂਦਾ। ਇਸ ਨਾਲ ਅਸੈਂਬਲੀ ਕੌਮ ਵਿਚ ਦੁਬਿਧਾ ਜਾਂ ਭਟਕਣ ਖੜ੍ਹੀ ਹੋਣ ਦੀ ਵਜ੍ਹਾ ਨਹੀਂ ਸੀ ਬਣਨੀ, ਸਗੋਂ ਪੰਥਕ ਉਭਾਰ ਨੂੰ ਦਿਸ਼ਾ ਦੇਣ ਵਿਚ ਮਦਦਗਾਰ ਸਾਬਤ ਹੋਣੀ ਸੀ। ਪੰਥਕ ਅਸੈਂਬਲੀ ਵੱਲੋਂ ਅਖੀਰ ਵਿਚ ਕੀਤੀ ਬਰਗਾੜੀ ਮੋਰਚੇ ਦੀ ਹਮਾਇਤ ਇੱਕ ਰਸਮੀ ਕਾਰਵਾਈ ਜਾਂ ਆਪਣਾ-ਆਪ ਬਚਾਉਣ ਦੇ ਦਾਅ ਤੋਂ ਬਿਨਾ ਕੋਈ ਅਰਥ ਨਹੀਂ। ਇੱਕ ਮਜ਼ਬੂਤ ਜਨਤਕ ਉਭਾਰ ਦੇ ਬਰਾਬਰ ਅਜਿਹੇ ਸਮਾਗਮ ਕੌਮ ਨੂੰ ਦਿਸ਼ਾ ਤੋਂ ਭਟਕਾਉਣ ਦਾ ਕੰਮ ਹੀ ਕਰਦੇ ਹਨ।

ਸਿੱਖਾਂ ਵਿਚ ਸਰਗਰਮ ਰਹੇ ਮਲੋਏ ਕ੍ਰਿਸ਼ਨਾ ਧਰ ਵਰਗੇ ਖੁਫੀਆ ਏਜੰਸੀਆਂ ਦੇ ਸੀਨੀਅਰ ਅਫਸਰਾਂ ਨੇ ਖੁਦ ਮੰਨਿਆ ਹੈ ਕਿ ਉਹ ਅਜਿਹੇ ਹੱਥਕੰਡੇ ਵਰਤਦੇ ਰਹੇ ਹਨ। ਮੈਨੂੰ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਕਿ ਪੰਥਕ ਅਸੈਂਬਲੀ ਖੁਫੀਆ ਏਜੰਸੀਆਂ ਦੀ ਸਿੱਧੀ ਹਦਾਇਤ 'ਤੇ ਕੀਤੀ ਗਈ ਜਾਂ ਨਹੀਂ। ਮੇਰੇ ਲਈ ਇਹ ਗੱਲ ਮਾਇਨਾ ਰੱਖਦੀ ਹੈ ਕਿ ਜਾਣੇ ਜਾਂ ਅਣਜਾਣੇ ਵਿਚ ਇਸ ਮੌਕੇ ਇਹ ਸਮਾਗਮ ਸਿੱਖਾਂ ਵਿਚ ਪੈਦਾ ਹੋਏ ਉਭਾਰ ਨੂੰ ਖਦੇੜਨ ਦਾ ਜ਼ਰੀਆ ਬਣ ਸਕਦਾ ਹੈ। ਅਜਿਹੇ ਸਮਾਗਮਾਂ ਵਿਚ ਸ਼ਾਮਲ ਹੋਣ ਵਾਲੇ ਬਹੁਗਿਣਤੀ ਬੰਦੇ ਸਦਾ ਇਮਾਨਦਾਰ ਹੀ ਹੁੰਦੇ ਹਨ, ਪਰ ਇੱਕ-ਅੱਧ ਸੂਤਰਧਾਰ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ।

# ਗੁਰੂ ਨਾਨਕ ਦੀ ਜੀਵਨ-ਸ਼ੈਲੀ ਤੇ ਮੌਜੂਦਾ ਸਿੱਖ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪੰਜਾਬ ਦੇ ਪੇਂਡੂ ਸਭਿਆਚਾਰ ਦੀ ਸਾਂਝ ਬਿਆਨੀ ਹੈ, ਜਦੋਂ ਜਿਮੀਂਦਾਰਾਂ ਦੇ ਕੰਮੀਆਂ ਕਾਰੀਆਂ ਵਿਚ ਇਕ ਖਾਸ ਸਾਂਝ ਹੁੰਦੀ ਸੀ ਅਤੇ ਅਮੀਰ-ਗਰੀਬ ਦਾ ਪਾੜਾ ਵੀ ਪਿਛੇ ਰਹਿ ਜਾਂਦਾ ਸੀ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਸੁਨੇਹਾ ਸਾਨੂੰ ਚੇਤੇ ਕਰਵਾਇਆ ਹੈ, ਜੋ ਸਿੱਖ ਭੁੱਲਦੇ ਜਾ ਰਹੇ ਹਨ। ਉਹ ਸਵਾਲ ਕਰਦੇ ਹਨ, "ਕੀ ਅਸੀਂ ਸਿੱਖ-ਸੋਚ ਅਤੇ ਬਾਣੀ ਵਿਚਲੀ ਸੇਧ ਅਨੁਸਾਰ ਆਪਣਾ ਨਿੱਤਪ੍ਰਤੀ ਦਾ ਜੀਵਨ ਜਿਉਂਦੇ ਹਾਂ? ਕੀ ਅਸੀਂ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਅਸੀਂ ਸਿੱਖੀ ਦਾ ਲਿਬਾਸ ਪਹਿਨਣ ਤੀਕ ਹੀ ਸੀਮਤ ਹੋ ਗਏ ਹਾਂ?...ਕੀ ਧਾਰਮਕ ਪਖੰਡਵਾਦ ਅਤੇ ਨਿੱਜ-ਪ੍ਰਸਤੀ ਹਾਵੀ ਹੋ ਗਈ ਏ ਜਿਸ ਦਾ ਗੁਰੂ ਜੀ ਨੇ ਖੰਡਨ ਕੀਤਾ ਸੀ? ਕੀ ਧਾਰਮਕ ਆਗੂਆਂ ਦਾ ਜੀਵਨ ਸਿੱਖੀ ਸਿਧਾਂਤਾਂ ਅਨੁਸਾਰ ਏ?...ਸੱਚੀ-ਸੁੱਚੀ ਕਿਰਤ ਰਾਹੀਂ ਸੁਲਤਾਨਪੁਰ ਲੋਧੀ ਵਿਚ ਮੋਦੀਖਾਨੇ ਦੀ ਨੌਕਰੀ ਕਰਦਿਆਂ ਇਮਾਨਦਾਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰਨ ਵਾਲੇ ਗੁਰੂ ਜੀ ਦੇ ਅਸੀਂ ਕਿਹੋ ਜਿਹੇ ਸੇਵਕ ਹਾਂ ਕਿ ਅਸੀਂ ਬੇਈਮਾਨੀ 'ਤੇ ਫਖਰ ਕਰਦੇ ਹਾਂ।" -ਸੰਪਾਦਕ**

## ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਗੁਰੂ ਨਾਨਕ ਦੇਵ ਦੁਨੀਆਂ ਦੇ ਹਰ ਮਨੁੱਖ ਲਈ ਹਰ ਦੌਰ ਵਿਚ ਸੰਪੂਰਨ ਰੋਲ ਮਾਡਲ ਹਨ। ਸੰਸਾਰਕ, ਅਧਿਆਤਮਕ, ਪਰਿਵਾਰਕ ਅਤੇ ਸਮਾਜਕ ਪੱਧਰ 'ਤੇ ਇਕ ਅਜਿਹੀ ਮਨੁੱਖੀ ਸ਼ਖਸੀਅਤ ਦਾ ਬਿੰਬ ਹਨ, ਜੋ ਰੌਸ਼ਨ ਚਿਰਾਗ ਬਣ ਕੇ ਹਰ ਵਕਤ ਦੀ ਦਹਿਲੀਜ਼ ਨੂੰ ਰੁਸ਼ਨਾ ਰਹੀ ਏ ਅਤੇ ਹਨੇਰੇ ਦੇ ਹਾਮੀ ਭਰਦੇ ਮਨੁੱਖਾਂ ਨੂੰ ਚਾਨਣ ਦੀ ਦੱਸ ਪਾਉਂਦੀ ਏ। ਧਾਰਮਕ ਫਲਸਫੇ ਦੇ ਮੋਢੀ, ਪ੍ਰਤੀਬੱਧ ਪਤੀ, ਕਾਮਯਾਬ ਕਰਮਵੇਤਾ ਅਤੇ ਸਫਲ ਕਿਰਸਾਨ। ਵੱਖ-ਵੱਖ ਰਹਿਤਲਾਂ, ਬੋਲੀਆਂ ਅਤੇ ਖੇਤਰਾਂ ਦੇ ਲੋਕਾਂ ਨੂੰ ਆਪਣੇ ਉਪਦੇਸ਼ਾਂ ਨਾਲ ਮੰਤਰ-ਮੁਗਧ ਕਰਨ ਵਾਲੇ ਨਾਨਕ ਦੇ ਵਾਰਸਾਂ ਨੇ ਆਪਣੇ ਨਾਨਕ ਨੂੰ ਭੁਲਾ ਲਿਆ ਏ। ਅਸੀਂ ਕੂੜ-ਕਸੱਤ ਦੇ ਵਿਉਪਾਰੀ ਬਣ ਕੇ ਹਉਮੈ ਅਤੇ ਲਾਲਚ ਦੇ ਚਿੱਕੜ ਵਿਚ ਖੁੱਭ ਕੇ ਆਪਣੇ ਸਾਹਾਂ ਦੀ ਅਰਥੀ ਢੋਣ ਜੋਗੇ ਰਹਿ ਗਏ ਜਦ ਕਿ ਦੁਨੀਆਂ ਦੇ ਵੱਖ-ਵੱਖ ਖੇਤਰਾਂ ਦੇ ਵਿਦਵਾਨ ਉਨ੍ਹਾਂ ਨੂੰ ਅਜੋਕੇ ਸਮੇਂ ਦਾ ਸਭ ਤੋਂ ਵੱਡਾ ਮਾਰਗ-ਦਰਸ਼ਕ ਅਤੇ ਸਮਿਆਂ ਦੀ ਹਾਣੀ ਸੋਚ ਦਾ ਪੈਗੰਬਰ ਕਹਿੰਦੇ ਨੇ। ਉਨ੍ਹਾਂ ਦੀਆਂ ਲਿਖਤਾਂ ਦੇ ਸਦਕੇ ਜਾਂਦੇ, ਉਨ੍ਹਾਂ ਦੇ ਦਰਸਾਏ ਮਾਰਗ ਦੇ ਪਾਂਧੀ ਬਣਨ ਦੀ ਚੇਸ਼ਟਾ ਮਨ ਵਿਚ ਪਾਲ ਰਹੇ ਨੇ।

ਗੁਰੂ ਨਾਨਕ ਦੇਵ ਸਿੱਖ ਧਰਮ ਦੇ ਬਾਨੀ, ਮਾਨਵੀ ਸੋਚ ਦੇ ਸਿਰਜਕ, ਸਿੱਖ ਫਿਲਾਸਫੀ ਦੀ ਰਹਿਤਲ ਸਨ ਅਤੇ ਉਨ੍ਹਾਂ ਨੇ ਆਪਣੀ ਵਿਚਾਰਧਾਰਾ ਨੂੰ ਆਮ ਲੋਕਾਂ ਤੀਕ ਪਹੁੰਚਾਉਣ ਲਈ ਚਾਰ ਉਦਾਸੀਆਂ ਰਾਹੀਂ ਦੁਨੀਆਂ ਦਾ ਭਰਮਣ ਕੀਤਾ। ਅੰਦਾਜ਼ਨ 25 ਹਜਾਰ ਮੀਲ ਦਾ ਸਫਰ ਕਰਨ ਵਾਲੇ ਗੁਰੂ ਜੀ ਪ੍ਰਚਾਰਕ, ਸਮਾਜ ਸੁਧਾਰਕ ਅਤੇ ਤਰਕਸ਼ੀਲ ਸੋਚ ਦੇ ਪੈਗੰਬਰ ਦੇ ਰੂਪ ਵਿਚ ਪਾਕ ਵਿਚਾਰਧਾਰਾ ਨੂੰ ਆਪਣੇ ਵਿਰੋਧੀਆਂ ਤੀਕ ਪਹੁੰਚਾਉਣ ਵਿਚ ਸਭ ਤੋਂ ਜ਼ਿਆਦਾ ਨਿਪੁੰਨ ਤੇ ਸਾਜ਼ਗਾਰ ਸਿੱਧ ਹੋਏ।

ਗੁਰੂ ਨਾਨਕ ਦੇਵ ਦਾ ਸਮੁੱਚਾ ਜੀਵਨ, ਉਨ੍ਹਾਂ ਦੀਆਂ ਸਿਖਿਆਵਾਂ ਦਾ ਪਾਕ-ਦਰਪਣ ਏ। ਉਨ੍ਹਾਂ ਦੇ ਜੀਵਨ ਵਿਚੋਂ ਹੀ ਅਸੀਂ ਉਨ੍ਹਾਂ ਦੇ ਪ੍ਰਵਚਨ ਪੜ੍ਹ, ਸੁਣ ਅਤੇ ਆਪਣੇ ਜੀਵਨ ਵਿਚ ਢਾਲ ਕੇ ਜੀਵਨ ਨੂੰ ਨਿਵੇਕਲੀਆਂ ਅਤੇ ਉਚਤਮ ਤਰਜ਼ੀਹਾਂ ਵੰਨੀਂ ਸੇਧਤ ਕਰ ਸਕਦੇ ਹਾਂ। ਉਨ੍ਹਾਂ ਦੀ ਸਮੁੱਚੀ ਬਾਣੀ ਸਮਾਜਕ ਸਰੋਕਾਰਾਂ ਨਾਲ ਸੰਵਾਦ ਰਚਾਉਂਦੀ, ਹਰ ਪਾਠਕ, ਸ਼ਰਧਾਲੂ ਜਾਂ ਸੇਵਕ ਦੇ ਮਨ ਵਿਚ ਉਚੀ-ਸੁੱਚੀ ਜੀਵਨ-ਸ਼ੈਲੀ ਦਾ ਬਿੰਬ ਉਸਾਰਦੀ ਹੈ। ਇਸ ਬਿੰਬ ਵਿਚੋਂ ਹੀ ਅਸੀਂ ਖੁਦ ਨੂੰ ਨਿਹਾਰ, ਖੁਦ ਵਿਚੋਂ ਖੁਦ ਦੀ ਜਾਮਾ-ਤਲਾਸ਼ੀ ਕਰਦੇ, ਆਪੇ ਨੂੰ ਪਰਖ ਅਤੇ ਪੜਚੋਲ ਸਕਦੇ ਹਾਂ ਕਿ ਅਸੀਂ ਕਿੰਨੇ ਕੁ ਗੁਰੂ ਜੀ ਦੇ ਸੱਚੇ ਸ਼ਰਧਾਲੂ ਹਾਂ? ਅਸੀਂ ਜੀਵਨ ਸਿੱਖੀ ਸਿਖਿਆਵਾਂ ਅਨੁਸਾਰ ਕਿਵੇਂ ਆਪੇ ਨੂੰ ਢਾਲਿਆ ਏ? ਕੀ ਅਸੀਂ ਸਿੱਖ-ਸੋਚ ਅਤੇ ਬਾਣੀ ਵਿਚਲੀ ਸੇਧ ਅਨੁਸਾਰ ਆਪਣਾ ਨਿੱਤਪ੍ਰਤੀ ਦਾ ਜੀਵਨ ਜਿਉਂਦੇ ਹਾਂ? ਕੀ ਅਸੀਂ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਅਸੀਂ ਸਿੱਖੀ ਦਾ ਲਿਬਾਸ ਪਹਿਨਣ ਤੀਕ ਹੀ ਸੀਮਤ ਹੋ ਗਏ ਹਾਂ? ਅਸਾਡੇ ਕਰਮ ਤੇ ਧਰਮ ਵਿਚ ਕਿੱਡਾ ਕੁ ਪਾੜਾ ਏ? ਕੀ ਇਸ ਦੀ ਪੂਰਨਤਾ ਵੱਲ ਕਦੇ ਕੋਈ ਕਦਮ ਉਠਾਇਆ ਏ ਜਾਂ ਕਦੇ ਇਸ ਬਾਰੇ ਸਾਡੇ ਮਨ ਵਿਚ ਕੋਈ ਸੋਚ ਵੀ ਪੈਦਾ ਹੋਈ ਏ? ਬਹੁਤ ਵੱਡੇ ਸਵਾਲ ਨੇ ਅਜੋਕੇ ਸਿੱਖ ਦੇ ਸਨਮੁੱਖ। ਜਦ ਅਸੀਂ ਗੁਰੂ ਜੀ ਦੇ 550ਵੇਂ ਜਨਮ ਦਿਨ ਨੂੰ ਸੰਸਾਰ ਪੱਧਰ 'ਤੇ ਮਨਾਉਣ ਦਾ ਉਦਮ ਕਰ ਰਹੇ ਹਾਂ ਤਾਂ ਇਸ ਬਾਰੇ ਸੋਚਣਾ ਹੋਰ ਵੀ ਅਹਿਮ ਤੇ ਮਹੱਤਵਪੂਰਨ ਹੈ। ਕੀ ਧਾਰਮਕ ਅਦਾਰਿਆਂ ਦੀ ਅਹਿਮੀਅਤ ਗਵਾਚ ਗਈ ਹੈ? ਕੀ ਧਾਰਮਕ ਪਖੰਡਵਾਦ ਅਤੇ ਨਿੱਜ-ਪ੍ਰਸਤੀ ਹਾਵੀ ਹੋ ਗਈ ਏ ਜਿਸ ਦਾ ਗੁਰੂ ਜੀ ਨੇ ਖੰਡਨ ਕੀਤਾ ਸੀ? ਕੀ ਧਾਰਮਕ ਆਗੂਆਂ ਦਾ ਜੀਵਨ ਸਿੱਖੀ ਸਿਧਾਂਤਾਂ ਅਨੁਸਾਰ ਏ? ਕੀ ਅਜੋਕੇ ਧਾਰਮਕ ਰਹਿਨੁਮਾ ਪਲੀਤ ਹੋਏ ਬਿੰਬ ਨੂੰ ਪਾਕ ਕਰਨ ਲਈ ਤੱਤਪਰ ਨੇ? ਬਹੁਤ ਸਾਰੇ ਪ੍ਰਸ਼ਨ ਚੇਤਨ ਮਨ ਵਿਚ ਉਠਦੇ ਨੇ ਅਤੇ ਉਹ ਇਨ੍ਹਾਂ ਦੇ ਸਹੀ ਜਵਾਬ ਦੀ ਤਲਾਸ਼ ਵਿਚ ਏ।

ਸਿੱਖ ਧਰਮ, ਇਕ ਸੁਰਖ-ਸੋਚ, ਕਿਰਤੀ-ਵਿਚਾਰਧਾਰਾ, ਜੀਵਨ-ਸ਼ੈਲੀ, ਤਰਕਸ਼ੀਲਤਾ ਤੇ ਵਿਗਿਆਨਕ ਸੋਚ ਦਾ ਉਭਾਰ ਹੈ। ਕੁਦਰਤ ਦੇ ਹਰ ਪਹਿਲੂ ਨੂੰ ਪਾਰਦਰਸ਼ੀ ਅਤੇ ਸੁਚੱਜੇ ਢੰਗ ਨਾਲ ਪਰਿਭਾਸ਼ਤ ਅਤੇ ਵਿਸਥਾਰਨ ਦਾ ਸੁਚਾਰੂ ਉਦਮ ਏ। ਪਰ ਅਸੀਂ ਇਸ ਨੂੰ ਸਮਝਣ ਅਤੇ ਖੁਦ 'ਤੇ ਲਾਗੂ ਕਰਨ ਤੋਂ ਅਵੇਸਲੇ ਹੋ ਗਏ ਹਾਂ।

ਗੁਰੂ ਨਾਨਕ ਦੇਵ ਦੀ ਸੋਚ ਨੂੰ ਪ੍ਰਚਾਰਨ ਅਤੇ ਇਸ ਦੇ ਬਹੁਮੁਖੀ ਪਾਸਾਰਾਂ ਨੂੰ ਦੁਨੀਆਂ ਦੇ ਹਰ ਵਰਗ ਤੀਕ ਪਹੁੰਚਾਉਣ ਦੀ ਥਾਂ ਅਸੀਂ ਇਸ ਨੂੰ ਮਿਥਿਹਾਸਕ ਅਤੇ ਤਰਕਹੀਣ ਤੱਥਾਂ ਵੱਲ ਸੇਧਤ ਕਰ, ਇਸ ਨੂੰ ਸੰਗੋੜਨ ਦੇ ਰਾਹ ਤੁਰ ਪਏ ਹਾਂ ਜਦ ਕਿ ਇਸ ਨੂੰ ਵਿਸਥਾਰਨ ਦੀ ਲੋੜ ਹੈ ਕਿਉਂਕਿ ਸਿੱਖੀ ਦੀ ਸ਼ਬਦ-ਵਿਚਾਰਧਾਰਾ ਅਜੋਕੇ ਸਮਿਆਂ ਵਿਚ ਸਭ ਤੋਂ ਵੱਧ ਲੋੜੀਂਦੀ ਅਤੇ ਮੌਜੂਦਾ ਪ੍ਰਸਥਿਤੀਆਂ ਵਿਚ ਗਵਾਚ ਰਹੀ ਮਨੁੱਖਤਾ ਲਈ ਅਤਿ ਜਰੂਰੀ ਏ। ਇਹ ਤਾਂ ਇਕ ਮਾਰਗ ਦਰਸ਼ਨ ਏ, ਜਿਸ ਨੇ ਕੁਰਾਹੇ ਪਏ ਸਮਾਜ ਨੂੰ ਸੇਧ ਦੇ ਕੇ ਸੁਚਾਰੂ ਉਪਰਾਲਿਆਂ ਵੰਨੀਂ ਤੋਰਨਾ ਏ।

ਗੁਰੂ ਨਾਨਕ ਦੇਵ ਦੇ ਸਮੁੱਚੇ ਜੀਵਨ 'ਤੇ ਝਾਤ ਮਾਰਿਆਂ ਅਤੇ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਨੂੰ ਬਾਰੀਕ-ਬੀਨੀ ਨਾਲ ਦੇਖਿਆਂ ਸਾਨੂੰ ਇਹ ਸਪੱਸ਼ਟ ਹੋ ਜਾਵੇਗਾ ਕਿ ਉਨ੍ਹਾਂ ਦਾ ਜੀਵਨ ਇਕ ਉਤਮ ਪੁਰਖ ਦਾ ਜੀਵਨ ਸੀ। ਬਾਪ ਵਲੋਂ ਵਪਾਰ ਲਈ ਮਿਲੇ ਪੈਸਿਆਂ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਲੰਗਰ-ਪ੍ਰਥਾ ਦਾ ਮੁੱਢ ਬੰਨਣ ਵਾਲੇ ਬਾਬੇ ਨਾਨਕ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਉਨ੍ਹਾਂ ਦੇ ਸ਼ਰਧਾਲੂ ਲੰਗਰ ਪ੍ਰਥਾ ਨੂੰ ਇੰਨਾ ਗੰਧਲਾ ਕਰ ਦੇਣਗੇ ਕਿ ਲੰਗਰ ਦੇ ਨਾਮ 'ਤੇ ਭੋਜਨ ਦੀ ਦੁਰਗਤੀ ਹੋਵੇਗੀ। ਕਈ ਕਿਸਮਾਂ ਦੇ ਭੋਜਨ ਲੰਗਰ ਦੇ ਨਾਮ 'ਤੇ ਪਰੋਸੇ ਜਾਣਗੇ ਅਤੇ ਰੱਜਿਆਂ ਨੂੰ ਰਜਾਉਣ ਲਈ ਹੀ ਥਾਂ ਥਾਂ 'ਤੇ ਲੰਗਰ ਲਾਏ ਜਾਣਗੇ।

**ਗੁਰੂ ਨਾਨਕ ਦੇਵ ਦੇ ਸਮੁੱਚੇ ਜੀਵਨ 'ਤੇ ਝਾਤ ਮਾਰਿਆਂ ਅਤੇ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਨੂੰ ਬਾਰੀਕ-ਬੀਨੀ ਨਾਲ ਦੇਖਿਆਂ ਸਾਨੂੰ ਇਹ ਸਪੱਸ਼ਟ ਹੋ ਜਾਵੇਗਾ ਕਿ ਉਨ੍ਹਾਂ ਦਾ ਜੀਵਨ ਇਕ ਉਤਮ ਪੁਰਖ ਦਾ ਜੀਵਨ ਸੀ। ਬਾਪ ਵਲੋਂ ਵਪਾਰ ਲਈ ਮਿਲੇ ਪੈਸਿਆਂ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਲੰਗਰ-ਪ੍ਰਥਾ ਦਾ ਮੁੱਢ ਬੰਨਣ ਵਾਲੇ ਬਾਬੇ ਨਾਨਕ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਉਨ੍ਹਾਂ ਦੇ ਸ਼ਰਧਾਲੂ ਲੰਗਰ ਪ੍ਰਥਾ ਨੂੰ ਇੰਨਾ ਗੰਧਲਾ ਕਰ ਦੇਣਗੇ ਕਿ ਲੰਗਰ ਦੇ ਨਾਮ 'ਤੇ ਭੋਜਨ ਦੀ ਦੁਰਗਤੀ ਹੋਵੇਗੀ। ਕਈ ਕਿਸਮਾਂ ਦੇ ਭੋਜਨ ਲੰਗਰ ਦੇ ਨਾਮ 'ਤੇ ਪਰੋਸੇ ਜਾਣਗੇ ਅਤੇ ਰੱਜਿਆਂ ਨੂੰ ਰਜਾਉਣ ਲਈ ਹੀ ਥਾਂ ਥਾਂ 'ਤੇ ਲੰਗਰ ਲਾਏ ਜਾਣਗੇ। ਸੜਕਾਂ 'ਤੇ ਰੋਕਾਂ ਲਾ ਕੇ, ਆਮ ਲੋਕਾਂ ਦੀ ਜੀਵਨ-ਰਫਤਾਰ ਨੂੰ ਉਲਝਾਇਆ ਜਾਵੇਗਾ। ਪਲਾਸਟਿਕ ਦੀਆਂ ਪਲੇਟਾਂ, ਕੱਪ ਅਤੇ ਭੋਜਨ ਦੀ ਰਹਿੰਦ-ਖੂੰਹਦ ਕਈ ਕਈ ਦਿਨਾਂ ਤੀਕ ਸੜਿਹਾਂਦ ਪੈਦਾ ਕਰਦੀ, ਅਜਿਹਾ ਪ੍ਰਦੂਸ਼ਣ ਪੈਦਾ ਕਰੇਗੀ ਜੋ ਕਈ ਸਾਲਾਂ ਤੀਕ ਧਰਤੀ ਅਤੇ ਵਾਤਾਵਰਣ ਨੂੰ ਪਲੀਤ ਕਰਦਾ ਰਹੇਗਾ। ਕੀ ਅਸੀਂ ਲੰਗਰ ਨੂੰ ਲੰਗਰ ਰਹਿਣ ਦਿਤਾ ਏ? ਸਿਹਤ ਨਾਲ ਖਲਵਾੜ ਕਰਦੇ ਲੰਗਰ ਦੇ ਰੂਪ ਵਿਚ ਪਰੋਸੇ ਜਾ ਰਹੇ ਵੱਖ ਵੱਖ ਪ੍ਰਕਾਰ ਦੇ ਖਾਣੇ, ਕੀ ਨਾਨਕ-ਸੋਚ ਨੂੰ ਪ੍ਰਗਟ ਕਰਦੇ ਨੇ? ਅਸੀਂ ਇਸ ਨਾਲ ਕੀ ਸਿੱਧ ਕਰਨਾ ਚਾਹੁੰਦੇ ਹਾਂ? ਲੰਗਰ ਪ੍ਰਥਾ ਨੂੰ ਢਾਹ ਲਾਉਣ ਦੇ ਰਾਹ ਕਿਉਂ ਪਏ ਹਾਂ? ਭੋਜਨ ਦੀ ਹੋ ਰਹੀ ਬਰਬਾਦੀ ਨੂੰ ਰੋਕਣ ਲਈ ਧਾਰਮਕ ਆਗੂ ਕਿਉਂ ਅਵੇਸਲੇ ਨੇ? ਥਾਂ ਥਾਂ 'ਤੇ ਲੱਗ ਰਹੇ ਲੰਗਰਾਂ ਵਿਚੋਂ ਕਿਹੜਾ ਸਿੱਖੀ ਪਿਆਰ ਦਿਖਾ ਰਹੇ ਹਾਂ? ਦੁਨੀਆਂ ਵਿਚ ਬਹੁਤ ਲੋਕ ਭੁੱਖੇ ਅਤੇ ਲੋੜਵੰਦ ਨੇ ਜਿਨ੍ਹਾਂ ਦੀਆਂ ਲੋੜਾਂ ਨੂੰ ਲੰਗਰ ਦੇ ਬੇਲੋੜਾ ਖਰਚੇ ਨਾਲ ਪੂਰਾ ਕੀਤਾ ਜਾ ਸਕਦਾ ਏ। ਅਸੀਂ ਉਸ ਰਾਹ ਕਿਉਂ ਨਹੀਂ ਤੁਰਦੇ?**

ਸੜਕਾਂ 'ਤੇ ਰੋਕਾਂ ਲਾ ਕੇ, ਆਮ ਲੋਕਾਂ ਦੀ ਜੀਵਨ-ਰਫਤਾਰ ਨੂੰ ਉਲਝਾਇਆ ਜਾਵੇਗਾ। ਪਲਾਸਟਿਕ ਦੀਆਂ ਪਲੇਟਾਂ, ਕੱਪ ਅਤੇ ਭੋਜਨ ਦੀ ਰਹਿੰਦ-ਖੂੰਹਦ ਕਈ ਕਈ ਦਿਨਾਂ ਤੀਕ ਸੜਿਹਾਂਦ ਪੈਦਾ ਕਰਦੀ, ਅਜਿਹਾ ਪ੍ਰਦੂਸ਼ਣ ਪੈਦਾ ਕਰੇਗੀ ਜੋ ਕਈ ਸਾਲਾਂ ਤੀਕ ਧਰਤੀ ਅਤੇ ਵਾਤਾਵਰਣ ਨੂੰ ਪਲੀਤ ਕਰਦਾ ਰਹੇਗਾ। ਕੀ ਅਸੀਂ ਲੰਗਰ ਨੂੰ ਲੰਗਰ ਰਹਿਣ ਦਿਤਾ ਏ? ਸਿਹਤ ਨਾਲ ਖਲਵਾੜ ਕਰਦੇ ਲੰਗਰ ਦੇ ਰੂਪ ਵਿਚ ਪਰੋਸੇ ਜਾ ਰਹੇ ਵੱਖ ਵੱਖ ਪ੍ਰਕਾਰ ਦੇ ਖਾਣੇ, ਕੀ ਨਾਨਕ-ਸੋਚ ਨੂੰ ਪ੍ਰਗਟ ਕਰਦੇ ਨੇ? ਅਸੀਂ ਇਸ ਨਾਲ ਕੀ ਸਿੱਧ ਕਰਨਾ ਚਾਹੁੰਦੇ ਹਾਂ? ਲੰਗਰ ਪ੍ਰਥਾ ਨੂੰ ਢਾਹ ਲਾਉਣ ਦੇ ਰਾਹ ਕਿਉਂ ਪਏ ਹਾਂ? ਭੋਜਨ ਦੀ ਹੋ ਰਹੀ ਬਰਬਾਦੀ ਨੂੰ ਰੋਕਣ ਲਈ ਧਾਰਮਕ ਆਗੂ ਕਿਉਂ ਅਵੇਸਲੇ ਨੇ? ਥਾਂ ਥਾਂ 'ਤੇ ਲੱਗ ਰਹੇ ਲੰਗਰਾਂ ਵਿਚੋਂ ਕਿਹੜਾ ਸਿੱਖੀ ਪਿਆਰ ਦਿਖਾ ਰਹੇ ਹਾਂ? ਦੁਨੀਆਂ ਵਿਚ ਬਹੁਤ ਲੋਕ ਭੁੱਖੇ ਅਤੇ ਲੋੜਵੰਦ ਨੇ ਜਿਨ੍ਹਾਂ ਦੀਆਂ ਲੋੜਾਂ ਨੂੰ ਲੰਗਰ ਦੇ ਬੇਲੋੜਾ ਖਰਚੇ ਨਾਲ ਪੂਰਾ ਕੀਤਾ ਜਾ ਸਕਦਾ ਏ। ਅਸੀਂ ਉਸ ਰਾਹ ਕਿਉਂ ਨਹੀਂ ਤੁਰਦੇ?

'ਖਾਲਸਾ ਏਡ' ਵਰਗੀਆਂ ਸੰਸਥਾਵਾਂ ਬਹੁਤ ਸੁਚਾਰੂ ਕੰਮ ਕਰ ਰਹੀਆਂ ਨੇ। ਵਿਦੇਸ਼ਾਂ ਵਿਚਲੇ ਬਹੁਤ ਸਾਰੇ ਗੁਰਦੁਆਰਿਆਂ ਵਿਚ ਲੰਗਰ ਨੂੰ ਅਸੀਂ ਇਕ ਹੋਟਲ-ਨੁਮਾ ਖਾਣਾ ਬਣਾ ਦਿਤਾ ਏ ਅਤੇ ਜ਼ਿਆਦਾਤਰ ਲੋਕ ਉਥੇ ਪੰਜ-ਸਿਤਾਰਾ ਖਾਣਾ ਖਾਣ ਹੀ ਜਾਂਦੇ ਨੇ। ਅਫਸੋਸ ਇਸ ਗੱਲ ਦਾ ਹੈ ਕਿ ਲੰਗਰ ਵਿਚੋਂ ਚੁੱਕਵੀਂ ਰੋਟੀ ਦਾ ਰਿਵਾਜ਼ ਵੀ ਆਮ ਹੈ। ਕਿੰਨਾ ਸ਼ਰਮਨਾਕ ਹੈ ਕਿ ਅਸੀਂ ਲੰਗਰ ਨੂੰ ਬੇਘਰੇ ਲੋਕਾਂ ਤੀਕ ਜਾਂ ਲੋੜਵੰਦਾਂ ਤੀਕ ਪਹੁੰਚਾਉਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਕੀ ਪ੍ਰਬੰਧਕਾਂ ਅਤੇ ਸਿੱਖ-ਆਗੂਆਂ ਨੇ ਇਸ ਬਾਰੇ ਕਦੇ ਸੋਚਿਆ ਏ, ਜੋ ਖੁਦ ਨੂੰ ਸਿੱਖੀ ਸੋਚ ਨੂੰ ਪ੍ਰਣਾਏ ਕਹਾਉਂਦੇ ਨੇ? ਲੰਗਰ, ਲੰਗਰ ਹੀ ਰਹੇ ਤਾਂ ਇਹ ਮਨੁੱਖੀ ਸੋਚ ਵਿਚ ਵੀ ਸੁੱਚਮ ਅਤੇ ਸਾਦਗੀ ਪੈਦਾ ਕਰੇਗਾ, ਜੋ ਲੰਗਰ ਦੀ ਆਤਮਾ ਦਾ ਸੂਖਮ ਸੰਦੇਸ਼ ਏ। ਲੰਗਰ ਰਾਹੀਂ ਤਾਜਾ ਅਤੇ ਪੌਸ਼ਟਿਕ ਖਾਣਾ ਸਾਨੂੰ ਗੁਰੂਆਂ ਨੇ ਵਿਰਾਸਤੀ ਰੂਪ ਵਿਚ ਦਿਤਾ ਸੀ। ਅਸੀਂ ਇਸ ਤੋਂ ਹੀ ਮੁਨਕਰ ਹੋਈ ਜਾ ਰਹੇ ਹਾਂ ਅਤੇ ਸਰੀਰਕ ਅਲਾਮਤਾਂ ਨੂੰ ਸੱਦਾ ਦੇ ਰਹੇ ਹਾਂ। ਵਾਸਤਾ ਈ! ਲੰਗਰ ਨੂੰ ਉਹੀ ਲੰਗਰ ਰਹਿਣ ਦਿਓ ਜੋ ਬਾਬੇ ਨਾਨਕ ਦੀ ਬਖਸ਼ਿਸ਼ ਏ।

ਗੁਰੂ ਨਾਨਕ ਦੇਵ ਨੇ ਗ੍ਰਿਹਿਸਥੀ ਜੀਵਨ ਵਿਚ ਰੰਗ ਕੇ ਆਪਣੇ ਅਧਿਆਤਮਕ ਜੀਵਨ ਦੀ ਸ਼ੁਰੂਆਤ ਕੀਤੀ। ਪਰਾਇਆ ਧਨ ਅਤੇ ਪਰਾਈ ਇਸਤਰੀ ਤੋਂ ਨਿਰਲੇਪ ਰਹਿਣ ਦੇ ਸੰਦੇਸ਼ ਦੀ ਸਾਰਥਕਤਾ ਨੂੰ ਕਿਵੇਂ ਅਸੀਂ ਉਲੰਘ ਰਹੇ ਹਾਂ, ਇਹ ਇਸ ਤੱਥ ਤੋਂ ਸਪੱਸ਼ਟ ਹੈ ਕਿ ਕੁਝ ਧਾਰਮਕ ਆਗੂ ਅਤੇ ਸਿਰਕਰਦਾ ਸਿੱਖ ਲੀਡਰ ਇਨ੍ਹਾਂ ਦੋਹਾਂ ਅਲਾਮਤਾਂ ਵਿਚ ਗ੍ਰਸੇ, ਸਿੱਖੀ-ਲਿਬਾਸ ਨੂੰ ਸ਼ਰਮਸਾਰ ਕਰ ਰਹੇ ਹਨ।

ਸੱਚੀ-ਸੁੱਚੀ ਕਿਰਤ ਰਾਹੀਂ ਸੁਲਤਾਨਪੁਰ ਲੋਧੀ ਵਿਚ ਮੋਦੀਖਾਨੇ ਦੀ ਨੌਕਰੀ ਕਰਦਿਆਂ ਇਮਾਨਦਾਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰਨ ਵਾਲੇ ਗੁਰੂ ਜੀ ਦੇ ਅਸੀਂ ਕਿਹੋ ਜਿਹੇ ਸੇਵਕ ਹਾਂ ਕਿ ਅਸੀਂ ਬੇਈਮਾਨੀ 'ਤੇ ਫਖਰ ਕਰਦੇ ਹਾਂ। ਹੇਰਾ-ਫੇਰੀ, ਰਿਸ਼ਵਤ ਅਤੇ ਕਮੀਨਗੀ ਸਾਡੇ ਸਾਹਾਂ ਵਿਚ ਰੱਚ ਗਈ ਏ। ਇਹ ਪਾਪ ਦੀ ਕਮਾਈ ਘਰ ਵਿਚ ਆ ਕੇ ਸਮਾਜਕ ਅਤੇ ਪਰਿਵਾਰਕ ਉਲਝਣਾਂ ਦਾ ਮੁੱਢ ਬੰਨਦੀ, ਨਸ਼ਿਆਂ, ਬਲਾਤਕਾਰਾਂ, ਕਤਲਾਂ ਅਤੇ ਰਿਸ਼ਤਿਆਂ ਬਾਹਰੀ ਸਬੰਧ ਬਣਾਉਣ ਲਈ ਉਤੇਜਿਤ ਕਰਦੀ ਏ। ਕਲੰਕਿਤ ਅਲਾਮਤਾਂ ਵਿਚ ਉਲਝ ਕੇ ਜੀਵਨ ਦੀ ਸਾਰਥਕਤਾ ਅਤੇ ਸੁੱਚਮਤਾ ਨੂੰ ਗਵਾਉਣ ਲਈ ਅਸੀਂ ਕਾਹਲੇ ਹੋਏ ਬੈਠੇ ਹਾਂ। ਕੀ ਗੁਰੂ ਨਾਨਕ ਦੇਵ ਦਾ ਨੌਕਰੀ ਕਰਨ ਵਾਲਾ ਸਿਧਾਂਤ ਸਾਡੀ ਸੋਚ ਦਾ ਹਿੱਸਾ ਬਣਿਆ ਏ? ਕੀ ਅਸੀਂ ਇਮਾਨਦਾਰੀ ਵਿਚੋਂ ਹੀ ਜੀਵਨ ਦਾ ਸਚਿਆਰਪਣ ਸਿਰਜਣ ਵਾਲੇ ਗੁਰੂ ਜੀ ਦੇ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਅਸੀਂ ਕੋਈ ਨੌਕਰੀ, ਵਪਾਰ ਜਾਂ ਲੈਣ-ਦੇਣ ਵਿਚ ਪਾਕ ਹਾਂ? ਕਿਉਂ ਅਸੀਂ ਪਾਪ ਦੀ ਕਮਾਈ ਨੂੰ 'ਕੱਠਾ ਕਰਨ ਲਈ ਉਤਾਵਲੇ ਹਾਂ? ਖੁਦ ਦੀ ਆਤਮਕਤਾ ਨੂੰ ਗੰਧਲਾਉਣ ਵੱਲ ਕਿਉਂ ਰੁਚਿਤ ਹਾਂ? ਅਸੀਂ ਗੁਰਬਾਣੀ ਵਿਚਲੇ ਸੰਦੇਸ਼ ਨੂੰ ਅੰਤਰੀਵ ਵਿਚ ਵਸਾਉਣ ਤੋਂ ਮੁਨਕਰ ਹਾਂ। ਅਜਿਹਾ ਕਿਉਂ? ਕੀ ਅਸੀਂ ਮਖੌਟਾਧਾਰੀ ਹਾਂ? ਕੀ ਅਸੀਂ ਸਿੱਖ ਬਣਨ ਦੇ ਕਾਬਲ ਹਾਂ? ਕੀ ਗੁਰੂ ਜੀ ਦਾ ਜੀਵਨ ਸਾਡੇ ਲਈ ਪ੍ਰੇਰਨਦਾਇਕ ਨਹੀਂ? ਕੀ ਮੋਦੀਖਾਨੇ ਦੇ ਵੱਟਿਆਂ ਨੂੰ ਨਤਮਸਤਕ ਹੋਣਾ ਹੀ ਸਾਡੀ ਆਸਥਾ ਰਹਿ ਗਈ ਏ?

ਜਪੁਜੀ ਸਾਹਿਬ ਦੇ ਮੂਲ ਮੰਤਰ ਰਾਹੀਂ ਸਿੱਖ-ਜੋਤ ਜਗਾਉਣ ਵਾਲੇ ਗੁਰੂ ਜੀ ਦੇ ਪੈਰੋਕਾਰ ਘਰ ਘਰ ਡੇਰੇ ਬਣਾ ਕੇ ਖੁਦ ਹੀ ਗੁਰੂ-ਡੰਮ ਦਾ ਰਾਗ ਅਲਾਪ ਰਹੇ ਨੇ। ਕੀ ਇਨ੍ਹਾਂ ਦੀ ਸੋਚ ਵਿਚ ਕਦੇ ਮੂਲ ਮੰਤਰ ਦੀ ਆਤਮਾ ਦਾ ਨਿਵਾਸ ਹੋਇਆ ਏ? ਖੁਦ ਨੂੰ ਗੁਰੂ ਆਖ ਕੇ ਖੁਦ ਦੀ ਪੂਜਾ ਕਰਵਾਉਣ ਵਾਲੇ ਅਤੇ ਗੁਫਾਵਾਂ ਤੇ ਭੋਰਿਆਂ ਵਿਚ ਕੁਕਰਮ ਬੀਜਣ ਅਤੇ ਬੁੱਤ-ਪ੍ਰਸਤੀ ਵਿਚੋਂ ਹੀ ਰੱਬ ਨੂੰ ਪਾਉਣ ਦਾ ਹੋਕਰਾ ਦੇਣ ਵਾਲੇ ਇਹ ਰੱਬ ਬਣੇ ਲੋਕ ਕਿਧਰੇ ਸਿੱਖੀ ਬਾਣੇ ਵਿਚ ਸਿੱਖੀ ਦੇ ਦੁਸ਼ਮਣ ਤਾਂ ਨਹੀਂ? ਕੀ ਅਜਿਹੇ ਲੋਕ ਸਿੱਖ-ਸਿਧਾਂਤਾਂ ਤੇ ਸਿੱਖੀ-ਸਰੋਕਾਰਾਂ ਨੂੰ ਖੋਰਾ ਲਾਉਣ ਅਤੇ ਸਿੱਖ ਵਿਚਾਰਾਂ ਨੂੰ ਗੰਧਲਾ ਕਰਨ ਲਈ ਦੋਖੀ ਤਾਕਤ ਵਲੋਂ ਘੁਸਪੈਠ ਤਾਂ ਨਹੀਂ ਕਰਵਾਈ ਗਈ? ਸਿੱਖਾਂ ਨੂੰ ਸੇਧ ਅਤੇ ਸੰਦੇਸ਼ ਦੇਣ ਵਾਲੇ ਸਰਬਉਚ ਸੰਸਥਾਵਾਂ ਦੇ ਮੋਹਰੀ ਕਿਧਰੇ ਕੋਝੀ ਚਾਲ ਦਾ ਸ਼ਿਕਾਰ ਤਾਂ ਨਹੀਂ ਹੋ ਗਏ? ਕੀ ਸਿੱਖ ਫਿਲਾਸਫੀ ਨੂੰ ਖੋਰਾ ਲਾਇਆ ਜਾ ਰਿਹਾ ਏ? ਕੀ ਕਾਰਨ ਹੈ ਕਿ ਕੁਝ ਬਾਬੇ ਰਾਜਸੀ ਅਤੇ ਧਾਰਮਕ ਪੁਸ਼ਤਪਨਾਹੀ ਕਾਰਨ ਖੁਦ ਦੀ ਸਲਤਨਤ ਉਸਾਰਨ ਵਿਚ ਮੋਹਰੀ ਨੇ? ਅਸੀਂ ਮੂਕ ਦਰਸ਼ਕ ਕਿਉਂ ਬਣੇ ਬੈਠੇ ਹਾਂ? ਕੀ ਅਸੀਂ ਸਿੱਖੀ ਸੋਚ ਦੇ ਵਾਰਸ ਹਾਂ? ਦੋਗਲੀ ਸ਼ਖਸੀਅਤ ਨੇ ਸਾਡੇ ਖੋਖਲੇਪਣ ਨੂੰ ਜਾਹਰ ਕਰ ਦਿਤਾ ਏ।

ਗੁਰੂ ਨਾਨਕ ਦੇਵ ਜਦ ਉਦਾਸੀ ਨੂੰ ਤੁਰਦੇ ਨੇ ਤਾਂ ਗੁਰਬਾਣੀ ਨੂੰ ਆਮ ਲੋਕਾਂ ਤੀਕ ਪਹੁੰਚਾਉਣ ਅਤੇ ਸੰਗੀਤ ਰਾਹੀਂ ਲੋਕ-ਮਾਨਸਿਕਤਾ ਵਿਚ ਵਸਾਉਣ ਲਈ ਬਚਪਨ ਦੇ ਸਾਥੀ ਮਰਦਾਨਾ ਰਬਾਬੀ ਨੂੰ ਨਾਲ ਲੈਂਦੇ ਨੇ। ਇਹ ਅਚੇਤ ਰੂਪ ਵਿਚ ਧਾਰਮਕ ਕੱਟੜਤਾ ਨੂੰ ਚੁਣੌਤੀ ਸੀ। ਜਾਤ-ਪਾਤ ਦੇ ਪਾੜੇ ਨੂੰ ਉਲੰਘ ਕੇ ਨੀਵੀਂ ਜਾਤ ਵਾਲੇ ਮਰਦਾਨੇ ਨੂੰ ਬਰਾਬਰ ਦਾ ਰੁਤਬਾ ਦੇ ਕੇ ਉਦਾਸੀਆਂ ਦਾ ਸਦੀਵੀ ਸਾਥੀ ਬਣਾਉਣਾ, ਉਸ ਸਮੇਂ ਦੀ ਸਮਾਜਕ ਨਾ-ਬਰਾਬਰੀ ਨੂੰ ਬਰਾਬਰੀ ਵਿਚ ਤਬਦੀਲ ਕਰਨ ਦਾ ਪਲੇਠਾ ਉਦਮ ਸੀ। ਅਜੋਕੇ ਸਿੱਖ ਤਾਂ ਜਾਤਾਂ ਵਿਚ ਹੀ ਉਲਝ ਕੇ ਰਹਿ ਗਏ ਨੇ। ਜੱਟਾਂ, ਲੁਬਾਣਿਆਂ, ਰਾਮਦਾਸੀਆਂ, ਰਾਮਗੜ੍ਹੀਆਂ ਆਦਿ ਵੱਖ-ਵੱਖ ਫਿਰਕਿਆਂ ਨੇ ਆਪੋ-ਆਪਣੇ ਗੁਰਦੁਆਰੇ ਬਣਾ ਕੇ ਗੁਰਬਾਣੀ ਵਿਚਲੀ ਸਰਬ-ਪ੍ਰਮਾਣਕਿਤਾ ਅਤੇ ਸਭ ਵਰਗਾਂ ਲਈ ਸਤਿਕਾਰ ਨੂੰ ਢਾਹ ਲਾਈ ਏ। ਬਾਬੇ ਨਾਨਕ ਦੀ ਆਤਮਾ ਵਿਚਲੀ ਕੁਰਲਾਹਟ ਅਤੇ ਗੁਰਬਾਣੀ ਦੀ ਤ੍ਰਾਸਦੀ ਨੂੰ ਕਿੰਜ ਕਿਆਸੋਗੇ ਅਤੇ ਕਿੰਜ ਨਾਨਕ-ਸੋਚ ਨੂੰ ਮੁਖਾਤਬ ਹੋਵੋਗੇ? ਗੁਰਦੁਆਰਾ ਤਾਂ ਸਭ ਲਈ ਸਾਂਝਾ ਹੋਣਾ ਚਾਹੀਦਾ ਏ, ਪਰ ਅਸੀਂ ਸਿੱਖੀ ਦੇ ਸੇਵਕ ਹੋ ਕੇ ਖਾਸ ਜਾਤ/ਵਰਗ ਦੇ ਵਿਅਕਤੀਆਂ ਲਈ ਪਾਬੰਦੀਆਂ ਦੇ ਰਾਹ ਤੁਰ ਪਏ ਹਾਂ। ਕੀ ਇਹ ਸਿੱਖੀ ਹੈ? ਕੀ ਅਸੀਂ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਸਿੱਖੀ-ਜੋਤ ਦੀ ਕੋਈ ਕਿਰਨ ਸਾਡੀ ਮਾਨਸਿਕਤਾ ਵਿਚ ਚਾਨਣ ਨਹੀਂ ਬਿਖੇਰਦੀ? ਕੀ ਅਸੀਂ ਸ਼ਬਦ-ਗੁਰੂ ਨੂੰ ਆਪਣੀ ਚੇਤਨਾ ਦਾ ਹਿੱਸਾ ਬਣਾਇਆ ਏ?

ਗੁਰੂ ਨਾਨਕ ਦੇਵ ਨੇ ਚਾਰ ਉਦਾਸੀਆਂ ਚਾਰ ਦਿਸ਼ਾਵਾਂ ਵਿਚ ਕੀਤੀਆਂ ਅਤੇ ਵੱਖ-ਵੱਖ ਖੇਤਰਾਂ ਦੇ ਲੋਕਾਂ, ਵੱਖੋ ਵੱਖਰੇ ਧਰਮਾਂ ਦੇ ਲੋਕਾਂ ਨੂੰ ਉਨ੍ਹਾਂ ਦੀ ਭਾਸ਼ਾ ਅਤੇ ਉਨ੍ਹਾਂ ਦੇ ਰੰਗ ਵਿਚ ਖੁਦ ਨੂੰ ਰੰਗ ਕੇ ਸਿੱਖ-ਸੋਚ ਅਤੇ ਫਿਲਾਸਫੀ ਨੂੰ ਪ੍ਰਚਾਰਿਆ। ਇਕ ਤਰਕ ਸੀ, ਉਨ੍ਹਾਂ ਦੇ ਪ੍ਰਵਚਨਾਂ ਵਿਚ ਅਤੇ ਇਕ ਪੁਖਤਾ ਦਲੀਲ ਸੀ, ਉਨ੍ਹਾਂ ਦੇ ਹਰ ਬੋਲ ਵਿਚ। ਉਹ ਸੱਚ ਨੂੰ ਸੱਚ ਕਹਿਣ ਤੋਂ ਕਦੇ ਵੀ ਹਿਚਕਚਾਉਂਦੇ ਨਹੀਂ ਸਨ। ਭਾਵੇਂ ਉਹ ਬਾਦਸ਼ਾਹ ਬਾਬਰ ਹੋਵੇ, ਮਲਕ ਭਾਗੋ ਹੋਵੇ, ਸਿੱਧ ਯੋਗੀ ਹੋਣ, ਮੌਲਵੀ ਜਾਂ ਪੰਡਿਤ ਹੋਣ। ਉਨ੍ਹਾਂ ਨੇ ਪ੍ਰਚਲਤ ਵਹਿਮਾਂ-ਭਰਮਾਂ ਅਤੇ ਥੋਥੇ ਵਿਚਾਰਾਂ ਨੂੰ ਆਪਣੇ ਤਰਕਸ਼ੀਲ ਵਿਚਾਰਾਂ ਦੀ ਸਾਣ ਨਾਲ ਖੁੰਡੇ ਕੀਤਾ ਅਤੇ ਅਗਿਆਨ ਦੀ ਹਨੇਰ-ਜੂਹ ਵਿਚ ਅਜਿਹੀ ਚਾਨਣ ਕਾਤਰ ਧਰੀ ਕਿ ਸਭ ਲੋਕ ਉਨ੍ਹਾਂ ਦੇ ਮੁਰੀਦ ਹੋ ਗਏ। ਅਸੀਂ ਉਨ੍ਹਾਂ ਦੀਆਂ ਬਾ-ਕਮਾਲ, ਬਾ-ਦਲੀਲ ਅਤੇ ਤਰਕਸ਼ੀਲ ਵਿਚਾਰਧਾਰਾ ਨੂੰ ਨਕਾਰ ਕੇ ਇਸ ਨੂੰ ਕਰਾਮਾਤੀ ਰੰਗਣ ਵਿਚ ਅਜਿਹਾ ਰੰਗਿਆ ਕਿ ਉਨ੍ਹਾਂ ਦੀ ਸੋਚ ਨੂੰ ਧੁੰਦਲਾ ਕਰਨ ਵਿਚ ਸਿੱਖ ਪ੍ਰਚਾਰਕ, ਮਿਥਿਹਾਸਕ ਸਾਖੀਆਂ ਜਾਂ ਕੱਚਘਰੜ ਲੇਖਕ ਹੀ ਸਭ ਤੋਂ ਮੋਹਰੀ ਨੇ। ਵਿਗਿਆਨਕ ਨਜ਼ਰੀਆ ਅਤੇ ਤੱਥ ਭਰਪੂਰ ਦਲੀਲ ਰਾਹੀਂ ਸਿੱਖ ਧਰਮ ਨੂੰ ਦੁਨੀਆਂ ਦੇ ਵੱਡੇ ਹਿੱਸੇ ਵਿਚ ਫੈਲਾਉਣ ਵਾਲੇ ਗੁਰੂ ਦੇ ਸਿੱਖਾਂ ਦੀ ਕੇਹੀ ਮਾਨਸਿਕਤਾ ਬਣ ਗਈ ਏ ਕਿ ਉਹ ਅਜੋਕੇ ਸਮਿਆਂ ਵਿਚ ਤਰਕ ਅਤੇ ਦਲੀਲ ਤੋਂ ਕੋਰੇ ਨੇ। ਉਨ੍ਹਾਂ ਕੋਲ ਸਿਰਫ ਦੂਸਰੀ ਧਿਰ ਨੂੰ ਡਰਾਉਣ, ਧਮਕਾਉਣ ਜਾਂ ਉਸ ਦੀ ਹਸਤੀ ਮਿਟਾਉਣ ਵਾਲਾ ਮਾਰਗ ਹੀ ਇਕ ਬਦਲ ਬਣ ਕੇ ਰਹਿ ਗਿਆ ਏ।

ਕਿਉਂ ਨਹੀਂ ਬਾਬੇ ਨਾਨਕ ਦੇ ਸਿੱਖ ਉਨ੍ਹਾਂ ਦੀ ਸੋਚ ਨੂੰ ਅਪਨਾ ਕੇ ਹਰ ਮਸਲੇ ਅਤੇ ਮੱਤਭੇਦ ਨੂੰ ਦਲੀਲ ਰਾਹੀਂ ਮਿਲ ਬੈਠ ਕੇ ਨਜਿੱਠਣ ਅਤੇ ਭਾਈਚਾਰਕ ਤੰਦਾਂ ਨੂੰ ਹੋਰ ਮਜਬੂਤ ਕਰਨ ਵੱਲ ਪਹਿਲਕਦਮੀ ਕਰਦੇ? ਇਸ ਵਿਚ ਕਿਸੇ ਦਾ ਘਟਾਅ ਨਹੀਂ ਸਗੋਂ ਸਮਾਜਕ ਪੱਧਰ 'ਤੇ ਇੱਜਤ ਵੱਧਦੀ ਏ। ਵੱਖ-ਵੱਖ ਧਾਰਮਕ ਅਦਾਰਿਆਂ ਜਾਂ ਆਗੂਆਂ ਵਲੋਂ ਮਹੱਤਵਪੂਰਨ ਗੁਰਪੁਰਬ ਅਤੇ ਧਾਰਮਕ ਸਮਾਗਮ ਵੱਖ-ਵੱਖ ਤਰੀਕਾਂ 'ਤੇ ਮਨਾਉਣ ਦੀ ਨਵੀਂ ਪਿਰਤ ਸ਼ੁਰੂ ਕਰਕੇ ਸਿੱਖ ਕੌਮ ਹੀ ਮਖੌਲ ਦੀ ਪਾਤਰ ਬਣ ਗਈ ਏ। ਸਾਨੂੰ

(ਅਗਲੇ ਸਫੇ 'ਤੇ ਜਾਰੀ)

ਤਾਂ ਹਰ ਦੂਸਰੇ ਵਿਅਕਤੀ ਵਿਚੋਂ ਰੱਬ ਦਾ ਰੂਪ ਨਹੀਂ ਸਗੋਂ ਇਕ ਦੋਖੀ ਨਜ਼ਰ ਆਉਂਦਾ ਏ ਅਤੇ ਉਸ ਦੀ ਹੋਂਦ ਨੂੰ ਖਤਮ ਕਰਨ ਲਈ ਕਾਹਲੇ ਪੈ ਜਾਂਦੇ ਹਾਂ। ਦਰਅਸਲ ਇਹ ਸਾਡੇ ਮਨ ਵਿਚ ਘਰ ਕਰੀ ਬੈਠੀ ਹੀਣ-ਭਾਵਨਾ ਏ, ਜੋ ਮਨੁੱਖ ਨੂੰ ਕਮਜ਼ੋਰ ਕਰ, ਖੁਦ ਨੂੰ ਖੁਦ ਦੇ ਵਿਨਾਸ਼ ਦੇ ਰਾਹ ਤੋਰਦੀ ਏ।

ਕੀ ਗੁਰੂ ਨਾਨਕ ਦੇਵ ਨੇ ਕਿਸੇ ਨਾਲ ਕੋਈ ਲੜਾਈ-ਝਗੜਾ ਕੀਤਾ ਸੀ? ਉਨ੍ਹਾਂ ਦੀ ਸ਼ਖਸੀਅਤ ਅਤੇ ਸੋਚ ਦਾ ਕੇਹਾ ਕ੍ਰਿਸ਼ਮਾ ਸੀ ਕਿ ਉਹ ਆਪਣੇ ਪ੍ਰਭਾਵਸ਼ਾਲੀ, ਨਿਰਲੇਪ ਅਤੇ ਸਰਬ-ਪ੍ਰਵਾਨਤ ਵਿਚਾਰਾਂ ਨਾਲ ਵਿਰੋਧੀ ਸੋਚ ਨੂੰ ਪ੍ਰਭਾਵਤ ਕਰ, ਆਪਣੀ ਬੁੱਕਲ ਵਿਚ ਲੈ, ਪਿਆਰ ਅਤੇ ਸਦਭਾਵਨਾ ਦਾ ਸੰਦੇਸ਼ ਹਰ ਮਸਤਕ ਵਿਚ ਧਰਦੇ, ਲੋਕਾਈ ਦੀ ਸਰਬ-ਸੁਖਨਤਾ ਦਾ ਪੈਗਾਮ ਫਿਜ਼ਾ ਦੇ ਨਾਮ ਲਾਉਂਦੇ ਸਨ। ਉਹ ਤਾਂ ਪਿਆਰ ਅਤੇ ਮੋਹ ਦਾ ਅਜਿਹਾ ਮੁਜੱਸਮਾ ਸਨ, ਜਿਸ ਦੀ ਬਰਾਬਰੀ ਕੌਣ ਕਰੇਗਾ? ਪਰ ਕੀ ਅਸੀਂ ਉਨ੍ਹਾਂ ਦੀ ਸੋਚ ਦਾ ਕਿਣਕਾ ਮਾਤਰ ਅਪਨਾਉਣ ਵਿਚ ਪਹਿਲ ਕਰ ਸਕਦੇ ਹਾਂ? ਅਸੀਂ ਤਾਂ ਆਪਸ ਵਿਚ ਹੀ ਲੜਦੇ, ਖੁਦ ਵਿਚੋਂ ਸ਼ਬਦ-ਸੋਚ ਨੂੰ ਮਨਫੀ ਕਰ, ਲਾਸ਼ ਬਣ ਕੇ ਜਿਉਣ ਦਾ ਢਕਵੰਜ ਕਰਦੇ ਹਾਂ।

ਜੀਵਨ ਦੇ ਹਰ ਪੜਾਅ 'ਤੇ ਗੁਰੂ ਨਾਨਕ ਦਾ ਵੱਖ-ਵੱਖ ਲੋਕਾਂ ਨਾਲ ਸੰਵਾਦ ਅਤੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਕ ਅਜਿਹੀ ਦਿੱਭ-ਦ੍ਰਿਸ਼ਟੀ ਦਾ ਚਾਨਣ ਸੀ, ਜਿਸ ਦੀ ਆਭਾ ਵਿਚ ਮਨੁੱਖੀ ਹੋਂਦ ਨੂੰ ਚੰਗੇਰੇ ਮਾਰਗ ਦੀ ਦਰਸ਼ਨਾ ਪ੍ਰਾਪਤ ਹੁੰਦੀ ਸੀ। ਇਹ ਭਾਵੇਂ ਮੱਕੇ ਮਦੀਨੇ ਦੀ ਯਾਤਰਾ ਹੋਵੇ, ਹਰਿਦੁਆਰ ਵਿਚ ਗੰਗਾ ਕਿਨਾਰੇ ਸੂਰਜ ਨੂੰ ਪਾਣੀ ਦੇਣ ਦੀ ਪਰੰਪਰਾ ਨੂੰ ਤਰਕਸ਼ੀਲ ਸੋਚ ਨਾਲ ਝੁਠਲਾਉਣਾ ਹੋਵੇ ਜਾਂ ਯੋਗੀਆਂ ਤੇ ਸਿੱਧਾਂ ਸੰਗ ਕੀਤੀ ਗੋਸ਼ਟ ਨਾਲ ਦੁਨਿਆਵੀ ਜੀਵਨ ਨੂੰ ਨਕਾਰਨ ਦੀ ਪ੍ਰਥਾ ਨੂੰ ਜਿੰਮੇਵਾਰੀਆਂ ਤੋਂ ਭੱਜਣ ਨਾਲ ਜੋੜਨਾ ਹੋਵੇ। ਦੁਨਿਆਵੀ ਜੀਵਨ ਵਿਚ ਰਹਿੰਦਿਆਂ, ਪ੍ਰਮਾਰਥ ਦੇ ਮਾਰਗੀ ਬਣਨ ਦੀ ਵਿਚਾਰਧਾਰਾ ਨੇ ਮਨੁੱਖ ਨੂੰ ਸਮਾਜਕ ਫਰਜ਼ਾਂ ਪ੍ਰਤੀ ਕੁਤਾਹੀ ਤੋਂ ਸੁਚੇਤ ਕੀਤਾ। ਇਸ ਨੂੰ ਸੰਤੁਲਤ ਜ਼ਿੰਦਗੀ ਦਾ ਅੰਗ ਮੰਨ ਕੇ, ਪਰਿਵਾਰ ਪਾਲਦਿਆਂ ਹੀ ਆਤਮਕ ਵਿਕਾਸ ਦੇ ਰਾਹ ਪੈਣ ਦੀ ਤਾਕੀਦ ਕੀਤੀ।

ਗੁਰੂ ਨਾਨਕ ਦੇਵ ਦਾ ਸਮੁੱਚਾ ਜੀਵਨ ਪਰਮ-ਪੁਰਖ ਦਾ ਅਜਿਹਾ ਉਚਤਮ ਰੂਪ ਏ ਜੋ ਉਨ੍ਹਾਂ ਦੀ ਬਾਣੀ ਅਤੇ ਜੀਵਨ-ਸ਼ੈਲੀ ਵਿਚੋਂ ਪ੍ਰਤੱਖ ਨਜ਼ਰੀਂ ਪੈਂਦਾ ਏ। ਕੀ ਅਸੀਂ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਪੜ੍ਹਿਆ ਏ? ਇਨ੍ਹਾਂ ਨੂੰ ਆਪਣੀ ਕਰਮਯੋਗਤਾ ਦਾ ਹਿੱਸਾ ਬਣਾਇਆ ਏ? ਕੀ "ਘਾਲਿ ਖਾਇ ਕਿਛੁ ਹਥਹੁ ਦੇਇ..." ਵਰਗੀ ਚੇਤਨਾ ਸਾਡੀ ਜ਼ਮੀਰ ਨੂੰ ਝੰਜੋੜਦੀ ਏ? ਕੀ ਅਸੀਂ ਆਪਣੀ ਕਿਰਤ ਕਮਾਈ ਵਿਚੋਂ ਲੋੜਵੰਦਾਂ ਦੀ ਮਦਦ ਕੀਤੀ ਏ? ਕੀ ਕਿਸੇ ਗਰੀਬ ਗੁਰਬੇ ਲਈ ਆਪਣੀਆਂ ਅਸੀਮਤ ਸੁੱਖ-ਸਹੂਲਤਾਂ ਨੂੰ ਸੀਮਤ ਕਰਨ ਲਈ ਪਹਿਲ ਕਦਮੀ ਕੀਤੀ ਏ? ਕੀ ਇਹ ਸਮਾਜਕ ਬਰਾਬਰੀ ਲਈ ਇਨਕਲਾਬੀ ਕਦਮ ਨਹੀਂ ਹੋਵੇਗਾ ਜਿਸ ਦੀ ਚਾਹਨਾ ਗੁਰੂ ਜੀ ਨੇ ਕੀਤੀ ਸੀ?

ਅਜੋਕੇ ਸਮਿਆਂ ਦੀ ਕੇਹੀ ਤ੍ਰਾਸਦੀ ਹੈ ਕਿ ਅਸੀਂ ਬੇਗੈਰਤ ਹੋ ਗਏ ਹਾਂ। ਮਨੁੱਖ ਦਾ ਬੇਗੈਰਤ ਹੋਣਾ, ਉਸ ਦੀ ਮਾਨਸਿਕ ਮੌਤ ਏ, ਜੋ ਸਰੀਰਕ ਮੌਤ ਨਾਲੋਂ ਵੀ ਜ਼ਿਆਦਾ ਦਰਦੀਲੀ ਅਤੇ ਪੀੜਤ ਹੁੰਦੀ ਏ। ਧੁਖ ਧੁਖ ਕੇ ਮਰਨਾ ਅਤੇ ਆਪਣੀ ਹੋਣੀ 'ਤੇ ਅੱਥਰੂ ਵਹਾਉਣ ਤੋਂ ਵੀ ਤ੍ਰਹਿਣਾ, ਅੱਜ ਦੇ ਸਿੱਖ ਦਾ ਸੰਤਾਪ ਹੈ ਕਿਉਂਕਿ ਅਸੀਂ ਤਾਂ ਗੁਰੂ ਨਾਨਕ ਦੇਵ ਦਾ ਇਹ ਵਾਕ ਤਾਂ ਕਦੇ ਚੇਤਿਆਂ ਵਿਚ ਵਸਾਇਆ ਹੀ ਨਹੀਂ ਕਿ "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮ ਜੇਤਾ ਕਿਛੁ ਖਾਇ॥"

ਅਣਖ ਨਾਲ ਜਿਉਣ ਵਾਲੀਆਂ ਕੌਮਾਂ ਇਤਿਹਾਸ ਦਾ ਵਰਕਾ ਬਣਦੀਆਂ ਨੇ। ਪੰਜਾਬੀਆਂ ਨੂੰ ਤਾਂ ਸਮੇਂ ਦੀਆਂ ਸਰਕਾਰਾਂ ਨੇ ਬੌਣੇ, ਹੀਣੇ ਅਤੇ ਮੰਗਤੇ ਬਣਾ ਦਿਤਾ ਏ ਅਤੇ ਅਸੀਂ ਇਸ ਲਾਚਾਰਗੀ ਵਿਚੋਂ ਹੀ ਜਿਉਣ ਦੀ ਲੋਚਾ ਪਾਲਣ ਲੱਗ ਪਏ ਹਾਂ। ਆਪਣੇ ਸਵੈ-ਅਭਿਮਾਨ, ਨਿਸ਼ਕਾਮਤਾ ਅਤੇ ਪਰਉਪਕਾਰੀ ਸੁਭਾਅ ਨੂੰ ਛੱਡ ਕੇ ਹੰਕਾਰੀ, ਲਾਲਚੀ, ਕਪਟੀ ਅਤੇ ਸੁਆਰਥੀ ਬਣ ਕੇ ਅਸੀਂ ਬਹੁਤ ਕੁਝ ਗਵਾਇਆ ਏ। ਕੁਝ ਪ੍ਰਾਪਤੀ ਲਈ ਨਿੱਜਤਾ ਤੋਂ ਉਪਰ ਉਠ ਕੇ ਸਮਾਜ ਲਈ ਜਿਉਣਾ ਹੀ ਮਨੁੱਖੀ ਸੋਚ ਦੀ ਅਸੀਮਤਾ ਏ। ਇਸ ਲਈ ਮਨੁੱਖੀ ਸ਼ਖਸੀਅਤ ਵਿਚਲੀ ਪਾਕੀਜ਼ਗੀ, ਪਰਉਪਕਾਰਤਾ ਅਤੇ ਪਹਿਲ-ਕਦਮੀ ਦਾ ਰਾਹ ਪਕੜਨਾ ਪਵੇਗਾ। ਕਿਰਤ-ਕਮਾਈ ਦੀ ਸੁੱਚਮਤਾ ਅਤੇ ਉਚਮਤਾ ਪੰਜਾਬੀਆਂ ਦੇ ਜੀਵਨ ਵਿਚੋਂ ਕਿਉਂ ਅਤੇ ਕਿਸ ਨੇ ਗਾਇਬ ਕੀਤੀ ਏ? ਸੋਚਣ ਤੇ ਸਮਝਣ ਦੀ ਲੋੜ ਏ।

ਅਜੋਕਾ ਮਨੁੱਖ ਆਪਣੀਆਂ ਲੋੜਾਂ ਤੇ ਥੋੜ੍ਹਾਂ ਵਿਚ ਉਲਝਿਆ, ਸਮਾਜਕ ਤੇ ਆਰਥਕ ਨਾ-ਬਰਾਬਰੀ, ਬੇਇਨਸਾਫੀ ਅਤੇ ਕਿਰਤ-ਲੁੱਟ ਤੋਂ ਅਣਜਾਣ ਆਪਣੀ ਆਵਾਜ਼ ਬੁਲੰਦ ਕਰਨ ਤੋਂ ਡਰਨ ਲੱਗ ਪਿਆ ਏ। ਅਸੀਂ ਤਾਂ ਆਪਣੇ ਰਹਿਬਰ ਦੇ ਉਸ ਉਲਾਹਮੇ ਨੂੰ ਵੀ ਭੁੱਲ ਗਏ ਹਾਂ, ਜਿਸ ਨੇ ਬਾਬਰ ਵਲੋਂ ਢਾਹੇ ਜਾ ਰਹੇ ਜ਼ੁਲਮ ਅਤੇ ਨਿਤਾਣਿਆਂ ਤੇ ਨਿਮਾਣਿਆਂ 'ਤੇ ਹੋ ਰਹੇ ਤਸ਼ੱਦਦ ਨੂੰ ਦੇਖਦਿਆਂ ਰੱਬ ਨੂੰ ਉਲਾਹਮਾ ਦਿੱਤਾ ਸੀ, "ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ॥" ਜਾਂ "ਜੇ ਸਕਤਾ ਸਕਤੇ ਕੋ ਮਾਰੇ ਤਾ ਮਨਿ ਰੋਸ ਨ ਹੋਈ॥ ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥"

ਅਸੀਂ ਬਾਬੇ ਨਾਨਕ ਦੀ ਉਸ ਆਵਾਜ਼ ਦੀ ਬੁਲੰਦਗੀ ਅਤੇ ਬੇਖੌਫਤਾ ਤੋਂ ਕਾਇਰ ਕਿਉਂ ਹੋ ਗਏ ਹਾਂ? ਆਪਣੇ ਰਹਿਬਰ ਤੋਂ ਕਿਨਾਰਾ-ਕਸ਼ੀ, ਕਿਸੇ ਸੋਚ ਦਾ ਦਫਨ ਹੋਣਾ ਏ ਅਤੇ ਸੋਚ ਮਰਨ ਤੋਂ ਬਾਅਦ ਮਨੁੱਖ ਇਕ ਤਾਬੂਤ ਹੁੰਦਾ ਏ, ਜੋ ਮਿੱਟੀ 'ਚ ਮਿੱਟੀ ਹੋਣ ਤੋਂ ਵੱਧ ਕੁਝ ਨਹੀਂ ਹੁੰਦਾ। ਅਸੀਂ ਤਾਂ ਨਾ-ਸ਼ੁਕਰੇਪਨ ਦਾ ਸਿਖਰ ਹੀ ਸਿਰਜ ਬੈਠੇ ਹਾਂ। ਇਸ ਨਾ-ਸ਼ੁਕਰੇਪਨ ਨੇ ਸਾਡੇ ਪੱਲੇ ਜੀਵਨ-ਦੁਸ਼ਵਾਰੀਆਂ ਅਤੇ ਪੀੜਾਂ ਭਰੇ ਰਾਹਾਂ ਦਾ ਨਾਮਕਰਨ ਹੀ ਦਿਤਾ ਏ।

ਗੁਰੂ ਨਾਨਕ ਦੇਵ ਦੀ ਸੋਚ ਦੀ ਵਿਸ਼ਾਲਤਾ ਅਤੇ ਅਸੀਮ ਦਿਸਹੱਦਿਆਂ ਦੀ ਹਾਥ ਲੈਣ ਦੀ ਚਾਹਨਾ ਤੋਂ ਮੁੱਕਰ ਚੁਕਾ ਮਨੁੱਖ ਖੁਦ ਵਿਚ ਹੀ ਸਿਮਟ ਕੇ ਰਹਿ ਗਿਆ। ਅਜੋਕਾ ਸਿੱਖ ਅਜਿਹੀਆਂ ਪਰੰਪਰਾਵਾਂ, ਰਸਮਾਂ ਅਤੇ ਵਹਿਮਾਂ 'ਚ ਸਾਹਾਂ ਦੀ ਸੰਘੀ ਨੱਪ ਰਿਹਾ ਏ, ਜਿਨ੍ਹਾਂ ਤੋਂ ਨਿਜਾਤ ਲਈ ਗੁਰੂ ਜੀ ਨੇ ਸਿੱਖ-ਸੋਚ ਨੂੰ ਨਵੇਂ ਪੈਗੰਬਰੀ ਅਵਤਾਰ ਦੇ ਰੂਪ ਵਿਚ ਦੁਨੀਆਂ 'ਚ ਪ੍ਰਚੰਡ ਕੀਤਾ ਸੀ। ਵਿਸ਼ਾਲ ਅੰਬਰ ਦੀ ਆਰਤੀ ਉਤਾਰਨ ਵਾਲੇ ਬਾਬਾ ਜੀ ਦੇ ਕੁਝ ਸ਼ਿਸ਼ ਅੱਜ ਕਲ ਥਾਲ ਵਿਚ ਦੀਵਿਆਂ ਨਾਲ ਆਰਤੀ ਉਤਾਰਦੇ ਆਪਣੀ ਬੌਣੀ ਸੋਚ ਦਾ ਪ੍ਰਮਾਣ ਦੇਣ ਲੱਗਿਆਂ ਠਿੱਠ ਵੀ ਨਹੀਂ ਹੁੰਦੇ। ਅਜਿਹੇ ਵਰਤਾਰੇ ਲਈ ਆਪੂ ਬਣੇ ਬਾਬਿਆਂ ਦਾ ਮੋਹਰੀ ਹੋਣਾ, ਸਿੱਖ ਸਮਾਜ ਲਈ ਨਮੋਸ਼ੀ ਦਾ ਸਬੱਬ ਏ ਕਿਉਂਕਿ ਸਿੱਖ ਸਮਾਜ ਵਿਚਲੇ ਧਰਮੀ ਵਿਅਕਤੀ ਅਡੰਬਰੀ ਹੋ ਗਏ ਨੇ। ਇਸ ਅਡੰਬਰ ਵਿਚ ਹੀ ਉਹ ਆਪਣੀਆਂ ਨਿੱਜੀ ਖਾਹਸ਼ਾਂ, ਤੰਗ-ਦਾਇਰਿਆਂ ਅਤੇ ਸੌੜੀ ਸੋਚ ਨਾਲ ਸਿੱਖ-ਸੋਚ ਵਿਚਲੀ ਵਿਸ਼ਾਲਤਾ ਨੂੰ ਨਿੱਕੇ ਜਿਹੇ ਦਾਇਰੇ ਵਿਚ ਸੀਮਤ ਕਰਕੇ, ਇਕ ਫਿਰਕੇ ਤੀਕ ਹੀ ਨਿਯਮਿਤ ਕਰਨ ਲਈ ਹਰ ਹਰਬਾ ਵਰਤ ਰਹੇ ਹਨ। ਲੋੜ ਹੈ ਕਿ ਅਸੀਂ ਗੁਰ-ਸ਼ਬਦ ਵਿਚਲੀ ਅਸੀਮਤਾ, ਉਚਮਤਾ, ਪਾਕੀਜ਼ਗੀ ਅਤੇ ਮਾਨਸਿਕ ਉਡਾਣ ਦੇ ਹਾਣੀ ਬਣਨ ਦੀ ਕੋਸ਼ਿਸ਼ ਕਰੀਏ।

ਗੁਰੂ ਨਾਨਕ ਦੇਵ ਦਾ ਸਮੁੱਚਾ ਜੀਵਨ ਸਾਧਨਾ, ਸਮਰਪਣ ਅਤੇ ਸਪੱਸ਼ਟਤਾ ਨੂੰ ਅਰਪਿੱਤ ਸੀ। ਇਸ ਅਰਪਣ ਵਿਚੋਂ ਹੀ ਉਨ੍ਹਾਂ ਨੇ ਜੀਵਨ ਦੇ ਉਚਤਮ ਗੁਣਾਂ ਦੀ ਨਿਸ਼ਾਨਦੇਹੀ ਕਰਦਿਆਂ ਇਨ੍ਹਾਂ ਨੂੰ ਆਖਰੀ ਸਵਾਸ ਤੱਕ ਜੀਵਿਆ। 'ਤਖਤ ਬਹੈ ਤਖਤੇ ਕੇ ਲਾਇਕ' ਦੇ ਕਥਨ ਅਨੁਸਾਰ ਉਨ੍ਹਾਂ ਨੇ ਗੁਰਗੱਦੀ ਅਤੇ ਸ਼ਬਦ-ਗੁਰੂ ਦੇ ਵਾਰਸ ਵਜੋਂ ਆਪਣੇ ਪੁੱਤਰ-ਮੋਹ ਨੂੰ ਤਰਜ਼ੀਹ ਨਹੀਂ ਦਿਤੀ। ਸਿੱਖੀ-ਸਿਧਾਂਤ ਨੂੰ ਅਪਨਾਉਣ, ਪ੍ਰਚਾਰਨ ਅਤੇ ਇਸ ਵਿਚਾਰਧਾਰਾ ਨੂੰ ਅੱਗੇ ਲਿਜਾਣ ਲਈ ਸਭ ਤੋਂ ਕਾਬਲ ਭਾਈ ਲਹਿਣਾ ਨੂੰ ਗੁਰੂ ਅੰਗਦ ਦੇਵ ਦੀ ਉਪਾਧੀ ਦੇ ਕੇ ਗੁਰ-ਸ਼ਬਦ ਦਾ ਵਾਰਸ ਬਣਾਇਆ। ਕੀ ਅਸੀਂ ਅਜੋਕੇ ਸਮੇਂ ਵਿਚ ਅਜਿਹਾ ਸੋਚ ਸਕਦੇ ਹਾਂ? ਕੀ ਸਾਡੇ ਧਾਰਮਕ, ਸਿਆਸੀ ਅਤੇ ਸਮਾਜਕ ਲੀਡਰਾਂ ਨੇ ਕਦੇ ਇਸ ਸੋਚ 'ਤੇ ਪਹਿਰਾ ਦਿਤਾ ਏ? ਕੀ ਆਪਣੇ ਵੰਸ਼ ਦੀ ਚੌਧਰ ਨੂੰ ਬਰਕਰਾਰ ਰੱਖਣ ਅਤੇ ਧਾਰਮਕ/ਸਿਆਸੀ ਅਦਾਰਿਆਂ 'ਤੇ ਆਪਣਾ ਗਲਬਾ ਕਾਇਮ ਰੱਖਣ ਲਈ ਹਰ ਲੀਡਰ ਹਰ ਹਰਬਾ ਨਹੀਂ ਵਰਤ ਰਿਹਾ? ਕੀ ਗੁਰੂ ਜੀ ਵਲੋਂ ਪ੍ਰਚਾਰੇ ਸਿੱਖੀ ਸਿਧਾਂਤ ਸਿਰਫ ਬੇਗਾਨਿਆਂ ਲਈ ਹਨ ਜਾਂ ਸਿਰਫ ਕਿਤਾਬਾਂ ਜਾਂ ਗ੍ਰੰਥਾਂ ਤੀਕ ਹੀ ਸੀਮਤ ਹਨ? ਅਸੀਂ ਕਿਹੋ ਜਿਹੇ ਸਿੱਖ ਹਾਂ ਜੋ ਸਿੱਖੀ ਭੇਸ ਵਿਚ ਸਿੱਖ ਵਿਚਾਰਧਾਰਾ ਨੂੰ ਕਤਲ ਕਰਨ ਲਈ ਜਿੰਮੇਵਾਰ ਹਾਂ? ਸਿੱਖ ਸੋਚ ਨੂੰ ਸੰਕੀਰਨਤਾ ਵੱਲ ਧਕੇਲਣ ਲਈ ਕੌਣ ਕਸੂਰਵਾਰ ਏ? ਅਜਿਹੇ 'ਚ ਕਿਹੋ ਜਿਹੇ ਮਨੁੱਖ ਦੀ ਸਿਰਜਣਾ ਦਾ ਕਿਆਸ ਕੀਤਾ ਜਾ ਸਕਦਾ ਏ, ਇਹ ਸਾਡੇ ਸਭ ਦੇ ਸਾਹਮਣੇ ਹੈ।

ਅਜਿਹਾ ਮਨੁੱਖ ਜੋ ਗੁਰੂ ਵਲੋਂ ਚਿਤਵੇ ਮਨੁੱਖ ਤੋਂ ਹੀਣਾ ਅਤੇ ਨਿਗੂਣਾ ਏ, ਜਿਸ ਦੀ ਸੋਚ ਨੂੰ ਫੋਕੀਆਂ ਸ਼ੁਹਰਤਾਂ, ਸਿਫਤਾਂ ਅਤੇ ਸੰਕੀਰਨਤਾ ਨੇ ਅੰਦਰੋਂ ਛਲਨੀ ਕੀਤਾ ਹੋਇਆ ਏ, ਉਹ ਪੂਰਨ ਮਨੁੱਖ ਦਾ ਮਖੌਟਾ ਪਾ ਕੇ ਪੂਰਨਤਾ ਦਾ ਦਾਅਵੇਦਾਰ ਬਣ ਰਿਹਾ ਏ। ਯਾਦ ਰੱਖਣਾ! ਸਿੱਖ ਸੋਚ ਨੂੰ ਅੰਤਰੀਵ ਵਿਚ ਵਸਾ ਅਤੇ ਵਿਸਥਾਰ ਕੇ ਹੀ ਅਸੀਂ ਗੁਰੂ ਜੀ ਵਲੋਂ ਕਿਆਸੇ ਮਨੁੱਖੀ ਸ਼ਖਸੀ ਬਿੰਬ ਨੂੰ ਸਿਰਜਣ ਦੇ ਰਾਹ ਤੁਰ ਸਕਦੇ ਹਾਂ। ਇਹ ਮਾਰਗ ਬਿਖੜਾ ਤਾਂ ਹੈ ਪਰ ਇਸ ਦੀਆਂ ਰਹਿਮਤਾਂ ਨੇ ਹੀ ਮਨੁੱਖ ਨੂੰ ਮਾਨਵਵਾਦੀ ਸੋਚ ਦਾ ਮੁੱਦਈ ਬਣਾ ਕੇ, ਪਰਮ ਮਨੁੱਖ ਦਾ ਉਪਨਾਮ ਦੇਣਾ ਏ।

ਬਾਬੇ ਨਾਨਕ ਨੇ ਥੋਥੇ ਮਨੁੱਖੀ ਕਿਰਦਾਰ ਬਾਰੇ ਕੇਡੇ ਵੱਡੇ ਸੱਚ ਦਾ ਖੁਲਾਸਾ ਕਰਦਿਆਂ ਕਿਹਾ ਸੀ, "ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥" ਇਹ ਸੱਚ ਅਜੋਕੇ ਮਨੁੱਖ ਦਾ ਹੈ, ਜੋ ਬਾਬੇ ਨੇ 550 ਸਾਲ ਪਹਿਲਾਂ ਕਹਿ ਦਿਤਾ ਸੀ। ਕੀ ਅਸੀਂ ਬਾਹਰੋਂ ਅਤੇ ਅੰਦਰੋਂ ਇਕਸਾਰ ਹਾਂ? ਕੀ ਅਸੀਂ ਪਰਤਾਂ ਵਿਚ ਜਿਉਂਦੇ ਹਾਂ? ਕੀ ਅਸੀਂ ਮਖੌਟੇ ਬਦਲਣ ਦੇ ਮਾਹਰ ਹਾਂ ਅਤੇ ਲੋੜ ਅਨੁਸਾਰ ਮਖੌਟੇ ਦਾ ਰੰਗ ਅਤੇ ਰੂਪ ਬਦਲ ਕੇ ਨਿੱਜੀ ਮੁਫਾਦ ਦੀ ਪੂਰਤੀ ਲਈ ਜ਼ਮੀਰ ਵੇਚਣ ਲਈ ਵੀ ਤਿਆਰ ਰਹਿੰਦੇ ਹਾਂ? ਜਦ ਹਰ ਮਨੁੱਖ ਵਿਕਾਊ ਹੋ ਜਾਵੇ ਤਾਂ ਕਦਰਾਂ-ਕੀਮਤਾਂ ਦੀ ਕੌਣ ਸ਼ਾਹਦੀ ਭਰੇਗਾ? ਕੌਣ ਸਮਾਜਕ ਤੰਦਾਂ ਵਿਚਲੇ ਮੋਹ ਅਤੇ ਪਕਿਆਈ ਦਾ ਰਾਗ ਗਾਵੇਗਾ? ਕੌਣ ਸੁੱਚੀਆਂ ਸੱਧਰਾਂ, ਸੁਗੰਧਤ ਸਬੰਧਾਂ ਅਤੇ ਮੋਹਵੰਤੀਆਂ ਤਰੰਗਾਂ ਨਾਲ ਮਨ ਦੀਆਂ ਰਮਜਾਂ ਦਾ ਗੀਤ ਗੁਣਗੁਣਾਵੇਗਾ?

ਪਰਮ ਮਨੁੱਖ ਦੀਆਂ ਵਿਸ਼ੇਸ਼ਤਾਵਾਂ, ਗੁਣਾਂ ਅਤੇ ਇਸ ਦੀਆਂ ਬਹੁ-ਪਰਤਾਂ ਨੂੰ ਫਰੋਲਦੀ ਗੁਰ-ਸ਼ਬਦ ਦੀ ਮਹਿਮਾ, ਸੱਚੀ-ਸੁੱਚੀ ਜੀਵਨ ਸ਼ੈਲੀ ਹੈ। ਅਸੀਂ ਇਸ ਜੀਵਨ ਸ਼ੈਲੀ ਨੂੰ ਅਪਨਾਉਣ ਤੋਂ ਆਕੀ ਅਤੇ ਇਸ ਦੀ ਬਹੁ-ਰੰਗਤਾ ਤੋਂ ਕੋਰੇ ਹਾਂ। ਲੋੜ ਹੈ ਕਿ ਅਸੀਂ ਇਸ ਦੀਆਂ ਬਹੁਮੁਲੀਆਂ ਪਰਤਾਂ ਨੂੰ ਜੀਵਨੀ ਪਰਤ ਦਾ ਨਾਮ ਦੇ ਕੇ ਇਸ ਦੀ ਵਿਸ਼ਾਲਤਾ ਵਿਚੋਂ ਹੀ ਸ਼ਖਸੀਅਤ ਨੂੰ ਵਿਸਥਾਰੀਏ। ਇਸ ਦੀ ਉਚਮਤਾ ਵਿਚੋਂ ਕਰਮ-ਧਰਮ ਵਿਚਲੀ ਪਾਕੀਜ਼ਗੀ ਨੂੰ ਹਰ ਸਾਹ ਨਾਲ ਸਿਮਰੀਏ। ਇਸ ਰਾਹੀਂ ਗੁਰੂ-ਮਾਰਗ ਦੇ ਪਾਂਧੀ ਬਣ ਕੇ ਉਤਮ ਮਨੁੱਖ ਦੀ ਪਰਮ ਪਦਵੀ ਪਾਈਏ।

ਅਜਿਹਾ ਵਿਸ਼ਵਾਸ ਰੱਖਣ ਵਿਚ ਤਾਂ ਕੋਈ ਹਰਜ਼ ਨਹੀਂ। ਆਸ ਹੈ ਕਿ ਗੁਰੂ ਜੀ ਦੀ ਨਿਵੇਕਲੀ ਸੋਚ ਦੀ ਕਿਰਨ ਸਾਡੇ ਦਰਾਂ 'ਤੇ ਚਾਨਣ ਚੋਂਦੀ, ਮਸਤਕ ਧਰਾਤਲ ਨੂੰ ਨਵੀਆਂ ਦਿਸ਼ਾਵਾਂ, ਸੰਭਾਵਨਾਵਾਂ, ਸੁਪਨਿਆਂ, ਸਮਰਥਾਵਾਂ ਅਤੇ ਸਫਲਤਾਵਾਂ ਦਾ ਸਬੱਬ ਬਣਨ ਵਿਚ ਮਦਦ ਜਰੂਰ ਕਰੇਗੀ।

# ਕਨਫਿਊਸ਼ੀਅਸ

ਕਨਫਿਊਸ਼ੀਅਸ ਦਾ ਜਨਮ ਉਸ ਦੌਰ ਵਿਚ ਹੋਇਆ, ਜਦੋਂ ਚੀਨ ਦੇ ਵੱਖ-ਵੱਖ ਰਾਜ ਆਪਸ ਵਿਚ ਲੜ-ਝਗੜ ਰਹੇ ਸਨ। ਅਜਿਹੇ ਸਮੇਂ 'ਚ ਲੋਕਾਂ ਦਾ ਮਨੋਬਲ ਟੁੱਟ ਚੁਕਾ ਸੀ ਅਤੇ ਚਾਰੇ ਪਾਸੇ ਅਰਾਜਕਤਾ ਫੈਲੀ ਹੋਈ ਸੀ।

ਕਨਫਿਊਸ਼ੀਅਸ ਦਾ ਚੀਨੀ ਭਾਸ਼ਾ ਵਿਚ ਨਾਮ 'ਕਿੰਗ-ਫੂ-ਤਜ਼ੇ' ਸੀ, ਜਦੋਂ ਕਿ ਲਾਤੀਨੀ ਭਾਸ਼ਾ ਵਿਚ ਇਸ ਦਾ ਉਲਥਾ 'ਕਨਫਿਊਸ਼ੀਅਸ' ਕੀਤਾ ਗਿਆ। ਉਸ ਦਾ ਜਨਮ ਇਕ ਛੋਟੇ ਜਿਹੇ ਰਾਜ 'ਲੂ' ਦੇ ਸ਼ਹਿਰ ਸ਼ਾਨਤੁੰਗ 'ਚ ਹੋਇਆ। ਇਸ ਇਕੱਲੀ ਸ਼ਖਸੀਅਤ ਨੇ ਚੀਨ ਨੂੰ ਜਿੰਨਾ ਪ੍ਰਭਾਵਤ ਕੀਤਾ, ਉਨਾ ਹੋਰ ਕੋਈ ਵਿਅਕਤੀ ਨਾ ਕਰ ਸਕਿਆ।

ਕਨਫਿਊਸ਼ੀਅਸ ਦੇ ਪਿਤਾ ਇਕ ਅਮੀਰ ਸਰਕਾਰੀ ਅਫਸਰ ਸਨ। ਅਜੇ ਉਹ ਤਿੰਨ ਵਰ੍ਹਿਆਂ

ਡਾ. ਨਰੇਸ਼ ਰਾਜ

ਦਾ ਹੀ ਸੀ ਤਾਂ ਉਸ ਦੇ ਅਮੀਰ ਬਾਪ ਦਾ ਹੱਥ ਉਸ ਦੇ ਸਿਰ ਤੋਂ ਉਠ ਗਿਆ। ਉਸ ਨੇ ਆਪਣਾ ਕਿੱਤਾ ਬਾਈ ਸਾਲਾਂ ਦੀ ਉਮਰ ਵਿਚ ਇਕ ਅਧਿਆਪਕ ਦੇ ਤੌਰ 'ਤੇ ਸ਼ੁਰੂ ਕੀਤਾ ਅਤੇ ਆਪਣੀ ਸੂਝ-ਸਿਆਣਪ ਮਿਹਨਤ ਤੇ ਲਗਨ ਸਦਕਾ ਪ੍ਰਧਾਨ ਮੰਤਰੀ ਦੀ ਉੱਚੀ ਪਦਵੀ ਤਕ ਪਹੁੰਚ ਗਿਆ।

ਕਨਫਿਊਸ਼ੀਅਸ ਦੇ ਉਪਦੇਸ਼ਾਂ ਦਾ ਮੁੱਖ ਉਦੇਸ਼ ਸਮਾਜਕ ਸਦਾਚਾਰ ਸੀ। ਸਮਾਜ 'ਚ ਰਹਿੰਦੇ ਲੋਕਾਂ ਦੀ ਜ਼ਿੰਦਗੀ ਤੇ ਉਨ੍ਹਾਂ ਦੇ ਸਮੁੱਚੇ ਵਿਹਾਰ ਨੂੰ ਨੇਮ-ਬੱਧ ਕਰਨ ਵਿਚ ਉਸ ਨੇ ਅਹਿਮ ਭੂਮਿਕਾ ਨਿਭਾਈ। ਉਸ ਦਾ ਸਾਰਾ ਯਤਨ ਮਨੁੱਖੀ ਵਿਹਾਰ ਅਤੇ ਸਰਕਾਰ ਨੂੰ ਉਸਾਰੂ ਲੀਹਾਂ 'ਤੇ ਲੈ ਕੇ ਆਉਣਾ ਸੀ। ਛੇਵੀਂ ਸਦੀ (ਈਸਵੀ ਪੂਰਵ) ਵਿਚ ਭਾਰਤ ਅਤੇ ਚੀਨ ਅੰਦਰ ਹਾਲਾਤ ਕਰੀਬ ਇਕੋ ਜਿਹੇ ਸਨ। ਸਮਾਜ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਗੁਆ ਚੁਕਾ ਸੀ। ਸਮਾਜ ਨੂੰ ਇਕ ਨਵਾਂ ਜੀਵਨ ਦੇਣ ਲਈ ਅਤੇ ਨਵੇਂ ਸਿਰਿਓਂ ਉਸਾਰਨ ਲਈ ਵਿਚਾਰ ਦੀ ਪੱਧਰ 'ਤੇ ਅੱਗੇ ਆਉਣਾ ਤਤਕਾਲੀਨ ਸਮੇਂ ਅੰਦਰ ਇਕੋ-ਇਕ ਸਮੱਸਿਆ ਦਾ ਹੱਲ ਸੀ। ਭਾਰਤ ਵਿਚ ਜਿੱਥੇ ਮਹਾਤਮਾ ਬੁਧ ਨੇ ਆਪਣੇ ਉਪਦੇਸ਼ਾਂ ਵਿਚ 'ਸ਼ਿਲਾ ਪ੍ਰਜਨ ਅਤੇ ਕਰੁਣਾ' (ਆਚਰਣ, ਗਿਆਨ ਅਤੇ ਦਯਾ) ਨੂੰ ਪਹਿਲ ਦਿੱਤੀ, ਉਥੇ ਚੀਨ ਵਿਚ ਕਨਫਿਊਸ਼ੀਅਸ ਨੇ ਅੱਠ ਸਿੱਖਿਆਵਾਂ 'ਤੇ ਚੱਲਣ ਦਾ ਉਪਦੇਸ਼ ਦਿੱਤਾ ਜਿਵੇਂ ਸਹੀ ਵਿਚਾਰ, ਸਹੀ ਯਤਨ, ਸਹੀ ਦਿਮਾਗੀ ਵਰਤੋਂ ਅਤੇ ਸਹੀ ਇਕਾਗਰਤਾ। ਉਨ੍ਹਾਂ ਨੇ ਕਿਹਾ ਸੀ ਕਿ ਜੇ ਮਨੁੱਖ ਚੰਗਿਆਈ, ਸਦਾਚਾਰ ਅਤੇ ਮਨੁੱਖਤਾ ਪ੍ਰਤੀ ਪਿਆਰ ਦੀ ਭਾਵਨਾ ਆਪਣੇ ਦਿਲ ਵਿਚ ਰੱਖਦਾ ਹੈ ਤਾਂ ਇਹ ਦੁਨੀਆਂ ਰਹਿਣ ਲਈ ਸਭ ਤੋਂ ਵਧੀਆ ਥਾਂ ਹੋਵੇਗੀ। ਮਨੁੱਖ ਆਪਣੇ ਆਪ ਨੂੰ ਆਪਣੇ ਮਨ ਅਤੇ ਆਪਣੀਆਂ ਇੱਛਾਵਾਂ ਨੂੰ ਜ਼ਾਬਤੇ ਵਿਚ ਰੱਖਦਾ ਹੈ ਤਾਂ ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਆਪਣੇ ਆਪ ਕ੍ਰਮਬੱਧ ਵਿਕਾਸ ਵੱਲ ਤੁਰ ਪਵੇਗੀ। ਇਸ ਤਰ੍ਹਾਂ ਜੇ ਪਰਿਵਾਰ ਸਵੈ-ਪ੍ਰਬੰਧ ਅਧੀਨ ਕ੍ਰਮਬੱਧ ਵਿਕਾਸ ਕਰਦਾ ਹੈ ਤਾਂ ਕੋਈ ਵੀ ਰਾਜ (ਪ੍ਰਾਂਤ) ਉਨਤੀ ਕਰਨੋਂ ਪਿੱਛੇ ਨਹੀਂ ਰਹਿ ਸਕਦਾ।

ਕਿਉਂਕਿ ਕਨਫਿਊਸ਼ੀਅਸ ਪਰਿਵਾਰ ਨੂੰ ਸਮਾਜ ਦਾ ਇਕ ਅਹਿਮ ਅੰਗ ਸਮਝਦਾ ਸੀ, ਇਸ ਲਈ ਉਹ ਕਹਿੰਦਾ ਸੀ ਕਿ ਘਰੇਲੂ ਰਿਸ਼ਤਿਆਂ ਜਿਵੇਂ ਮਾਂ-ਬਾਪ, ਪਤੀ-ਪਤਨੀ ਅਤੇ ਬੱਚਿਆਂ ਪ੍ਰਤੀ ਵਫਾਦਾਰੀ ਤੋਂ ਬਾਅਦ ਹੀ ਨੈਤਿਕਤਾ ਤੇ ਰਾਜ ਪ੍ਰਤੀ ਸ਼ਰਧਾ ਸਾਡੇ ਸਮਾਜਕ ਵਿਹਾਰ ਦਾ ਅੰਗ ਹਨ।

ਕਨਫਿਊਸ਼ੀਅਸ ਦੇ ਮਤ ਅਨੁਸਾਰ ਦੁਨਿਆਵੀ ਵਸਤਾਂ, ਸਵਰਗ, ਧਰਤੀ ਅਤੇ ਪਰਿਵਾਰ ਇਕ ਵਿਸ਼ਾਲ ਸੰਗਠਨ ਵਿਚ ਬੱਝੇ ਹੋਏ ਹਨ ਜਿਸ ਵਿਚ ਮਨੁੱਖ ਆਪਣੀ ਨਿੱਜੀ ਹੋਂਦ ਗਵਾ ਬੈਠਦਾ ਹੈ। ਫਰਜ਼ ਅਦਾਇਗੀ, ਚੰਗੀਆਂ ਰਸਮਾਂ ਰੀਤਾਂ ਅਤੇ ਸ਼ਿਸ਼ਟਾਚਾਰ ਦੇ ਨਿਯਮ ਸਮਾਜਕ ਸੰਗਠਨ ਨੂੰ ਬਲ ਦਿੰਦੇ ਹਨ ਅਤੇ ਨਾਲ ਹੀ ਉਸ ਦੇ ਨਿਰਵਿਘਨ ਕੰਮ ਕਰਨ ਵਿਚ ਮਦਦ ਕਰਦੇ ਹਨ।

ਕਨਫਿਊਸ਼ੀਅਸ ਅਨੁਸਾਰ ਇਹ ਧਰਤੀ ਸਭ ਤੋਂ ਵੱਡੀ ਸੱਚਾਈ ਹੈ। ਸਮਾਜਕ ਚੌਗਿਰਦੇ ਵਿਚ ਮਨੁੱਖ ਦਾ ਰੁਝੇਵਾਂ ਬੇਸ਼ੱਕ ਉਸ ਦੇ ਇਕੱਲ



*ਕਨਫਿਊਸ਼ੀਅਸ*

ਵਲ ਇਸ਼ਾਰਾ ਕਰਦਾ ਹੈ ਪਰ ਅਪ੍ਰਤੱਖ ਤੌਰ 'ਤੇ ਇਸ ਦਾ ਨਾਤਾ ਦੂਜੇ ਮਨੁੱਖਾਂ, ਪਰਿਵਾਰਾਂ ਅਤੇ ਆਪਣੇ ਦੇਸ਼ (ਪ੍ਰਾਂਤ) ਨਾਲ ਹੁੰਦਾ ਹੈ, ਜੋ ਸਮੁੱਚੇ ਸਮਾਜ ਦੇ ਨਿਰਮਾਣ ਵਿਚ ਚੋਖਾ ਹਿੱਸਾ ਪਾਉਂਦਾ ਹੈ।

ਕਨਫਿਊਸ਼ੀਅਸ ਨੇ ਆਪਣੇ ਵਿਚਾਰਾਂ ਵਿਚ ਮਨੁੱਖਤਾ ਅਤੇ ਮਨੁੱਖਤਾਵਾਦ ਉਪਰ ਸਭ ਤੋਂ ਵੱਧ ਜ਼ੋਰ ਦਿੱਤਾ। ਉਸ ਦਾ ਮੰਨਣਾ ਸੀ ਕਿ ਮਨੁੱਖ ਨੂੰ ਆਪਣੇ ਰੁਝੇਵਿਆਂ ਅਤੇ ਪਰਿਵਾਰ ਵਿਚ ਰੁੱਝੇ ਰਹਿਣ ਦੇ ਬਾਵਜੂਦ ਕੁਦਰਤ ਦੀ ਸ਼ਾਂਤੀ, ਇਕੱਲ ਦਾ ਸਾਥ ਮਾਣਨਾ ਚਾਹੀਦਾ ਹੈ। ਮਨੁੱਖ ਕੁਦਰਤ ਨੂੰ ਕਦੇ ਵੀ ਆਪਣੇ ਵਸ ਕਰਨ ਦੀ ਨਾ ਸੋਚੇ ਪਰ ਅੰਦਰੋਂ ਕੁਦਰਤ ਨਾਲ ਇਕ ਹੋ ਜਾਣ ਦੀ ਤਮੰਨਾ ਵੀ ਰੱਖੇ।

ਸੰਗੀਤ ਬਾਰੇ ਕਨਫਿਊਸ਼ੀਅਸ ਦਾ ਵਿਚਾਰ ਸੀ ਕਿ ਇਸ ਵਿਚ ਇੰਨੀ ਸਮਰਥਾ ਹੁੰਦੀ ਹੈ ਕਿ ਇਹ ਬੁਰਾਈ ਨੂੰ ਅੱਛਾਈ ਵਿਚ ਬਦਲ ਸਕਦਾ ਹੈ, ਸਰੀਰ ਅਤੇ ਬੁੱਧੀ ਨੂੰ ਆਪਣੇ ਵਸ ਕਰ ਸਕਦਾ ਹੈ, ਸਾਡੇ ਭਾਵਾਂ ਨੂੰ ਆਪਣੇ ਅਧੀਨ ਕਰ ਸਕਦਾ ਹੈ।

ਉਹ ਅਜਿਹੇ ਆਦਰਸ਼ ਮਨੁੱਖ ਦੀ ਤਲਾਸ਼ ਵਿਚ ਸੀ ਜੋ ਨਿਮਰਤਾ ਉਦਾਰਤਾ, ਇਮਾਨਦਾਰੀ, ਮਿਹਨਤ ਵਰਗੇ ਗੁਣਾਂ ਨਾਲ ਭਰਪੂਰ ਹੋਵੇ। ਉਹ ਅਧਿਆਤਮਵਾਦੀ ਵਿਚਾਰਾਂ ਦਾ ਬਹੁਤਾ ਕਾਇਲ ਨਹੀਂ ਸੀ ਪਰ ਉਸ ਦੇ ਵਿਚਾਰਾਂ ਦਾ ਮੁੱਖ ਉਦੇਸ਼ ਇਨਸਾਨੀਅਤ ਦਾ ਉਪਦੇਸ਼ ਸੀ।

ਕਨਫਿਊਸ਼ੀਅਸ ਦੀ ਆਤਮਾ, ਪਰਮਾਤਮਾ ਅਤੇ ਬ੍ਰਹਿਮੰਡ ਦੀ ਉਤਪਤੀ ਬਾਰੇ ਚਰਚਾ ਕਰਨ ਵਿਚ ਬਹੁਤ ਘੱਟ ਦਿਲਚਸਪੀ ਸੀ। ਇਕ ਵਾਰ ਉਸ ਦੇ ਇਕ ਵਿਦਿਆਰਥੀ ਨੇ ਪੁੱਛਿਆ ਕਿ ਰੱਬ ਦੀ ਸੇਵਾ ਕਿਵੇਂ ਕਰਨੀ ਚਾਹੀਦੀ ਹੈ? ਤਾਂ ਜਵਾਬ ਸੀ, ਜਦੋਂ ਤਕ ਤੂੰ ਰੱਬ ਦੇ ਬਣਾਏ ਬੰਦਿਆਂ ਦੀ ਸੇਵਾ ਕਰਨ ਤੋਂ ਅਨਜਾਣ ਹੈ, ਤਦੋਂ ਤੀਕ ਤੂੰ ਪਰਮਾਤਮਾ ਦੀ ਸੇਵਾ ਕਰਨ ਵਿਚ ਸਫਲ ਨਹੀਂ ਹੋ ਸਕਦਾ। ਉਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜੇ ਹਰ ਮਨੁੱਖ ਆਪਣੇ ਨਾਂ, ਰੁਤਬੇ ਅਤੇ ਕਿੱਤੇ ਦਾ ਸਹੀ ਪ੍ਰਯੋਗ ਕਰਦਾ ਹੈ ਤਾਂ ਉਸ ਪ੍ਰਾਂਤ ਵਿਚ ਸ਼ਾਂਤੀ ਅਤੇ ਏਕਤਾ ਰਹੇਗੀ। ਮਿਸਾਲ ਵਜੋਂ ਜੇ ਇਕ ਬਾਪ ਆਪਣੇ ਆਪ ਨੂੰ ਸੱਚੇ ਪਿਤਾ ਦੇ ਤੌਰ 'ਤੇ ਪੇਸ਼ ਕਰਦਾ ਹੈ ਤਾਂ ਉਸ ਦੀ ਆਗਿਆ ਦਾ ਪਾਲਣ ਵੀ ਹੋਵੇਗਾ ਅਤੇ ਇੱਜਤ ਵੀ ਹੋਵੇਗੀ। ਕਨਫਿਊਸ਼ੀਅਸ ਚਾਹੁੰਦਾ ਸੀ ਕਿ ਮਨੁੱਖ ਜਿੱਥੇ ਪਰਿਵਾਰਕ ਰਿਸ਼ਤਿਆਂ ਨੂੰ ਪੂਰੀ ਲਗਨ ਅਤੇ ਸੱਚੇ ਦਿਲੋਂ ਨਿਭਾਵੇ, ਉਥੇ ਸਮਾਜਕ ਪ੍ਰਬੰਧ ਵਿਚ ਆਪਣੇ ਫਰਜ਼ ਅਤੇ ਆਪਣੀਆਂ ਸੇਵਾਵਾਂ ਨੂੰ ਯੋਗਤਾ ਅਨੁਸਾਰ ਜ਼ਰੂਰ ਪੂਰਿਆਂ ਕਰੇ।

ਸਭ ਤੋਂ ਪਹਿਲਾਂ ਕਨਫਿਊਸ਼ੀਅਸ ਨੇ ਹੀ ਰਾਜ ਅੰਦਰ ਨਿਆਂ-ਪ੍ਰਬੰਧ ਲਈ ਮੁੱਖ ਜੱਜ ਅਤੇ ਉਸ ਦੀ ਸਹਾਇਤਾ ਲਈ ਸਹਾਇਕ ਜੱਜਾਂ ਦਾ ਹੋਣਾ ਜ਼ਰੂਰੀ ਮੰਨਿਆ। ਉਸ ਨੇ ਕਾਨੂੰਨ ਮਨੁੱਖ-ਮਾਤਰ ਲਈ ਹੀ ਨਹੀਂ ਸਗੋਂ ਜਾਨਵਰਾਂ 'ਤੇ ਬੇਰਹਿਮੀ ਰੋਕਣ ਲਈ ਵੀ ਲਿਖਤੀ ਕਾਨੂੰਨ ਬਣਾਏ। ਸੰਖੇਪ ਵਿਚ ਉਸ ਨੇ ਲੋਕਾਂ ਸਾਹਮਣੇ ਅਜਿਹੇ ਨੈਤਿਕ-ਆਧਾਰ ਰੱਖੇ, ਜਿਸ ਨੂੰ ਅਪਨਾ ਕੇ ਚੀਨੀ ਸਮਾਜ ਨਵੇਂ ਸਿਰਿਓਂ ਉਨਤੀ ਦੇ ਰਾਹ ਪੈ ਗਿਆ।

480 ਈਸਵੀ ਪੂਰਵ ਵਿਚ ਸੱਤਰ ਵਰ੍ਹਿਆਂ ਦੀ ਉਮਰੇ ਕਨਫਿਊਸ਼ੀਅਸ ਇਸ ਦੁਨੀਆਂ ਤੋਂ ਸਦਾ ਲਈ ਕੂਚ ਕਰ ਗਿਆ। ਇਕ ਹਜ਼ਾਰ ਸਾਲ ਮਗਰੋਂ ਚੀਨੀ ਲੋਕਾਂ ਨੇ ਉਸ ਨੂੰ ਰੱਬ ਦਾ ਦਰਜਾ ਦਿੱਤਾ ਅਤੇ ਉਸ ਦੇ ਨਾਂ 'ਤੇ ਕਈ ਮੰਦਿਰਾਂ ਦੀ ਉਸਾਰੀ ਕੀਤੀ। ਜਿਉਂਦੇ ਜੀ ਉਸ ਦੀ ਵਿਚਾਰਧਾਰਾ ਨੂੰ ਮੰਨਣ ਤੇ ਉਸ ਉਪਰ ਚੱਲਣ ਵਾਲਿਆਂ ਦੀ ਗਿਣਤੀ ਵੱਧ ਕੇ 25 ਕਰੋੜ ਹੋ ਗਈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਕਨਫਿਊਸ਼ੀਅਸ ਨੇ ਚੀਨ ਨੂੰ ਜੀਵਨ ਦਾ ਵਿਹਾਰਕ ਫਲਸਫਾ ਦਿੱਤਾ। ਉਸ ਦੀ ਸਾਰੀ ਕੋਸ਼ਿਸ਼ ਇਹੋ ਰਹੀ ਕਿ ਇਕ ਅਜਿਹੇ ਸਮਾਜ ਦੀ ਸਥਾਪਨਾ ਕੀਤੀ ਜਾਵੇ, ਜਿਸ ਅੰਦਰ ਸਮਾਜਕ, ਰਾਜਨੀਤਕ ਅਤੇ ਆਰਥਕ ਤੌਰ 'ਤੇ ਜੀਵਨ ਮਜ਼ਬੂਤ ਸਮਾਜਕ ਨੈਤਿਕਤਾ 'ਤੇ ਖੜ੍ਹਾ ਹੋਵੇ। ਕਨਫਿਊਸ਼ੀਅਸ ਦੇ ਵਿਚਾਰਾਂ ਨੂੰ ਆਧਾਰ ਬਣਾ ਕੇ ਤਤਕਾਲੀ ਚੀਨੀ ਸਮਾਜ ਦੋ ਹਜ਼ਾਰ ਸਾਲਾਂ ਤਕ ਰਹਿਨੁਮਾਈ ਪ੍ਰਾਪਤ ਕਰਦਾ ਰਿਹਾ, ਪਰ ਉਸ ਨੇ ਭੌਤਿਕ ਵਿਗਿਆਨ ਵਲ ਬਹੁਤ ਘੱਟ ਧਿਆਨ ਦਿੱਤਾ। ਉਸ ਦਾ ਵਿਸ਼ਵਾਸ ਸੀ ਕਿ ਗੈਰ-ਚੀਨੀਆਂ ਨਾਲੋਂ ਚੀਨੀ ਲੋਕ ਵੱਧ ਸਮਝ ਰੱਖਣ ਵਾਲੇ ਹਨ। ਉਸ ਦਾ ਪੁਰਾਤਨਤਾ ਨੂੰ ਅਪਨਾਈ ਰੱਖਣ ਵਿਚ ਯਕੀਨ ਸੀ। ਇਨ੍ਹਾਂ ਸਭ ਕਾਰਨਾਂ ਕਰਕੇ ਚੀਨ ਰੂੜ੍ਹੀਵਾਦੀ ਬਣਦਾ ਗਿਆ।

ਅੱਜ ਵੀ ਚੀਨ ਕਨਫਿਊਸ਼ੀਅਸ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੈ ਅਤੇ ਕਿਸੇ ਹੱਦ ਤਕ ਅੱਜ ਵੀ ਉਸ ਦੇ ਵਿਚਾਰਾਂ ਨੂੰ ਆਪਣਾ ਪ੍ਰੇਰਣਾ ਸ੍ਰੋਤ ਬਣਾਉਣਾ ਹੈ।

## ਗਦਰ ਦੀਆਂ ਗੱਲਾਂ

# ਹਿੰਦੁਸਤਾਨ ਗਦਰ ਪਾਰਟੀ ਦੀ ਮੁਖਤਸਰ ਹਿਸਟਰੀ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਐਤਕੀਂ ਅਸੀਂ ਪ੍ਰਸਿਧ ਗਦਰੀ ਭਾਈ ਰਤਨ ਸਿੰਘ (ਰਾਏਪੁਰ ਡੱਬਾ) ਦੇ ਦੋ ਲੇਖ ਛਾਪ ਰਹੇ ਹਾਂ। ਪਹਿਲਾਂ ਲੇਖ ਉਨ੍ਹਾਂ ਵਲੋਂ ਗਦਰ ਪਾਰਟੀ ਦਾ ਪ੍ਰਤੀਨਿਧ ਹੋਣ ਦੀ ਹੈਸੀਅਤ ਵਿਚ ਸ਼ਹਿਨਸ਼ਾਹੀ ਵਿਰੁਧ ਲੀਗ ਦੀ ਅਸੈਂਬਲੀ ਵਿਚ ਅਤੇ ਦੂਜਾ ਲੇਖ, ਸ਼ਹਿਨਸ਼ਾਹੀ ਵਿਰੁਧ ਲੀਗ ਦੇ ਜਲਸੇ ਕੀਤੀਆਂ ਤਕਰੀਰਾਂ ਹਨ। ਇਨ੍ਹਾਂ ਤੋਂ ਉਸ ਵੇਲੇ ਗਦਰੀਆਂ ਦੇ ਮਨਾਂ ਅੰਦਰਲੇ ਉਠਦੇ ਗਦਰ ਦੀ ਥਾਹ ਪਾਈ ਜਾ ਸਕਦੀ ਹੈ। -ਸੰਪਾਦਕ*

ਸੰਨ 1907 ਵਿਚ ਹਿੰਦੁਸਤਾਨ ਦੇ ਸ਼ਾਮਿਲ ਮਗ਼ਰਬੀ (ਪੱਛਮੀ) ਹਿੱਸੇ (ਪੰਜਾਬ) ਵਿਚੋਂ ਕਈ ਕਿਸਾਨਾਂ ਤੇ ਗਰੀਬ ਲੋਕ ਹੇਠ ਲਿਖੇ ਦੋ ਕਾਰਨਾਂ ਕਰਕੇ ਅਮਰੀਕਾ, ਕੈਨੇਡਾ ਤੇ ਪਨਾਮਾ ਦੇ ਮੁਲਕਾਂ ਵਿਚ ਚਲੇ ਗਏ ਤਾਂ ਕਿ ਕੁਝ ਐਸਾ ਕਮਾ ਕੇ



ਭਾਈ ਰਤਨ ਸਿੰਘ

ਕਾਸਬ ਸ਼ਾਹੂਕਾਰਾਂ ਦਾ ਪੈਸਾ ਸਿਰੋਂ ਉਤਾਰਣ ਜੋ ਉਨ੍ਹਾਂ ਦੇ ਜੀਵਨ ਨੂੰ ਤੰਗ ਕਰ ਰਿਹਾ ਸੀ ਅਤੇ ਆਪਣੀ ਭੈੜੀ ਆਰਥਿਕ ਦਸ਼ਾ ਨੂੰ ਕੁਝ ਸੁਧਾਰ ਸਕਣ। ਇਨ੍ਹਾਂ ਤੋਂ ਇਲਾਵਾ ਕਈ ਲੋਕ ਉਪਰੋਕਤ ਦੋ ਕਾਰਨਾਂ ਕਰਕੇ ਚੀਨ ਮਲਾਇਆ ਤੇ ਫਿਲਪੀਨ ਮੁਲਕਾਂ ਵਿਚ ਗਏ, ਪੁਲਸੀਏ ਤੇ ਚੌਕੀਦਾਰਾਂ ਦੇ ਕੰਮ 'ਤੇ ਲੱਗ ਪਏ।


ਹੌਲੀ ਹੌਲੀ ਇਹ ਲੋਕ ਅਮਰੀਕਾ ਤੇ ਕੈਨੇਡਾ ਵੱਲ ਵੀ ਵਧਣ ਲੱਗੇ ਕਿ ਕੈਨੇਡਾ ਤੇ ਅਮਰੀਕਾ ਦੀ ਇਮੀਗਰੇਸ਼ਨ ਦੀ ਰਿਪੋਰਟ ਅਨੁਸਾਰ ਸੰਨ 1910 ਵਿਚ ਹਿੰਦੁਸਤਾਨੀ ਮਜ਼ਦੂਰ ਲਗਭਗ 30 ਹਜ਼ਾਰ ਦੀ ਗਿਣਤੀ ਵਿਚ ਨਵੀਂ ਦੁਨੀਆਂ ਦੇ ਉਤਰੀ ਹਿੱਸੇ ਵਿਚ ਪਹੁੰਚ ਗਏ। ਇਨ੍ਹਾਂ ਦਿਨਾਂ ਵਿਚ ਬਜਰ ਨਿਕਲੇ ਹਿੰਦੀਆਂ ਨੂੰ ਹਜ਼ਾਰਾਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਬਰਤਾਨੀਆਂ ਦੀ ਸ਼ਾਹੀ ਪ੍ਰਸਤ ਹਕੂਮਤ ਇਸ ਗੱਲ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦੀ ਕਿ ਗਰੀਬ ਪਰ ਸਖਤ ਜਾਨ ਹਿੰਦੀ ਮਜ਼ਦੂਰ ਆਪਣੀ ਰੋਜ਼ੀ ਕਮਾ ਸਕਣ ਤੇ ਨਾਲ ਨਾਲ ਹੀ ਆਜ਼ਾਦ ਦੇਸ਼ਾਂ ਵਿਚ ਰਹਿਣ ਕਰਕੇ ਆਪਣੀ ਗ਼ੁਲਾਮੀ ਦੀ ਦਸ਼ਾ ਨੂੰ ਅਨੁਭਵ ਕਰਨ ਲੱਗ ਜਾਣ ਤੇ ਆਜ਼ਾਦੀ ਦੀ ਮੁਹੱਬਤ ਵਿਚ ਰਸੇ ਜਾਣ। ਸਰਕਾਰ ਬਰਤਾਨੀਆਂ ਨੂੰ ਇਸ ਗੱਲ ਦਾ ਖਤਰਾ ਲੱਗਿਆ ਤੇ ਇਨ੍ਹਾਂ ਲੋਕਾਂ ਨੂੰ ਕੈਨੇਡਾ ਤੋਂ ਹੰਡੂਰਾਸ ਭੇਜਣ ਦਾ ਫੈਸਲਾ ਕਰ ਲਿਆ। ਗੌਰਮਿੰਟ ਨੇ ਕੋਸ਼ਿਸ਼ ਕੀਤੀ ਕਿ ਹੰਡੂਰਾਸ ਦੀ ਖੁਸ਼ਹਾਲੀ ਦੇ ਸਬਜ਼ ਬਾਗ਼ ਦਿਖਾ ਕੇ ਇਨ੍ਹਾਂ ਨੂੰ ਲਾਲਚ ਦਿੱਤਾ ਜਾਵੇ। ਪਰ ਉਹ ਇਸ ਜਾਲ ਵਿਚ ਨਾ ਫਸੇ, ਉਨ੍ਹਾਂ ਨੇ ਤਾਬੜ ਤੋੜ (ਫੈਸਲਾ ਕੀਤਾ ਕਿ) ਖਾਲਸਾ ਦੀਵਾਨ ਦੀ ਛਤਰ ਛਾਇਆ ਹੇਠਾਂ ਹੰਡੂਰਾਸ ਦੀ ਅਸਲ ਹਾਲਤ ਦੀ ਦੇਖਭਾਲ ਕਰਨ ਵਾਸਤੇ ਇਕ ਵਫਦ ਤਿਆਰ ਕਰ ਲੈਣਾ ਚਾਹੀਦਾ ਹੈ। ਅੰਗਰੇਜ਼ਾਂ ਨੇ ਇਸ ਵਫਦ ਨੂੰ ਵੱਢੀ ਦੇ ਕੇ ਆਪਣੇ ਬਿਆਨ ਦਾ ਹੱਕ ਪੂਰਨ ਵਾਲੀ ਤੇ ਹੰਡੂਰਾਸ ਦੀ ਹਾਲਤ ਨੂੰ ਸੋਹਣੇ ਰੰਗਾਂ ਵਿਚ ਪੇਸ਼ ਕਰਨ ਵਾਲੀ ਰਿਪੋਰਟ ਹਾਸਿਲ ਕਰਨ ਦਾ ਯਤਨ ਕੀਤਾ।

ਪਰ ਵਫਦ ਦੇ ਮੈਂਬਰ ਆਪਣੇ ਸਾਥੀਆਂ ਦੇ ਹੱਕ ਵਿਚ ਰਹੇ ਤੇ ਉਨ੍ਹਾਂ ਨੇ ਸਗੋਂ ਇਕ ਖੁਲ੍ਹੇ ਦੀਵਾਨ ਵਿਚ ਸਾਰੇ ਭਾਈਆਂ ਕੋਲ ਅੰਗਰੇਜ਼ਾਂ ਦੀ ਗਿਰਾਵਟ ਭਰੀ ਤੇ ਸ਼ੈਤਾਨੀ ਚਾਲ ਦਾ ਪੋਲ ਖੋਲ੍ਹ ਦਿੱਤਾ। ਇਸ ਤਰ੍ਹਾਂ ਇਹ ਵਿਚਾਰੇ ਹਿੰਦੀ ਬੇਕਾਰੀ ਦੇ ਅੱਡੇ ਤੇ ਬੁਰੀ ਆਬੋ ਹਵਾ ਨਾਲੇ ਹੰਡੂਰਾਸ ਦੇ ਦੋਜ਼ਖ ਤੋਂ ਬਚ ਗਏ। ਇਥੇ ਹੀ ਬਸ ਨਹੀਂ, ਸਗੋਂ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਕੀ (ਕਿ) ਸ਼ਾਹੀ ਪ੍ਰਸਤ ਉਨ੍ਹਾਂ ਨੂੰ ਕਿਸ ਤਰ੍ਹਾਂ ਕੁਚਲਣ ਵਾਸਤੇ ਕਮੀਨੀਆਂ ਚਾਲਾਂ ਪਰ ਚੱਲੇ ਹੋਏ ਸਨ। ਸਰਕਾਰ ਬਰਤਾਨੀਆ ਦੀ ਇਸ ਸ਼ੈਤਾਨੀਅਤ ਤੇ ਧੋਖੇ ਭਰੀ ਚਾਲਾਂ ਨੂੰ ਦੇਖ ਕੇ ਇਕ ਭਾਰੀ ਹਲਚਲ ਮੱਚ ਗਈ। ਇਸ ਤੋਂ ਬਾਅਦ ਅੰਗਰੇਜ਼ਾਂ ਨੇ ਧੱਕੇ ਜ਼ੋਰੀ ਨਾਲ ਵੀ ਇਨ੍ਹਾਂ ਨੂੰ ਕੱਢਣ ਦੀ ਕੋਸ਼ਿਸ਼ ਕੀਤੀ ਪਰ ਨਿਸਫਲ ਰਹੇ। ਥੋੜ੍ਹੇ ਚਿਰ ਤੋਂ ਬਾਅਦ ਵੈਨਕੂਵਰ ਖਾਲਸਾ ਦੀਵਾਨ ਨੇ ਇਕ ਅਖਬਾਰ ਜਾਰੀ ਕੀਤਾ। ਇਸ ਖਿਆਲ ਨਾਲ ਕਿ ਆਪਣੇ ਭਾਈਆਂ ਵਿਚ ਪ੍ਰਚਾਰ ਕੀਤਾ ਜਾਵੇ ਤੇ ਉਨ੍ਹਾਂ ਨੂੰ ਸਰਕਾਰ ਤੋਂ ਆਪਣੇ ਹੱਕ ਬਚਾਉਣ ਵਾਸਤੇ ਤਿਆਰ ਕੀਤਾ ਜਾਵੇ। ਪਰ ਬਹੁਤ ਕਿਸਮ ਦੀਆਂ ਔਕੜਾਂ ਦੇ ਕਾਰਨ ਜਿਨ੍ਹਾਂ ਵਿਚੋਂ ਇਕ ਮੁਕਾਮੀ ਪਰੈਸ ਐਕਟ ਵੀ ਸੀ ਅਤੇ ਜੋ ਖਾਸ ਕਰਕੇ ਇਹ ਅਖਬਾਰ ਜਾਰੀ ਕਰਨ ਦੀ ਲੋੜ ਮਹਿਸੂਸ ਕਰਦੀ ਸੀ। ਸੰਨ 1912 ਵਿਚ ਕੈਲੀਫੋਰਨੀਆ ਵਿਚ ਇਕ ਅਕਾਲੀ ਜਥਾ ਕਾਇਮ ਕੀਤਾ ਗਿਆ। ਕੁਝ ਦੇਰ ਬਾਅਦ ਅਕਾਲੀ ਜੱਥਾ ਵੀ ਨਵੀਂ ਜਥੇਬੰਦੀ ਵਿਚ ਸ਼ਾਮਿਲ ਹੋ ਗਿਆ ਜਿਸ ਦੀ ਬੁਨਿਆਦ ਇਸ ਤਰ੍ਹਾਂ ਰੱਖੀ ਗਈ।

ਇਕ ਨਵੰਬਰ ਸੰਨ 1913 ਨੂੰ ਅਮਰੀਕਾ ਨਿਵਾਸੀ ਹਿੰਦੀ ਮਜ਼ਦੂਰਾਂ ਦਾ ਇਕ ਆਮ ਇਕੱਠ ਕੀਤਾ ਗਿਆ। ਉਥੇ ਇਹ ਵੀ ਪਾਸ ਕੀਤਾ ਗਿਆ ਕਿ ਹਿੰਦੁਸਤਾਨੀ ਜ਼ਬਾਨਾਂ (ਉਰਦੂ ਤੇ ਗੁਰਮੁਖੀ) ਵਿਚ ਇਕ ਅਖਬਾਰ ਜਾਰੀ ਕੀਤਾ ਜਾਵੇ ਤੇ ਨਾਲ ਹੀ ਗਦਰ ਪਾਰਟੀ ਨਾਮੀ ਜਥੇਬੰਦੀ ਦੀ ਬੁਨਿਆਦ ਰੱਖੀ ਗਈ। ਉਸ ਦਿਨ ਤੋਂ ਲੈ ਕੇ ਇਸ ਜਥੇਬੰਦੀ ਨੂੰ ਪੱਕਿਆਂ ਪੈਰਾਂ 'ਤੇ ਕਰਕੇ ਇਸ ਦੇ ਦਾਇਰੇ ਨੂੰ ਖੁੱਲ੍ਹਾ ਕਰਨ ਦੇ ਭਾਰੀ ਯਤਨ ਕੀਤੇ ਜਾਂਦੇ ਹਨ। ਗਦਰ ਦੇ ਅਰਥ ਰੈਵੋਲੀਉਸ਼ਨ ਹਨ। ਇਸ ਲਈ ਦੂਜੇ ਗਦਰ ਅਖਬਾਰ ਦੇ ਐਡੀਟਰ ਦੇ ਕੁਝ ਲੇਖ ਜਾਰ ਰੂਸ ਦੇ ਵਿਰੁਧ ਲਿਖੇ ਤਾਂ ਇਮੀਗਰੇਸ਼ਨ ਕੋਰਟ ਵਿਚ ਉਸ ਦੇ ਵਿਰੁਧ ਮੁਕੱਦਮਾ ਚਲਾਇਆ ਗਿਆ। ਇਸ ਤੋਂ ਬਾਅਦ ਗਦਰ ਪਾਰਟੀ ਦਾ ਨਾਮ ਹਿੰਦੁਸਤਾਨ ਗਦਰ ਪਾਰਟੀ ਵਿਚ ਬਦਲ ਦਿਤਾ ਗਿਆ ਤੇ ਅਖਬਾਰ ਹਿੰਦੁਸਤਾਨ ਗਦਰ ਦੇ ਨਾਮ ਹੇਠ ਜਾਰੀ ਹੋਇਆ। ਇਸ ਤੋਂ ਕੁਝ ਚਿਰ ਪਹਿਲਾਂ ਕੈਨੇਡੀਅਨ ਇਮੀਗਰੇਸ਼ਨ ਮਹਿਕਮੇ ਨੇ ਹਿੰਦੀ ਮਜ਼ਦੂਰਾਂ ਨੂੰ ਕੈਨੇਡਾ ਵਿਚ ਉਤਰਨ ਦੀ ਇਸ ਕਰਕੇ ਮਨਾਹੀ ਕਰ ਦਿੱਤੀ ਕਿ ਉਹ ਵਿਦੇਸ਼ੀ ਜਹਾਜਾਂ ਵਿਚ ਆਉਂਦੇ ਹਨ ਤੇ ਕਿਹਾ ਕਿ ਜਦੋਂ ਤਾਈਂ ਉਹ ਆਪਣੇ ਜਹਾਜਾਂ ਵਿਚ ਨਾ ਸਫਰ ਕਰਨ, ਉਦੋਂ ਤਕ ਕੈਨੇਡਾ ਵਿਚ ਨਹੀਂ ਉਤਰ ਸਕਦੇ। ਹਿੰਦੀ ਮਜ਼ਦੂਰਾਂ ਨੇ ਅਜੇ ਵੀ ਹੌਸਲਾ ਨਾ ਹਾਰਿਆ ਤੇ ਇਸ ਔਕੜ ਨੂੰ ਦੂਰ ਕਰਨ ਵਾਸਤੇ ਵੀ ਕਮਰ ਕਸੇ ਕਰ ਲਏ। ਸਾਥੀ ਗੁਰਦਿੱਤ ਸਿੰਘ ਦੀ ਅਗਵਾਈ ਹੇਠ ਕਾਮਾਗਾਟਾ ਮਾਰੂ ਨਾਮ ਜਹਾਜ ਕਿਰਾਏ 'ਤੇ ਲੈ ਕੇ ਕੈਨੇਡਾ ਨੂੰ ਤੁਰ ਪਏ। ਜਦੋਂ ਉਹ ਕੈਨੇਡਾ ਪੁੱਜੇ ਤਾਂ ਸਰਕਾਰ ਅੰਗਰੇਜ਼ੀ ਪੂਰੀ ਬੇਸ਼ਰਮੀ ਨਾਲ ਆਪਣੇ ਅਲਫਾਜ਼ ਤੋਂ ਫਿਰ ਗਈ ਤੇ ਕਿਰਤੀਆਂ ਨੂੰ ਉਤਰਨ ਦੀ ਆਗਿਆ ਨਹੀਂ ਦਿਤੀ ਗਈ।

ਕੈਨੇਡੀਅਨ ਇਮੀਗਰੇਸ਼ਨ ਮਹਿਕਮੇ ਨੇ ਦਾਉ ਘਾਤ ਖੇਲਣੇ ਸ਼ੁਰੂ ਕਰ ਦਿੱਤੇ ਅਤੇ ਰਾਤ ਦੇ ਹਨੇਰੇ ਵਿਚ ਜਹਾਜ ਨੂੰ ਖਿੱਚ ਕੇ ਬੰਦਰਗਾਹ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਮੁਸਾਫਰ ਤਾੜ ਗਏ, ਉਨ੍ਹਾਂ ਨੇ ਰੱਸੇ ਕੱਟ ਦਿੱਤੇ। ਇਸ ਤੋਂ ਬਾਅਦ ਕੈਨੇਡਾ ਦੀ ਪੁਲਿਸ ਨੇ ਨਿਹੱਥੇ ਭਾਰਤੀਆਂ ਉਪਰ ਗੋਲੀਆਂ ਦਾਗ਼ ਦਿੱਤੀਆਂ। ਅੱਗੋਂ ਉਨ੍ਹਾਂ ਨੇ ਵੀ ਗੋਲਿਆਂ ਦਾ ਮੀਂਹ ਵਰ੍ਹਾ ਕੇ ਪੁਲਿਸ ਨੂੰ ਜਵਾਬ ਦਿੱਤਾ। ਇਸੇ ਤਰ੍ਹਾਂ ਹਕੂਮਤ ਦੀਆਂ ਸਾਰੀਆਂ ਚਾਲਾਂ ਫੇਲ੍ਹ ਹੋ ਗਈਆਂ, ਪਰ ਇੰਨੇ ਚਿਰ ਨੂੰ ਜਹਾਜ ਵਾਲਿਆਂ ਦਾ ਰਾਸ਼ਨ ਨੇੜੇ ਹੋ ਗਿਆ ਤੇ ਇਸ ਮਾਮਲੇ ਨੂੰ ਨਜਿੱਠਣ ਲਈ ਖਾਲਸਾ ਦੀਵਾਨ ਵੱਲੋਂ ਨੀਯਤ ਕੀਤੀ ਗਈ ਕਮੇਟੀ ਨੇ ਫੈਸਲਾ ਦਿੱਤਾ ਕਿ ਜਹਾਜ ਹਿੰਦੁਸਤਾਨ ਨੂੰ ਵਾਪਸ ਚਲਾ ਜਾਵੇ। ਇਸ ਲਈ ਜਹਾਜ ਵਾਪਿਸ ਹੋਇਆ ਤੇ ਕਲਕੱਤੇ ਦੇ ਬਜ ਬਜ ਘਾਟ 'ਤੇ ਲੱਗਾ। ਜਦੋਂ ਇਥੇ ਗਰੀਬ ਮੁਸਾਫਰ ਉਤਰੇ ਤਾਂ ਫੌਜ ਨੇ ਗੋਲੀਆਂ ਨਾਲ ਇਨ੍ਹਾਂ ਦਾ ਸੁਆਗਤ ਕੀਤਾ। 19 ਸਾਥੀ ਜਾਨ ਤੋਂ ਮਾਰੇ ਗਏ ਤੇ ਬਾਕੀ ਦੇ ਜੇਲਾਂ ਵਿਚ ਧੱਕ ਕੇ ਕਾਬੂ ਕਰ ਲਏ ਗਏ। ਜਦੋਂ ਜਹਾਜ ਕੈਨੇਡਾ ਦੇ ਕਿਨਾਰੇ ਨੂੰ ਛੱਡ ਗਿਆ ਸੀ ਤਾਂ ਇਮੀਗਰੇਸ਼ਨ ਮਹਿਕਮੇ ਨੇ ਹੋਪਕਿਨਸਨ ਨਾਮੀ ਇਸ ਮਹਿਕਮੇ ਦੇ ਇਕ ਸਾਰਜੰਟ ਦੀ ਚਲਾਕੀ ਰਾਹੀਂ (ਜੋ ਅਸਲ ਵਿਚ ਅੰਗਰੇਜ਼ੀ ਹਿੰਦੁਸਤਾਨੀ ਸੀ.ਆਈ.ਡੀ. ਦਾ ਮੈਂਬਰ ਸੀ) ਉਨ੍ਹਾਂ ਦੇ ਮਜ਼ਦੂਰਾਂ ਨੂੰ ਜੋ ਆਪਣੇ ਸਾਥੀਆਂ ਲਈ ਕਾਨੂੰਨੀ ਚਾਰਾਜੋਈ ਕਰਨ ਵਾਸਤੇ ਹਿੰਦੁਸਤਾਨ ਨੂੰ ਆਉਣ ਦੀਆਂ ਤਿਆਰੀਆਂ ਕਰ ਰਹੇ ਹਨ, ਇਕ ਹਿੰਦੀ ਗਦਰੀ ਹੱਥੋਂ ਸ਼ਹੀਦ ਕਰਾ ਦਿੱਤਾ। ਜਦੋਂ ਇਨ੍ਹਾਂ ਦੇ ਸਾਥੀਆਂ ਦੇ ਕਤਲ ਦਾ ਮੁਕੱਦਮਾ ਚਲਿਆ ਤਾਂ ਭਾਈ ਮੇਵਾ ਸਿੰਘ ਨੇ ਜੋ ਕੈਨੇਡਾ 'ਚ ਇਕ ਉੱਘਾ ਕੌਮਪ੍ਰਸਤ ਸੀ, ਅਦਾਲਤ ਦੇ ਕਮਰੇ ਵਿਚ ਹੋਪਕਿਨਸਨ ਲਾਹ ਕੇ ਰੱਖ ਦਿੱਤਾ। ਬਾਅਦ 'ਚ ਮੇਵਾ ਸਿੰਘ ਝਾਂਸੀ ਆ ਗਿਆ।

ਐਨ ਇਸ ਮੌਕੇ 'ਤੇ, ਭਾਵ 1914 ਵਿਚ



*ਪੁਰਾਣੇ ਹੰਕਾਓ ਸ਼ਹਿਰ ਦੀ ਅੱਜ ਦੀ ਝਲਕ। ਤਿੰਨ ਸ਼ਹਿਰਾਂ ਹੰਕਾਓ, ਵੂਚਾਂਗ ਅਤੇ ਹਾਨਯਾਂਗ ਦੇ ਰਲੇਵੇਂ ਤੋਂ ਹੁਣ ਵੂਹਾਨ ਸ਼ਹਿਰ ਹੋਂਦ ਵਿਚ ਆ ਚੁੱਕਾ ਹੈ।*

ਯੂਰਪ ਦੀਆਂ ਸ਼ਾਹੀ ਹਕੂਮਤਾਂ ਵਿਚਕਾਰ ਜੰਗ ਲਗ ਗਈ। ਹਿੰਦੁਸਤਾਨ ਵਿਚੋਂ ਅੰਗਰੇਜ਼ੀ ਰਾਜ ਨੂੰ ਉਖਾੜਨ ਦਾ ਇਹ ਬੜਾ ਮੁਨਾਸਿਬ ਸਮਾਂ ਸੀ, ਇਸ ਲਈ ਸਾਡੀ ਪਾਰਟੀ ਜੋ ਅਜੇ ਬਿਲਕੁਲ ਬਾਲ ਅਵਸਥਾ ਵਿਚ ਹੋਣ ਕਰਕੇ ਸਾਰੇ ਮੁਲਕ ਭਰ ਵਿਚ ਗਦਰ ਮਚਾਉਣ ਤੋਂ ਅਸਮਰਥ ਸੀ, ਹਿੰਦੁਸਤਾਨ ਦੇ ਜ਼ਾਲਮਾਂ ਦੀ ਤਾਕਤਾਂ ਦੇ ਵਿਰੁਧ ਜੰਗ ਕਰਨ ਵਾਸਤੇ ਮੈਦਾਨ ਵਿਚ ਕੁਦ ਪਈ। ਸਭ ਪਾਰਟੀ ਦੇ ਮੈਂਬਰਾਂ ਨੂੰ ਪਾਰਟੀ ਦੇ ਝੰਡੇ ਹੇਠ ਜਮ੍ਹਾਂ ਹੋਣ ਲਈ ਅਪੀਲ ਕੀਤੀ ਗਈ। ਹਿੰਦੀ ਕਿਰਤੀਆਂ ਨੇ ਇਸ ਸੱਦੇ ਦਾ ਬੜਾ ਹੌਂਸਲਾ ਬਖਸ਼ ਉਤਰ ਦਿੱਤਾ ਅਤੇ ਪਾਰਟੀ ਦੀ ਜਥੇਬੰਦੀ ਅੰਦਰ ਭਾਰੀ ਗਿਣਤੀ ਵਿਚ ਜਮ੍ਹਾਂ ਹੋ ਕੇ ਹਿੰਦੁਸਤਾਨ ਵਿਚ ਚਲੇ ਗਏ। ਇਨ੍ਹਾਂ ਗਦਰੀਆਂ ਦਾ ਖਿਆਲ ਸੀ ਕਿ ਉਹ ਹਿੰਦੁਸਤਾਨ ਵਿਚੋਂ ਵੀ ਕਾਫੀ ਸਹਾਇਤਾ ਹਾਸਿਲ ਕਰ ਲੈਣਗੇ ਅਤੇ ਅੰਗਰੇਜ਼ਾਂ ਦੀ ਕਮਜ਼ੋਰੀ ਦਾ ਫਾਇਦਾ ਉਠਾਉਂਦੇ ਹੋਏ ਤਲਵਾਰ ਦੇ ਜ਼ੋਰ ਨਾਲ ਅੰਗਰੇਜ਼ੀ ਹਕੂਮਤ ਦਾ ਖਾਤਮਾ ਕਰ ਦੇਣਗੇ। ਹਿੰਦੀ ਮਜ਼ਦੂਰ ਕੈਨੇਡਾ ਅਮਰੀਕਾ ਜਾਂ ਪਨਾਮਾ ਵਿਚੋਂ ਹੀ ਨਹੀਂ ਸਨ ਗਏ ਸਗੋਂ ਚੀਨ ਤੇ ਮਲੇਸ਼ੀਆ ਦੇ ਹਿੰਦੀ ਮਜ਼ਦੂਰਾਂ ਨੇ ਵੀ ਆਪਣਾ ਹਿੱਸਾ ਪਾਇਆ। ਪਰ ਹਕੂਮਤ ਬਰਤਾਨੀਆ ਨੂੰ ਇਨ੍ਹਾਂ ਦੇ ਅਸਲੀ ਮਨਸ਼ਾ ਦਾ ਪਤਾ ਲੱਗ ਗਿਆ।

ਹਿੰਦੁਸਤਾਨ ਦੀ ਧਰਤੀ 'ਤੇ ਪੈਰ ਧਰਦਿਆਂ ਹੀ ਇਨ੍ਹਾਂ ਨੂੰ ਪਕੜ ਕੇ ਜੇਲ ਪਾ ਦਿੱਤਾ ਗਿਆ, ਇਸ ਨਾਜ਼ੁਕ ਮੌਕੇ 'ਤੇ ਹਿੰਦੁਸਤਾਨ ਦੀ ਕੌਮੀ ਪਾਰਟੀ ਨੇ ਅੰਗਰੇਜ਼ਾਂ ਨੂੰ ਮਦਦ ਲੈਣ ਦੇਣ ਦਾ ਇਕਰਾਰ ਕਰ ਲਿਆ ਅਤੇ ਜਿਤਨੀ ਹੋ ਸਕਦੀ, ਮਦਦ ਵੀ ਕੀਤੀ। ਸਰਕਾਰ ਬਰਤਾਨੀਆ ਨੇ ਉਪਰੋਕਤ ਨਾਮ ਵਾਲੀ ਕੌਮੀ ਪਾਰਟੀ ਦੇ ਆਗੂਆਂ ਦੀ ਸਹਾਇਤਾ ਨਾਲ ਗਦਰੀਆਂ ਵਿਰੁਧ ਆਮ ਲੋਕਾਂ ਵਿਚ ਇਕ ਕਿਸਮ ਦੀ ਜ਼ਹਿਰ ਭਰਨੀ ਸ਼ੁਰੂ ਕਰ ਦਿੱਤੀ ਕਿ ਇਹ ਮਜ਼ਹਬ ਦੇ ਵੈਰੀ ਹਨ, ਅਮਨ ਦੇ ਵੈਰੀ ਹਨ ਤੇ ਨਿੱਜ ਦੀ ਜਾਇਦਾਦ ਦੇ ਹੱਕ ਵਾਸਤੇ ਖਤਰਨਾਕ ਹਨ, ਲੋਕ ਉਸ ਵੇਲੇ ਆਮ ਤੌਰ 'ਤੇ ਆਜ਼ਾਦੀ ਦੇ ਨਾਮ ਤੋਂ ਅਣਜਾਣ ਸਨ, ਇਨ੍ਹਾਂ ਦਿੱਕਤਾਂ ਦੇ ਬਾਵਜੂਦ ਗਦਰ ਪਾਰਟੀ ਨੇ ਗਦਰ ਕਰਨ ਦੀ ਮੁਕੰਮਲ ਤਿਆਰੀ ਕਰ ਦਿੱਤੀ। ਪ੍ਰਬੰਧ ਕੀਤਾ ਕਿ ਪੰਜਾਬ, ਬੰਗਾਲ ਤੇ ਮੱਧ ਹਿੰਦ ਵਿਚ ਇਕੱਠਾ ਕੰਮ ਅਰੰਭਿਆ ਜਾਵੇ, ਕਈ ਗਦਰੀਆਂ ਵਲੋਂ ਵਖਰੇ ਕੰਮਾਂ 'ਤੇ ਲਾਏ ਗਏ। ਪ੍ਰਚਾਰ ਰਹਿਤ, ਤਕਰੀਰਾਂ ਦੁਆਰਾਂ ਤੇ ਬੜੀ ਸਿਆਣਪ ਨਾਲ ਇਨਕਲਾਬੀ ਸਾਹਿਤ ਕਿਸਾਨਾਂ ਤੇ ਫੌਜਾਂ ਵਿਚ ਛੱਡ ਕੇ ਹਜ਼ਾਰਾਂ ਕਿਸਾਨ ਤੇ ਸੈਂਕੜੇ ਸਿਪਾਹੀ ਆਉਣ ਵਾਲੀ ਆਜ਼ਾਦੀ ਦੀ ਜੰਗ ਵਿਚ ਹਿੱਸਾ ਲੈਣ ਲਈ ਤਿਆਰ ਕੀਤੇ ਗਏ। ਦੱਖਣ ਵਿਚ ਆਸਾਮ, ਬਰਮਾ ਤੇ ਮਲਾਇਆ, ਸ਼ੁਮਾਲ (ਉਤਰ) ਵਿਚ ਲਾਹੌਰ, ਰਾਵਲਪਿੰਡੀ, ਫਿਰੋਜ਼ਪੁਰ, ਜਲੰਧਰ ਤੇ ਅੰਮ੍ਰਿਤਸਰ ਯਾਨਿ ਪੰਜਾਬ ਦੇ ਅਤੇ ਯੂ.ਪੀ. ਵਿਚ ਮੇਰਠ, ਕਾਨਪੁਰ, ਅਲਾਹਬਾਦ, ਬਨਾਰਸ, ਫੈਜ਼ਾਬਾਦ ਤੇ ਲਖਨਊ ਅਤੇ ਮੱਧ ਤੇ ਪੂਰਬੀ ਹਿੰਦ ਵਿਚ ਫੌਜੀ ਦਸਤੇ ਗਦਰ ਪਾਰਟੀ ਦੇ ਨਾਲ ਹੋ ਕੇ ਜਾਨਾਂ ਦੇਣ ਨੂੰ ਤਿਆਰ ਸਨ, ਕੇਵਲ ਇਸ਼ਾਰਾ ਹੀ ਉਡੀਕਦੇ ਸਨ। ਇਸ ਇਨਕਲਾਬੀ ਲਹਿਰ ਦਾ ਅਸਰ ਹਿੰਦੁਸਤਾਨ ਤੋਂ ਛੁੱਟ ਦੂਜਿਆਂ ਮਾਤੈਹਤ ਦੇਸ਼ਾਂ ਤੇ ਨੌ ਆਬਾਦੀਆਂ ਵਿਚ ਵੀ ਹੋ ਗਿਆ। ਮਿਸਾਲ ਦੇ ਤੌਰ 'ਤੇ ਬਰਮਾਂ, ਸਿੰਘਾਪੁਰ (ਸਿੰਗਾਪੁਰ) ਤੇ ਹਾਂਗਕਾਂਗ ਵਿਚ ਖਾਸ ਤਿਆਰੀ ਕੀਤੀ ਗਈ।

ਕਿਉਂਕਿ ਵਕਤ ਬਹੁਤ ਥੋੜ੍ਹਾ ਸੀ। ਤਿਆਰੀ ਦੀ ਰਫਤਾਰ ਤੇਜ਼ ਕਰ ਦਿੱਤੀ ਗਈ ਤਾਂ ਕਿ ਯੂਰਪ ਦੇ ਝਮੇਲੇ ਤੋਂ ਨਿਕਲਣ ਤੋਂ ਪਹਿਲਾਂ ਹੀ ਅੰਗਰੇਜ਼ਾਂ 'ਤੇ ਸੱਟ ਮਾਰੀ ਜਾਵੇ। ਕੁਦਰਤੀ ਤੌਰ 'ਤੇ ਰਫਤਾਰ ਦੀ ਤੇਜ਼ੀ ਹਾਸਿਲ ਕਰਨ ਦੀ ਖਾਤਿਰ ਸ਼ੰਘਾਈ ਦਾ ਕੁਝ ਹਿੱਸਾ ਕੁਰਬਾਨ ਕਰਨਾ ਪਿਆ। ਇਸ ਹਾਲਤ ਵਿਚ ਅੰਗਰੇਜ਼ੀ ਜਾਸੂਸਾਂ ਨੂੰ ਗਦਰੀਆਂ ਦੀ ਜਥੇਬੰਦੀ ਵਿਚ ਸ਼ਾਮਿਲ ਹੋਣ ਦਾ ਅਵਸਰ ਮਿਲ ਗਿਆ। ਇਨ੍ਹਾਂ ਰਾਹੀਂ ਅੰਗਰੇਜ਼ਾਂ ਨੂੰ ਗਦਰ ਕਰਨ ਦੇ ਦਿਨ ਤੇ ਘੜੀ ਦਾ ਵੀ ਪਤਾ ਲੱਗ ਗਿਆ। ਫਿਰ ਸਰਕਾਰੀ ਪੈਮਾਨੇ ਤੇ ਫੜੋ ਫੜੀ ਸ਼ੁਰੂ ਹੋ ਗਈ। ਗਦਰ ਪਾਰਟੀ ਦੀ ਸੈਂਟਰਲ ਕਮੇਟੀ ਵੀ ਜਿਸ ਦਾ ਅੱਡਾ ਲਾਹੌਰ ਸੀ, ਗ੍ਰਿਫਤਾਰ ਕੀਤੀ ਗਈ। ਹੇਠ ਲਿਖੇ ਅਨੁਸਾਰ ਗਦਰੀਆਂ 'ਤੇ ਮੁਕੱਦਮੇ ਚਲਾਏ ਗਏ। ਪਹਿਲਾਂ ਲਾਹੌਰ ਸਾਜ਼ਿਸ਼ ਕੇਸ ਜਿਸ ਵਿਚ 61 ਗਦਰੀਆਂ ਨੂੰ ਸਜ਼ਾਵਾਂ ਹੋਈਆਂ, ਦੂਜਾ ਜਿਸ ਵਿਚ 74 ਨੂੰ, ਤੀਜਾ ਜਿਸ ਵਿਚ 12 ਨੂੰ। ਇਨ੍ਹਾਂ ਸਜ਼ਾ ਪਾ ਚੁੱਕਿਆਂ ਵਿਚੋਂ 28 ਫਾਂਸੀ ਚੜ੍ਹੇ। ਕੁਝ ਰਿਹਾ ਕੀਤੇ ਗਏ। ਬਾਕੀ ਸਭ ਨੂੰ ਉਮਰ ਕੈਦ ਹੋ ਗਈ।

4. ਸ਼ਿਮਲਾ ਸਾਜ਼ਿਸ਼ ਕੇਸ ਜੋ ਉਨ੍ਹਾਂ ਸਿਪਾਹੀਆਂ ਦੇ ਵਿਰੁਧ ਚਲਾਇਆ ਗਿਆ, ਜਿਨ੍ਹਾਂ ਨੇ ਗਦਰ ਨੂੰ ਮਦਦ ਦੇਣ ਦੀ ਹਾਮੀ ਭਰੀ ਸੀ। ਇਨ੍ਹਾਂ ਵਿਚੋਂ 21 ਗਦਰੀਆਂ ਨੂੰ ਫਾਂਸੀ ਤੇ ਬਾਕੀਆਂ ਨੂੰ ਉਮਰ ਕੈਦ।

5. ਬਨਾਰਸ ਸਾਜ਼ਿਸ਼ ਕੇਸ।

6. ਫੈਜ਼ਾਬਾਦ ਵਿਚ ਸਰਜੈਂਟ ਹਰਨਾਮ ਸਿੰਘ ਦਾ (ਕੇਸ)।

7. ਉਨ੍ਹਾਂ ਸਾਥੀਆਂ ਦਾ ਮੁਕੱਦਮਾ ਜੋ ਬਜ ਬਜ ਘਾਟ ਤੋਂ ਗ੍ਰਿਫਤਾਰ ਕੀਤੇ ਗਏ।

8. ਉਨ੍ਹਾਂ ਦੇਹਲੀ ਸਾਜ਼ਿਸ਼ ਕੇਸ।

9. ਫਿਰੋਜ਼ਪੁਰ ਸਾਜ਼ਿਸ਼ ਕੇਸ।

10. ਮੇਰਠ ਤੇ ਬਰਮਾ ਦੇ ਮੁਕੱਦਮੇ।

11. ਸ਼ੰਘਾਈ ਤੇ ਸਿੰਘਾਪੁਰ ਦੇ ਮੁਕੱਦਮੇ।

ਜਿਨ੍ਹਾਂ ਅਦਾਲਤਾਂ ਨੇ ਇਨ੍ਹਾਂ ਮੁਕੱਦਮਿਆਂ 'ਤੇ ਫੈਸਲਾ ਕੀਤਾ, ਉਹ ਖਾਸ ਤਿਆਰ ਕੀਤੀਆਂ ਗਈਆਂ। ਉਨ੍ਹਾਂ ਨੂੰ ਖਾਸ ਅਧਿਕਾਰ ਪ੍ਰਾਪਤ ਸਨ, ਤਾਂ ਕਿ ਉਹ ਗਦਰੀਆਂ ਨੂੰ ਅੱਛੀ ਤਰ੍ਹਾਂ ਕਾਬੂ ਕਰ ਸਕਣ- ਸੱਤ ਹਜ਼ਾਰ ਗਦਰੀ ਭਾਈ ਇਸ ਸਖਤੀ ਦਾ ਸ਼ਿਕਾਰ ਹੋਏ। ਬਹੁਤ ਸਾਰੇ ਫਾਂਸੀ ਲੱਗੇ। ਸੈਂਕੜੇ ਉਮਰ ਕੈਦ ਕੀਤੇ ਗਏ ਤੇ ਹਜ਼ਾਰਾਂ ਘਰਾਂ ਵਿਚ ਨਜ਼ਰਬੰਦ ਕਰ ਦਿੱਤੇ ਗਏ। ਜਿਹੜੇ ਸਾਡੇ ਭਾਈ ਦਸ ਜਾਂ ਪੰਦਰਾਂ ਸਾਲ ਵਾਸਤੇ ਕੈਦ ਕੀਤੇ ਗਏ ਸਨ, ਅੱਜ ਆਪਣੀ ਮਿਆਦ ਖਤਮ ਕਰ ਚੁੱਕਣ ਦੇ ਬਾਵਜੂਦ ਜੇਲਾਂ ਵਿਚ ਸੜ ਰਹੇ ਹਨ। ਉਨ੍ਹਾਂ ਉਤੇ ਅੱਜ ਵੀ ਭਾਰੀ ਜੁਰਮ (ਜ਼ੁਲਮ) ਕੀਤੇ ਜਾ ਰਹੇ ਹਨ, ਦੋ-ਦੋ, ਤਿੰਨ-ਤਿੰਨ ਸਾਲਾਂ ਵਾਸਤੇ ਲਗਾਤਾਰ ਉਨ੍ਹਾਂ ਨੂੰ ਜ਼ੰਜੀਰਾਂ ਵਿਚ ਬੈਠਾ ਕੇ ਕਾਲ ਕੋਠੜੀਆਂ ਵਿਚ ਰਖਿਆ ਜਾਂਦਾ ਹੈ, ਉਨ੍ਹਾਂ ਦੀ ਖੁਰਾਕ ਦੀ ਮਿਕਦਾਰ ਤੇ ਸਫਾਈ ਦਾ ਜ਼ਿਕਰ ਹੀ ਨਹੀਂ ਕੀਤਾ ਜਾਂਦਾ। ਹਿੰਦੁਸਤਾਨ ਦੀਆਂ ਜੇਲਾਂ ਨਾਲੋਂ ਵਧ ਕੇ ਕਿਸੇ ਮੁਲਕ ਦੀਆਂ ਜੇਲਾਂ ਵੀ ਦੁਖਦਾਈ ਤੇ ਭੈੜੀਆਂ ਨਹੀਂ ਹੋ ਸਕਦੀਆਂ। ਜਦ ਅੰਡੇਮਾਨ ਦੇ ਜੇਲਰ ਨੇ ਇਨ੍ਹਾਂ ਦੇਸ਼ ਭਗਤਾਂ ਨੂੰ ਇਹ ਧਮਕੀ ਦਿੱਤੀ ਕਿ ਮੈਂ ਉਹ ਜੇਲਰ ਹਾਂ ਜਿਸ ਨੇ ਨੈਪੋਲੀਅਨ ਬੋਨਾਪਾਰਟ ਨੂੰ ਵੀ ਖੜਾ ਕਰ ਲਿਆ ਸੀ ਤਾਂ ਉਹ ਉਸ ਨੂੰ ਉਹ ਉਤਰ ਦੇ ਕੇ ਚੁੱਪ ਕਰਾਉਂਦੇ ਸਨ ਕਿ ਨੈਪੋਲੀਅਨ ਖੁਦਗਰਜ਼ ਬਾਦਸ਼ਾਹ ਦੀ ਹੈਸੀਅਤ ਵਿਚ ਆਪਣੇ ਲੋੜ ਵਾਸਤੇ ਲੜਨ ਕਰਕੇ ਸਖਤੀ ਦੀਆਂ ਧਮਕੀਆਂ ਨਾਲ ਨਿਵਾਇਆ ਜਾ ਸਕਦਾ ਸੀ, ਪ੍ਰੰਤੂ ਅਸੀਂ ਗਦਰੀ ਹਾਂ, ਸ਼ਾਹੀ ਹਕੂਮਤ ਦਾ ਖਾਤਮਾ ਕਰਨ ਵਾਸਤੇ ਤੁਲੇ ਹੋਏ ਹਾਂ, ਅਸੀਂ

*(ਅਗਲੇ ਸਫੇ 'ਤੇ ਜਾਰੀ)*

ਅਜਿਹੀਆਂ ਧਮਕੀਆਂ ਦੀ ਪ੍ਰਵਾਹ ਕਰਨ ਵਾਲੇ ਨਹੀਂ ਹਾਂ। ਬੇਸ਼ੱਕ ਇਨ੍ਹਾਂ ਵਿਚੋਂ ਕਈ ਗਦਰੀਆਂ ਨੇ ਉਸ ਜ਼ਾਲਮ ਦੇ ਕੋਰੜੇ ਹੇਠਾਂ ਆਪਣੀਆਂ ਜਾਨਾਂ ਆਪਣੇ ਗਦਰੀ ਅਸੂਲ ਉਪਰ ਕੁਰਬਾਨ ਕਰ ਦਿੱਤੀਆਂ ਪਰ ਉਨ੍ਹਾਂ ਦੇ ਸਾਥੀਆਂ ਨੇ ਆਖਰ ਉਸ ਹੈਂਕੜਬਾਜ਼ ਨੂੰ ਸਿੱਧ ਰਸਤੇ ਪਾ ਹੀ ਦਿੱਤਾ।

ਇਸ ਤਰ੍ਹਾਂ ਹਿੰਦੁਸਤਾਨ ਦੀਆਂ ਕੌਮੀ ਲੀਡਰਾਂ ਦੀ ਗਦਰੀ ਤੇ ਅੰਗਰੇਜ਼ੀ ਜਾਸੂਸਾਂ ਦੀ ਮਕਾਰੀ ਤੇ ਆਮ ਲੋਕਾਂ ਦੀ ਨਾਵਾਰਕੀ ਦੇ ਕਾਰਨ (ਨਾਵਾਕਫੀਅਤ ਦੇ ਕਾਰਣ) ਬਾਵਜੂਦ ਕਈ ਜਵਾਨਾਂ ਕਰਨ (ਕੁਰਬਾਨ ਕਰਨ) ਦੇ ਵੀ ਦੂਰ ਤਕ ਫੈਲ ਕੇ ਗਦਰੀ ਨਾਕਾਮਯਾਬ ਰਹੇ। ਉਸ ਵੇਲੇ ਦੇ ਹਿੰਦੁਸਤਾਨ ਦੇ ਵਾਇਸਰਾਏ ਲਾਰਡ ਹਾਰਡਿੰਗ ਨੇ ਇਸ ਬਾਬਤ ਆਪਣੀ ਇਕ ਤਕਰੀਬ ਵਿਚ ਕਿਹਾ ਕਿ ਜੇ ਇਸ ਮਾੜੇ ਸਮੇਂ ਵਿਚ ਹਿੰਦੀ ਕੌਮ ਪ੍ਰਜ ਅੰਗਰੇਜ਼ੀ ਰਾਜ ਦੀ ਮਦਦ ਨਾ ਕਰਦੇ ਤਾਂ ਗਦਰ ਪਾਰਟੀ ਦੇ ਮੈਂਬਰ ਜੋ ਬਾਹਰੋਂ ਹਿੰਦੁਸਤਾਨ ਵਿਚ ਆਏ ਸਨ, ਅੰਗਰੇਜ਼ੀ ਹਕੂਮਤ ਨੂੰ ਹਿੰਦੁਸਤਾਨ ਵਿਚੋਂ ਮਲੀਆਮੇਟ ਕਰਨ ਵਿਚ ਜ਼ਰੂਰ ਕਾਮਯਾਬ ਹੋ ਜਾਂਦੇ।


ਗ਼ਦਰ ਪਾਰਟੀ ਦੇ ਉਹ ਮੈਂਬਰ ਜੋ ਸਿਆਮ ਬਰਮਾਂ ਤੇ ਮਲਾਇਆ ਡਿਊਟੀ 'ਤੇ ਖੜੇ ਕੀਤੇ ਗਏ ਸਨ ਤੇ ਅੰਗਰੇਜ਼ਾਂ ਦੇ ਹੱਥੋਂ ਗ੍ਰਿਫਤਾਰ ਹੋਣ ਤੋਂ ਬਚ ਗਏ ਸਨ, ਸੰਨ 1916 ਵਿਚ ਵਾਪਿਸ ਅਮਰੀਕਾ ਆ ਗਏ। ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਪਾਰਟੀ ਦੀ ਕੇਂਦਰੀ ਮਸ਼ੀਨ ਰਾਮਚੰਦਰ ਨਾਮੀ ਇਕ ਖੁਦਗਰਜ਼ ਤੇ ਗ਼ੱਦਾਰ ਦੇ ਹੱਥ ਵਿਚ ਆ ਗਈ, ਜਿਸ ਨੇ ਹਜ਼ਾਰਾਂ ਡਾਲੇ ਪਾਰਟੀ ਦੇ ਇਧਰ ਉਧਰ ਕਰ ਦਿਤੇ ਤੇ ਹੋਰ ਵੀ ਕਈ ਤਰ੍ਹਾਂ ਪਾਰਟੀ ਨੂੰ ਤਬਾਹ ਕਰਨ ਦਾ ਯਤਨ ਕੀਤਾ। ਜਦੋਂ ਉਸ ਨੇ ਆਪਣੇ ਇਸ ਕੋਲ ਦੇ ਉਪਰ ਜ਼ਿੱਦ ਕੀਤੀ ਤਾਂ ਪਾਰਟੀ ਦੇ ਇਕ ਜ਼ਬਰਦਸਤ ਮੈਂਬਰ ਨੇ ਰਾਮ ਚੰਦਰ ਨੂੰ ਮਾਰ ਦਿੱਤਾ ਤੇ ਆਪ ਉਸ ਦੇ ਬਦਲੇ ਅਮਰੀਕਨ ਸਰਕਾਰ ਦੇ ਹੱਥੋਂ ਫਾਂਸੀ 'ਤੇ ਚੜ੍ਹਿਆ। ਅਮਰੀਕਾ ਦੇ ਆਪਣੇ ਇਤਹਾਦੀਆਂ ਦੀ ਸਹਾਇਤਾ ਕਰਨ ਹਿਤ ਲੜਾਈ ਵਿਚ ਸ਼ਾਮਿਲ ਹੋਣ ਤੋਂ ਬਾਅਦ ਗਦਰ ਪਾਰਟੀ ਦੇ ਸੇਵਕਾਂ ਤੇ ਅਮਰੀਕਨ ਸਰਕਾਰ ਵਲੋਂ ਬਰਤਾਨੀਆ ਦੀ ਸ਼ਹਿ 'ਤੇ ਮੁਕੱਦਮਾ ਚਲਾਇਆ ਗਿਆ। ਬਹੁਤ ਸਾਰੇ ਮੈਂਬਰ 6 ਮਹੀਨਿਆਂ ਤੋਂ ਲੈ ਕੇ ਦੋ ਸਾਲ ਲਈ ਕੈਦ ਕੀਤੇ ਗਏ ਤੇ ਕਈਆਂ ਦੇ ਵਿਰੁਧ ਦੇਸ਼ ਨਿਕਾਲੇ ਦਾ ਕਾਨੂੰਨ ਪਾਸ ਹੋਇਆ। ਅਮਰੀਕਾ ਵਿਚ ਸਾਡੀ ਪਾਰਟੀ ਨੂੰ ਕੁਚਲਣ ਵਾਸਤੇ ਅੰਗਰੇਜ਼ਾਂ ਨੇ ਡਾਲੇ (ਡਾਲਰ) ਖਰਚ ਕੀਤੇ। ਅਸੀਂ ਵੀ ਇਸ ਮੌਕੇ 'ਤੇ ਆਪਣੇ ਸਾਥੀ ਬਚਾਉਣ ਵਾਸਤੇ ਹਜ਼ਾਰਾਂ ਡਾਲਰ ਖਰਚ ਕੀਤੇ। ਇਸ ਮੌਕੇ 'ਤੇ ਅਮਰੀਕਨ ਮਜ਼ਦੂਰਾਂ ਦੀ ਇਖਲਾਫੀ ਮਦਦ ਸਾਡੇ ਨਾਲ ਸੀ।

ਥੋੜ੍ਹੇ ਚਿਰ ਤੋਂ ਬਾਅਦ ਲੜਾਈ ਖਤਮ ਹੋ ਗਈ ਤੇ ਅਮਰੀਕਨ ਸਰਕਾਰ ਨੇ ਦੇਸ਼ ਨਿਕਾਲੇ ਦਾ ਹੁਕਮ ਵਾਪਿਸ ਲੈ ਲਿਆ। ਜੋ ਹੁਕਮ ਜਾਰੀ ਹੋ ਚੁੱਕੇ ਸਨ, ਉਹ ਵੀ ਵਾਪਸ ਲਏ ਗਏ। ਇਸ ਤੋਂ ਬਾਅਦ ਕੁਝ ਚਿਰ ਪਾਰਟੀ ਨੇ ਆਪਣੀ ਜਥੇਬੰਦੀ ਨੂੰ ਤਕੜਾ ਕਰਨ ਵਿਚ ਖਰਚ ਕੀਤਾ। 1922 ਵਿਚ ਫਿਰ ਯਤਨ ਕੀਤਾ ਗਿਆ ਕਿ ਬਰਤਾਨਵੀ ਹਕੂਮਤ ਨੂੰ ਹਿੰਦੁਸਤਾਨ ਵਿਚੋਂ ਤਬਾਹ ਕਰਨ ਵਾਸਤੇ ਕੋਲ ਹੋ ਚੁੱਕੀ ਲਹਿਰ ਨੂੰ ਫਿਰ ਜਾਰੀ ਕੀਤਾ ਜਾਵੇ। ਕੁਝ ਆਦਮੀ ਇਸ ਮਤਲਬ ਵਾਸਤੇ ਦੇਸ਼ ਨੂੰ ਭੇਜੇ ਗਏ। ਅਸੀਂ ਇਹ ਦੇਖ ਕੇ ਖੁਸ਼ ਹਾਂ ਕਿ ਵਰਤਮਾਨ ਲਹਿਰ ਗਦਰ ਦਾ ਗਦਰੀ ਪਾਰਟੀ ਦੀਆਂ ਕੋਸ਼ਿਸ਼ਾਂ ਤੇ ਕਾਫੀ ਇਹ ਇਨਹਸਾਰ ਹੈ।

1925 ਵਿਚ ਜਦੋਂ ਚੀਨ ਦਾ ਗਦਰ ਜ਼ੋਰਾਂ 'ਤੇ ਹੋਇਆਂ ਤਾਂ ਗਦਰ ਪਾਰਟੀ ਨੇ ਆਪਣੇ ਆਦਮੀ ਚੀਨ ਵਿਚ ਭੇਜ ਕੇ ਆਪਣੇ ਪ੍ਰਚਾਰਕਾਂ ਦੇ ਜਥੇ ਨੂੰ ਤਕੜਾ ਕੀਤਾ ਤੇ ਫਿਰ ਜਦੋਂ 1926 ਵਿਚ ਅੰਗਰੇਜ਼ਾਂ ਨੇ ਚੀਨ ਦਾ ਗਦਰ ਦਬਾਉਣ ਵਾਸਤੇ ਹਿੰਦੀ ਸਿਪਾਹੀਆਂ ਨੂੰ ਵਰਤਣਾ ਚਾਹਿਆ, ਸਾਡੇ ਸਿਪਾਹੀਆਂ ਨੇ, ਜੋ ਗਦਰ ਪਾਰਟੀ ਦੇ ਮੈਂਬਰ ਜਾਂ ਪ੍ਰਚਾਰਕ ਸਨ, ਆਪਣੀਆਂ ਜਾਨਾਂ ਖਤਰੇ ਵਿਚ ਪਾ ਕੇ ਵੀ ਹਿੰਦੀ ਸਿਪਾਹੀਆਂ ਵਿਚ ਭਾਰੀ ਪ੍ਰਚਾਰ ਕੀਤਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਹਿੰਦੀ ਰੈਜਮੈਂਟਾਂ ਵਾਪਸ ਹਿੰਦੁਸਤਾਨ ਭੇਜਣੀਆਂ ਪਈਆਂ। ਹੰਕਾਓ ਵਿਚ ਦੋ ਸੌ ਹਿੰਦੀ ਚੌਕੀਦਾਰ ਤੇ ਪੁਲਸੀਏ ਚੀਨੀ ਗਦਰ ਨਾਲ ਜਾ ਮਿਲੇ। ਦੂਜੇ ਵੀ ਅਜਿਹਾ ਕਰਨ ਨੂੰ ਤਿਆਰ ਸਨ। ਜੇਕਰ ਚੀਨ ਦੇ ਜੰਗੀ ਲਾਟ ਚੀਨੀ ਗਦਰ ਨੂੰ ਧੋਖਾ ਨਾ ਦਿੰਦੇ ਤਾਂ ਯਕੀਨ ਸੀ ਕਿ ਚੀਨ ਵਿਚ ਰਹਿਣ ਵਾਲੇ ਹਿੰਦੀ ਤੇ 16000 ਦੇ ਕਰੀਬ ਹਿੰਦੀ ਸਿਪਾਹੀ ਪੂਰੀ ਤਰ੍ਹਾਂ ਚੀਨੀ ਗਦਰੀਆਂ ਦਾ ਸਾਥ ਦਿੰਦੇ ਤੇ ਸਰਮਾਏਦਾਰ ਅੰਗਰੇਜ਼ਾਂ ਦਾ ਟਾਕਰਾ ਕਰਦੇ। ਸ਼ਾਮੀਨ ਕੈਨਟਨ ਵਿਚ ਰਹਿਣ ਵਾਲੇ ਸਿੱਖ ਤੋਪਖਾਨੇ ਨੇ ਤੇ ਮੁਸਲਮਾਨ ਪੁਲਿਸ ਨੇ ਗਦਰ ਪਾਰਟੀ ਦੇ ਪ੍ਰਚਾਰ ਦੇ ਜ਼ੋਰ ਅਸਰ ਚੀਨੀਆਂ ਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿੱਤਾ। ਇਹ ਦਸਤੇ ਵੀ ਹਿੰਦੁਸਤਾਨ ਭੇਜਣੇ ਪਏ। ਚੀਨ ਦੇ ਗਦਰ ਦੇ ਮੌਕੇ 'ਤੇ ਕਈ ਗਦਰੀ ਮਾਰੇ ਗਏ ਅਤੇ ਕਈ ਅੰਗਰੇਜ਼ਾਂ ਦੇ ਹੱਥੋਂ ਗ੍ਰਿਫਤਾਰ ਹੋਏ ਜੋ ਸਾਲ ਭਰ ਚੀਨੀ ਜੇਲਾਂ ਵਿਚ ਰੱਖ ਕੇ ਹਿੰਦੁਸਤਾਨ ਨੂੰ ਵਾਪਸ ਮੋੜੇ ਗਏ ਤੇ ਉਥੇ ਪੁੱਜਣ 'ਤੇ ਬਿਨਾਂ ਮੁਕੱਦਮਾ ਚਲਾਏ ਜੇਲਾਂ ਵਿਚ ਠੋਸ ਦਿੱਤੇ ਗਏ।

ਚੀਨ ਵਿਚ ਆਪਣੇ ਪ੍ਰਚਾਰ ਹਿਤ ਪਾਰਟੀ ਨੇ 10000 ਡਾਲਰ ਖਰਚ ਕੀਤੇ। ਗਦਰ ਪਾਰਟੀ ਦਾ ਹਰ ਇਕ ਕਦਮ ਜਿਸ ਤਰ੍ਹਾਂ ਉਪਰੋਕਤ ਬਿਆਨ ਤੋਂ ਜ਼ਾਹਿਰ ਹੁੰਦਾ ਹੈ, ਅਮਲੀ ਸੀ ਤੇ ਕੁਝ ਠੋਸ ਕੰਮ ਕਰਨ ਦੇ ਬਰਾਬਰ ਸੀ। ਇਸ ਦੇ ਮਤੇ ਕਾਗ਼ਜ਼ੀ ਨਹੀਂ ਸਨ, ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਂਦਾ ਰਿਹਾ। ਆਪਣੇ ਅਸੂਲਾਂ ਨੂੰ ਅਮਲ ਵਿਚ ਲਿਆਉਣ ਵਾਸਤੇ ਪਾਰਟੀ ਨੇ ਕਦੇ ਵੀ ਮਾਇਆ ਜਾਂ ਆਦਮੀਆਂ ਦਾ ਸਰਫਾ ਨਹੀਂ ਕੀਤਾ। ਇਸ ਵਾਸਤੇ ਬਰਤਾਨਵੀ ਸਰਮਾਏਦਾਰ ਗਦਰ ਪਾਰਟੀ ਨੂੰ ਹੱਦੋਂ ਵੱਧ ਆਪਣੀ ਹਸਤੀ ਵਾਸਤੇ ਖਤਰਨਾਕ ਸਮਝਦੇ ਹਨ ਅਤੇ ਇਸ ਦੇ ਜਨਮ ਤੋਂ ਹੀ ਇਸ ਨੂੰ ਖਤਮ ਕਰਨ ਦੇ ਯਤਨ ਕਰਦੇ ਹਨ। ਇਨ੍ਹਾਂ ਸਾਰਿਆਂ ਯਤਨਾਂ ਨੂੰ (ਦਾ) ਸੰਖੇਪ ਵਰਣਨ ਉਪਰ ਹੀ ਕਰ ਦਿੱਤਾ ਗਿਆ ਹੈ, ਜੋ ਹਮਲਾ ਅੱਜ ਤੋਂ ਦੋ ਵਰ੍ਹੇ ਪਹਿਲਾ ਕੀਤਾ ਗਿਆ ਤੇ ਅਜੇ ਜਾਰੀ ਹੈ, ਬਹੁਤ ਘਾਤਕ ਤੇ ਜ਼ਬਰਦਸਤ ਹੈ। ਬਰਤਾਨੀਆਂ ਦੇ ਇਸ ਹਮਲੇ ਨੂੰ ਦੇਖ ਕੇ ਕਈ ਕਮਜ਼ੋਰ ਦਿਲ ਤੇ ਪਿੱਛਾ ਖਿੱਚੂ ਆਦਮੀ ਪਾਰਟੀ ਦਾ ਸਾਥ ਛੱਡ ਗਏ ਹਨ। ਇਸ ਵਾਸਤੇ ਪਾਰਟੀ ਦੀ ਮੈਂਬਰਸ਼ਿਪ ਅੱਗੇ ਨਾਲੋਂ ਕੁਝ ਘਟ ਗਈ ਹੈ ਪਰ ਜੋ ਪਾਰਟੀ ਦੇ ਸੱਚੇ ਸਾਥੀ ਰਹੇ ਹਨ ਤੇ ਜੋ ਗਿਣਤੀ ਵਿਚ ਵੀ ਕਾਫੀ ਹਨ, ਸੱਚੇ ਗਦਰੀ ਹਨ ਤੇ ਪਾਰਟੀ ਦੇ ਬਚੇ ਸਾਥੀ ਰਹੇ ਹਨ, ਪਾਰਟੀ ਦੇ ਮਨੋਰਥ ਖਾਤਿਰ ਸਭ ਕੁਝ ਕਰਨ ਨੂੰ ਤਿਆਰ ਹਨ। ਉਹ ਸ਼ਾਹਪਰਸਤੀ ਦੇ ਕੱਟੜ ਵੈਰੀ ਹਨ ਤੇ ਇਸ ਅਸੂਲ ਖਾਤਰ ਆਪਣੀਆਂ ਜਾਨਾਂ ਵੀ ਕੁਰਬਾਨ ਕਰਨ ਲਈ ਤਿਆਰ ਹਨ। ਪੂਰਾ ਯਕੀਨ ਹੈ ਕਿ ਇਨ੍ਹਾਂ ਦੀ ਗਿਣਤੀ ਵੀ ਛੇਤੀ ਹੀ ਵਧੇਗੀ। ਇਸ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਪਾਰਟੀ ਅੱਗੇ ਨਾਲੋਂ ਵਧੇਰੇ ਤਾਕਤਵਰ ਹੈ... ਪਾਰਟੀ ਦੇ ਸਭ ਮੈਂਬਰ ਮੁਫਤ ਸੇਵਾ ਕਰਦੇ ਹਨ, ਜੋ ਲਾਈਫ ਮੈਂਬਰ ਹਨ, ਕੇਵਲ ਗੁਜ਼ਾਰਾ ਤੇ ਸਫਰ ਖਰਚ ਹੀ ਲੈਂਦੇ ਹਨ। ਸਾਡੇ ਅਖਬਾਰ ਤੇ ਹੋਰ ਗਦਰੀ ਲਿਟਰੇਚਰ ਮੁਫਤ ਵੰਡੀ ਜਾਂਦੀ ਹੈ। ਫੰਡ ਪਾਰਟੀ ਦੇ ਮੈਂਬਰਾਂ ਦੇ ਚੰਦਿਆਂ ਦਾ ਬਣਦਾ ਹੈ।

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਹਿੰਦੁਸਤਾਨ ਦੇ ਅੰਦਰ, ਖਾਸ ਕਰਕੇ ਬਾਹਰ ਤੇ ਕੋਈ ਜ਼ਬਰਦਸਤ ਜਥੇਬੰਦੀ ਤਰੀਕੇ ਨਾਲ ਹਿੰਦੁਸਤਾਨ ਵਿਚ ਗਦਰ ਕਰਨਗੇ। ਤਿਆਰੀ ਕਰ ਰਹੀ ਹੈ ਤਾਂ ਉਹ ਇਕੋ ਇਕ ਹਿੰਦੁਸਤਾਨ ਗਦਰ ਪਾਰਟੀ ਹੈ। ਗਦਰ ਪਾਰਟੀ ਸ਼ਹਿਨਸ਼ਾਹੀ ਵਿਰੁਧ ਲੀਗ ਦੀ ਹਰ ਤਰ੍ਹਾਂ ਸਹਾਇਤਾ ਕਰਦੀ ਹੈ ਅਤੇ ਇਸ ਗੱਲ ਤੋਂ ਖੁਸ਼ ਹੈ ਕਿ ਲੀਗ ਦੀ ਮਾਰਫਤ ਪਾਰਟੀ ਦੁਨੀਆਂ ਭਰ ਵਿਚ ਉਨ੍ਹਾਂ ਸਾਰੀਆਂ ਜਥੇਬੰਦੀਆਂ ਨਾਲ ਤਾਲੁਕਾਤ ਪੈਦਾ ਕਰ ਸਕਦੀ ਹੈ, ਜੋ ਸ਼ਾਹਪਰਸਤੀ ਦੇ ਵਿਰੁਧ ਖੂਬ ਪੈਰ ਜਮ੍ਹਾਂ ਕੇ ਲੜ ਰਹੀਆਂ ਹਨ।



*ਚੀਨੀ ਸ਼ਹਿਰ ਹੰਕਾਓ ਜਿਸ ਦਾ ਜ਼ਿਕਰ ਭਾਈ ਰਤਨ ਸਿੰਘ ਦੇ ਲੇਖ ਵਿਚ ਆਇਆ ਹੈ, ਨੂੰ ਰਵਾਨਾ ਕੀਤੀ ਸਾਮਰਾਜੀ ਫੌਜ ਦੀ ਝਲਕ। ਇਸ ਚੀਨੀ ਗਦਰ ਵਿਚ ਹਿੰਦੀਆਂ ਨੇ ਚੀਨੀ ਗਦਰੀਆਂ ਦਾ ਸਾਥ ਦਿੱਤਾ ਸੀ।*

## ਭਾਈ ਰਤਨ ਸਿੰਘ ਹੁਰਾਂ ਦੀ ਦੂਸਰੀ ਸਪੀਚ

ਪਿਆਰੇ ਸਾਥੀਓ, ਤੁਸਾਂ ਨੇ ਚੀਨ ਦੇ ਕਿਰਤੀਆਂ ਤੇ ਕਿਸਾਨਾਂ ਦੀ ਤਬਾਹੀ ਦਾ ਹਾਲ ਤੇ ਚੀਨੀ ਡੈਲੀਗੇਟਾਂ ਕੋਲੋਂ ਸੁਣ ਹੀ ਲਿਆ ਹੈ ਕਿ ਕਿਸ ਤਰ੍ਹਾਂ ਚੀਨ ਦੇ ਵੱਡੇ-ਵੱਡੇ ਜ਼ਿਮੀਦਾਰਾਂ, ਜਰਨੈਲਾਂ ਅਤੇ ਸਰਮਾਏਦਾਰਾਂ ਨੇ ਚੀਨੀ ਕਿਰਤੀਆਂ ਨੂੰ ਧੋਖਾ ਦਿੱਤਾ ਹੈ। ਜਦ ਤਕ ਇਨ੍ਹਾਂ ਖੁਦਗਰਜਾਂ ਦਾ ਮਤਲਬ ਨਹੀਂ ਸੀ ਨਿਕਲਿਆ, ਇਹ ਕਿਰਤੀਆਂ ਤੇ ਕਿਸਾਨਾਂ ਦੀ ਹਮਦਰਦੀ ਦੀਆਂ ਵੱਡੀਆਂ ਵੱਡੀਆਂ ਫੜਾਂ ਮਾਰਦੇ ਰਹੇ। ਪ੍ਰੰਤੂ ਜਿਸ ਵਕਤ ਕਿਰਤੀਆਂ ਦੀ ਹਮਦਰਦੀ ਦੀਆਂ ਵੱਡੀਆਂ ਤਾਕਤਾਂ ਨਾਲ ਗਦਰ ਨੂੰ ਫਤਿਹ ਪਰ ਫਹਿਤ ਹੋ ਰਹੀ ਸੀ ਤਾਂ ਐਨ ਵਕਤ ਤੇ ਆ ਕੇ ਇਨ੍ਹਾਂ ਨੇ ਕਿਰਤੀ ਗਦਰ ਨੂੰ ਧੋਖਾ ਦਿੱਤਾ ਅਤੇ ਜਿਨ੍ਹਾਂ ਕਿਰਤੀਆਂ ਦੀ ਤਾਕਤ ਨਾਲ ਫਤਿਹ ਪ੍ਰਾਪਤ ਕੀਤੀ ਗਈ ਸੀ, ਛੇਕੜ ਉਨ੍ਹਾਂ ਦੇ ਲਹੂ ਨਾਲ ਹੱਥ ਰੰਗੇ ਅਤੇ ਪੱਚੀ ਹਜ਼ਾਰ ਦੇ ਲਗਭਗ ਚੀਨੀ ਕਿਰਤੀ ਕਤਲ ਕੀਤੇ। ਹਿੰਦੁਸਤਾਨ ਗਦਰ ਪਾਰਟੀ ਦੇ ਮੈਂਬਰਾਂ ਨੇ ਉਨ੍ਹਾਂ ਹਿੰਦੁਸਤਾਨੀ ਫੌਜਾਂ ਵਿਚ ਜਿਹੜਿਆਂ ਨੂੰ ਬਰਤਾਨਵੀ ਇਮਪੀਰੀਲਿਸਟ ਚੀਨ ਦੇ ਗਦਰ ਨੂੰ ਦਬਾਉਣ ਵਾਸਤੇ ਲਾ ਕੇ ਆਏ ਹੋਏ ਸਨ। ਪਰਾਪੋਗੰਡਾ ਕੀਤਾ, ਇਸ ਕੰਮ ਵਿਚ ਗਦਰ ਪਾਰਟੀ ਦੇ ਮੈਂਬਰਾਂ ਨੂੰ ਪੂਰੀ ਫਤਿਹ ਹੋਈ ਜਿਤਨੀ ਹਿੰਦੁਸਤਾਨੀ ਫੌਜ ਸੀ। ਸਾਰੀ ਦੀ ਸਾਰੀ ਨੇ ਆਪਣੇ ਚੀਨੀ ਗਦਰੀ ਭਰਾਵਾਂ ਦੇ ਖਿਲਾਫ ਲੜਨੋਂ ਇਨਕਾਰ ਕਰ ਦਿੱਤਾ ਤੇ ਸਭ ਫੌਜ ਹਿੰਦੁਸਤਾਨ ਨੂੰ ਵਾਪਿਸ ਕਰਨੀ ਪਈ। ਹੰਕਾਓ ਦੇ ਦੋ ਸੌ ਸਿੱਖ ਪੁਲਸੀਏ ਤੋਂ ਚੀਨੀ ਗਦਰ ਵਿਚ ਮਿਲ ਚੁੱਕੇ ਸਨ। ਸ਼ੰਘਾਈ ਆਦਿ ਸ਼ਹਿਰਾਂ ਵਿਚ ਰਹਿਣ ਵਾਲੇ ਹਿੰਦੁਸਤਾਨੀ ਗਦਰ ਵਿਚ ਮਿਲਣ ਵਾਸਤੇ ਤਿਆਰ ਵੀ ਬੈਠੇ ਸਨ ਪਰ ਸ਼ੈਤਾਨ ਜਰਨੈਲ ਚੰਗੇ ਕਾਈਹਸ਼ੈਕ ਨੇ ਧੋਖਾ ਦਿੱਤਾ ਤੇ ਗਦਰ ਦੀ ਫਤਹਿ ਨੂੰ ਹਾਰ ਵਿਚ ਬਦਲ ਦਿੱਤਾ।

ਸਾਨੂੰ ਸਾਰਿਆਂ ਨੂੰ ਦੁਨੀਆਂ ਦੇ ਮਜ਼ਲੂਮ ਨੂੰ ਜਿਹੜੇ ਕਿ ਇਮਪੀਰੀਲਿਸਟਾਂ ਦੇ ਜੁਰਮਾਂ (ਜ਼ੁਲਮਾਂ) ਦੇ ਸ਼ਿਕਾਰ ਹੋ ਰਹੇ ਹਾਂ, ਜਥੇਬੰਦ ਤੇ ਹਥਿਆਰਬੰਦ ਗਦਰ ਵਾਸਤੇ ਤਿਆਰ ਹੋ ਜਾਣਾ ਚਾਹੀਦਾ ਹੈ ਕਿ ਇਹ ਇਮਪੀਰੀਲਿਸਟਾਂ ਨੂੰ ਸ਼ਿਕਸਤ ਦੇ ਕੇ ਆਮ ਲੋਕਾਂ ਦੀ ਰਾਏ ਨਾਲ ਅਤੇ ਆਮ ਲੋਕਾਂ ਦੇ ਲਾਭ ਵਾਸਤੇ ਹਕੂਮਤ ਕਾਇਮ ਕੀਤੀ ਜਾਵੇ। ਮੈਂ ਖਾਸ ਕਰਕੇ ਹਿੰਦੁਸਤਾਨ ਦੇ ਕਿਰਤੀਆਂ ਦੇ ਤੇ ਕਿਸਾਨਾਂ ਪਾਸ ਅਰਜ਼ ਕਰਾਂਗਾ, ਕਿ ਉਹ ਚੀਨ ਦੇ ਗਦਰ ਕੋਲੋਂ ਸਬਕ ਲੈਣ ਅਤੇ ਹਿੰਦੁਸਤਾਨੀ ਕਿਰਤੀ ਲਹਿਰ ਨੂੰ ਲੀਡਰਾਂ ਦੇ ਅਸਰ ਤੋਂ ਬਿਲਕੁਲ ਸਾਫ ਰੱਖਣ ਤਾਂ ਜੋ ਹਿੰਦੁਸਤਾਨ ਵਿਚ ਕਿਰਤੀ ਲਹਿਰ ਧੋਖਾ ਨਾ ਖਾ ਸਕੇ।

"ਚੀਨ ਦੇ ਕਿਰਤੀਆਂ ਤੇ ਕਿਸਾਨਾਂ ਦਾ ਗਦਰ ਜ਼ਿੰਦਾ ਰਹੇ"।

# ਦਿਨ ਕਦੋਂ ਚੜੂ?

"ਪੈ ਜਾਹ, ਕਿਉਂ ਗੇੜੇ ਕੱਢੀ ਜਾਨਾਂ, ਜੁਆਕ ਜਾਗ ਪੈਣਗੇ, ਪਤਾ ਨਹੀਂ ਕਿਵੇਂ ਦਸ ਮਿੰਟ ਨੀਂਦ ਆਈ ਏ।" ਬਿੱਕਰ ਦੀ ਘਰ ਵਾਲੀ ਤਾਰੋ ਨੇ ਅੱਕ ਕੇ ਕਿਹਾ। ਬਿੱਕਰ ਚੁੱਪ-ਚਾਪ ਮੰਜੀ 'ਤੇ ਬੈਠ ਗਿਆ। ਨੀਂਦ ਤਾਂ ਦੋਹਾਂ ਜੀਆਂ 'ਚੋਂ ਕਿਸੇ ਨੂੰ ਵੀ ਨਹੀਂ ਸੀ ਆ ਰਹੀ ਪਰ ਬੱਚਿਆਂ ਕਾਰਨ ਮਨ ਘੁੱਟੀ ਬੈਠੇ ਸਨ। ਕਿਹੋ ਜਿਹੇ ਹਾਲਾਤ ਸਨ, ਆਪਸ ਵਿਚ ਦੁੱਖ ਵੀ ਸਾਂਝਾ ਨਹੀਂ ਸਨ ਕਰ ਸਕਦੇ। ਸਾਂਝਾ ਵੀ ਕੀ ਕਰਦੇ, ਇਹ ਤਾਂ ਨਿੱਤ ਦਾ ਵਰਤਾਰਾ ਸੀ, ਕਦੇ ਰੋਟੀ ਮਿਲ ਗਈ, ਨਹੀਂ ਤਾਂ ਬਸ...।

ਖੇਤ ਮਜਦੂਰਾਂ ਲਈ ਪਿੰਡਾਂ 'ਚ ਵੈਸੇ ਹੀ ਕੰਮ ਨਹੀਂ ਸੀ ਰਹਿ ਗਿਆ, ਝੋਨਾ ਲਾਉਣ ਵੇਲੇ ਭੱਈਏ ਆ ਜਾਂਦੇ, ਕਣਕ ਦੀ ਵਾਢੀ ਮਸ਼ੀਨਾਂ ਨੇ ਕੁੱਝ ਹੀ ਦਿਨਾਂ ਤੱਕ ਸੀਮਤ ਕਰ ਦਿੱਤੀ ਸੀ। ਪਰਿਵਾਰਾਂ ਵਾਲੇ ਤਾਂ ਰਲ-ਮਿਲ ਚਾਰ ਪੈਸੇ ਕਮਾ ਲੈਂਦੇ ਪਰ ਬਿੱਕਰ ਨੂੰ ਇਸ ਪਾਸਿਓਂ ਵੀ ਕੋਈ ਸਹਾਰਾ ਨਹੀਂ ਸੀ। ਤਾਰੋ ਕਈ ਸਾਲਾਂ ਤੋਂ ਮੰਜਾ ਮੱਲੀ ਬੈਠੀ ਸੀ, ਬੱਚੇ ਨਿਆਣੇ, ਸਾਰਾ ਭਾਰ ਇਕੱਲੀ ਜਾਨ 'ਤੇ। ਬਿੱਕਰ ਸਾਈਕਲ ਚੱਕ ਮਜਦੂਰਾਂ ਦੀ ਮੰਡੀ ਸ਼ਹਿਰ ਪੁੱਜ ਜਾਂਦਾ। ਉਥੇ ਵੀ ਦਿਹਾੜੀ ਕਦੇ-ਕਦਾਈਂ ਲੱਗਦੀ। ਮਜਦੂਰਾਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਸੀ, ਹੁਣ ਤਾਂ ਕਈ ਬੇਜਮੀਨੇ ਕਿਸਾਨ ਵੀ ਆਉਣ ਲੱਗ ਪਏ ਸਨ। ਬਰਸਾਤਾਂ ਦੀ ਰੁੱਤ ਅਤੇ ਰੇਤ ਦੀ ਕਾਲਾਬਜ਼ਾਰੀ ਨੇ ਉਸਾਰੀ ਦਾ ਕੰਮ ਵੀ ਮੱਠਾ ਪਾ ਦਿੱਤਾ ਸੀ।

ਅੱਜ ਵੀ ਬਿੱਕਰ ਦਿਨ ਚੜ੍ਹਨ ਤੋਂ ਪਹਿਲਾਂ ਹੀ ਘਰੋਂ ਤੁਰ ਪਿਆ ਸੀ, ਇਸ ਆਸ ਨਾਲ ਕਿ ਸ਼ਾਇਦ ਸਵਖਤੇ ਕੰਮ ਮਿਲ ਜਾਵੇ। ਚਾਰ ਪੈਸਿਆਂ ਦੇ ਸੁਪਨੇ ਲੈਂਦਾ ਉਹ ਸਾਈਕਲ ਜੋਰ ਨਾਲ ਭਜਾਈ ਜਾ ਰਿਹਾ ਸੀ।

"ਕਿੱਧਰ ਬੂਥਾ ਚੱਕਿਆ ਓਏ, ਨਾਕਾ ਨਹੀਂ ਦਿਸਦਾ?" ਸਿਪਾਹੀ ਨੇ ਮਗਗਾਰਡ 'ਤੇ ਡੰਡਾ ਮਾਰਦਿਆਂ ਅੱਗੇ ਹੋ ਰੋਕਿਆ।

"ਜੀ...ਜੀ...ਮੈਂ...ਦਿਹਾੜੀ...।" ਬਿੱਕਰ ਇਕਦਮ ਪਈ ਆਫਤ ਵੇਖ ਘਬਰਾ ਗਿਆ ਸੀ।

"ਕੀ ਮੈਂ...ਮੈਂ ਲਾਈ ਆ।" ਥਾਣੇਦਾਰ ਨੇ ਢਿੱਡ ਤੋਂ ਥੱਲੇ ਖਿਸਕਦੀ ਪੈਂਟ ਨੂੰ ਉਪਰ ਚੁਕਦਿਆਂ ਅੱਗੇ ਬੱਧੇ ਝੋਲੇ ਦੀ ਤਲਾਸ਼ੀ ਲੈਣ ਵਾਸਤੇ ਸਿਪਾਹੀ ਨੂੰ ਕਿਹਾ। ਸਿਪਾਹੀ ਨੇ ਝੋਲੇ ਵਿਚਲੀ ਰੋਟੀ ਖੋਲ੍ਹ ਦੂਰ ਚਲਾ ਮਾਰੀ, ਜਿਸ ਨੂੰ ਨਾਲ ਦੀ ਨਾਲ ਕੁੱਤਾ ਲੈ ਭੱਜਿਆ। ਬਿੱਕਰ ਦੀਆਂ ਅੱਖਾਂ ਵਿਚ ਹੰਝੂ ਆ ਗਏ। ਘਰ ਵਿਚ ਇਹੋ ਅਖੀਰਲਾ ਆਟਾ ਸੀ, ਜਿਸ ਦੀਆਂ ਬਣੀਆਂ ਦੋਵੇਂ ਰੋਟੀਆਂ ਉਹ ਲੈ ਆਇਆ ਸੀ।

"ਤੈਨੂੰ ਪਤਾ ਨਹੀਂ ਸ਼ਹਿਰ 'ਚ ਝੰਡਾ ਚੜ੍ਹਾਉਣ ਲਈ ਮੰਤਰੀ ਜੀ ਆ ਰਹੇ ਨੇ...ਦੋ ਤਿੰਨ ਦਿਨ ਸ਼ਹਿਰ 'ਚ ਵੜਿਆ ਤਾਂ ਵੇਖ ਲਵੀਂ।" ਥਾਣੇਦਾਰ ਨੇ ਗੰਦੀ ਗਾਲ੍ਹ ਕੱਢਦਿਆਂ ਦੋਨੋਂ ਟਾਇਰ ਪੈਂਚਰ ਕਰ ਵਾਪਿਸ ਮੋੜ ਦਿੱਤਾ। ਬਿੱਕਰ ਸਾਈਕਲ ਧੂਹਦਾ ਮਸਾਂ ਹੀ ਘਰ ਪਹੁੰਚਿਆ।

"ਅੱਜ ਫਿਰ ਨਹੀਂ ਮਿਲੀ ਦਿਹਾੜੀ? ਦੁਪਹਿਰ ਤਾਂਈਂ ਉਡੀਕ ਲੈਂਦਾ...ਘਰੇ ਤਾਂ...।" ਤਾਰੋ ਨੇ ਬਿੱਕਰ ਨੂੰ ਆਉਂਦਿਆਂ ਵੇਖ ਕਈ ਸੁਆਲ ਕਰ ਦਿੱਤੇ।

"ਪੁਲਿਸ ਸ਼ਹਿਰ 'ਚ ਵੜਨ ਨਹੀਂ ਦਿੰਦੀ...ਕਹਿੰਦੇ 'ਜਾਦੀ ਦਿਹਾੜਾ...ਕਿਸੇ ਮੰਤਰੀ ਨੇ ਝੰਡਾ ਚੜ੍ਹਾਉਣ ਆਉਣੈਂ...।" ਬਿੱਕਰ ਨੇ ਮਸਾਂ ਹੀ ਜਵਾਬ ਦਿੱਤਾ।

"ਇਹ 'ਜਾਦੀ ਦਿਹਾੜਾ ਕੀ ਹੁੰਦਾ ਮੰਮੀ?" ਮੁੰਡੇ ਸੰਨੀ ਨੇ ਉਤਸੁਕਤਾ ਨਾਲ ਪੁਛਿਆ।

"ਤੈਨੂੰ ਇੰਨਾ ਵੀ ਨਹੀਂ ਪਤਾ, ਕੱਲ੍ਹ ਵੱਡੇ ਸਰ ਨੇ ਦੱਸਿਆ ਤਾਂ ਸੀ।" ਸੰਨੀ ਤੋਂ ਵੱਡੀ ਜੀਤਾਂ ਇਕਦਮ ਬੋਲ ਉਠੀ।

"ਪੁੱਤ ਤੂੰ ਵੀ ਧਿਆਨ ਨਾਲ ਪੜ੍ਹਿਆ ਕਰ।" ਤਾਰੋ ਨੇ ਸਮਝਾਇਆ।

"ਮੰਮੀ ਉਦੋਂ ਐਨੀ ਤਾਂ ਭੁੱਖ ਲੱਗੀ ਹੁੰਦੀ ਆ, ਉਦੋਂ ਤਾਂ ਬਸ ਰੋਟੀ...।" ਸੰਨੀ ਨੂੰ ਰੋਟੀ ਦੀ ਯਾਦ ਨੇ ਵਿਆਕੁਲ ਕਰ ਦਿੱਤਾ ਸੀ।

"ਮਾਸਟਰ ਐਨੀਆਂ ਛੁੱਟੀਆਂ ਕਿਉਂ ਕਰਦੇ ਆ, ਸਕੂਲ 'ਚ ਰੋਟੀ ਤਾਂ ਮਿਲ ਜਾਂਦੀ।" ਸੰਨੀ ਢਿੱਡ 'ਤੇ ਹੱਥ ਫੇਰ ਰਿਹਾ ਸੀ।

"ਵੀਰੇ ਮਾਸਟਰਾਂ ਦੇ ਘਰ ਵਾਧੂ ਪੈਸੇ ਹੁੰਦੇ ਹੋਣਗੇ, ਆਪਣੇ ਵਾਗੂੰ ਨਹੀਂ ਹੁੰਦੇ।" ਜੀਤਾਂ ਨੇ ਆਪਣੇ ਗਿਆਨ ਅਨੁਸਾਰ ਸਪੱਸ਼ਟ ਕੀਤਾ।

ਦੋਹਾਂ ਜੀਆਂ ਨੇ ਇੱਕ ਦੂਜੇ ਵੱਲ ਵੇਖਿਆ ਪਰ ਕੋਈ ਵੀ ਕੁੱਝ ਬੋਲ ਨਾ ਸਕਿਆ। ਦਿਨ ਤਾਂ ਲੰਘ ਚੱਲਿਆ ਸੀ ਪਰ ਉਪਰੋਂ ਹੁੰਦੀ ਰਾਤ ਵੱਡੀ ਸਮੱਸਿਆ ਲੱਗ ਰਹੀ ਸੀ। ਕਿਤੋਂ ਉਧਾਰ ਵੀ ਨਹੀਂ ਸੀ ਮਿਲਣਾ, ਜਿੱਥੋਂ ਮੁੜਨ ਦੀ ਆਸ ਨਾ ਹੋਵੇ, ਉਥੇ ਦਿੰਦਾ ਵੀ ਕੌਣ? ਨਾਲੇ ਬਸਤੀ 'ਚ ਸਭ ਉਨ੍ਹਾਂ ਵਰਗੇ ਹੀ ਤਾਂ ਰਹਿੰਦੇ ਸਨ।

ਸਿਵਿਆਂ ਵਰਗੀ ਚੁੱਪ 'ਚ ਸਾਰਾ ਟੱਬਰ ਹਨੇਰੇ ਵਿਚ ਚੁੱਪ ਬੈਠਾ ਸੀ। ਘਰ ਵਿਚ ਨਾ ਚੁੱਲ੍ਹਾ ਬਲਿਆ, ਨਾ ਦੀਵਾ। ਬੱਚੇ ਮਾਂ ਪਿਉ ਦੇ ਮੂੰਹ ਵੱਲ ਵੇਖਦੇ ਮੰਜੀਆਂ 'ਤੇ ਟੇਢੇ ਹੋ ਗਏ, ਪਰ ਦੋਵੇਂ ਜੀਅ ਮੰਜੀਆਂ 'ਤੇ ਉਵੇਂ ਹੀ ਬੈਠੇ ਸਨ।

"ਮੰਮੀ ਰਾਤ ਕਿੰਨੀ ਕੁ ਰਹਿ ਗਈ?" ਜੀਤਾਂ ਨੇ ਬੈਠੀ ਮਾਂ ਨੂੰ ਵੇਖ ਪੁਛਿਆ।

"ਸੌਂ ਜਾਹ ਪੁੱਤ, ਅਜੇ ਤਾਂ ਬਹੁਤ ਪਈ ਆ।" ਤਾਰੋ ਨੇ ਸੰਖੇਪ ਜਿਹਾ ਜਵਾਬ ਦਿੱਤਾ।

"ਅੱਜ ਰਾਤ ਵੀ ਕਿੰਨੀ ਲੰਮੀ ਹੋ ਗਈ ਹੈ...ਜੇ ਰੱਬ ਤਾਰਿਆਂ ਦੀ ਥਾਂ ਰੋਟੀਆਂ ਲਾ ਦਿੰਦਾ, ਕੋਈ ਭੁੱਖਾ ਤਾਂ ਨਾ ਸੌਂਦਾ।" ਜੀਤਾਂ ਅਸਮਾਨ ਵੱਲ ਵੇਖ ਕਲਪਨਾ ਕਰ ਰਹੀ ਸੀ।

"ਪੁੱਤ ਚੁੱਪ ਕਰਕੇ ਪੈ ਜਾ, ਵੀਰਾ ਜਾਗ ਪਿਆ ਤਾਂ...?" ਤਾਰੋ ਬੇਚੈਨ ਜਿਹੀ ਬੋਲੀ।

ਹੁਣ ਤਾਂ ਖੇਤਾਂ ਵਿਚ ਵੀ ਚਾਰ ਚੁਫੇਰੇ ਝੋਨਾ ਹੀ ਝੋਨਾ, ਹੋਰ ਕੋਈ ਵੀ ਫਸਲ ਨਹੀਂ ਹੋਣੀ। ਖਾਣ ਵਾਲੀ ਕੋਈ ਵੀ ਚੀਜ਼ ਨਹੀਂ ਹੋਣੀ। ਬਿੱਕਰ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ।

ਇਕਦਮ ਮੁੰਡੇ ਨੇ ਰੋਣਾ ਸ਼ੁਰੂ ਕਰ ਦਿੱਤਾ। ਮਾਂ ਦੇ ਪੁਛਣ 'ਤੇ ਰੋਂਦਾ-ਰੋਂਦਾ ਬੋਲਿਆ, "ਮੰਮੀ ਢਿੱਡ ਦੁਖਦਾ...ਰੋਟੀ...।"

ਤਾਰੋ ਨੇ ਦਿਨ ਚੜ੍ਹਨ ਤੱਕ ਸਬਰ ਕਰਨ ਲਈ ਕਿਹਾ।

"ਮੰਮੀ ਦਿਨ ਕਦੋਂ ਚੜੂ?"

ਬੱਚੇ ਦੇ ਸੁਆਲ ਦਾ ਮਾਂ ਕੀ ਜਵਾਬ ਦਿੰਦੀ। ਫਿਰ ਚੁੱਪ ਵਰਤ ਗਈ ਸੀ। ਬੱਚਾ ਸੁੱਤਾ ਪਿਆ ਵੀ ਹੌਕੇ ਲੈਂਦਾ ਹੋਇਆ 'ਦਿਨ ਕਦੋਂ ਚੜੂ' ਬੋਲੀ ਜਾਂਦਾ ਸੀ। ਦੋਵੇਂ ਜੀਅ ਬੇਵਸੀ ਵਿਚ ਹੰਝੂ ਵਹਾ ਰਹੇ ਸਨ।

"ਕਦੋਂ ਕੁ ਦਿਨ ਚੜੂ?" ਤਾਰੋ ਨੇ ਬਿੱਕਰ ਵੱਲ ਮੂੰਹ ਕਰਕੇ ਪੁਛਿਆ।

"ਆਪਣਾ ਦਿਨ ਕਾਹਦਾ ਚੜ੍ਹਨੈਂ ਤਾਰੋ! ਜੇ ਕੱਲ੍ਹ ਨੂੰ ਵੀ ਕੰਮ ਨਾ ਮਿਲਿਆ...ਕਦੋਂ ਤੱਕ ਜੁਆਕਾਂ ਨੂੰ ਭੁੱਖਾ ਰੱਖਾਂਗੇ...ਭੁੱਖੇ ਢਿੱਡ ਤਾਂ ਕੰਮ ਵੀ ਨਹੀਂ ਹੁੰਦਾ...ਇਸ ਸਿਸਟਮ ਦੀ ਚੰਦਰੀ ਰਾਤ ਦਾ ਦਿਨ ਕਦੋਂ ਚੜੂ?" ਬਿੱਕਰ ਦੀ ਬੇਵਸੀ 'ਚ ਧਾਹ ਨਿਕਲ ਗਈ ਸੀ।

***-ਗੁਰਮੀਤ ਸਿੰਘ ਮਰਾੜ੍ਹ***
***ਫੋਨ: 91-95014-00397***

## ਨਮੋਸ਼ੀ

ਧੀਏ! ਤੂੰ ਤਾਂ ਕਹਿੰਦੀ ਹੁੰਦੀ ਸੀ, ਬਾਪੂ ਮੈਂ ਤੇਰੀ ਸਭ ਤੋਂ ਵੱਧ ਪੜ੍ਹਨ ਵਾਲੀ ਧੀ ਹਾਂ। ਮੈਨੂੰ ਪੜ੍ਹਨੋਂ ਨਾ ਹਟਾਉਣਾ, ਮੈਂ ਪੜ੍ਹਨਾ ਚਾਹੁੰਦੀ ਹਾਂ। ਮੈਂ ਵੀ ਤੇਰੀ ਹਰ ਖਾਹਿਸ਼ ਦਾ ਧਿਆਨ ਰੱਖਿਆ ਸੀ ਤੇ ਤੈਨੂੰ ਉਚ ਵਿਦਿਆ ਲਈ ਘਰ ਤੋਂ ਦੂਰ ਕਾਲਜ ਮੈਂ ਇੰਜ ਛੱਡ ਆਇਆ ਸੀ, ਜਿਵੇਂ ਤੂੰ ਮੇਰੀ ਧੀ ਨਹੀਂ ਬਲਕਿ ਪੁੱਤਰ ਹੋਵੇਂ। ਮੈਂ ਬੜੇ ਸੁਪਨੇ ਸੰਜੋਏ ਸੀ ਤੇਰੇ ਲਈ। ਮੈਂ ਤਾਂ ਚਾਹੁੰਦਾ ਸੀ, ਪੋਸਟ ਗ੍ਰੈਜੂਏਸ਼ਨ ਦੀ ਪੜ੍ਹਾਈ ਵੀ ਕਰਦੀ, ਮੈਂ ਔਖਾ-ਸੌਖਾ ਹੋਰ ਦੋ ਸਾਲ ਖੇਤੀ ਕਰਕੇ, ਦੁੱਧ ਪਾ ਕੇ ਤੇਰੀ ਫੀਸ ਤੇ ਦੇ ਹੀ ਸਕਦਾ ਸੀ। ਮੇਰੇ ਦਿਲ ਦੀ ਤਮੰਨਾ ਸੀ, ਤੂੰ ਸਿਵਲ ਸਰਵਿਸ ਦਾ ਇਮਤਿਹਾਨ ਦਿੰਦੀ ਤੇ ਇਕ ਵੱਡੇ ਅਹੁਦੇ 'ਤੇ ਕੰਮ ਕਰਦੀ। ਮੇਰਾ ਨਾਂ ਰੋਸ਼ਨ ਕਰਦੀ।

ਧੀਏ ਤੂੰ ਦਿਲ ਦੀਆਂ ਸਭ ਗੱਲਾਂ ਮੇਰੇ ਨਾਲ ਕਰ ਲੈਂਦੀ ਸੈਂ, ਪਰ ਆਹ ਗੱਲ, ਵਿਆਹ ਕਰਨ ਦਾ ਅਹਿਮ ਫੈਸਲਾ ਤੇ ਉਹ ਵੀ ਮੈਨੂੰ ਬਿਨਾ ਦੱਸੇ, ਤੂੰ ਕਿੱਦਾਂ ਕਰ ਲਿਆ? ਮੈਨੂੰ ਅੱਜ ਤੱਕ ਸਮਝ ਨਹੀਂ ਆਇਆ। ਮੈਨੂੰ ਤੇ ਉਦੋਂ ਪਤਾ ਲੱਗਾ, ਜਦੋਂ ਆਲੇ-ਦੁਆਲੇ ਦੇ ਦਸ ਪਿੰਡਾਂ ਵਿਚ ਰੌਲਾ ਪੈ ਗਿਆ ਕਿ ਫਲਾਣੇ ਦੀ ਧੀ ਨੇ ਫਲਾਣੇ ਦੇ ਮੁੰਡੇ ਨਾਲ ਭੱਜ ਕੇ ਵਿਆਹ ਕਰ ਲਿਆ।

ਧੀਏ! ਜੇ ਤੂੰ ਵਿਆਹ ਕਰਨਾ ਹੀ ਸੀ ਤਾਂ ਮੈਨੂੰ ਦੱਸ ਦਿੰਦੀ। ਮੈਂ ਤੇਰੀ ਮਦਦ ਹੀ ਕਰਦਾ ਤੇ ਤਰੀਕੇ ਨਾਲ ਮੁੰਡੇ ਦੇ ਮਾਂ-ਬਾਪ ਨਾਲ ਗੱਲ ਕਰਕੇ ਸਮਾਜਿਕ ਤੌਰ 'ਤੇ ਤੇਰੇ ਹੱਥ ਪੀਲੇ ਕਰ ਦਿੰਦਾ, ਮੇਰਾ ਬੁਢੇਪਾ ਤੇ ਸ਼ਰਮਸ਼ਾਰ ਨਾ ਹੁੰਦਾ। ਮੈਂ ਆਪਣਾ ਫਰਜ਼ ਪੂਰਾ ਕੀਤਾ, ਤੈਨੂੰ ਚੰਗਾ ਪੜ੍ਹਾ-ਲਿਖਾ ਦਿੱਤਾ ਪਰ ਫਿਰ ਵੀ ਜ਼ਰੂਰ ਕੋਈ ਕਮੀ ਰਹੀ ਹੋਣੀ ਏ ਕਿ ਤੂੰ ਮਾਂ-ਬਾਪ ਦੀਆਂ ਭਾਵਨਾਵਾਂ ਸਮਝਣ ਯੋਗ ਨਹੀਂ ਬਣ ਸਕੀ ਤੇ ਉਨ੍ਹਾਂ 'ਤੇ ਵਿਸ਼ਵਾਸ ਨਾ ਕਰ ਕੇ ਆਪਣੇ ਜੀਵਨ ਦੇ ਏਨੇ ਵੱਡੇ ਫੈਸਲੇ 'ਚ ਸ਼ਾਮਲ ਕਰਨਾ ਜ਼ਰੂਰੀ ਨਹੀਂ ਸਮਝਿਆ।

ਲੋਕਾਂ ਦਾ ਕੀ ਏ, ਉਹ ਤਾਂ ਮੌਕੇ ਦੀ ਤਾਕ ਵਿਚ ਹੁੰਦੇ ਨੇ, ਕਿਸੇ ਬਾਪ ਦੀ ਪੱਗ ਰੋਲੀਏ। ਧੀਏ, ਤੂੰ ਆਪਣੇ ਬੱਚਿਆਂ ਨੂੰ ਜ਼ਰੂਰ ਦੱਸੀਂ ਕਿ ਜਦੋਂ ਜਾਂ ਜਿੱਥੇ ਵੀ ਉਹ ਵਿਆਹ ਕਰਨਾ ਚਾਹੁਣ, ਕਰ ਸਕਦੇ ਹਨ। ਤੂੰ ਉਨ੍ਹਾਂ ਦੇ ਨਾਲ ਹੋਵੇਂਗੀ, ਨਾਲ ਖੜ੍ਹੇਂਗੀ ਤਾਂ ਕਿ ਤੈਨੂੰ ਬੱਚੀਏ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪਵੇ, ਜੋ ਤੇਰੇ ਮਾਂ-ਬਾਪ ਨੇ ਕੀਤਾ ਤੇ ਹੰਢਾਇਆ। ਤੇਰਾ ਬਾਪ ਕਾਮਨਾ ਕਰਦਾ ਹੈ, ਧੀਏ ਤੂੰ ਹਮੇਸ਼ਾ ਖੁਸ਼ ਰਹੇਂ।

***-ਸੋਹਨ ਬੈਨੀਪਾਲ***
***ਫੋਨ: 91-28120-24940***

# ਭਾਰਤ ਤੇ ਪਾਕਿਸਤਾਨ ਗੱਲਬਾਤ ਦੇ ਦਰਵਾਜੇ ਖੁੱਲ੍ਹੇ ਰੱਖਣਾ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਿਛਲੇ ਦਿਨੀਂ ਰਾਅ ਦੇ ਸਾਬਕਾ ਮੁਖੀ ਅਮਰਜੀਤ ਸਿੰਘ ਦੁੱਲਤ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਆਪਸੀ ਖਹਿਬਾਜ਼ੀ ਬੰਦ ਕਰਨ ਤੇ ਗੱਲਬਾਤ ਦਾ ਸਿਲਸਿਲਾ ਬੰਦ ਕਰਨ ਦੀ ਬੱਜਰ ਗਲਤੀ ਨਾ ਕਰਨ। ਦੋਹਾਂ ਧਿਰਾਂ ਨੂੰ ਚੇਤੇ ਰੱਖਣ ਦੀ ਲੋੜ ਹੈ ਕਿ ਫੌਜੀ ਕਾਰਵਾਈ ਅਜਿਹੇ ਮਸਲਿਆਂ ਦਾ ਹੱਲ ਨਹੀਂ ਹੁੰਦੀ, ਅਤਿਵਾਦ ਤਾਂ ਉਕਾ ਹੀ ਨਹੀਂ। ਸਿਆਸੀ ਤੇ ਮਨੋਵਿਗਿਆਨਕ ਸੋਚ ਅਪਨਾਉਣ ਦੀ ਲੋੜ ਹੈ। ਇਥੋਂ ਤੱਕ ਕਿ ਤਾਲਿਬਾਨ ਵਰਗੀਆਂ ਜਥੇਬੰਦੀਆਂ ਨਾਲ ਵੀ ਗੱਲ ਕਰਨੀ ਲਾਹੇਵੰਦ ਹੋ ਸਕਦੀ ਹੈ। ਸਾਰਕ ਦੇਸ਼ਾਂ ਦੀ ਸ਼ਮੂਲੀਅਤ ਹੋਰ ਵੀ ਲਾਭਕਾਰੀ ਹੋਵੇਗੀ।



ਅਮਰਜੀਤ ਸਿੰਘ ਦੁੱਲਤ

ਜਨਾਬ ਦੁੱਲਤ ਨੇ ਸਿੱਕਮ ਤੇ ਨੇਪਾਲ ਦਾ ਨਾਂ ਉਚੇਚੇ ਤੌਰ 'ਤੇ ਲਿਆ, ਭਾਵੇਂ ਬੰਗਲਾ ਦੇਸ਼, ਮਾਲਦੀਵ ਤੇ ਸ੍ਰੀਲੰਕਾ ਵੀ ਹੱਥ ਵਟਾ ਸਕਦੇ ਹਨ। ਉਸ ਦੀ ਸੋਚ ਅਨੁਸਾਰ ਰੂਸ, ਚੀਨ ਤੇ ਅਮਰੀਕਾ ਵੀ ਜਾਣੂੰ ਹਨ। ਵਾਰਤਾਲਾਪ ਤੋਂ ਕੰਨੀ ਕਤਰਾਉਣਾ ਅੰਤਾਂ ਦੀ ਮੂਰਖਤਾ ਹੈ। ਖਾਸ ਕਰਕੇ ਉਸ ਸਮੇਂ ਜਦੋਂ ਪਾਕਿਸਤਾਨ ਦੀ ਵਾਗਡੋਰ ਇਮਰਾਨ ਖਾਨ ਵਰਗੀ ਹਸਤੀ ਦੇ ਹੱਥ ਹੈ, ਜਿਸ ਦੀ ਉਥੋਂ ਦੀ ਫੌਜ ਨਾਲ ਬਣਦੀ ਹੈ।

ਜਨਾਬ ਦੁੱਲਤ ਨੇ ਇਨ੍ਹਾਂ ਮਾਮਲਿਆਂ ਵਿਚ ਮਰਹੂਮ ਨੇਤਾ ਵਾਜਪਾਈ ਦੀ ਧਾਰਨਾ ਨੂੰ ਅੱਗੇ ਤੋਰਨ ਦੀ ਗੱਲ ਕੀਤੀ। ਉਹ ਪੀਪਲਜ਼ ਕਨਵੈਨਸ਼ਨ ਸੈਂਟਰ, ਚੰਡੀਗੜ੍ਹ ਵਿਖੇ ਦੱਖਣੀ ਏਸ਼ੀਆ ਤੇ ਭਾਰਤ ਲਈ ਵੰਗਾਰ ਬਣੇ ਮਸਲਿਆਂ 'ਤੇ ਬੋਲ ਰਹੇ ਸਨ। ਉਨ੍ਹਾਂ ਦਾ ਮੱਤ ਹੈ ਕਿ ਆਪਸੀ ਸੋਚ ਨੂੰ ਤਾਂ ਜਾਨਵਰ ਵੀ ਤਿਲਾਂਜਲੀ ਨਹੀਂ ਦਿੰਦੇ, ਮਾਨਸ ਜਾਤ ਕਿਉਂ ਦੇਵੇ? ਉਨ੍ਹਾਂ ਉਹ ਗੱਲ ਅੱਗੇ ਤੋਰੀ ਹੈ, ਜਿਸ ਨੂੰ ਕੱਲ ਦੇ ਭਾਰਤ ਤੇ ਪਾਕਿਸਤਾਨ ਨੂੰ ਅੰਤਾਂ ਦਾ ਲਾਭ ਹੋ ਸਕਦਾ ਹੈ। ਕੇਂਦਰ ਸਰਕਾਰ ਨੂੰ ਕੌਣ ਸਮਝਾਵੇ!

**ਗੁਰਮੁਖੀ ਲਿਪੀ ਵਿਚ ਸਾਹਿਰ ਦੀ 'ਤਲਖੀਆਂ':** ਮੇਰੇ ਸਾਹਮਣੇ ਟੀ. ਐਨ. ਰਾਜ਼ ਵਲੋਂ ਗੁਰਮੁਖੀ ਲਿਪੀਅੰਤਰ ਵਾਲੀ ਸਾਹਿਰ ਲੁਧਿਆਣਵੀ ਦੀ 'ਤਲਖੀਆਂ' ਪਈ ਹੈ, ਗੀਤਾਂ, ਗਜ਼ਲਾਂ ਤੇ ਨਜ਼ਮਾਂ ਸਮੇਤ। ਸਾਹਿਰ 25 ਅਕਤੂਬਰ 1980 ਨੂੰ 60 ਵਰ੍ਹੇ ਦੀ ਉਮਰ ਭੋਗ ਕੇ ਅਚਾਨਕ ਹੀ ਤੁਰ ਗਿਆ ਸੀ। ਉਹ ਪੰਜਾਬੀ ਸੀ, ਲੁਧਿਆਣੇ ਦਾ ਜੰਮਪਲ। ਅੰਮ੍ਰਿਤਾ ਪ੍ਰੀਤਮ ਉਹਦੇ ਉਤੇ ਏਨੀ ਫਿਦਾ ਸੀ ਕਿ ਅੰਮ੍ਰਿਤਾ ਦੇ ਲਿਖਣ ਅਨੁਸਾਰ ਦੇਸ਼ ਵੰਡ ਤੋਂ ਪਹਿਲਾਂ ਜਦੋਂ ਲਾਹੌਰ ਵਿਖੇ ਸਾਹਿਰ ਅੰਮ੍ਰਿਤਾ ਨੂੰ ਮਿਲਣ ਜਾਂਦਾ ਸੀ ਤਾਂ ਸਾਹਮਣੇ ਬਹਿ ਕੇ ਚੁੱਪ ਚਾਪ ਸਿਗਰਟਾਂ ਫੂਕਦਾ ਰਹਿੰਦਾ ਸੀ। ਤੇ ਜਦ ਰਾਖਦਾਨੀ ਸਿਗਰਟਾਂ ਦੇ ਟੁਕੜਿਆਂ ਨਾਲ ਭਰ ਜਾਂਦੀ ਤਾਂ ਤੁਰ ਜਾਂਦਾ। ਉਹਦੇ ਜਾਣ ਪਿਛੋਂ ਅੰਮ੍ਰਿਤਾ ਇਕੱਲੀ ਰਹਿ ਜਾਂਦੀ ਤਾਂ ਉਹਦੇ ਸੁੱਟੇ ਸਿਗਰਟਾਂ ਦੇ ਟੁਕੜੇ ਜਲਾ ਕੇ ਪੀਂਦੀ ਰਹਿੰਦੀ।

ਅੰਮ੍ਰਿਤਾ ਦਾ ਮਰਦੇ ਦਮ ਤੱਕ ਸਾਥ ਦੇਣ ਵਾਲਾ ਇਮਰੋਜ਼ ਇੰਜ ਪੇਸ਼ ਕਰਦਾ ਹੈ, "ਸਾਹਿਰ ਨੇ ਅੰਮ੍ਰਿਤਾ ਨੂੰ ਸਿਗਰਟ ਦੀ ਲਤ ਲਾਉਣ ਤੋਂ ਵੱਧ ਕੁਝ ਨਹੀਂ ਖੱਟਿਆ-ਖਟਾਇਆ।" ਖੈਰ!

1947 ਵਿਚ ਸਾਹਿਰ ਪਾਕਿਸਤਾਨ ਚਲਾ ਗਿਆ ਤਾਂ ਖਵਾਜਾ ਅਹਿਮਦ ਅੱਬਾਸ ਨੇ ਆਪਣੇ ਕਾਲਮ ਵਿਚ ਸਾਹਿਰ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਸਾਰੇ ਤਰੱਕੀ ਪਸੰਦ ਅਦੀਬਾਂ ਨੂੰ ਝਾੜ ਪਾਈ, ਜੋ ਆਪਣੀ ਜਨਮ ਭੋਂ ਛੱਡ ਕੇ ਧਰਮ ਦੇ ਆਧਾਰ 'ਤੇ ਬਣੇ ਪਾਕਿਸਤਾਨ ਦੇ ਵਸਨੀਕ ਬਣ ਗਏ ਸਨ। ਉਸ ਚਿੱਠੀ ਨੇ ਸਾਹਿਰ ਦੇ ਮਨ 'ਤੇ ਏਨਾ ਪ੍ਰਭਾਵ ਪਾਇਆ ਕਿ ਉਹ ਭਾਰਤ ਪਰਤ ਆਇਆ। 1949 ਵਿਚ ਕੁਝ ਮਹੀਨੇ ਦਿੱਲੀ ਰਹਿ ਕੇ ਆਪਣੀ ਸ਼ਾਇਰੀ ਦੀ ਖੁਸ਼ਬੂ ਵੰਡਣ ਪੱਕੇ ਤੌਰ 'ਤੇ ਮੁੰਬਈ ਤੁਰ ਗਿਆ। ਉਨ੍ਹੀਂ ਦਿਨੀਂ ਮੈਂ ਕਾਲਜ ਦਾ ਵਿਦਿਆਰਥੀ ਸਾਂ। ਸਾਹਿਰ ਲੁਧਿਆਣਵੀ ਦੀ 'ਤਾਜ ਮਹੱਲ' ਨਾਂ ਦੀ ਕਵਿਤਾ ਸਾਨੂੰ ਸਭਨਾਂ ਨੂੰ ਚੰਗੀ ਲਗਦੀ ਸੀ, ਜਿਸ ਵਿਚ ਉਹ ਆਪਣੀ ਮਹਿਬੂਬ ਨੂੰ ਤਾਜ ਮਹੱਲ ਦੀ ਥਾਂ ਕਿਧਰੇ ਹੋਰ ਮਿਲਣ ਲਈ ਕਹਿੰਦਾ ਹੈ। ਪੇਸ਼ ਹਨ, ਕੁਝ ਸ਼ਿਅਰ:

ਅਨਗਿਣਤ ਲੋਗੋਂ ਨੇ
ਦੁਨੀਆਂ ਮੇਂ ਮੁਹੱਬਤ ਕੀ ਹੈ
ਕੌਨ ਕਹਿਤਾ ਹੈ ਕਿ
ਸਾਦਿਕ ਨਾ ਥੇ ਜਜ਼ਬੇ ਉਨ ਕੇ।
ਯੇ ਚਮਨਜ਼ਾਰ, ਯੇ ਜਮਨਾ ਦਾ ਕਿਨਾਰਾ,
ਯੇ ਮਹੱਲ
ਯੇ ਮੁਨਕਸ਼ ਦਰ-ਓ-ਦੀਵਾਰ,
ਯੇ ਮਹਰਾਬ, ਯੇ ਤਾਕ।
ਇਕ ਸਹਨਸ਼ਾਹ ਨੇ ਦੌਲਤ ਕਾ
ਲੇ ਕਰ ਸਹਾਰਾ
ਹਮ ਗਰੀਬੋਂ ਕੀ ਮੁਹੱਬਤ ਕਾ
ਉੜਾਇਆ ਹੈ ਮਜ਼ਾਕ।
ਮੇਰੀ ਮਹਿਬੂਬ!
ਕਹੀਂ ਔਰ ਮਿਲਾ ਕਰ ਮੁਝ ਕੋ...।

ਖਿਮਾ ਕਰਨਾ, ਇਸ ਨਜ਼ਮ ਦੇ ਕਈ ਟੋਟਕੇ ਕੱਟ ਦਿੱਤੇ ਹਨ, ਜਿਨ੍ਹਾਂ ਵਿਚ ਏਨੇ ਮੁਸ਼ਕਿਲ ਸ਼ਬਦ ਹਨ ਕਿ ਪਾਠਕ ਨੂੰ ਉਰਦੂ ਹੀ ਨਹੀਂ, ਅਰਬੀ-ਫਾਰਸੀ ਦੀਆਂ ਡਿਕਸ਼ਨਰੀਆਂ ਦੀ ਲੋੜ ਪੈ ਸਕਦੀ ਹੈ। ਉਦੋਂ ਸਾਨੂੰ ਉਨ੍ਹਾਂ ਸ਼ਬਦਾਂ ਦੇ ਅਰਥ ਉਰਦੂ-ਫਾਰਸੀ ਦੇ ਪ੍ਰੋਫੈਸਰ ਅਵਤਾਰ ਸਿੰਘ ਢੋਡੀ ਨੇ ਸਮਝਾਏ ਸਨ।

ਟੀ. ਐਨ. ਰਾਜ਼ ਦੀ ਖੂਬੀ ਇਸ ਵਿਚ ਹੈ ਕਿ ਉਸ ਨੇ ਮੁਸ਼ਕਿਲ ਸ਼ਬਦਾਂ ਦੇ ਅਰਥ ਹਰ ਪੰਨੇ ਵਿਚ ਫੁਟ ਨੋਟ ਵਜੋਂ ਦਿੱਤੇ ਹਨ। ਕੁਝ ਪੰਨਿਆਂ 'ਤੇ ਰਾਜ਼ ਨੂੰ 16 ਲਾਈਨਾਂ ਵਿਚੋਂ 24 ਸ਼ਬਦਾਂ ਦੇ ਅਰਥ ਲਿਖਣੇ ਪਏ; 16 ਵਿਚੋਂ 16 ਤਾਂ ਆਮ ਹੀ ਹਨ। ਰਾਜ਼ ਦੀ ਮਿਹਨਤ ਦੇਖ ਕੇ ਸਮਝ ਆਈ ਕਿ ਸਾਹਿਰ ਦੀ ਕਵਿਤਾ ਹਰਮਨ ਪਿਆਰੀ ਕਿਉਂ ਨਾ ਹੋ ਸਕੀ? ਕਵਿਤਾ ਵਿਚ ਏਨੇ ਮੁਸ਼ਕਿਲ ਸ਼ਬਦਾਂ ਦੀ ਵਰਤੋਂ ਦਸਦੀ ਹੈ ਕਿ ਸਾਹਿਰ ਇਸ ਸੁਹਜ-ਏ-ਕਮਤਰੀ ਦਾ ਸ਼ਿਕਾਰ ਸੀ ਜਾਂ ਮਾਨਸਿਕ ਬੇਚੈਨੀ ਦਾ। ਉਸ ਦਾ ਲਗਾਤਾਰ ਸਿਗਰਟ ਪੀਣਾ ਵੀ ਇਸ ਦੀ ਪੁਸ਼ਟੀ ਕਰਦਾ ਹੈ। ਇੱਕ ਬੁੱਧੀਜੀਵੀ ਮਰਜ਼।

ਇਹ ਦੱਸਣਾ ਜ਼ਰੂਰੀ ਹੈ ਕਿ ਫਿਲਮ ਤਾਜ ਮਹੱਲ ਲਈ ਵਧੀਆ ਗੀਤ ਲਿਖਣ ਕਰਕੇ ਉਸ ਨੂੰ ਉਤਮ ਗੀਤਕਾਰ ਦਾ ਫਿਲਮ ਫੇਅਰ ਐਵਾਰਡ ਮਿਲਿਆ। ਉਹ 1971 ਵਿਚ ਪਦਮਸ਼੍ਰੀ ਸਨਮਾਨ ਦਾ ਭਾਗੀ ਵੀ ਹੋਇਆ। ਭਾਰਤ ਸਰਕਾਰ ਨੇ 8 ਮਾਰਚ 2013 ਨੂੰ ਉਸ ਦੇ ਜਨਮ ਦਿਨ ਉਤੇ ਉਸ ਦੇ ਨਾਂ ਦਾ ਯਾਦਗਾਰੀ ਟਿਕਟ ਵੀ ਜਾਰੀ ਕੀਤਾ। ਇਹ ਮਾਣ ਸਨਮਾਨ ਉਸ ਨੂੰ ਗੀਤਕਾਰੀ ਸਦਕਾ ਮਿਲੇ। ਗੀਤ ਸੌਖੇ ਨਾ ਲਿਖਣੇ ਉਸ ਦੀ ਮਜਬੂਰੀ ਸੀ।



ਸਾਹਿਰ ਲੁਧਿਆਣਵੀ

ਮੇਰੀਆਂ ਗੱਲਾਂ ਪੜ੍ਹ ਕੇ ਨਿਰਾਸ਼ ਹੋਣ ਵਾਲੇ ਪਾਠਕਾਂ ਲਈ ਮੈਂ ਸਾਹਿਰ ਦੀਆਂ ਕੁਝ ਸਹਿਜ, ਸੁਹਲ ਤੇ ਸਰਲ ਟੁਕਾਂ ਪੇਸ਼ ਕਰਨਾ ਚਾਹਾਂਗਾ:

1. ਚੰਦ ਕਲੀਆਂ ਨਿਸ਼ਾਤ ਕੀ ਚੁਨ ਕਰ
ਮੁੱਦਤੋਂ ਮਹਿਨ-ਏ-ਯਾਸ ਰਹਿਤਾ ਹੂੰ।
ਤੇਰਾ ਮਿਲਨਾ ਖੁਸ਼ੀ ਕੀ ਬਾਤ ਸਹੀ
ਤੁਝ ਕੋ ਮਿਲ ਕਰ ਉਦਾਸ ਰਹਿਤਾ ਹੂੰ।
2. ਔਰਤ ਨੇ ਜਨਮ ਦੀਆ ਮਰਦੋਂ ਕੋ
ਮਰਦੋਂ ਨੇ ਉਸੇ ਬਾਜ਼ਾਰ ਦੀਆ।
ਜਬ ਜੀ ਚਾਹਾ ਕੁਚਲਾ ਮਸਲਾ
ਜਬ ਜੀ ਚਾਹਾ ਦੁਤਕਾਰ ਦੀਆ।
3. ਕਲ ਔਰ ਆਏਂਗੇ ਨਗਮੋਂ ਕੀ
ਖਿਲਤੀ ਕਲੀਆਂ ਚੁਨਨੇ ਵਾਲੇ।
ਮੁਝ ਸੇ ਬਿਹਤਰ ਕਹਿਨੇ ਵਾਲੇ
ਤੁਮਸੇ ਬਿਹਤਰ ਸੁਨਨੇ ਵਾਲੇ।
ਮੈਂ ਪਲ ਦੋ ਪਲ ਕਾ ਸ਼ਾਇਰ ਹੂੰ
ਪਲ ਦੋ ਪਲ ਮੇਰੀ ਕਹਾਨੀ ਹੈ।

ਕਿੱਸੇ-ਕਹਾਣੀਆਂ ਵੀ ਖੂਬ ਚੱਲੇ, ਜਿਨ੍ਹਾਂ ਵਿਚੋਂ ਪੰਜਾਬੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੀ ਗੱਲ ਹੋ ਚੁੱਕੀ ਹੈ। ਉਸ ਦਾ ਨਾਂ ਮਸ਼ਹੂਰ ਗਾਇਕਾ ਲਤਾ ਮੰਗੇਸ਼ਕਰ ਨਾਲ ਵੀ ਜੁੜਿਆ ਤੇ ਸੁਧਾ ਮਲਹੋਤਰਾ ਨਾਲ ਵੀ। ਜਦੋਂ ਸੁਧਾ ਸ਼ਿਕਾਗੋ ਰੇਡੀਓ ਵਾਇਸ ਕੰਪਨੀ ਦੇ ਮਾਲਕ ਗਿਰਧਰ ਮੋਟਵਾਨੀ ਨਾਲ ਵਿਆਹ ਕਰਾ ਕੇ ਸੁਧਾ ਮੋਟਵਾਨੀ ਹੋ ਗਈ ਤਾਂ ਸਾਹਿਰ ਨੇ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਇੰਜ ਕੀਤਾ:

ਚਲੋ ਇਕ ਬਾਰ ਫਿਰ ਸੇ
ਅਜਨਬੀ ਬਨ ਜਾਏਂ ਹਮ ਦੋਨੋਂ।
ਨਾ ਮੈਂ ਤੁਝ ਸੇ ਕੋਈ
ਉਮੀਦ ਰਖੂੰ ਦਿਲਨਵਾਜ਼ੀ ਕੀ।
ਨਾ ਤੁਮ ਮੇਰੀ ਤਰਫ ਦੇਖੋ
ਗਲਤ ਅੰਦਾਜ਼ ਨਜ਼ਰੋਂ ਸੇ।

ਕੁਝ ਵੀ ਹੋਵੇ, ਮੈਂ ਟੀ. ਐਨ. ਰਾਜ਼ ਦਾ ਮਸ਼ਕੂਰ ਹੋਏ ਬਿਨਾ ਨਹੀਂ ਰਹਿ ਸਕਦਾ, ਜਿਸ ਨੇ ਮੈਨੂੰ ਆਪਣਾ ਵਿਦਿਆਰਥੀ ਜੀਵਨ ਚੇਤੇ ਕਰਵਾ ਦਿੱਤਾ ਹੈ। ਮੇਰੀ ਉਮਰ ਦੇ ਮੇਰੇ ਵਰਗੇ ਹੋਰ ਵੀ ਹੋਣਗੇ। ਮੁਬਾਰਕਾਂ!

**ਅੰਤਿਕਾ: ਈਸ਼ਵਰ ਚਿੱਤਰਕਾਰ**

ਖੁਸ਼ੀਆਂ ਅਤੇ ਗਮਾਂ ਦਾ ਸੰਜੋਗ ਹੈ ਸਦੀਵੀ
ਆਬਾਦ ਹੈ ਇਨ੍ਹਾਂ ਤੋਂ ਸੰਸਾਰ ਜ਼ਿੰਦਗੀ ਦਾ।

# ਗੁਰਮੀਤ ਪਨਾਗ ਦੀ ਪਹਿਲੀ ਪੁਸਤਕ 'ਮੁਰਗਾਬੀਆਂ'

**ਪੁਸਤਕ-ਪੜਚੋਲ**

'ਮੁਰਗਾਬੀਆਂ' ਗੁਰਮੀਤ ਪਨਾਗ ਦਾ ਪਹਿਲਾ ਕਹਾਣੀ ਸੰਗ੍ਰਿਹ ਹੈ। ਕਹਾਣੀਆਂ ਦੀ ਪਿਠ-ਭੂਮੀ ਕੈਨੇਡਾ ਦਾ ਮੱਧ ਵਰਗ ਹੈ, ਪਰ ਉਸ ਦਾ ਕੈਨਵਸ ਪੰਜਾਬੀ ਲੋਕਾਂ ਦੇ ਆਮ ਤਜਰਬੇ ਤੋਂ ਆਰ-ਪਾਰ ਦਾ ਹੈ। ਉਸ ਦੀਆਂ ਕਹਾਣੀਆਂ ਵਿਚ ਤੁਹਾਨੂੰ ਉਹ ਦ੍ਰਿਸ਼ ਮਿਲਣਗੇ, ਜੋ ਹੁਣ ਸਿਰਫ ਇਤਿਹਾਸ ਦੇ ਪੰਨਿਆਂ ਵਿਚ ਰਹਿ ਗਏ ਹਨ। ਇਤਿਹਾਸ ਵਿਚ ਕਿਸੇ ਵਰਤਾਰੇ ਨੂੰ ਪੜ੍ਹਨਾ ਅਤੇ



ਬਲਦੇਵ ਦੂਹੜੇ

ਕਹਾਣੀ ਵਿਚ ਪਾਤਰਾਂ ਰਾਹੀਂ ਮਹਿਸੂਸ ਕਰਨਾ-ਦੋ ਬਿਲਕੁਲ ਵਖਰੇ ਅਨੁਭਵ ਹਨ। ਮੈਡਮ ਪਨਾਗ ਸਾਨੂੰ ਬਹੁਤ ਸਾਰੇ ਅਜਿਹੇ ਮੰਜ਼ਰ ਦਿਖਾਉਂਦੇ ਹਨ, ਜੋ ਇਤਿਹਾਸ ਦਾ ਕੁਝ ਹੱਦ ਤੱਕ ਜੀਂਦਾ ਜਾਗਦਾ ਅਨੁਭਵ ਹੋ ਨਿਬੜਦੇ ਹਨ।

ਪਨਾਗ ਦੀਆਂ ਕਹਾਣੀਆਂ ਵਿਚ ਕੈਨੇਡੀਅਨ ਕਦਰਾਂ-ਕੀਮਤਾਂ ਦਾ ਸਬਟੈਕਸਟ ਚਲਦਾ ਹੈ। ਕਰੁਣਾ, ਮਦਦ, ਇਨਸਾਫ ਅਤੇ ਹਮਦਰਦੀ ਦੇ ਗੁਣ ਪਾਤਰਾਂ ਵਿਚ ਮਿਲਦੇ ਹਨ। ਜਿਥੇ ਵੀ ਕੋਈ ਦੁਖੀ ਪਾਤਰ ਆਉਂਦਾ ਹੈ, ਉਸ ਦੀ ਮਦਦ ਲਈ ਕੋਈ ਚੰਗਾ ਪਾਤਰ ਹਾਜ਼ਰ ਹੈ।

ਪਨਾਗ ਦੀਆਂ ਕਹਾਣੀਆਂ ਵਿਚ ਕੈਨੇਡੀਅਨ ਮਧ ਵਰਗ ਦੀਆਂ ਸਮਸਿਆਵਾਂ ਅਤੇ ਇਨ੍ਹਾਂ ਦੇ ਹੱਲ ਹਨ, ਪਰ ਇਸ ਦੇ ਨਾਲ ਨਾਲ ਇਕ ਕਿਸਮ ਦਾ ਨਾਰੀਵਾਦ ਵੀ ਚਲਦਾ ਹੈ। ਇਹ ਨਾਰੀਵਾਦ ਨਾਰੀ ਦੇ ਸਵੈ-ਵਾਸਵਿਕਰਨ ਅਤੇ ਸੁਤੰਤਰ ਹੋਣ ਵੱਲ ਵਿਚਰਦਾ ਹੈ। ਇਨ੍ਹਾਂ ਸਭ ਗੁਣਾਂ ਕਰਕੇ ਗੁਰਮੀਤ ਪਨਾਗ ਦੀ ਕਹਾਣੀ ਇਕ ਦੋਸਤਾਨਾ ਅਤੇ ਖੁਸ਼ਗਵਾਰ ਮਾਹੌਲ ਪੈਦਾ ਕਰਦੀ ਹੈ। ਇਸ ਦਾ ਅਰਥ ਇਹ ਨਹੀਂ ਕਿ ਉਸ ਦੇ ਪਾਤਰ ਦੁੱਖ ਤਕਲੀਫਾਂ ਵਿਚੋਂ ਨਹੀਂ ਲੰਘਦੇ। ਉਸ ਦੇ ਕਹਾਣੀ ਜਗਤ ਵਿਚ ਜ਼ਿੰਦਗੀ ਜ਼ਿੰਦਗੀ ਹੈ ਅਤੇ ਇਸ ਨਾਲ ਆਉਂਦੇ ਦੁੱਖ-ਸੁੱਖ ਸਭ ਮਿਲਦੇ ਹਨ, ਪਰ ਕਰੁਣਾ ਅਤੇ ਇਨਸਾਫ ਦਾ ਪਲੜਾ ਭਾਰੀ ਹੈ। ਸ਼ਾਇਦ ਇਹ ਇਸ ਕਰਕੇ ਹੈ ਕਿ ਕੈਨੇਡੀਅਨ ਜ਼ਿੰਦਗੀ ਵਿਚ ਸਥਿਰਤਾ, ਸਹਿਜ ਅਤੇ ਕਰੁਣਾ ਆਖਿਰ ਖੌਲਦੇ ਪਾਣੀਆਂ ਨੂੰ ਸ਼ਾਂਤ ਕਰਨ ਵਿਚ ਕਾਮਯਾਬ ਹਨ।

ਕਹਾਣੀ 'ਮੁਰਗਾਬੀਆਂ' ਵਿਚ ਨੇਟਿਵ ਲੋਕਾਂ ਦੀ ਹਾਲਤ ਕੁਝ ਪਾਤਰਾਂ ਰਾਹੀਂ ਦਿਖਾਈ ਗਈ ਹੈ। ਬਹੁਤ ਸਾਰੇ ਇਤਿਹਾਸਕ ਤੱਥ ਅਤੇ ਤ੍ਰਾਸਦਿਕ ਸਥਿਤੀਆਂ ਭਾਸ਼ਣ ਦਿੰਦੇ ਇਕ ਪਾਤਰ ਰਾਹੀਂ ਪਾਠਕ ਦੇ ਨਜ਼ਰ ਗੋਚਰੇ ਕੀਤੀਆਂ ਗਈਆਂ ਹਨ। ਅੰਕਲ ਰਾਹੀਂ ਨੇਟਿਵ ਲੋਕਾਂ ਵਿਚ ਅਵਸਾਦ ਜਾਂ ਡਿਪਰੈਸ਼ਨ ਅਤੇ ਸ਼ਰਾਬਖੋਰੀ ਦੀਆਂ ਸਮਸਿਆਵਾਂ ਦਾ ਇਜ਼ਹਾਰ ਹੈ। ਸਮੁੱਚੇ ਤੌਰ 'ਤੇ ਲੇਖਿਕਾ ਨੇਟਿਵ ਲੋਕਾਂ ਦੀ ਹਕੀਕਤ ਨੂੰ ਬਾਹਰਮੁਖੀ ਤਰੀਕੇ ਨਾਲ ਵਰਣਾਉਣ ਦੀ ਥਾਂ, ਨੇਟਿਵ ਲੋਕਾਂ ਵਲ ਨੂੰ ਥੋੜ੍ਹਾ ਜਿਹਾ ਅੰਤਰਮੁਖੀ ਝੁਕਾਓ ਰੱਖਦੀ ਦਿਸਦੀ ਹੈ, ਜੋ ਸ਼ਾਇਦ ਉਸ ਦੇ ਕਰੁਣਾਮਈ ਨਜ਼ਰੀਏ ਦਾ ਹੀ ਸਬੂਤ ਹੈ। ਇਸ ਕਹਾਣੀ ਵਿਚ ਇੰਨੇ ਤੱਥ ਇੰਨੀ ਤੇਜ਼ੀ ਨਾਲ ਦਿਤੇ ਗਏ ਹਨ ਕਿ ਕਈ ਵਾਰ ਇਹ ਕਹਾਣੀ ਘੱਟ ਅਤੇ ਇਕ ਡਾਕੂਮੈਂਟਰੀ ਵਧੇਰੇ ਲਗਦੀ ਹੈ।

'ਮਾਈ ਲਾਈਫ ਮਾਈ ਵੇਅ' ਕਹਾਣੀ ਵਿਚ ਪਵਲੀਨ ਘਰ ਦੀ ਰੱਟ ਵਿਚੋਂ ਨਿਕਲ ਕੇ ਜ਼ਿੰਦਗੀ ਨੂੰ ਆਪਣੇ ਤਰੀਕੇ ਨਾਲ ਜਿਉਣ ਦਾ ਫੈਸਲਾ ਕਰਦੀ ਹੈ। ਇਹ ਪੰਜਾਬੀ ਸਭਿਆਚਾਰ ਦੇ ਕੰਜ਼ਰਵੇਟਿਵ ਮਿਆਰਾਂ ਅਨੁਸਾਰ ਨਾਰੀਵਾਦੀ ਦਿਸਦਾ ਹੈ ਅਤੇ ਬਿਲਕੁਲ ਵਾਜਬ ਵੀ। ਇਹ ਸਵੈ-ਵਾਸਤਵਿਕਤਾ ਵਲ ਵਧਦਾ ਕਦਮ ਕਹਾਣੀ ਨੂੰ ਇਕ ਆਸ਼ਾਵਾਦੀ ਮੋੜ ਦੇ ਕੇ ਖਤਮ ਕਰਦਾ ਹੈ।




ਕਹਾਣੀ 'ਕਾਸ਼ਨੀ ਸੁਪਨੇ' ਵਿਚ ਕੁਲਦੀਪ ਆਪਣਾ ਬੁਢਾਪਾ, ਆਪਣੀ ਮਰਜ਼ੀ ਨਾਲ ਇਕੱਲੀ ਰਹਿ ਕੇ ਬਿਤਾ ਰਹੀ ਹੈ, ਪਰ ਹਾਲਾਤ ਕੁਝ ਅਜਿਹਾ ਮੋੜ ਖਾਂਦੇ ਹਨ ਕਿ ਉਸ ਦਾ ਰੋਮਾਂਟਿਕ ਝੁਕਾਓ ਗੁਆਂਢ ਵਿਚ ਰਹਿਣ ਲੱਗੇ ਡਾ. ਸਿੱਧੂ ਵਲ ਹੋ ਜਾਂਦਾ ਹੈ। ਕਹਾਣੀ ਇਥੇ ਖਤਮ ਹੋ ਜਾਂਦੀ ਹੈ, ਪਰ ਇੰਜ ਲਗਦਾ ਹੈ ਕਿ ਦੋ ਬੜੇ ਸਾਊ ਅਤੇ ਪਤਵੰਤੇ ਇਨਸਾਨਾਂ ਦਾ ਇਕ ਦੂਜੇ ਨਾਲ ਇਸ਼ਕ ਸ਼ੁਰੂ ਹੋਣ ਵਾਲਾ ਹੈ। ਇਸ ਕਹਾਣੀ ਦੀ ਖੂਬਸੂਰਤੀ ਇਹ ਹੈ ਕਿ ਇਹ ਦੋਨੋਂ ਪਾਤਰ ਆਪਣੇ ਸੀਨੀਅਰ ਸਾਲਾਂ ਵਿਚ ਸਾਰਥਕ, ਰੁਮਾਂਟਿਕ ਅਤੇ ਸਭਿਅਕ ਜ਼ਿੰਦਗੀ ਜਿਉਂਦੇ ਦਿਸਦੇ ਹਨ।

ਕਹਾਣੀ 'ਗੋਰੀ ਅੱਖ ਦਾ ਟੀਰ' ਵਿਚ ਉਤਰੀ ਅਮਰੀਕਾ ਦਾ ਇਕ ਵਾਰ ਵਾਰ ਵਾਪਰਨ ਵਾਲਾ ਵਰਤਾਰਾ ਦਿਖਾਇਆ ਗਿਆ ਹੈ। ਨਸਲਵਾਦ ਅਤੇ ਬੇਇਨਸਾਫੀ ਨੌਜਵਾਨਾਂ ਨੂੰ ਹਿੰਸਾ ਵਲ ਤੋਰਦੀ ਹੈ। ਇਸ ਕਹਾਣੀ ਵਿਚ ਨੇਥਨ ਬਰਾਊਨ ਇਕ ਪੁਲਿਸ ਅਫਸਰ ਦੇ ਨਸਲਵਾਦ ਤੋਂ ਦੁਖੀ ਹੋ ਕੇ ਉਸ ਦੇ ਗੋਲੀ ਮਾਰ ਦਿੰਦਾ ਹੈ। ਇਸ ਨਾਲ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਜਾਂਦੀ ਹੈ। ਕੈਨੇਡੀਅਨ ਇਨਸਾਫ ਦੇ ਤਰਾਜ਼ੂ ਵਿਚ ਮਨੋਵਿਗਿਆਨਕ ਜ਼ੁਲਮ ਅਤੇ ਇਸ ਦੇ ਪ੍ਰਤੀਕਰਮ ਨੂੰ ਸਮਝਣ ਲਈ ਕੋਈ ਥਾਂ ਨਹੀਂ। ਇਹ ਇਕ ਚੰਗਾ ਨੌਜਵਾਨ ਮੁਜਰਮ ਹੋ ਨਿਬੜਦਾ ਹੈ। ਇਹ ਗੱਲ ਵਾਰ ਵਾਰ ਹੋਈ ਹੈ। ਸਾਡੀ ਆਪਣੀ ਕਮਿਊਨਿਟੀ ਵਿਚ ਵੀ ਗੈਂਗਾਂ ਦਾ ਪੈਦਾ ਹੋਣ ਦਾ ਅਸਲ ਕਾਰਨ ਨਸਲਵਾਦ ਹੈ। ਪਹਿਲੀਆਂ ਪੀੜ੍ਹੀਆਂ ਨਸਲਵਾਦ ਵਿਰੁਧ ਲੜਨ ਵਿਚ ਅਸਮਰੱਥ ਸਨ, ਪਰ ਕੈਨੇਡਾ ਜਾਂ ਅਮਰੀਕਾ ਵਿਚ ਪੈਦਾ ਹੋਏ ਬੱਚੇ ਨਸਲਵਾਦ ਵਿਰੁਧ ਲੜਨ ਲਗਦੇ ਹਿੰਸਾ ਦੀ ਦੁਨੀਆਂ ਵਿਚ ਦਾਖਲ ਹੋ ਜਾਂਦੇ ਹਨ, ਜਿਸ ਨਾਲ ਨਤੀਜੇ ਬੜੇ ਦੁਖਾਂਤਮਈ ਨਿਕਲਦੇ ਹਨ। ਪਨਾਗ ਨੇ ਇਥੇ ਇਸ ਵਰਤਾਰੇ ਨੂੰ ਬਾਖੂਬੀ ਫੜਿਆ ਹੈ।

ਪੁਸਤਕ ਵਿਚ ਇਨ੍ਹਾਂ ਕੁਝ ਕੁ ਕਹਾਣੀਆਂ ਤੋਂ ਬਿਨਾ ਹੋਰ ਵੀ ਬਹੁਤ ਪੜ੍ਹਨਯੋਗ ਤੇ ਮਾਣਨਯੋਗ ਕਹਾਣੀਆਂ ਹਨ।

ਗੁਰਮੀਤ ਪਨਾਗ ਦੀਆਂ ਕਹਾਣੀਆਂ ਵਿਚ ਨਾਰੀਵਾਦ ਉਸ ਦੇ ਨਾਰੀ ਪਾਤਰਾਂ ਦੇ ਮਜ਼ਬੂਤ ਇਰਾਦੇ ਅਤੇ ਸੁਤੰਤਰਤਾ ਦੀ ਇੱਛਾ ਤੇ ਸਮਰਥਾ ਤੋਂ ਦਿਸਦਾ ਹੈ। ਪਰ ਇਹ ਨਾਰੀਵਾਦ ਅਸਲ ਵਿਚ ਮਾਨਵਵਾਦ ਹੀ ਹੈ ਕਿਉਂਕਿ ਬਹੁਤ ਸਾਰੇ ਪੰਜਾਬੀਆਂ ਨੂੰ ਵੀ ਇਸ ਕਿਸਮ ਦੀ ਮੁਕਤੀਮਈ ਆਜ਼ਾਦੀ ਦੀ ਲੋੜ ਹੈ।

ਜਰਮਨ ਲੇਖਕ ਗੇਅਟੇ (Goethe) ਨੇ ਕਿਹਾ ਸੀ, "ਜਦ ਤੱਕ ਕੋਈ ਕਵੀ ਆਪਣੇ ਅੰਤਰੀਵ ਤੱਕ ਹੀ ਸੀਮਤ ਰਹਿੰਦਾ ਹੈ ਤਾਂ ਉਸ ਨੂੰ ਕਵੀ ਨਹੀਂ ਕਿਹਾ ਜਾ ਸਕਦਾ, ਪਰ ਜਦੋਂ ਉਹ ਬਾਹਰਲੇ ਵਰਲਡ ਨੂੰ ਅਪਨਾਉਣਾ ਅਤੇ ਅਭਿਵਿਅਕਤ ਕਰਨਾ ਜਾਣ ਲੈਂਦਾ ਹੈ ਤਾਂ ਉਹ ਕਵੀ ਹੈ। ਫਿਰ ਉਹ ਅਮੁੱਕ ਅਤੇ ਹਮੇਸ਼ਾ ਨਵੀਨ ਰਹਿੰਦਾ ਹੈ।" ਇਹ ਗੱਲ ਕਹਾਣੀਕਾਰਾਂ ਉਤੇ ਵੀ ਲਾਗੂ ਹੁੰਦੀ ਹੈ। ਪਨਾਗ ਉਨ੍ਹਾਂ ਥਾਂਵਾਂ ਅਤੇ ਪਾਤਰਾਂ ਦੇ ਦੁੱਖ-ਸੁੱਖ ਦੀ ਗੱਲ ਕਰਦੀ ਹੈ, ਜੋ ਪੰਜਾਬੀ ਲੋਕਾਂ ਦੇ ਆਮ ਅਨੁਭਵ ਦੇ ਅੰਦਰ ਹਨ ਅਤੇ



ਗੁਰਮੀਤ ਪਨਾਗ

ਉਨ੍ਹਾਂ ਦੀ ਵੀ, ਜੋ ਬਾਹਰ ਹਨ।

ਗੁਰਮੀਤ ਨੇ ਆਪਣੀ ਪਹਿਲੀ ਕਿਤਾਬ ਨਾਲ ਕਈ ਮੰਜ਼ਿਲਾਂ ਤੈਅ ਕਰ ਲਈਆਂ ਹਨ, ਪਰ ਇਸ ਨਾਲ ਵਿਕਾਸ ਨਹੀਂ ਰੁਕਣਾ ਚਾਹੀਦਾ। ਸਾਹਿਤ ਵਿਚ ਨਿਪੁੰਨਤਾ ਅਤੇ ਪਰਪੱਕਤਾ ਦਾ ਸਫਰ ਉਮਰ ਭਰ ਦਾ ਸਫਰ ਹੈ।

ਪਿਛਲੇ ਦਿਨੀਂ ਇਸ ਪੁਸਤਕ ਦੇ ਰਿਲੀਜ਼ ਸਮਾਗਮ ਮੌਕੇ ਡਾ. ਬਲਦੇਵ ਸਿੰਘ ਧਾਲੀਵਾਲ ਕੁੰਜੀਵਤ ਬੁਲਾਰੇ ਸਨ। ਉਨ੍ਹਾਂ ਕੈਨੇਡੀਅਨ ਪੰਜਾਬੀ ਲੇਖਕ ਦੀ ਸਥਿਤੀ ਅਤੇ ਉਨ੍ਹਾਂ ਦੀਆਂ ਕਹਾਣੀਆਂ ਬਾਰੇ ਬੜਾ ਲੰਬਾ ਚੌੜਾ ਵਿਸ਼ਲੇਸ਼ਣ ਕੀਤਾ। ਉਨ੍ਹਾਂ ਨੇ ਆਪਣਾ ਪਰਚਾ ਪੜ੍ਹ ਕੇ ਨਹੀਂ ਸੁਣਾਇਆ, ਸਿਰਫ ਖੁਲਾਸਾ ਕਰਕੇ ਹੀ ਦੱਸਿਆ। ਉਨ੍ਹਾਂ ਦੀ ਗੱਲ ਸੁਣ ਕੇ ਇਹ ਮਹਿਸੂਸ ਹੋਇਆ ਕਿ ਡਾ. ਬਲਦੇਵ ਧਾਲੀਵਾਲ ਕੈਨੇਡੀਅਨ ਪੰਜਾਬੀ ਕਹਾਣੀ ਉਤੇ ਇਕ ਅਥਾਰਿਟੀ ਹਨ।

ਕਹਾਣੀ

# ਜਿਨ੍ਹਾਂ ਦੇ ਰੂਪ ਨੇ ਸੋਹਣੇ

***ਟੋਰਾਂਟੋ, ਕੈਨੇਡਾ ਵਸਦੀ ਗੁਰਮੀਤ ਪਨਾਗ ਦਾ ਕਹਾਣੀ ਸੰਗ੍ਰਿਹ ਹਾਲ ਹੀ ਵਿਚ ਛਪ ਕੇ ਆਇਆ ਹੈ। ਇਸ ਪੁਸਤਕ ਦਾ ਰਿਵਿਊ ਪਿਛਲੇ ਪੰਨੇ 'ਤੇ ਛਾਪਿਆ ਗਿਆ ਹੈ। ਸਾਡੇ ਲੋਕ ਆਪਣੇ ਬੱਚਿਆਂ ਨੂੰ ਅਮਰੀਕਾ, ਕੈਨੇਡਾ ਆਦਿ ਮੁਲਕਾਂ ਵਿਚ ਭੇਜਣ ਲਈ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਰਹਿੰਦੇ ਹਨ, ਉਥੇ ਜਾ ਕੇ ਉਨ੍ਹਾਂ ਨੂੰ ਭਾਵੇਂ ਕਿੱਡਾ ਵੀ ਸੰਤਾਪ ਝੱਲਣਾ ਪਵੇ। ਇਸੇ ਸੰਤਾਪ ਨੂੰ ਇਸ ਕਹਾਣੀ ਵਿਚ ਗੁਰਮੀਤ ਨੇ ਆਧਾਰ ਬਣਾਇਆ ਹੈ। -ਸੰਪਾਦਕ***

**ਗੁਰਮੀਤ ਪਨਾਗ**

"ਮਿਸਿਜ਼ ਸੈਂਡੂ, ਸੌਰੀ ਟੂ ਡਿਸਟਰਬ ਯੂ ਐਟ ਵਰਕ, ਪੁਲਿਸ ਕਾਲਿੰਗ, ਤੁਸੀਂ ਪਲੀਜ਼ ਛੇਤੀ ਘਰ ਆਓ।"

"ਓ ਮਾਈ ਗੌਡ! ਵੱਟ ਹੈਪਨਡ ਆਫੀਸਰ?"

"ਯੂਅਰ ਹਸਬੈਂਡ ਇਜ਼ ਅੰਡਰ ਅਰੈਸਟ।"

ਸ਼ਰਨ ਨੇ ਮੱਥੇ ਤੋਂ ਤ੍ਰੇਲੀ ਪੂੰਝੀ; ਉਹ ਕੰਬ ਰਹੀ ਸੀ ਤੇ ਕਸਟਮਰ ਸਰਵਿਸ ਦੇ ਕਾਊਂਟਰ ਪਿੱਛੇ ਆਫਿਸ 'ਚ ਬੈਠ ਕੇ ਉਸ ਨੇ ਆਪਣੇ ਆਪ ਨੂੰ ਨਾਰਮਲ ਕਰਨ ਦੀ ਕੋਸ਼ਿਸ਼ ਕੀਤੀ। ਦੋਨੋਂ ਬੱਚੇ ਬਾਪ ਦੇ ਸਹਾਰੇ ਛੱਡ ਕੇ ਕੰਮ 'ਤੇ ਆਉਂਦੀ ਸੀ ਓਹ, ਪਰ ਤੌਖਲਾ ਹਰ ਪਲ ਲੱਗਾ ਰਹਿੰਦਾ। ਹਾਲੇ ਤਾਂ ਮਹੀਨਾ ਵੀ ਨਹੀਂ ਸੀ ਹੋਇਆ, ਇਸ ਸ਼ਹਿਰ 'ਚ ਮੂਵ ਕੀਤਿਆਂ। ਆਪਣੀ ਲੰਚ-ਬ੍ਰੇਕ 'ਤੇ ਉਹ ਭੱਜੀ ਭੱਜੀ ਘਰ ਜਾਂਦੀ, ਸਭ ਨੂੰ ਦੁਪਹਿਰ ਦਾ ਖਾਣਾ ਪਰੋਸ ਕੇ ਤੇ ਆਪ ਅਧ-ਭੁੱਖੀ ਹੀ ਵਾਪਸ ਆ ਜਾਂਦੀ।

"ਮੈਂ ਤਾਂ ਕੰਮ 'ਤੇ ਹੁੰਦੀ ਆਂ, ਉਹ ਪਿੱਛੋਂ ਸਾਰਾ ਦਿਨ ਕੰਪਿਊਟਰ 'ਤੇ ਬੈਠਾ ਪਤਾ ਨਹੀਂ ਕੀ ਪੁੱਠਾ-ਸਿੱਧਾ ਦੇਖਦਾ ਰਹਿੰਦੈ। ਗਰਮੀਆਂ ਦੀਆਂ ਛੁੱਟੀਆਂ 'ਚ ਨਿਆਣੇ ਸਾਰਾ ਦਿਨ ਘਰ ਹੁੰਦੇ ਨੇ, ਉਨ੍ਹਾਂ ਨੂੰ ਸਨੈਕ ਜਾਂ ਸੈਂਡਵਿਚ ਵੀ ਨਹੀਂ ਬਣਾ ਕੇ ਦੇ ਸਕਦਾ। ਜੇ ਕਹੋ ਤਾਂ ਬੱਸ ਕਲੇਸ਼ ਖੜ੍ਹਾ ਹੋ ਜਾਂਦੈ।" ਸ਼ਰਨ ਕਈ ਵਾਰ ਆਪਣੀ ਮਾਮੀ ਨਾਲ ਦਿਲ ਫੋਲਦੀ। ਸੀਅਰਜ਼ ਸਟੋਰ 'ਚ ਉਹ ਕਸਟਮਰ ਸਰਵਿਸ 'ਤੇ ਖੜ੍ਹੀ ਬਹੁਤ ਜਚਦੀ ਸੀ। ਗੋਰੀ ਨਿਛੋਹ, ਬਿੱਲੀਆਂ ਅੱਖਾਂ, ਸੋਹਣਾ ਕੱਦ। ਗੋਰੇ ਤਾਂ ਕੀ, ਦੇਸੀ ਵੀ ਉਸ ਨੂੰ ਗੋਰੀ ਹੀ ਸਮਝਦੇ। ਮੁਸਕਰਾਹਟ ਤਾਂ ਉਸ ਦੇ ਚਿਹਰੇ ਤੋਂ ਹਮੇਸ਼ਾਂ ਹੀ ਰਹਿੰਦੀ। ਕੋਈ ਸੋਚ ਨਹੀਂ ਸੀ ਸਕਦਾ ਕਿ ਉਸ ਦੀ ਜ਼ਿੰਦਗੀ ਇੰਨੀ ਲੀਰੋ-ਲੀਰ ਹੋਈ ਪਈ ਸੀ।

ਉਸ ਦੇ ਪਤੀ ਅਮਨ ਨੇ ਇਹ 'ਕਾਰਨਾਮਾ' ਕੋਈ ਪਹਿਲੀ ਵਾਰ ਨਹੀਂ ਸੀ ਕੀਤਾ। ਹੁਣ ਤਾਂ ਸ਼ਾਇਦ ਗਿਣਤੀ ਕਰਨੀ ਵੀ ਔਖੀ ਹੋਵੇ ਕਿ ਕਿੰਨੀ ਵਾਰੀ ਉਹ ਅੰਦਰ ਹੋਇਆ ਤੇ ਕਿੰਨੀ ਵਾਰ ਜ਼ਮਾਨਤ 'ਤੇ ਬਾਹਰ ਆਇਆ। ਡਾਕਟਰਾਂ ਨੇ ਉਸ ਨੂੰ 'ਦਿਮਾਗੀ ਤੌਰ 'ਤੇ ਅਸਥਿਰ' ਕਰਾਰ ਦੇ ਦਿੱਤਾ ਸੀ ਤੇ ਇਸੇ ਬਲਬੂਤੇ ਉਸ ਨੂੰ ਗੌਰਮਿੰਟ ਤੋਂ 'ਡਿਸਿਬਿਲਿਟੀ ਪੈਨਸ਼ਨ' ਹਰੇਕ ਮਹੀਨੇ ਮਿਲਣੀ ਸ਼ੁਰੂ ਹੋ ਗਈ ਸੀ। ਇਹ ਪੈਸਾ ਉਹ ਬੜੀ ਟੌਹਰ ਨਾਲ ਆਪਣੀ ਦਾਰੂ ਤੇ ਹੋਰ ਸੌ ਤਰ੍ਹਾਂ ਦੇ ਐਬਾਂ 'ਤੇ ਖਰਚ ਕਰ ਛੱਡਦਾ। ਹਾਲੇ ਦੱਸ ਕੁ ਦਿਨ ਪਹਿਲਾਂ ਹੀ ਬਿਨਾ ਡਰਾਈਵਿੰਗ ਲਾਇਸੈਂਸ ਤੋਂ ਘਰ ਖੜ੍ਹੀ ਕਾਰ ਭਜਾ ਕੇ ਲੈ ਗਿਆ ਅਤੇ ਜਾ ਖੰਭੇ 'ਚ ਮਾਰੀ। ਪੁਲਿਸ ਆਈ ਤੇ ਨਾਲ ਹੀ ਲੈ ਗਈ। ਸ਼ਰਨ ਨੂੰ ਵਕੀਲ ਕਰਨਾ ਪਿਆ ਤਾਂ ਛੁੱਟਿਆ। ਅੱਜ ਕਲ੍ਹ ਆਪਣੇ ਗੋਰੇ-ਗੁਆਂਢੀਆਂ ਨੂੰ ਨਿਸ਼ਾਨਾ ਬਣਾਇਆ ਹੋਇਆ ਸੀ। ਇੱਕ ਦਿਨ ਜਾ ਕੇ ਉਨ੍ਹਾਂ ਦਾ ਦਰਵਾਜਾ ਖੜਕਾ ਦਿੱਤਾ, "ਮਾਈ ਡਾਟਰ ਵਾਂਟ ਟੂ ਬੀ ਇਨ ਜੂਅਰ ਸਵਿੰਮਿੰਗ ਪੂਲ", ਅਮਨ ਨੇ ਰੋਅਬ ਨਾਲ ਕਿਹਾ।

"ਸੌਰੀ ਮਿਸਟਰ ਸੈਂਡੂ, ਮਾਈ ਪੂਲ ਇਜ਼ ਫੌਰ ਮਾਈ ਫੈਮਿਲੀ", ਗੋਰੀ ਨੇ ਬੜੇ ਸਲੀਕੇ ਨਾਲ ਜਵਾਬ ਦਿੱਤਾ।

"ਜੂ ਰੇਸਿਸਟ ਬਾਸਟਰਡ ਲੇਡੀ! ਵੈਨ ਜੂਅਰ ਡੌਗ ਬਾਰਕ, ਮੀ ਸੇ ਨਥਿੰਗ। ਆਈ ਹੇਟ ਜੂ, ਬਾਈਟ ਪਿੱਗ।" ਅਮਨ ਚੀਕ ਰਿਹਾ ਸੀ। ਗੋਰੀ ਨੇ ਦਰਵਾਜਾ ਬੰਦ ਕਰ ਲਿਆ। ਅਗਲੇ ਦਿਨ ਜਦੋਂ ਉਹ ਘਾਹ ਨੂੰ ਪਾਣੀ ਲਾ ਰਹੀ ਸੀ ਤਾਂ ਅੰਦਰੋਂ ਭੱਜਿਆ ਆਇਆ ਤੇ ਕੁੱਦ ਕੇ ਪੈ ਗਿਆ, "ਤੂੰ ਮੇਰੀ ਪ੍ਰਾਪਰਟੀ 'ਚ ਖੜ੍ਹੀ ਹੋ ਕੇ ਪਾਣੀ ਲਾ ਰਹੀ ਏਂ।" ਗੋਰੀ ਨੇ ਜਵਾਬ ਦਿੱਤਾ, "ਮੈਂ ਤਾਂ ਤੇਰੇ ਘਾਹ ਤੇ ਪੈਰ ਵੀ ਨਹੀਂ ਰੱਖਿਆ।" ਨਾਲ ਦੀ ਨਾਲ ਅਮਨ ਨੇ ਉਸ ਨੂੰ ਥੱਪੜ ਜੜ ਦਿੱਤਾ। ਅੱਗ ਬਬੂਲਾ ਹੋਈ ਗੋਰੀ ਨੇ ਅੰਦਰ ਜਾ ਕੇ ਪੁਲਿਸ ਨੂੰ ਕਾਲ ਕਰ ਦਿੱਤੀ।

ਕੋਈ ਦੱਸ ਰਿਹਾ ਸੀ, "ਭੱਜਣ ਦੀ ਤਾਂ ਇਹਨੇ ਬਹੁਤ ਕੋਸ਼ਿਸ਼ ਕੀਤੀ ਪਰ ਕੁਝ ਹੀ ਪਲਾਂ 'ਚ ਪੁਲਿਸ ਕਰੂਜ਼ਰ ਉਤੋੜਿਤੀ ਆਏ ਤੇ ਘਰ ਨੂੰ ਘੇਰਾ ਪਾ ਲਿਆ। "ਗੈਟ ਆਊਟ ਆਫ ਦਾ ਹਾਊਸ।" ਪੁਲਿਸ ਫੋਰਸ ਦੇ ਦੋ ਆਫੀਸਰ ਦਰਵਾਜੇ 'ਤੇ ਪਿਸਤੌਲ ਤਾਣੀ ਖੜ੍ਹੇ ਸਖਤ ਲਹਿਜੇ 'ਚ ਆਦੇਸ਼ ਦੇ ਰਹੇ ਸਨ। ਕੋਈ ਹਰਕਤ ਨਾ ਹੋਈ ਦੇਖ ਕੇ ਇੱਕ ਨੇ ਲੱਤ ਮਾਰ ਕੇ ਦਰਵਾਜਾ ਖੋਲ੍ਹਿਆ ਤੇ ਪਿਸਤੌਲ ਦੀ ਸੇਧ 'ਚ ਹੌਲੀ ਹੌਲੀ ਪੈਰ ਰੱਖਦਾ, ਇੱਧਰ-ਉਧਰ ਝਾਕਦਾ ਲਿਵਿੰਗ ਰੂਮ ਤੱਕ ਪਹੁੰਚ ਗਿਆ।

"ਮੈਂ ਮਾਰ ਕੇ ਮਰੂੰ, ਜਿਹੜਾ ਅੰਦਰ ਵੜਿਆ, ਗਰਦਨ ਲਾਹ ਕੇ ਧਰ ਦੂੰ, ਆ ਗਏ ਵੱਡੇ ਗੋਰੀ ਦੇ ਹਮਾਇਤੀ।" ਉਪਰਲੇ ਬੈਡ ਰੂਮ 'ਚੋਂ ਅਮਨ ਦੀਆਂ ਧਮਕੀਆਂ ਭਰੀਆਂ ਆਵਾਜ਼ਾਂ ਆ ਰਹੀਆਂ ਸਨ। ਪੁਲਿਸ ਧਾੜ ਧਾੜ ਪੌੜੀਆਂ ਚੜ੍ਹਨ ਲੱਗੀ। ਦਰਵਾਜੇ 'ਤੇ ਖਲੋ ਉਨ੍ਹਾਂ ਆਖਰੀ ਵਾਰਨਿੰਗ ਦਿੱਤੀ, "ਜੇ ਕੋਈ ਹਥਿਆਰ ਕੋਲ ਹੈ ਤਾਂ ਹੇਠਾਂ ਸੁੱਟ ਦੇ, ਹੱਥ ਉਪਰ ਕਰਕੇ ਬਾਹਰ ਆ ਜਾ।" ਪਰ ਕਿੱਥੇ? ਉਹ ਤਾਂ ਖਿੜਕੀ ਵਿਚੋਂ ਛਾਲ ਮਾਰ ਕੇ ਘਰ ਦੇ ਪਿਛਵਾੜੇ ਡਿੱਗਿਆ, ਲਹੂ-ਲੁਹਾਣ ਹੋਇਆ ਪਿਆ ਸੀ। ਸ਼ੀਸ਼ੇ ਦੇ ਟੁਕੜੇ ਉਸ ਦੇ ਆਸ-ਪਾਸ ਬਿਖਰੇ ਹੋਏ ਸਨ। ਪੁਲਿਸ ਦੌੜ ਕੇ ਪਿੱਛੇ ਪਹੁੰਚੀ ਤਾਂ ਪਤਾ ਨਹੀਂ ਉਹ ਕਿਹੜੀ ਤਾਕਤ ਨਾਲ ਇਕਦਮ ਉਠਿਆ, ਉਨ੍ਹਾਂ ਤੇ ਲਪਕਿਆ ਤੇ ਫੇਰ ਢੇਰੀ ਹੋ ਗਿਆ। ਪੁਲਿਸ ਵਾਲਿਆਂ ਨੇ ਪਿਸਤੌਲ ਬਿਲਕੁਲ ਉਸ ਦੇ ਮੂੰਹ ਕੋਲ ਤਾਣ ਲਿਆ ਤੇ ਬਾਹਵਾਂ ਪਿੱਠ ਪਿੱਛੇ ਕਰਕੇ ਹੱਥਕੜੀਆਂ ਲਾ ਦਿੱਤੀਆਂ। ਉਹ ਫੁੰਕਾਰੇ ਮਾਰਦਾ ਰਿਹਾ ਤੇ ਅਵਾ-ਤਵਾ ਬੋਲਣਾ ਵੀ ਜਾਰੀ ਰੱਖਿਆ। ਹਾਲੇ ਹੁਣੇ ਐਬੂਲੈਂਸ ਉਹਨੂੰ ਲੈ ਕੇ ਗਈ ਸੀ।

ਸ਼ਰਨ ਆਪਣੇ ਸੁਪਰਵਾਈਜ਼ਰ ਕੋਲ ਬਹਾਨਾ ਮਾਰ ਕੇ ਘਰ ਪਹੁੰਚੀ। ਲੋਕੀਂ ਹਾਲੇ ਵੀ ਜੁੱਟ ਜਿਹੇ ਬਣਾਈ ਬਾਹਰ ਖੜ੍ਹੇ ਘੁਸਰ-ਮੁਸਰ ਕਰ ਰਹੇ ਸਨ। ਪੁਲਿਸ ਆਫੀਸਰ ਨੇ ਸ਼ਰਨ ਨੂੰ ਦਰਵਾਜੇ 'ਤੇ ਰੋਕਿਆ ਅਤੇ ਕਿਹਾ, "ਮੈਮ! ਤੁਹਾਡੇ ਬੱਚੇ ਸਾਡੀ ਲੇਡੀ ਪੁਲਿਸ ਆਫੀਸਰ ਕੋਲ ਨੇ, ਉਨ੍ਹਾਂ ਨੂੰ ਉਹ ਸਾਹਮਣੇ ਬੱਤੀ ਨੰਬਰ 'ਚ ਲਈ ਬੈਠੀ ਏ।"

ਸ਼ਰਨ ਦੌੜ ਕੇ ਉਥੇ ਪਹੁੰਚੀ ਤੇ ਬੱਚਿਆ ਨੂੰ ਗੋਦੀ ਵਿਚ ਲਿਆ। ਉਹ ਸੁੰਨ ਜਿਹੇ ਹੋਏ ਆਪਣੀ ਮਾਂ ਦੇ ਮੂੰਹ ਵੱਲ ਦੇਖ ਰਹੇ ਸਨ। ਕੁਝ ਵਕਤ ਉਹ ਵੀ ਗੁੰਮਸੁੰਮ ਜਿਹੀ ਹੋਈ ਬੈਠੀ ਰਹੀ ਤੇ ਫੇਰ ਫੁੱਟ ਫੁੱਟ ਕੇ ਰੋਣ ਲੱਗੀ।

"ਮਿਸਿਜ਼ ਸੈਂਡੂ, ਤੁਹਾਡੇ ਹਸਬੈਂਡ ਦੀ ਮੈਡੀਕਲ ਰਿਪੋਰਟ ਹੁਣੇ ਆਈ ਏ, ਉਹਨੇ ਆਪਣੀ ਦਵਾਈ ਦੇ ਨਾਲ ਨਾਲ ਸ਼ਰਾਬ ਵੀ ਪੀ ਰੱਖੀ ਏ। ਅਸੀਂ ਉਸ ਨੂੰ ਰਿਲੀਜ਼ ਨਹੀਂ ਕਰ ਸਕਦੇ। ਹਸਪਤਾਲ 'ਚ ਦਾਖਲ ਰਹਿਣਾ ਪਵੇਗਾ ਤਾਂ ਕਿ ਕਿਸੇ ਦੀ ਜਾਨ ਲਈ ਖਤਰਾ ਨਾ ਬਣ ਸਕੇ।" ਪੁਲਿਸ ਆਫੀਸਰ ਨੇ ਦੱਸਿਆ।

"ਆਫੀਸਰ, ਮੈਂ ਵੀ ਚਾਹੁੰਦੀ ਹਾਂ ਕਿ ਅਮਨ ਦਾ ਇਲਾਜ ਹਸਪਤਾਲ 'ਚ ਦਾਖਲ ਕਰਕੇ ਸ਼ੁਰੂ ਕੀਤਾ ਜਾਵੇ। ਕੋਈ ਸਾਈਕੋਥੈਰੇਪੀ ਦਿੱਤੀ ਜਾਵੇ। ਜੇਲ੍ਹ 'ਚ ਰੱਖ ਕੇ ਤਾਂ ਇਸ ਦਾ ਕੁਝ ਨਹੀਂ ਬਣਨਾ। ਜਿੰਨੀ ਵਾਰ ਵੀ ਇਹ ਜੇਲ੍ਹ 'ਚੋਂ ਵਾਪਸ ਆਇਆ ਹੈ, ਹੋਰ ਵੀ ਹੈਵਾਨ ਬਣ ਕੇ ਆਇਆ ਹੈ ਤੇ ਭੁਗਤਿਆ ਕਿਸ ਨੇ ਹੈ? ਮੈਂ ਤੇ ਮੇਰੇ ਬੱਚਿਆਂ ਨੇ। ਇਸ ਦੀ ਡਿਪਰੈਸ਼ਨ ਗੁੰਝਲਦਾਰ ਬਣਦੀ ਜਾ ਰਹੀ ਹੈ ਦਿਨੋ ਦਿਨ।"

"ਆਲਰਾਈਟ ਮਿਸਿਜ਼ ਸੈਂਡੂ, ਇਹ ਤਾਂ ਹੁਣ ਜੱਜ ਨੇ ਹੀ ਫੈਸਲਾ ਕਰਨੈਂ, ਜਦੋਂ ਵੀ ਇਸ ਦੀ ਤਾਰੀਕ ਪਵੇਗੀ। ਆਈ ਫੀਲ ਸੌਰੀ ਫਾਰ ਯੂ...ਟੇਕ ਕੇਅਰ, ਬਾਏ।" ਪੁਲਸੀਏ ਨੇ ਗੱਲ ਦਾ ਭੋਗ ਪਾਇਆ।

ਸ਼ਰਨ ਦੀ ਇਸ ਸ਼ਹਿਰ 'ਚ ਆਉਣ ਦੀ ਵਜ੍ਹਾ ਵੀ ਇਹੀ ਸੀ ਕਿ ਸਾਰੇ ਭੈਣ-ਭਰਾ ਤੇ ਮਾਂ-ਬਾਪ ਅਮਨ ਦੀਆਂ ਹਰਕਤਾਂ ਤੋਂ ਤੰਗ ਆਏ ਪਏ ਸਨ। ਉਹ ਅਕਸਰ ਆਖਦੇ ਕਿ ਤੂੰ ਇਸ ਨੂੰ ਲੈ ਕੇ ਕਿਸੇ ਹੋਰ ਸ਼ਹਿਰ ਚਲੀ ਜਾ। ਸ਼ਰਨ ਨੂੰ ਦੁੱਖ ਤਾਂ ਬਹੁਤ ਲੱਗਾ, ਉਹੀ ਭੈਣ-ਭਰਾ ਤੇ ਮਾਂ-ਬਾਪ ਜਿਹੜੇ ਉਸ ਦੀ ਬਦੌਲਤ ਕੈਨੇਡਾ ਪਹੁੰਚੇ ਸਨ, ਅੱਜ ਇਹੋ ਜਿਹੀਆਂ ਗੱਲਾਂ ਕਰ ਰਹੇ ਸਨ। ਬਰੁੱਕਸ ਵਿਚ ਮਾਮੇ ਦਾ ਪਰਿਵਾਰ ਰਹਿੰਦਾ ਸੀ। ਸ਼ਰਨ ਕੈਲਗਰੀ ਤੋਂ ਬਰੁੱਕਸ ਆ ਗਈ।

---

ਆਪਣੀ ਗੁਆਂਢਣ ਸ਼ਿਰਨ ਨਾਲ ਮੇਰੀ ਪਹਿਲੀ ਮੁਲਾਕਾਤ ਬਰੁੱਕਸ ਹੀ ਹੋਈ। ਬੜੇ ਹੱਸਮੁੱਖ ਤੇ ਮਿਲਾਪੜੇ ਸੁਭਾਅ ਵਾਲੀ ਲੱਗੀ ਉਹ। ਸਾਡੀ ਗੱਲਬਾਤ ਮੇਕਅੱਪ ਦੇ ਨਵੇਂ ਤੌਰ-ਤਰੀਕਿਆਂ ਤੋਂ ਹੁੰਦੀ ਬੱਚਿਆਂ ਦੀ ਪੜ੍ਹਾਈ, ਜੌਬ, ਪਰਿਵਾਰਕ ਪਿਛੋਕੜ ਤੱਕ ਪਹੁੰਚ ਗਈ।

"ਇਸ ਛੋਟੇ ਜਿਹੇ ਸ਼ਹਿਰ 'ਚ ਤੇਰੀ ਜੌਬ ਦਾ ਕੀ ਬਣੂੰ ਸ਼ਰਨ?" ਮੈਂ ਪੁੱਛਿਆ।

"ਲਓ ਦੀਦੀ, ਜੌਬ ਤਾਂ ਮੈਂ ਐਥੇ ਟਰਾਂਸਫਰ ਕਰਾ ਲੈਣੀ ਐਂ, ਵੱਧ ਤੋਂ ਵੱਧ ਪਹਿਲਾਂ ਪਾਰਟ ਟਾਈਮ ਟ੍ਰਾਈ ਕਰ ਲੈਣਗੇ, ਆਪੇ ਹੋ ਜੂ ਫੁੱਲ-ਟਾਈਮ ਬਾਅਦ 'ਚ।" ਓਹ ਮੁਸਕਰਾਈ ਤੇ ਉਹਦੇ ਮੋਤੀਆਂ ਵਰਗੇ ਦੰਦ ਬੜੇ ਹੀ ਸੋਹਣੇ ਲੱਗੇ। ਮੈਂ ਉਸ ਦੇ ਹੌਂਸਲੇ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕੀ।

"ਭਾਈ ਸਾਡੀ ਕੁੜੀ ਨੇ ਤਾਂ ਸ਼ੁਰੂ ਤੋਂ ਹੀ ਘਰ ਦਾ ਭਾਰ ਆਪਣੇ ਸਿਰ ਚੁੱਕਿਆ ਹੋਇਐ, ਜੇ ਇਹ ਵੀ ਕੰਮ 'ਤੇ ਨਾ ਜਾਵੇ ਤਾਂ ਰੋਟੀ ਪਾਣੀ ਕਿਵੇਂ ਚੱਲੂ?" ਮਾਮੀ ਨੇ ਵੀ ਤਾਰੀਫ ਕੀਤੀ।



ਬੱਚਿਆਂ ਨੂੰ ਹੋਮਵਰਕ 'ਤੇ ਬਿਠਾ ਕੇ ਉਹ ਫੇਰ ਸਾਡੇ ਨਾਲ ਲਿਵਿੰਗ ਰੂਮ 'ਚ ਆ ਬੈਠੀ।

"ਤੁਹਾਡੇ ਹਸਬੈਂਡ ਕੀ ਕਰਦੇ ਨੇ? ਮੈਂ ਪੁੱਛਿਆ।

"ਦੀਦੀ, ਹਸਬੈਂਡ ਦਾ ਤਾਂ ਬੱਸ ਕੁਝ ਨਾ ਪੁੱਛੋ। ਕੀ ਦੱਸਾਂ ਥੋਨੂੰ, ਸਾਡੀ ਤਾਂ ਹਰ ਘੜੀ ਉਹਦੀ ਦਹਿਸ਼ਤ ਹੇਠ ਲੰਘਦੀ ਐ। ਮੇਰੇ ਬੱਚਿਆਂ ਦਾ ਵੀ ਜਿਵੇਂ ਦਿਮਾਗ ਈ ਬੁੱਜ ਜਿਹਾ ਹੋਇਆ ਪਿਐ। ਇਹ ਕੋਈ ਨਾਰਮਲ ਬੱਚਿਆਂ ਦੀ ਤਰ੍ਹਾਂ ਥੋੜ੍ਹੀ ਪਲ ਰਹੇ ਨੇ ਵਿਚਾਰੇ। ਕੁੱਟ-ਮਾਰ, ਗਾਲ੍ਹੀ-ਗਲੋਚ, ਚੀਜ਼ਾਂ ਦੀ ਭੰਨ-ਤੋੜ, ਮਰਨ-ਮਾਰਨ ਦੀਆਂ ਧਮਕੀਆਂ-ਇਹ ਕੁਝ ਹੁੰਦੈ ਸਾਡੇ ਤਾਂ ਅੰਦਰ-ਖਾਤੇ। ਹੋਰ ਤਾਂ ਹੋਰ, ਮੇਰੇ ਪੇਕਿਆਂ ਦੇ ਪਰਿਵਾਰ ਨੂੰ ਵੀ ਆਪਣੀ ਹਿੱਟ-ਲਿਸਟ 'ਤੇ ਲਿਖੀ ਬੈਠੈ। ਕਿਸੇ ਤੋਂ ਇੱਕ ਗੰਡਾਸਾ ਮੰਗਾਇਐ ਓਹਨੇ ਇੰਡੀਆ ਤੋਂ। ਉਹਦੇ ਹੱਥੇ 'ਤੇ ਕਿੰਨੇ ਹੀ ਨਾਂ ਲਿਖੇ ਹੋਏ ਨੇ। ਸਾਡੇ ਤਿੰਨਾਂ ਦੇ ਤੇ ਮੇਰੇ ਪੇਕਿਆਂ ਦੇ। ਉਹਨੂੰ ਹਰ ਵਕਤ ਸਾਹਮਣੇ ਰੱਖਦੈ।"

"ਬੜਾ ਔਖੈ ਇਹੋ ਜਿਹੇ ਬੰਦੇ ਨਾਲ ਤਾਂ ਰਹਿਣਾ।" ਮੈਨੂੰ ਭੈਅ ਜਿਹਾ ਆਇਆ।

"ਡਿਪਰੈਸ਼ਨ ਤੇ ਬਾਈ-ਪੋਲਰ ਡਿਸਔਰਡਰ ਐ ਉਹਨੂੰ। ਦੋ-ਤਿੰਨ ਵਾਰ ਤਾਂ ਆਪਣੇ ਆਪ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਕਰ ਚੁਕੈ। ਜਦੋਂ 14-15 ਸਾਲਾਂ ਦਾ ਸੀ, ਉਦੋਂ ਤੋਂ ਹੀ ਦਿਮਾਗੀ ਨੁਕਸ ਐ ਤੇ ਹੁਣ ਬਿਮਾਰੀ ਹੋਰ ਜ਼ੋਰ ਫੜ੍ਹ ਗਈ ਐ। ਇਹਦੀ ਵੱਡੀ ਭੈਣ ਨੇ ਜਦੋਂ ਆਪਣਾ ਪਰਿਵਾਰ ਸਪਾਂਸਰ ਕੀਤਾ ਤਾਂ ਕੈਨੇਡਾ ਆ ਗਿਆ।"

"ਇਸ ਜਾਲ 'ਚੋਂ ਨਿਕਲਣ ਦਾ ਰਸਤਾ ਹੈ ਕੋਈ?" ਮੈਂ ਫੇਰ ਪੁੱਛਿਆ।

"ਇਹਨੂੰ ਛੱਡ ਕੇ ਮੈਂ ਜਿੱਥੇ ਵੀ ਜਾਊਂ, ਇਹ ਲੱਭ ਲਏਗਾ ਤੇ...।" ਸ਼ਰਨ ਨੇ ਆਪਣਾ ਸਿਰ ਦੋਹਾਂ ਹੱਥਾਂ 'ਚ ਫੜ੍ਹ ਕੇ ਗੋਡਿਆ 'ਚ ਦੇ ਲਿਆ ਤੇ ਕੁਝ ਰੁਕ ਕੇ ਫਿਰ ਬੋਲੀ, "ਕੋਈ ਕਾਨੂੰਨ ਸਾਨੂੰ ਇਸ ਤੋਂ ਨਹੀਂ ਬਚਾ ਸਕਦਾ। ਕਹਿੰਦੇ ਨੇ ਇਨ੍ਹਾਂ ਮੁਲਖਾਂ ਵਿਚ ਔਰਤ ਦੀ ਬਹੁਤ ਸੁਣਵਾਈ ਐ, ਬਹੁਤ ਬਰਾਬਰੀ ਐ। ਔਰਤ ਆਜ਼ਾਦ ਹੈ ਤੇ ਔਰਤ 'ਤੇ ਕਿਸੇ ਵੀ ਤਰ੍ਹਾਂ ਦੇ ਤਸ਼ੱਦਦ ਨੂੰ ਬਹੁਤ ਵੱਡਾ ਅਪਰਾਧ ਮੰਨਿਆ ਜਾਂਦੈ। ਹੋਊ ਇਹ ਗੱਲ ਸੱਚੀ ਹੋਰਨਾਂ ਲਈ, ਪਰ ਮੇਰੇ ਹਾਲਾਤ 'ਚ ਤਾਂ ਕੋਈ ਸਿਸਟਮ ਕੁਝ ਨਹੀਂ ਕਰ ਸਕਦਾ। ਉਪਰੋਂ ਲੋਕੀਂ ਅੱਡ ਉਂਗਲਾਂ ਕਰਦੇ ਨੇ ਕਿ ਇਹ ਉਹੀ ਐ ਜਿਹੜੀ ਆਪਣੇ ਘਰ ਵਾਲੇ ਨੂੰ ਤੀਜੇ ਦਿਨ ਅੰਦਰ ਕਰਵਾ ਦਿੰਦੀ ਐ।"

ਐਨੇ 'ਚ ਇੱਕ ਸੱਤ ਕੁ ਸਾਲ ਦੀ ਬੱਚੀ ਆਪਣੀ ਮਾਂ ਦੀ ਗੋਦ 'ਚ ਆ ਬੈਠੀ।

"ਤੁਹਾਡਾ ਕੀ ਨਾਂ ਐ ਬੇਟਾ?" ਮੈਂ ਪੁੱਛਿਆ।

"ਖੁਸ਼ੀ।" ਬੱਚੀ ਆਪਣੇ ਹੱਥਾਂ ਦੀਆਂ ਉਂਗਲਾਂ ਮਰੋੜਦੀ ਡਰੀਆਂ ਜਿਹੀਆਂ ਅੱਖਾਂ ਨਾਲ ਮੇਰੇ ਵੱਲ ਵੇਖਦੀ ਰਹੀ।

"ਡੂ ਯੂ ਲਾਈਕ ਸਕੂਲ?"

"ਯਾਅ...ਬਿਕੌਜ਼ ਆਈ ਡੌਂਟ ਲਾਈਕ ਮਾਈ ਹੋਮ। ਮਾਈ ਡੈਡ ਮੈਂਟਲ ਨੇ, ਤੁਹਾਨੂੰ ਪਤੈ?" ਧੀਮੀ ਜਿਹੀ ਆਵਾਜ਼ ਵਿਚ ਬੱਚੀ ਨੇ ਕਿਹਾ।

ਬੱਚੀ ਦੀ ਗੱਲ ਸੁਣ ਕੇ ਮੈਂ ਚੁੱਪ-ਗੜੁੱਪ ਹੀ ਹੋ ਗਈ। ਕੁਝ ਰੁਕ ਕੇ ਸ਼ਰਨ ਨੂੰ ਫੇਰ ਪੁੱਛਿਆ। "ਕੋਈ ਟ੍ਰੀਟਮੈਂਟ ਨਹੀਂ ਚੱਲ ਰਹੀ ਉਸ ਦੀ?"

"ਵੀਹ ਵਾਰ ਰੀਹੈਬ 'ਚ ਗਿਐ ਤੇ ਵੀਹ ਵਾਰ ਜੇਲ੍ਹ 'ਚ। ਦਵਾਈਆਂ ਤਾਂ ਘਰ ਢੇਰ ਸਾਰੀਆਂ ਆਉਂਦੀਆਂ ਨੇ। ਜੇ ਬਾਕਾਇਦਾ ਖਾਵੇ ਜਾਂ ਉਹਦੇ ਆਪਣੇ ਅੰਦਰ ਕੋਈ ਇੱਛਾ ਹੋਵੇ ਕਿ ਠੀਕ ਹੋਣੈ ਤਾਂ ਹੀ ਕੋਈ ਫਾਇਦੈ ਨਾ, ਨਹੀਂ ਤਾਂ ਪੈਸਿਆਂ ਦੀ ਬਰਬਾਦੀ ਹੀ ਐ। ਦੁਆਈ ਖਾ ਕੇ ਉਪਰੋਂ ਦਾਰੂ ਡੱਫ ਲੈਂਦੈ। ਹੋਰ ਵੀ ਫੇਰ ਗ੍ਰੱਸਿਆ ਜਾਂਦੈ ਪਾਗਲਪੁਣੇ 'ਚ। ਬੱਸ ਕਿਸਮਤ ਦੀਆਂ ਖੇਡਾਂ ਨੇ ਦੀਦੀ...ਮੇਰੀ ਦਾਦੀ ਕਿਹਾ ਕਰਦੀ ਸੀ, 'ਜਿਨ੍ਹਾਂ ਦੇ ਰੂਪ ਨੇ ਸੋਹਣੇ, ਉਨ੍ਹਾਂ ਦੇ ਲੇਖ ਨੇ ਖੋਟੇ।'' ਉਸ ਨੇ ਸਿਸਕੀਆ, ਹੌਕਿਆਂ ਤੇ ਹੰਝੂਆਂ 'ਚ ਮਸਾਂ ਈ ਗੱਲ ਖਤਮ ਕੀਤੀ। ਕਿਸੇ ਅਸਹਿ ਜਿਹੇ ਬੋਝ ਨਾਲ ਮੇਰਾ ਵੀ ਦਿਲ ਡੁੱਬਦਾ ਜਾ ਰਿਹਾ ਸੀ।

ਉਹ ਫੇਰ ਬੋਲੀ, "ਬੇਟਾ ਮੇਰਾ ਦੱਸ ਸਾਲ ਦਾ ਏ...ਵਿੱਧਮਾਤਾ ਨੇ ਕਿਹੋ ਜਿਹੇ ਲੇਖ ਲਿਖ ਦਿੱਤੇ ਮੇਰੇ ਬੱਚਿਆਂ ਦੇ ਵੀ। ਕਿੰਨੀ ਵਾਰ ਇਨ੍ਹਾਂ ਨੂੰ ਇੰਡੀਆ ਮਾਂ ਕੋਲ ਛੱਡਿਆ ਤਾਂ ਕਿ ਘਰ ਦੇ ਮਾਹੌਲ ਦਾ ਅਸਰ ਨਾ ਪਵੇ। ਪਰ ਹੁਣ ਤਾਂ ਉਹ ਵੀ ਐਥੇ ਹੀ ਆ ਗਏ ਨੇ, ਕੰਮਾਂ 'ਤੇ ਜਾਂਦੇ ਨੇ। ਵੱਡਾ ਘਰ ਲੈਣ ਦੀ ਪੁੱਠੀ ਭੰਬਾਲੀ ਆਈ ਹੋਈ ਏ ਉਨ੍ਹਾਂ ਨੂੰ, ਮਾਂ ਤਾਂ ਜਦੋਂ ਦੇਖੋ ਸੁਨਿਆਰਿਆਂ ਦੀ ਦੁਕਾਨ 'ਚ ਹੀ ਵੜੀ ਹੁੰਦੀ ਐ। ਬੱਚਿਆਂ ਨੂੰ ਛੁੱਟੀਆਂ 'ਚ ਵੀ ਉਨ੍ਹਾਂ ਕੋਲ ਨਹੀਂ ਛੱਡ ਸਕਦੀ। ਮੇਰਾ ਕਾਲਜਾ ਬਾਹਰ ਨੂੰ ਆਉਂਦੈ ਜਦੋਂ ਬੇਟਾ ਮੈਨੂੰ ਕਹਿੰਦੈ, 'ਮੰਮੀ ਜੇ ਆਪਾਂ ਕੋਈ ਡੌਗੀ ਰੱਖ ਲਈਏ ਤਾਂ ਡੈਡ ਸਾਨੂੰ ਮਾਰ ਨਹੀਂ ਸਕੇਗਾ। ਮੈਂ ਇੱਕ ਬੁੱਕ 'ਚ ਪੜ੍ਹਿਐ ਕਿ ਡੌਗੀ ਆਪਣੇ ਮਾਲਕ ਨੂੰ ਬਚਾਉਣ ਲਈ ਹਮੇਸ਼ਾਂ ਅੱਗੇ ਆ ਕੇ ਖੜ੍ਹ ਜਾਂਦੈ...।' ਮੈਂ ਉਸ ਨੂੰ ਜੱਫੀ ਪਾ ਕੇ ਐਨਾ ਕੁ ਰੋਈ ਕਿ ਮੇਰੀਆਂ ਅੱਖਾਂ ਸੁੱਜ ਕੇ ਪੋਪਲਿਆਂ ਵਰਗੀਆਂ ਹੋ ਗਈਆਂ। ਮਾਸੂਮਾਂ ਨੂੰ ਐਨੇ ਡਰ ਤੇ ਸਹਿਮ 'ਚ ਰਹਿਣਾ ਪਵੇ, ਮਾਂ ਦਾ ਦਿਲ ਤਾਂ ਫਿਰ ਪੁੱਛਿਆ ਈ ਜਾਣੀਦੈ।"

ਮੈਂ ਇੱਕ ਲੰਮਾ ਸਾਹ ਭਰਿਆ ਤੇ ਪੁੱਛਿਆ, "ਵਿਆਹ ਤੋਂ ਪਹਿਲਾਂ ਅਮਨ ਦੀ ਦਿਮਾਗੀ ਹਾਲਤ ਦਾ ਨਹੀਂ ਪਤਾ ਸੀ ਤੇਰੇ ਮਾਂ-ਬਾਪ ਨੂੰ?"

"ਦੀਦੀ, ਕਿਹੜਾ ਭੜੂਆ ਪਤਾ ਕਰਦੈ ਪਿਛੋਕੜਾਂ ਦਾ, ਨਾਲੇ ਦਿਮਾਗੀ ਨੁਕਸਾਂ ਦਾ। ਜਦੋਂ ਕੈਨੇਡਾ ਆਲੀ ਪੂਛ ਲੱਗੀ ਹੁੰਦੀ ਐ ਕਿਸੇ ਨੂੰ, ਤਾਂ ਨ੍ਹੇਰੀ ਆ ਜਾਂਦੀ ਐ ਪੰਜਾਬ ਦੇ ਲੋਕਾਂ ਦੀਆਂ ਅੱਖਾਂ ਮੂਹਰੇ। ਫਿਰ ਇਹ ਤਾਂ ਆਪ ਚੱਲ ਕੇ ਆਇਆ ਸੀ, ਸਾਡੇ ਦਰ 'ਤੇ।"

"ਆਪ ਕਿੱਦਾਂ?"

ਉਸ ਨੇ ਫੇਰ ਇੱਕ ਠੰਢਾ ਹੌਕਾ ਭਰਿਆ ਤੇ ਆਪਣੀਆਂ ਉਦਾਸ ਅੱਖਾਂ ਸਾਹਮਣੇ ਕੰਧ ਉਤੇ ਗੱਡ ਦਿੱਤੀਆਂ, ਠੋਡੀ ਨੂੰ ਸੱਜੇ ਹੱਥ ਨਾਲ ਮਲਦੀ ਬੋਲੀ, "ਮੈਂ ਦਸਵੀਂ 'ਚ ਪੜ੍ਹਦੀ ਸਾਂ, ਆਪਣੇ ਪਿੰਡ ਦੇ ਸਕੂਲ 'ਚ। ਇੱਕ ਦਿਨ ਜਦੋਂ ਅਸੀਂ ਪਲੇਅ-ਗਰਾਊਂਡ 'ਚ ਖੋਹ-ਖੋਹ ਖੇਲ ਰਹੀਆਂ ਸਾਂ ਤਾਂ ਅਸੀਂ ਹੈਡਮਾਸਟਰ ਦੇ ਦਫਤਰ ਵੱਲ ਤਿੰਨ ਜਨਾਨੀਆਂ ਤੇ ਦੋ ਬੰਦਿਆਂ ਨੂੰ ਜਾਂਦੇ ਦੇਖਿਆ। ਬੜੇ ਮਹਿੰਗੇ ਪਰਸ, ਬੋਟੀਕ ਦੇ ਸੂਟ ਤੇ ਸੋਨੇ ਨਾਲ ਲੱਦੀਆਂ ਹੋਈਆਂ ਸਨ ਉਹ। ਅਸੀਂ ਘੁਸਰ-ਮੁਸਰ ਕਰਨ ਲੱਗੀਆਂ ਕਿ ਬਾਹਰੋਂ ਆਏ ਲੱਗਦੇ ਨੇ। ਥੋੜ੍ਹੀ ਦੇਰ ਬਾਅਦ ਸਾਡੇ ਵਿਚੋਂ ਦੋ ਤਿੰਨ ਕੁੜੀਆਂ ਨੂੰ ਅੰਦਰ ਬੁਲਾਇਆ ਗਿਆ। ਔਰਤਾਂ ਨੇ ਸਾਡੇ ਨਾਲ ਗੱਲਬਾਤ ਕੀਤੀ। ਨਾਲ ਆਏ ਬੰਦੇ ਸਾਨੂੰ ਘੂਰ ਘੂਰ ਦੇਖੀ ਜਾਣ। ਲਗਦਾ ਸੀ ਜਿਵੇਂ ਪਿਓ-ਪੁੱਤਰ ਹੋਣ। ਪੁੱਤਰ ਦੀ ਦਾੜ੍ਹੀ ਵਧੀ ਹੋਈ, ਸਿਰੋਂ ਗੰਜਾ, ਪੀਲਾ ਸੁਸਤ ਜਿਹਾ ਚਿਹਰਾ, ਦੇਖ ਕੇ ਜਿਵੇਂ ਡਰ ਆਵੇ।

'ਇਹ ਜਨੌਰ ਜਿਹਾ ਕੌਣ ਸੀ?' ਜਦੋਂ ਮੇਰੀ ਸਹੇਲੀ ਨੇ ਕਿਹਾ, ਅਸੀਂ ਬਹੁਤ ਹੱਸੀਆਂ।

ਗੱਲ ਆਈ ਗਈ ਹੋ ਗਈ, ਸਾਡਾ ਸਕੂਲ ਆਉਣਾ ਜਾਣਾ ਚਲਦਾ ਰਿਹਾ। ਹਫਤੇ ਕੁ ਬਾਅਦ ਹੀ ਬੀਜੀ ਤੇ ਪਾਪਾ ਜੀ ਨੇ ਮੈਨੂੰ ਕੋਲ ਬਿਠਾ ਲਿਆ, ਕਹਿਣ ਲੱਗੇ ਕਿ ਤੇਰੇ ਲਈ ਕੈਨੇਡਾ ਤੋਂ ਰਿਸ਼ਤਾ ਆਇਆ ਹੈ। ਖੁਸ਼ੀ ਨਾਲ ਉਨ੍ਹਾਂ ਦੇ ਚਿਹਰੇ ਦਗ ਦਗ ਕਰ ਰਹੇ ਸਨ। ਕਹਿੰਦੇ, ਉਨ੍ਹਾਂ ਨੇ ਬਾਰਾਂ ਪਿੰਡਾਂ ਦੇ ਸਕੂਲਾਂ 'ਚ ਜਾ ਕੇ ਕੁੜੀਆਂ ਦੇਖੀਆਂ ਪਰ ਪਸੰਦ ਸਿਰਫ ਤੂੰ ਹੀ ਆਈ ਏ ਮੁੰਡੇ ਨੂੰ। ਅਸੀਂ ਤਾਂ ਗੱਲ ਪੱਕੀ ਕਰ ਦਿੱਤੀ ਐ।

ਮੈਂ ਡੌਰ-ਭੌਰ ਜਿਹੀ ਉਨ੍ਹਾਂ ਦੇ ਮੂੰਹ ਵੱਲ ਤੱਕਣ ਲੱਗੀ। ਦਿਲ ਦੀ ਧੜਕਣ ਵਧ ਗਈ। ਚੇਤਿਆਂ 'ਚ ਉਹੀ ਤੈਰ ਆਇਆ ਜੋ ਪ੍ਰਿੰਸੀਪਲ ਦੇ ਦਫਤਰ 'ਚ ਦੇਖਿਆ ਸੀ।

'ਪਰ...ਬੀਜੀ, ਤੁਸੀਂ ਆਹ ਕੀ ਕੀਤਾ? ਮੈਨੂੰ ਪੁੱਛੇ ਬਿਨਾ? ਮੈਂ ਦੇਖਿਆ ਹੋਇਐ ਉਹਨੂੰ, ਜਿਸ ਦੀ ਤੁਸੀਂ ਗੱਲ ਕਰ ਰਹੇ ਹੋ? ਮੈਂ ਨਹੀਂ ਉਹਦੇ ਨਾਲ... ਮੈਂ ਤਾਂ ਹਜੇ ਹੋਰ ਪੜ੍ਹਨੈ।' ਮੈਂ ਤਰਲਾ ਕੀਤਾ।

'ਪੜ੍ਹ ਕੇ ਤੂੰ ਹੁਣ ਵਕੀਲ ਬਣਨੈ? ਅਗਲੇ ਆਪ ਚੱਲ ਕੇ ਆਏ ਨੇ ਸਾਡੇ ਘਰ। ਲੋਕ ਤਾਂ ਮੱਖੀਆਂ ਦੀ ਤਰ੍ਹਾਂ ਭਿਣਕਦੇ ਫਿਰਦੇ ਨੇ ਉਨ੍ਹਾਂ ਦੇ ਘਰ ਰਿਸ਼ਤੇ ਲਈ। ਮੁੰਡਾ ਕਹਿੰਦਾ, ਬੱਸ ਕੁੜੀ ਸੋਹਣੀ ਹੋਣੀ ਚਾਹੀਦੀ ਐ, ਹੋਰ ਕੁਝ ਨਹੀਂ ਚਾਹੀਦਾ।' ਬੀਜੀ ਨੇ ਸੌ ਦੀ ਇੱਕ ਸੁਣਾਈ।

'ਮੈਨੂੰ ਤਾਂ ਤੁਸੀਂ ਕੋਈ ਐਥੇ ਦਾ ਈ ਲੱਭ ਦਿਓ...ਮੈਂ ਨਹੀਂ ਬਾਹਰ ਜਾਣਾ। ਸੇਵਾ ਕਰੂੰਗੀ ਥੋਡੀ। ਕੀ ਪਿਐ ਅਮਰੀਕਾ-ਕਨੇਡਾ 'ਚ।' ਮੈਂ ਫੇਰ ਦੁਹਾਈ ਪਾਈ।

'ਆਹ ਜਿਹੜੇ ਦੋ ਵਿਹਲੜ ਫਿਰਦੇ ਨੇ ਤੇਰੇ ਭਰਾ ਤੇ ਤੇਰੀ ਵੱਡੀ ਭੈਣ ਜਿਹਨੂੰ ਐਮ.ਏ. ਕਰਕੇ ਵੀ ਨੌਕਰੀ ਨਹੀਂ ਮਿਲੀ, ਇਨ੍ਹਾਂ ਦਾ ਕੀ ਬਣੂੰ? ਮੇਰੀ ਚਾਰ ਸਿਆੜਾਂ ਦੀ ਖੇਤੀ 'ਚੋਂ ਤਾਂ ਰੋਟੀ-ਪਾਣੀ ਮਸੀਂ ਚਲਦੈ। ਜੇ ਬਾਹਰ ਜਾਏਂਗੀ ਤਾਂ ਇਨ੍ਹਾਂ ਦਾ ਵੀ ਕਲਿਆਣ ਕਰਨ ਜੋਗੀ ਹੋਏਂਗੀ... ਬੜੇ ਰਮਾਨ ਨਾਲ ਕਹਿਤਾ, ਅਖੇ ਮੈਂ ਨੀ ਜਾਣਾ ਬਾਹਰ। ਮੈਂ ਤਾਂ ਕਹਿਨਾਂ, ਪਤਾ ਨੀ ਮੈਂ ਕਿਹੜੇ ਮੋਤੀ ਦਾਨ ਕੀਤੇ ਸੀ ਪਿਛਲੇ ਜਨਮ 'ਚ, ਜੋ ਆਹ ਰਿਸ਼ਤਾ ਆਇਐ।' ਬਾਪ ਨੂੰ ਆਪਣੇ ਹੋਣ ਵਾਲੇ ਜਵਾਈ ਦੇ ਗੰਜ ਉਪਰ ਕੈਨੇਡਾ ਦਾ ਉਕਰਿਆ ਨਕਸ਼ਾ ਨਜ਼ਰ ਆ ਗਿਆ ਸੀ।

'ਪੁੱਤ, ਅਜੰਟ ਤਾਂ ਚਾਲੀ ਚਾਲੀ ਲੱਖ ਮੰਗਦੇ ਨੇ ਇੱਕ ਬੰਦੇ ਨੂੰ ਬਾਹਰ ਲਿਜਾਣ ਦਾ। ਜੇ ਤੂੰ ਅੜ ਗਈ ਤਾਂ ਆਪਣੇ ਲੁੰਗ-ਲਾਣੇ ਦਾ ਕੀ ਬਣੂੰ? ਚੱਲ ਮੇਰੀ ਬੀਬੀ ਧੀ, ਮੂੰਹ-ਹੱਥ ਧੋ ਤੇ ਕੱਪੜੇ ਬਦਲ ਲੈ। ਦੋ ਕੁ ਘੰਟੇ ਨੂੰ ਉਹ ਆਏ ਖੜ੍ਹੇ ਨੇ ਤੈਨੂੰ ਸ਼ਗਨ ਪਾਉਣ।' ਮਾਂ ਨੇ ਪੁਚਕਾਰਿਆ।

ਮੈਂ ਪੱਥਰ ਦੀ ਤਰ੍ਹਾਂ ਬੈਠੀ ਬੱਸ ਮਨੋ-ਮਨ ਰੱਬ ਨਾਲ ਈ ਸ਼ਿਕਵਾ ਕਰ ਰਹੀ ਸੀ, 'ਹੇ ਰੱਬਾ, ਕਿਉਂ ਬਣਾਇਆ ਤੂੰ ਮੈਨੂੰ ਇੰਨੀ ਸੋਹਣੀ? ਮੈਂ ਤਾਂ ਨੀ ਕਿਹਾ ਸੀ ਤੈਨੂੰ...ਤੇ ਲੇਖ ਕਿਉਂ ਲਿਖੇ ਫੇਰ ਐਹੋ ਜਿਹੇ? ਕਿੰਨਾ ਕੋਝਾ ਮਜ਼ਾਕ ਕੀਤਾ ਤੂੰ ਮੇਰੇ ਨਾਲ। ਭੈਣ-ਭਰਾਵਾਂ 'ਚੋਂ ਸਭ ਤੋਂ ਛੋਟੀ...ਬਲੀ ਮੈਨੂੰ ਦੇਣੀ ਪੈ ਰਹੀ ਏ। ਇਹ ਕਿੱਥੋਂ ਦਾ ਇਨਸਾਫ ਐ?' ਬੱਸ ਅੱਜ ਤੱਕ ਇਨ੍ਹਾਂ ਸੁਆਲਾਂ ਦੇ ਜੁਆਬ ਨਹੀਂ ਮਿਲੇ, ਦੀਦੀ...।"

ਮੈਂ ਚੁੱਪਚਾਪ ਬੈਠੀ ਉਸ ਦੇ ਦਰਦ ਦੇ ਦਰਿਆ 'ਚ ਡੂੰਘੀ ਉਤਰ ਚੁਕੀ ਸਾਂ।

"ਦੀਦੀ, ਸਾਰੇ ਭੈਣ-ਭਰਾ ਆਪੋ ਆਪਣੇ ਪਰਿਵਾਰਾਂ 'ਚ ਬਿਜ਼ੀ ਨੇ। ਕਹਿੰਦੇ, ਅਮਨ ਬਹੁਤ ਤੰਗ ਕਰਦੈ ਸਾਨੂੰ। ਦੂਰ ਕਿਸੇ ਹੋਰ ਸ਼ਹਿਰ ਲੈ ਜਾ ਇਹਨੂੰ, ਸ਼ਾਇਦ ਠੀਕ ਹੋ ਜੇ। ਸਾਡਾ ਐਵੇਂ ਜੀਣਾ ਹਰਾਮ ਕੀਤੈ ਇਹਨੇ। ਬਿਨਾ ਬੁਲਾਏ ਆ ਜਾਂਦੈ। ਆਪਣੇ ਘਰ ਦੀਆਂ ਪ੍ਰਾਬਲਮਾਂ ਆਪ ਸੁਲਝਾਓ। ਕਿੰਨੀ ਇਕੱਲੀ ਆਂ ਮੈਂ ਇਸ ਭਰੀ ਦੁਨੀਆਂ 'ਚ!" ਕਹਿੰਦਿਆਂ ਉਹਦਾ ਗਲਾ ਫੇਰ ਭਰ ਆਇਆ।

"ਲੈ ਕਮਲੀ ਨਾ ਹੋਵੇ ਤਾਂ...ਅਸੀਂ ਸਾਰੇ ਤੇਰੇ ਨਾਲ ਆਂ।" ਕਿੰਨੀ ਦੇਰ ਤੋਂ ਭਰੇ ਮਨ ਨਾਲ ਚੁੱਪ ਬੈਠੀ ਸ਼ਰਨ ਦੀ ਮਾਮੀ ਉਸ ਨੂੰ ਬੁੱਕਲ 'ਚ ਲੈ ਵਰਚਾਉਣ ਲੱਗੀ। ਮੈਂ ਉਸ ਦੇ ਦੋਨੋਂ ਹੱਥ ਘੁੱਟ ਕੇ ਫੜ੍ਹੇ ਹੋਏ ਸਨ।

ਬਾਹਰ ਨਿਕਲ ਕੇ ਜਦੋਂ ਮੈਂ ਕਾਰ 'ਚ ਆ ਬੈਠੀ ਤਾਂ ਸ਼ਰਨ ਦੀਆਂ ਗੱਲਾਂ ਹਾਲੇ ਵੀ ਮੇਰਾ ਕਲੇਜਾ ਲੂੰਹਦੀਆਂ ਮੈਨੂੰ ਪ੍ਰੇਸ਼ਾਨ ਕਰੀ ਜਾ ਰਹੀਆਂ ਸਨ। ਮੇਰੇ ਕੰਨਾਂ 'ਚ ਸ਼ਰਨ ਦੇ ਬੋਲ ਕੰਬ ਰਹੇ ਸਨ, "ਕਿੰਨੀ ਇਕੱਲੀ ਆ ਮੈਂ ਇਸ ਭਰੀ ਦੁਨੀਆਂ 'ਚ।" ਮੇਰੀਆਂ ਅੱਖਾਂ 'ਚੋਂ ਅੱਥਰੂ ਵਗ ਤੁਰੇ। ਮਨ ਤਾਂ ਚਾਹੁੰਦਾ ਸੀ ਕਿ ਸ਼ਰਨ ਦੇ ਕੋਲ ਹੀ ਬੈਠੀ ਰਹਾਂ ਪਰ ਆਪਣੇ ਘਰ ਬਾਰੇ ਸੋਚਦਿਆਂ ਮੈਂ ਮਸੋਸੇ ਮਨ ਨਾਲ ਕਾਰ ਸਟਾਰਟ ਕਰ ਲਈ।

# ਬੰਦਾ ਸਿੰਘ ਬਹਾਦਰ ਦਾ ਵੇਲਾ

***ਸਿੱਖ ਇਤਿਹਾਸ ਅੰਦਰ ਬੰਦਾ ਸਿੰਘ ਬਹਾਦਰ (27 ਅਕਤੂਬਰ 1670-9 ਜੂਨ 1716) ਦਾ ਨਾਓਂ ਉਚ-ਦੁਮਾਲੜਾ ਹੈ। ਉਸ ਨੇ ਮੁਗਲ ਸ਼ਾਸਕਾਂ ਖਿਲਾਫ ਤਕੜਾ ਜਹਾਦ ਛੇੜਿਆ ਅਤੇ ਉਪਰੋਥਲੀ ਜਿੱਤਾਂ ਹਾਸਲ ਕੀਤੀਆਂ। ਉਂਜ, ਉਸ ਦਾ ਸਭ ਤੋਂ ਵੱਡਾ ਕਾਰਜ ਜਗੀਰਦਾਰੀ ਸਿਸਟਮ ਨੂੰ ਭੰਨਣਾ ਸੀ। ਅਮਰੀਕਾ ਦੀ ਇਲੀਨੋਇਸ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਰਹੇ ਪ੍ਰੋ. ਰਾਜਮੋਹਨ ਗਾਂਧੀ ਨੇ 'ਪੰਜਾਬ: ਔਰੰਗਜ਼ੇਬ ਤੋਂ ਮਾਊਂਟਬੈਟਨ ਤਕ ਦਾ ਇਤਿਹਾਸ' ਲਿਖੀ ਹੈ। ਬੰਦਾ ਸਿੰਘ ਬਹਾਦਰ ਦੇ ਜਨਮ ਦਿਨ ਮੌਕੇ ਅਸੀਂ ਇਸ ਕਿਤਾਬ ਦਾ ਇਕ ਹਿੱਸਾ ਛਾਪ ਰਹੇ ਹਾਂ ਜੋ ਬੰਦਾ ਸਿੰਘ ਬਹਾਦਰ ਨਾਲ ਸਬੰਧਤ ਹੈ। ਪੰਜਾਬੀ ਵਿਚ ਇਸ ਕਿਤਾਬ ਦਾ ਅਨੁਵਾਦ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ। -ਸੰਪਾਦਕ***

ਕਾਬਲ ਬੈਠੇ ਵਾਇਸਰਾਏ ਮੁਅੱਜ਼ਮ ਨੂੰ ਪਤਾ ਲੱਗਾ ਕਿ ਦੱਖਣ ਵਿਚ ਉਸਦਾ ਬੁੱਢਾ ਪਿਤਾ ਸਖਤ ਬਿਮਾਰ ਹੋ ਗਿਆ ਹੈ ਤਾਂ 63 ਸਾਲਾ ਸ਼ਹਿਜ਼ਾਦਾ ਪਖਤੂਨ ਦੇਸ ਵਿਚੋਂ ਪੰਜਾਬ ਹੁੰਦਾ ਹੋਇਆ ਦਿੱਲੀ ਵੱਲ ਵਧਿਆ। ਰਸਤੇ ਵਿਚ ਖਬਰ ਮਿਲੀ ਕਿ ਬਾਦਸ਼ਾਹ ਦਾ ਦੇਹਾਂਤ ਹੋ ਗਿਆ ਹੈ, ਉਸੇ ਵਕਤ ਤਾਜਪੋਸ਼ੀ ਕਰ ਦਿੱਤੀ। ਅਪਰੈਲ 1707 ਵਿਚ ਲਾਹੌਰ ਦੇ ਸੂਬੇਦਾਰ ਮੁਨੀਮ ਖਾਨ ਨੂੰ ਮਿਲਿਆ। ਮੁਨੀਮ ਅਤੇ ਉਸਦੇ ਬੇਟੇ ਮੋਜ਼ੁੱਦੀਨ ਨੇ ਸ਼ਹਿਜ਼ਾਦੇ ਨੂੰ ਸੈਨਿਕ ਮਦਦ ਦੀ ਪੇਸ਼ਕਸ਼ ਕੀਤੀ। ਇਹ ਪਿਉ-ਪੁੱਤ ਤੁਰਕ ਸਨ। ਮੁਅੱਜ਼ਮ ਨੂੰ ਸ਼ਾਹ ਆਲਮ ਅਤੇ ਬਹਾਦਰ ਸ਼ਾਹ ਪਹਿਲਾ ਵੀ ਕਿਹਾ ਜਾਂਦਾ ਸੀ।

ਬਹਾਦਰ ਸ਼ਾਹ ਆਪਣੇ ਪਿਤਾ ਨਾਲੋਂ ਉਦਾਰਚਿਤ ਸੀ। ਭਰਾਵਾਂ ਕਾਮਬਖ਼ਸ਼ ਅਤੇ ਆਜ਼ਮ ਨੇ ਬਗਾਵਤਾਂ ਕੀਤੀਆਂ ਪਰ ਦਬਾ ਦਿੱਤੀਆਂ। ਆਜ਼ਮ ਜੂਨ 1707 ਵਿਚ ਆਗਰੇ ਲੜਾਈ ਵਿਚ ਮਾਰਿਆ ਗਿਆ, ਦੋ ਸਾਲ ਬਾਅਦ ਦੱਖਣ ਵਿਚ ਕਾਮਬਖ਼ਸ਼ ਮਾਰਿਆ ਗਿਆ। ਪਹਿਲੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਨੇ ਬਹਾਦਰ ਸ਼ਾਹ ਦੀ ਸੈਨਿਕ ਮਦਦ ਕੀਤੀ।

ਜਦੋਂ ਗੁਰੂ ਜੀ ਦੱਖਣ ਵੱਲ ਜਾ ਰਹੇ ਸਨ, ਉਨ੍ਹਾਂ ਨੂੰ ਪਤਾ ਸੀ ਕਿ ਕਾਮਬਖ਼ਸ਼ ਤੇ ਆਜ਼ਮ

**ਰਾਜਮੋਹਨ ਗਾਂਧੀ**
ਅਨੁਵਾਦਕ: ਹਰਪਾਲ ਸਿੰਘ ਪੰਨੂ

ਦੱਖਣ ਵਿਚ ਹਨ, ਬਹਾਦਰ ਸ਼ਾਹ ਆਗਰੇ ਹੈ ਤੇ ਦੱਖਣ ਵੱਲ ਜਾਏਗਾ। ਵਲ ਪਾ ਕੇ ਗੁਰੂ ਜੀ ਆਗਰੇ ਬਹਾਦਰ ਸ਼ਾਹ ਨੂੰ ਮਿਲੇ। ਲਤੀਫ ਅਨੁਸਾਰ (1889) ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਹਾਥੀ, ਘੋੜੇ, ਸ਼ਾਮਿਆਨੇ ਭੇਂਟ ਕੀਤੇ ਤੇ ਪੰਜ ਹਜ਼ਾਰੀ ਦਾ ਖਿਤਾਬ ਦਿੱਤਾ। ਲੱਗਦਾ ਹੈ ਕਿ ਵਜ਼ੀਰ ਖਾਨ ਨੂੰ ਸਜ਼ਾ ਦੇਣ ਅਤੇ ਆਨੰਦਪੁਰ ਦਾ ਇਲਾਕਾ ਗੁਰੂ ਜੀ ਨੂੰ ਦੇਣ ਬਾਰੇ ਬਾਦਸ਼ਾਹ ਨੇ ਆਖਿਆ ਹੋਵੇ।

ਬਾਦਸ਼ਾਹ ਕਈ ਮਹੀਨੇ ਆਗਰੇ ਠਹਿਰਿਆ ਪਰ ਉਸ ਅੰਦਰ ਦੱਖਣ ਬੈਠੇ ਕਾਮਬਖ਼ਸ਼ ਨੂੰ ਦਬਾਉਣ ਵਾਸਤੇ ਬੇਚੈਨੀ ਸੀ। ਨਵੰਬਰ 1707 ਨੂੰ ਜਦੋਂ ਇਸ ਕਾਰਵਾਂ ਨੇ ਦੱਖਣ ਵੱਲ ਰੁਖ ਕੀਤਾ, ਗੁਰੂ ਜੀ ਨਾਲ ਨਾਲ ਤੁਰੇ, ਨਾਲ ਸਿੱਖ ਸੈਨਿਕ ਸਨ। ਇਕ ਸਾਲ ਦੇ ਕਰੀਬ ਗੁਰੂ ਜੀ ਬਾਦਸ਼ਾਹ ਦੇ ਸੰਪਰਕ ਵਿਚ ਰਹੇ ਤਾਂ ਕਿ ਗੱਲ ਕਿਸੇ ਸਿਰੇ ਲੱਗੇ, ਪਰ ਬਹਾਦਰ ਸ਼ਾਹ ਪਹਾੜੀ ਰਾਜਿਆਂ ਖਿਲਾਫ ਕਾਰਵਾਈ ਟਾਲ ਰਿਹਾ ਸੀ। ਉਸ ਦਾ ਸਾਰਾ ਧਿਆਨ ਤਾਂ ਕਾਮਬਖ਼ਸ਼ ਵੱਲ ਸੀ। ਮਰਾਠਿਆਂ ਨਾਲ ਸਦਭਾਵਨਾ ਰਹੇ, ਇਸ ਮਨਸ਼ਾ ਨਾਲ ਉਸਨੇ 18 ਸਾਲਾਂ ਤੋਂ ਨਜ਼ਰਬੰਦ ਸ਼ਿਵਾ ਜੀ ਦੇ ਬੇਟੇ ਸ਼ਾਹੂ ਨੂੰ ਰਿਹਾ ਕਰਕੇ ਮਰਾਠਾ ਗੱਦੀ ਦਾ ਖੁਦਮੁਖਤਾਰ ਸ਼ਾਸਕ ਥਾਪ ਦਿੱਤਾ।

ਸਤੰਬਰ 1708 ਨੂੰ ਜਦੋਂ ਮੁਗਲ ਲਸ਼ਕਰ ਨਾਂਦੇੜ ਪੁੱਜਾ ਤਾਂ ਗੁਰੂ ਜੀ ਨੇ ਕਿਹਾ- ਹੁਣ ਹਿਸਾਬ ਖਤਮ। ਬਹਾਦਰ ਸ਼ਾਹ ਦੀ ਮਦਦ ਤੋਂ ਬਗੈਰ ਇਨਸਾਫ ਪ੍ਰਾਪਤ ਕਰਾਂਗੇ। ਬਾਦਸ਼ਾਹ ਦੇ ਕੈਂਪ ਤੋਂ ਵੱਖ ਹੋ ਕੇ ਗੁਰੂ ਜੀ ਇਥੇ ਰੁਕ ਗਏ। ਇਥੇ ਉਹ 38 ਸਾਲ ਉਮਰ ਦੇ ਕਸ਼ਮੀਰੀ ਹਿੰਦੂ ਰਾਜਪੂਤ ਨੂੰ ਮਿਲੇ ਜਿਸਦਾ ਫੌਲਾਦੀ ਦਿਲ ਅਤੇ ਫਕੀਰੀ ਲਿਬਾਸ ਸੀ।ਕਸ਼ਮੀਰੀ ਪਹਾੜੀਆਂ ਵਿਚ ਰਹਿੰਦਾ ਇਹ ਜੁਆਨ ਵਧੀਆ ਲੜਾਕੂ ਅਤੇ ਸ਼ਿਕਾਰੀ ਸੀ ਪਰ ਘਰ-ਬਾਰ ਤਿਆਗ ਕੇ ਬੈਰਾਗੀ ਹੋ ਗਿਆ, ਨਾਮ ਮਾਧੋਦਾਸ। ਮੁਗਲਾਂ ਹੱਥੋਂ ਰਾਜਪੂਤ ਕਿਵੇਂ ਜ਼ਲੀਲ ਹੋ ਰਹੇ ਹਨ, ਉਸ ਨੂੰ ਖਬਰ ਸੀ। ਉਸਨੂੰ ਦੱਖਣ ਵਿਚ ਬੈਠਿਆਂ ਸ਼ਿਵਾ ਜੀ ਦੀ ਬਹਾਦਰੀ ਦਾ ਪਤਾ ਸੀ ਜਿਸ ਨੇ ਬਗਾਵਤ ਕਰਕੇ ਮਰਾਠਾ ਹਕੂਮਤ ਕਾਇਮ ਕੀਤੀ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਨੂੰ ਮਿਲਿਆ, ਮਾਧੋਦਾਸ ਅੰਦਰਲੀ ਚੰਗਿਆੜੀ ਭਾਂਬੜ ਬਣ ਗਈ। ਪੰਜਾਬ ਵਿਚ ਕੀ ਕੀ ਵਾਪਰਿਆ, ਗੁਰੂ ਜੀ ਨੇ ਦੱਸਿਆ। ਜਿਹੜਾ ਇਨਸਾਫ ਪੰਜਾਬ ਨਾਲ ਬਹਾਦਰ ਸ਼ਾਹ ਨਹੀਂ ਕਰ ਸਕਿਆ, ਮਾਧੋ ਦਾਸ ਕਰੇਗਾ।ਅੰਮ੍ਰਿਤ ਛਕ ਕੇ ਮਾਧੋਦਾਸ, ਗੁਰਬਖ਼ਸ਼ ਸਿੰਘ ਹੋ ਗਿਆ, ਗੁਰੂ ਤੋਂ ਬਖ਼ਸ਼ਿਸ਼ ਪ੍ਰਾਪਤ ਸਿੰਘ। ਇਤਿਹਾਸਕਾਰਾਂ ਨੇ ਕਿਤੇ ਉਸ ਨੂੰ ਬੰਦਾ ਲਿਖਿਆ, ਕਿਤੇ ਬੰਦਾ ਬੈਰਾਗੀ, ਕਿਤੇ ਬੰਦਾ ਸਿੰਘ ਬਹਾਦਰ।

ਗੁਰੂ ਜੀ ਨੇ ਉਸ ਨੂੰ ਇਕ ਕਿਰਪਾਨ, ਪੰਜ ਤੀਰ, ਭਰੋਸੇਯੋਗ ਸਾਥੀ, ਇਕ ਹੁਕਮਨਾਮਾ ਤੇ ਇਕ ਹਦਾਇਤ ਦਿੱਤੀ। ਇਤਿਹਾਸਕਾਰ ਜੇ.ਐਸ. ਗਰੇਵਾਲ ਅਨੁਸਾਰ, ਹਦਾਇਤ ਸੀ: ਜ਼ਾਲਮ ਹਕੂਮਤ ਵਿਰੁਧ ਪੰਜਾਬ ਦੀ ਅਗਵਾਈ ਕਰੋ। ਹੁਕਮਨਾਮੇ ਵਿਚ ਪੰਜਾਬ ਦੇ ਸਿੱਖਾਂ ਨੂੰ ਬੰਦਾ ਸਿੰਘ ਦੀ ਮਦਦ ਕਰਨ ਲਈ ਕਿਹਾ ਗਿਆ। ਗੁਰੂ ਜੀ ਨੇ ਇਹ ਵੀ ਕਿਹਾ ਕਿ ਤੁਸੀਂ ਸਭ ਨੂੰ ਬਰਾਬਰ ਜਾਣਨਾ, ਆਪਣੇ ਆਪ ਨੂੰ ਬਾਕੀਆਂ ਤੋਂ ਉਤਮ ਨਹੀਂ ਸਮਝਣਾ ਤੇ ਆਪਣਾ ਕੋਈ ਵੱਖਰਾ ਫਿਰਕਾ ਨਹੀਂ ਬੰਨ੍ਹਣਾ।

ਗੁਰੂ ਜੀ ਨੇ ਬੰਦਾ ਸਿੰਘ ਨਾਲ ਤਿੰਨ ਸਿੱਖ ਹੋਰ ਤੋਰਦਿਆਂ ਕਿਹਾ ਕਿ ਫੌਜਾਂ ਦਾ ਇੰਤਜ਼ਾਰ ਕਰੋ (ਜੋ ਗੁਰੂ ਜੀ ਭੇਜਣਗੇ), ਫਿਰ ਸਰਹਿੰਦ ਉਪਰ ਚੜ੍ਹਾਈ ਕਰਕੇ ਵਜ਼ੀਰ ਖਾਨ ਨੂੰ ਗ੍ਰਿਫਤਾਰ ਕਰੋ, ਖੁਦ ਸਜ਼ਾ ਦੇਵੋ। ਪਹਾੜੀ ਰਾਜਿਆਂ ਨਾਲ ਬਾਅਦ ਵਿਚ ਸਿੱਝਾਂਗੇ। ਗੁਰੂ ਜੀ ਬਾਅਦ ਵਿਚ ਆ ਮਿਲਣਗੇ।ਨਾਂਦੇੜ ਵਿਖੇ ਬਾਦਸ਼ਾਹ ਨਾਲੋਂ ਵੱਖ ਹੋ ਕੇ ਖੁਦ ਪੰਜਾਬ ਮਸਲਾ ਹੱਲ ਕਰਨ ਦਾ ਫੈਸਲਾ ਨਾਂਦੇੜ ਜਾ ਕੇ ਕੀਤਾ ਗਿਆ ਕਿ ਪਹਿਲਾਂ ਦਾ ਸੀ? ਸਿੱਖ ਪਰੰਪਰਾ ਅਨੁਸਾਰ ਪਹਿਲੋਂ ਹੀ ਇਹ ਫੈਸਲਾ ਕੀਤਾ ਜਾ ਚੁੱਕਾ ਸੀ।

ਥੋੜ੍ਹੇ ਦਿਨਾਂ ਬਾਅਦ ਨਾਂਦੇੜ ਜਮਸ਼ੀਦ ਖਾਨ ਨਾਮ ਦੇ ਪਠਾਣ ਨੇ ਗੁਰੂ ਜੀ ਉਪਰ ਛੁਰੇ ਨਾਲ ਹਮਲਾ ਕਰਕੇ ਜ਼ਖਮੀ ਕਰ ਦਿੱਤਾ। ਹਮਲਾਵਰ ਵਜ਼ੀਰ ਖਾਂ ਜਾਂ ਕਿਸੇ ਹੋਰ ਮੁਗਲ ਅਫਸਰ ਨੇ ਭੇਜਿਆ ਸੀ। ਦੱਖਣ ਵਿਚ ਬਾਦਸ਼ਾਹ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਆਪਣੇ ਸਰਜਨਾਂ ਦੀ ਟੀਮ ਭੇਜੀ ਜਿਸ ਵਿਚ ਅੰਗਰੇਜ਼ ਡਾਕਟਰ ਵੀ ਸੀ। 7 ਅਕਤੂਬਰ 1708 ਨੂੰ 42 ਸਾਲ ਸਾਲ ਦੀ ਉਮਰ ਵਿਚ ਗੁਰੂ ਜੀ ਦਾ ਦੇਹਾਂਤ ਹੋਇਆ।

ਹਮਲੇ ਪਿਛੋਂ ਗੁਰੂ ਜੀ ਕਈ ਦਿਨ ਜੀਵਤ ਰਹੇ ਅਤੇ ਪੂਰਬਲੀ ਪਰੰਪਰਾ ਅਨੁਸਾਰ ਆਪਣਾ ਉਤਰਾਧਿਕਾਰੀ ਥਾਪ ਸਕਦੇ ਸਨ। ਉਨ੍ਹਾਂ ਅਜਿਹਾ ਨਹੀਂ ਕੀਤਾ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਕਿਹਾ- ਹਮੇਸ਼ਾ ਗ੍ਰੰਥ ਤੁਹਾਡਾ ਗੁਰੂ ਰਹੇਗਾ, ਖਾਲਸਾ ਪੰਥ ਤੁਹਾਡਾ ਗੁਰੂ ਹੋਵੇਗਾ।ਇਸ ਐਲਾਨ ਦਾ ਅਰਥ ਸੀ, ਬਹੁਤ ਗੁਣ ਹੋਣ ਦੇ ਬਾਵਜੂਦ ਬੰਦਾ ਸਿੰਘ ਗੁਰੂ ਨਹੀਂ ਹੋਏਗਾ। 1709 ਦੇ ਸ਼ੁਰੂ ਵਿਚ ਬੰਦਾ ਸਿੰਘ ਨੇ ਪੰਜਾਬ ਵੱਲ ਕੂਚ ਕੀਤਾ ਤਾਂ ਕਿ ਗੁਰੂ ਜੀ ਵਲੋਂ ਲਾਈ ਡਿਊਟੀ ਨਿਭਾ ਸਕੇ।

ਜਿਸ ਸਮੇਂ ਬੰਦਾ ਸਿੰਘ ਨੇ ਪੰਜਾਬ ਦਾ ਰੁਖ ਕੀਤਾ, ਉਨ੍ਹਾਂ ਹੀ ਦਿਨਾਂ ਵਿਚ ਬਹਾਦਰ ਸ਼ਾਹ ਦੀ ਟੱਕਰ ਕਾਮਬਖ਼ਸ਼ ਨਾਲ ਹੋਈ ਜਿਸ ਵਿਚ ਬਹਾਦਰ ਸ਼ਾਹ ਜਿੱਤ ਗਿਆ। ਜ਼ਖਮੀ ਕਾਮਬਖ਼ਸ਼ ਨੂੰ ਬਹਾਦਰ ਸ਼ਾਹ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਵੱਡੇ ਭਰਾ ਨੇ ਕਾਮਬਖ਼ਸ਼ ਨੂੰ ਹਮਦਰਦੀ ਨਾਲ ਕਿਹਾ- ਮੈਂ ਤੈਨੂੰ ਇਸ ਹਾਲਤ ਵਿਚ ਨਹੀਂ ਦੇਖਣਾ ਚਾਹੁੰਦਾ ਸਾਂ। ਕਾਮਬਖ਼ਸ਼ ਨੇ ਤਾਜਦਾਰ ਭਰਾ ਵੱਲ ਦੇਖਦਿਆਂ ਕਿਹਾ- ਮੈਂ ਵੀ ਤੈਨੂੰ ਇਸ ਹਾਲਤ ਵਿਚ ਨਹੀਂ ਦੇਖਣਾ ਚਾਹੁੰਦਾ ਸਾਂ। ਕਾਮਬਖ਼ਸ਼ ਦੀ ਜਲਦੀ ਮੌਤ ਹੋ ਗਈ।

ਬਹਾਦਰ ਸ਼ਾਹ ਅਜੇ ਦੱਖਣ ਵਿਚ ਮਸਲਿਆਂ ਦੇ ਰੂ-ਬ-ਰੂ ਸੀ ਕਿ ਸਤਲੁਜ ਦੇ ਪੂਰਬ ਵੱਲ ਚੁਪ-ਚਪੀਤੇ ਬੰਦਾ ਸਿੰਘ ਨੇ ਬਾਜ਼ ਵਾਂਗ ਝਪਟੀ ਮਾਰੀ। ਸਿੱਖ ਕਿਸਾਨੀ ਉਸਦੀ ਸੈਨਾ ਵਿਚ ਭਰਤੀ ਹੋਣ ਲੱਗੀ। ਖਰਚੇ ਚਲਾਉਣ ਵਾਸਤੇ ਸੋਨੀਪਤ ਅਤੇ ਕੈਥਲ ਦੇ ਸਰਕਾਰੀ ਖਜ਼ਾਨੇ ਲੁੱਟ ਲਏ। ਖਾਫੀ ਖਾਨ ਲਿਖਦਾ ਹੈ- ਦੋ ਤਿੰਨ ਮਹੀਨਿਆਂ ਅੰਦਰ ਹੀ ਪੰਜ ਹਜ਼ਾਰ ਘੋੜ ਸਵਾਰ ਅਤੇ ਅੱਠ ਹਜ਼ਾਰ ਪੈਦਲ ਸਿਪਾਹੀ ਹੋ ਗਏ। ਹਰ ਰੋਜ਼ ਗਿਣਤੀ ਵਧ ਰਹੀ ਸੀ, ਧਨ ਵਧਣ ਲੱਗਾ। ਛੇਤੀ ਹੀ ਗਿਣਤੀ 19 ਹਜ਼ਾਰ ਹੋਣ 'ਤੇ ਲੁੱਟਮਾਰ ਵਧ ਗਈ।

ਬੰਦਾ ਸਿੰਘ ਦੀ ਫੁਰਤੀ ਹੈਰਾਨੀਜਨਕ ਸੀ, ਹਾਲਾਤ ਵੀ ਸਾਜ਼ਗਾਰ ਸਨ। ਵੱਡੇ ਜ਼ਿਮੀਂਦਾਰਾਂ ਨੇ ਮੁਜਾਰਿਆਂ ਨੂੰ ਨਚੋੜ ਲਿਆ ਸੀ। ਹਿੰਦੂ ਸਿੱਖ ਜੱਟ ਕਿਸੇ ਬਦਲਵੀਂ ਲੀਡਰਸ਼ਿਪ ਦੀ ਤਲਾਸ਼ ਵਿਚ ਸਨ, ਸਾਹਿਬਜ਼ਾਦਿਆਂ ਦੀ ਸ਼ਹਾਦਤ ਵਾਪਰ ਕੇ ਹਟੀ ਸੀ। ਧਨੀ ਜੱਟ ਸਿੱਖਾਂ ਨੇ ਘੋੜੇ ਦਿੱਤੇ, ਪੈਸੇ ਦਿੱਤੇ।ਪੰਜਾਬ ਦੇ ਮੁਸਲਮਾਨ ਜ਼ਿਮੀਂਦਾਰਾਂ ਨੂੰ ਕੇਂਦਰੀ ਹਕੂਮਤ ਦਾ ਡਰ ਨਾ ਰਿਹਾ। ਸਰਕਾਰ ਦਾ ਭਵਿਖ ਬੇਯਕੀਨੀ ਵਾਲਾ ਸੀ। ਸਿੱਖ ਫੌਜਾਂ ਵਿਰੁਧ ਅਫਸਰਾਂ ਦੀ ਮਦਦ ਕਰਨੀ ਖਤਰਨਾਕ ਸੀ। ਇਕ ਹੋਰ ਤੱਥ ਬੰਦਾ ਸਿੰਘ ਦੇ ਕੰਮ ਆਇਆ। ਮਨਸਬਦਾਰਾਂ ਨੇ ਮਹੀਨਿਆਂ ਤੋਂ ਆਪਣੇ ਸਿਪਾਹੀਆਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਸਨ, ਉਹ ਥਾਂ-ਥਾਂ ਭਰਤੀ ਹੋਣ ਲਈ ਨੌਕਰੀ ਲੱਭਦੇ ਫਿਰਦੇ ਸਨ। ਇਹ ਬੰਦੇ ਸਿੱਖ ਫੌਜ ਲਈ ਕੰਮ ਨੂੰ ਤਿਆਰ ਸਨ।

ਦੇਸ ਦੀ ਰਾਜਧਾਨੀ ਕਮਜ਼ੋਰ ਪੈ ਗਈ ਜਿਸਦਾ ਬੰਦਾ ਸਿੰਘ ਨੇ ਪੂਰਾ ਫਾਇਦਾ ਉਠਾਇਆ। ਅਫਸਰਸ਼ਾਹੀ ਇਸ ਗੱਲੋਂ ਖੁਸ਼ ਸੀ ਕਿ ਬਹਾਦਰ ਸ਼ਾਹ ਆਪਣੇ ਪਿਤਾ ਵਾਂਗ ਸਖਤ ਨਹੀਂ ਸੀ ਪਰ ਇਸ ਗੱਲ ਦਾ ਵੀ ਸਭ ਨੂੰ ਪਤਾ ਸੀ, ਉਹ ਕਮਜ਼ੋਰ ਹੈ, ਪੰਜਾਬ ਅਤੇ ਦਿੱਲੀ ਤੋਂ ਬਹੁਤ ਦੂਰ ਦੱਖਣ ਵਿਚ ਉਲਝਿਆ ਹੋਇਆ ਹੈ। ਸਰਹਿੰਦ ਤੇ ਲਾਹੌਰ ਸਰਕਾਰਾਂ ਜਦੋਂ ਦੇਖ ਰਹੀਆਂ ਸਨ ਕਿ ਬੰਦਾ ਸਿੰਘ ਫੌਜਾਂ ਇਕੱਠੀਆਂ ਕਰ ਰਿਹਾ ਹੈ, ਚੁੱਪ-ਚਾਪ ਦੇਖਦੀਆਂ ਰਹੀਆਂ, ਸ਼ੁਰੂ ਵਿਚ ਹੀ ਕਿਉਂ ਐਕਸ਼ਨ ਨਾ ਲਿਆ?

180 ਸਾਲ ਪਹਿਲਾਂ ਬਾਬਰ ਨੇ ਜਿਹੜੀ ਮਜ਼ਬੂਤ ਹਕੂਮਤ ਕਾਇਮ ਕੀਤੀ, ਉਹ ਮੁਲਾਜ਼ਮਾਂ ਅਤੇ ਦੁਸ਼ਮਣਾਂ ਨੂੰ ਡਗਮਗਾਉਂਦੀ ਦਿਸੀ। ਔਰੰਗਜ਼ੇਬ ਦੀ ਮੌਤ ਬਾਅਦ ਸੱਤਾ ਦਾ ਪੈਂਡੂਲਮ ਕਦੀ ਇਧਰ ਹੋ ਜਾਂਦਾ, ਕਦੀ ਉਧਰ। ਸੰਜਮ ਦੀ ਥਾਂ ਫਜ਼ੂਲ ਖਰਚੀ ਤੇ ਹਕੂਮਤ ਤੋਂ ਡਰ ਦੀ ਥਾਂ



ਆਪਹੁਦਰਾਪਣ ਪਸਰ ਗਿਆ।

ਨਵੰਬਰ 1709 ਵਿਚ ਜਦੋਂ ਦਿੱਲੀ ਅਤੇ ਆਗਰੇ ਦੇ ਮਨਸਬਦਾਰ ਸ਼ਰਾਬ ਦੇ ਜਾਮ ਛਲਕਾ ਰਹੇ ਸਨ, ਨਾਚ ਗਾਣਾ ਦੇਖ ਸੁਣ ਰਹੇ ਸਨ ਤਾਂ ਬੰਦਾ ਸਿੰਘ ਸਮਾਣੇ ਸ਼ਹਿਰ ਉਪਰ ਜਾ ਗੱਜਿਆ। ਸਰਹਿੰਦ ਸਰਕਾਰ ਬਚਾਉਣ ਨਾ ਆਈ। ਇਸ ਸ਼ਹਿਰ ਦਾ ਕਸੂਰ ਇਹ ਸੀ ਕਿ 34 ਸਾਲ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਵਾਲਾ ਜਲਾਦ ਇਥੇ ਰਹਿੰਦਾ ਸੀ। ਲਗਭਗ ਦਸ ਹਜ਼ਾਰ ਮੁਸਲਮਾਨ ਕਤਲ ਹੋਏ, ਵੱਡਾ ਖਜ਼ਾਨਾ ਹੱਥ ਲੱਗਾ।

ਕਈ ਪਿੰਡ ਅਤੇ ਸ਼ਹਿਰ ਥੇਹ ਕਰ ਦਿੱਤੇ। ਪੀਰ ਬੁੱਧੂ ਸ਼ਾਹ ਜਿਸ ਨੇ ਭੰਗਾਣੀ ਦੇ ਯੁੱਧ ਵਿਚ ਗੁਰੂ ਜੀ ਦੀ ਸਹਾਇਤਾ ਕੀਤੀ, ਸਢੌਰੇ ਦਾ ਸੀ। ਹਾਕਮ ਉਸਮਾਨ ਖਾਨ ਨੇ ਉਸ ਨੂੰ ਇਸ ਗੁਨਾਹ ਕਾਰਨ ਕਤਲ ਕਰਵਾ ਦਿੱਤਾ। ਉਸਨੂੰ ਸਜ਼ਾ ਦੇਣ ਲਈ ਸਢੌਰੇ 'ਤੇ ਹੱਲਾ ਕਰ ਦਿੱਤਾ, ਤਬਾਹੀ ਮਚਾ ਦਿੱਤੀ। ਖਾਫੀ ਖਾਨ ਲਿਖਦਾ ਹੈ- ਇਸ ਕਾਫਰ ਦੀ ਫੌਜ ਵਿਚ ਤੀਹ ਤੋਂ ਚਾਲੀ ਹਜ਼ਾਰ ਸਿਪਾਹੀ ਹਨ। ਬੰਦਾ ਸਰਕਾਰੀ ਅਫਸਰਾਂ ਨੂੰ ਆਤਮ ਸਮਰਪਣ ਕਰਨ ਲਈ ਕਹਿ ਰਿਹਾ ਹੈ।

ਕਿੰਨਿਆਂ ਨੇ ਆਤਮ ਸਮਰਪਣ ਕੀਤਾ, ਪਤਾ ਨਹੀਂ। ਜਿਸ ਗੱਲ ਦਾ ਪਤਾ ਹੈ, ਉਹ ਇਹ ਕਿ ਦਿੱਲੀ ਵਲੋਂ ਕੋਈ ਮਦਦ ਨਾ ਬਹੁੜੀ। ਫੌਜਦਾਰ ਵਜ਼ੀਰ ਖਾਨ ਸਰਹਿੰਦ ਵਿਚ ਸੀ। ਖਤਰਾ ਭਾਂਪਦਿਆਂ ਉਸਨੇ ਮਾਲੇਰਕੋਟਲੇ ਦੇ ਪਖਤੂਨ ਨਵਾਬ ਤੋਂ ਮਦਦ ਮੰਗੀ।ਦਿੱਲੀ ਤੋਂ ਲਾਹੌਰ ਜਾਂਦਿਆਂ ਵਿਚਕਾਰ ਸਰਹਿੰਦ ਹੈ ਜਿਥੇ ਸ਼ਾਨਦਾਰ ਕੋਠੀਆਂ ਅਤੇ ਬਾਗ ਹਨ। ਛੀਂਟ ਅਤੇ ਲਾਲ ਮਖਮਲ ਬਣਾਉਣ ਦੇ ਉਦਯੋਗ ਹਨ। ਵਿਦੇਸ਼ਾਂ ਤੋਂ ਲੋਕ ਮਾਲ ਅਸਬਾਬ ਖਰੀਦਣ ਆਉਂਦੇ ਹਨ।

ਮਈ 1710, ਸ਼ਹਿਰ ਤੋਂ ਹਟਵੇਂ ਪਾਸੇ ਵਜ਼ੀਰ ਖਾਨ ਅਤੇ ਬੰਦਾ ਸਿੰਘ ਦੀਆਂ ਫੌਜਾਂ ਟੱਕਰੀਆਂ। ਬੰਦਾ ਸਿੰਘ ਦੀ ਜਿੱਤ ਹੋਈ। ਵਜ਼ੀਰ ਖਾਨ ਮਾਰਿਆ ਗਿਆ। ਬੇਸ਼ੁਮਾਰ ਮੌਤ ਹੋਈਆਂ। ਸ਼ਹਿਰ ਮਿੱਟੀ ਨਾਲ ਮਿਲਾ ਦਿੱਤਾ। ਕੋਈ ਮੁਸਲਮਾਨ ਜ਼ਿੰਦਾ ਨਾ ਬਚਿਆ।ਬ੍ਰਿਟਿਸ਼ ਲੇਖਕ ਜਾਨ ਮੈਲਕਮ ਨੇ ਸ਼ਹਿਰ ਦੀ ਤਬਾਹੀ ਦੇਖ ਕੇ ਲਿਖਿਆ- ਸਰਹਿੰਦ ਵਾਸੀਆਂ ਉਪਰ ਪੂਰਾ ਕਹਿਰ ਢਾਹਿਆ ਗਿਆ।

ਮੁਸਲਮਾਨ ਅਫਸਰ ਦਫਤਰ ਖਾਲੀ ਕਰ ਗਏ ਜਿਨ੍ਹਾਂ ਉਪਰ ਬੰਦਾ ਸਿੰਘ ਨੇ ਨਿਯੁਕਤੀਆਂ ਕੀਤੀਆਂ। ਇਨ੍ਹਾਂ ਵਿਚੋਂ ਬਹੁਤੇ ਅਖੌਤੀ ਛੋਟੀਆਂ ਜਾਤਾਂ ਵਿਚੋਂ ਸਨ। ਭਾਵੇਂ ਸਫਾਈ ਸੇਵਕ ਜਾਂ ਚਮੜੇ ਦਾ ਕੰਮ ਕਰਨ ਵਾਲਾ ਬੰਦਾ ਉਸਦੀ ਫੌਜ ਵਿਚ ਭਰਤੀ ਹੋ ਜਾਵੇ ਤਾਂ ਜਦੋਂ ਆਪਣੇ ਪਿੰਡ ਆਏਗਾ, ਉਸ ਕੋਲ ਪਿੰਡ ਉਪਰ ਹਕੂਮਤ ਕਰਨ ਦਾ ਫਰਮਾਨ ਹੋਵੇਗਾ। ਵੱਡੇ ਖੱਬੀ ਖਾਨ ਉਸ ਦਾ ਸਵਾਗਤ ਕਰਨਗੇ ਅਤੇ ਹੱਥ ਬੰਨ੍ਹੀਂ ਖਲੋਤੇ ਉਸਦੇ ਹੁਕਮ ਦਾ ਇੰਤਜ਼ਾਰ ਕਰਨਗੇ।ਸਤਲੁਜ ਅਤੇ ਜਮਨਾ ਦਾ ਵੱਡਾ ਇਲਾਕਾ ਜਿੱਤ ਚੁੱਕਾ ਸੀ ਪਰ ਉਹ ਟਿਕਣ ਵਾਲਾ ਕਿਥੇ ਸੀ? ਖਬਰ ਮਿਲੀ ਕਿ ਜਮਨਾ ਪਾਰ ਮੁਸਲਮਾਨ ਹਿੰਦੂਆਂ ਨੂੰ ਤੰਗ ਕਰ ਰਹੇ ਹਨ, ਜੁਲਾਈ 1710 ਵਿਚ ਸਹਾਰਨਪੁਰ ਅਤੇ ਆਸ ਪਾਸ ਦੇ ਇਲਾਕੇ ਜਿੱਤ ਲਏ।

ਇਸ ਉਪਰੰਤ ਬਿਸਤ ਦੁਆਬ (ਜਲੰਧਰ) ਵੱਲ ਵਧਿਆ। ਰਾਹੋਂ, ਜਲੰਧਰ, ਬਟਾਲਾ ਅਤੇ ਪਠਾਨਕੋਟ ਉਤੇ ਕਬਜ਼ਾ ਹੋ ਗਿਆ। ਜਿਥੇ ਜਿਥੇ ਕਾਬਜ਼ ਹੁੰਦਾ, ਵੱਡੇ ਜ਼ਿਮੀਂਦਾਰਾਂ ਤੋਂ ਜ਼ਮੀਨਾਂ ਖੋਹ ਕੇ ਮੁਜਾਰਿਆਂ ਨੂੰ ਮਾਲਕ ਬਣਾ ਦਿੰਦਾ। ਵੱਡੀਆਂ ਜਗੀਰਾਂ ਦੇ ਟੋਟੇ ਹਿੰਦੂ ਸਿੱਖ ਕਾਸ਼ਤਕਾਰਾਂ ਵਿਚ ਵੰਡ ਦਿੱਤੇ। ਪੂਰਬੀ ਪੰਜਾਬ ਵਿਚ ਅਰਾਈਆਂ ਤੋਂ ਜ਼ਮੀਨ ਖੋਹੀ। ਇਹ ਬਾਗਬਾਨੀ ਦਾ ਕੰਮ ਕਰਦੇ ਸਨ। ਇਨ੍ਹਾਂ ਦੀਆਂ ਜ਼ਮੀਨਾਂ ਜੱਟਾਂ ਨੂੰ ਦੇ ਦਿੱਤੀਆਂ ਜੋ ਹਿੰਦੂਆਂ ਵਿਚੋਂ ਸਿੱਖ ਬਣੇ ਸਨ।

ਰਸਤੇ ਵਿਚ ਕੋਈ ਨਾ ਰੋਕ ਸਕਿਆ ਤਾਂ ਲਾਹੌਰ ਦੇ ਦਰਵਾਜ਼ੇ ਤੱਕ ਪੁੱਜ ਗਿਆ ਪਰ ਲਾਹੌਰ ਵਿਚ ਦਾਖਲ ਨਹੀਂ ਹੋ ਸਕਿਆ। ਲਾਹੌਰ ਅਜੇ ਬਲਵਾਨ ਸੀ। ਮੁਖਲਿਸਪੁਰ ਦਾ ਸ਼ਾਹੀ ਕਿਲ੍ਹਾ ਕਾਬੂ ਕਰ ਲਿਆ ਜੋ ਆਨੰਦਪੁਰ ਲਾਗੇ ਸੀ। ਹੁਣ ਉਸਨੇ ਪਹਾੜੀਆਂ ਵੱਲ ਧਿਆਨ ਦੇਣਾ ਸੀ।

ਉਸਨੇ ਰਾਜਧਾਨੀ ਲੋਹਗੜ੍ਹ ਰੱਖੀ, ਲੋਹੇ ਦਾ ਕਿਲ੍ਹਾ। ਇਥੇ ਸਿੱਕਾ ਜਾਰੀ ਕੀਤਾ, ਸਰਹਿੰਦ ਫਤਿਹ ਦੀ ਤਰੀਕ ਉਕਰੀ। ਸਿੱਕਾ ਅਤੇ ਮੋਹਰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਮ ਸੀ। ਪਹਾੜੀ ਰਾਜੇ ਦੀ ਧੀ ਨਾਲ ਵਿਆਹ ਕਰਵਾਇਆ। ਜਿਨ੍ਹਾਂ ਰਾਜਿਆਂ ਨੇ ਗੁਰੂ ਜੀ ਵਿਰੁਧ ਮੁਗਲਾਂ ਦਾ ਸਾਥ ਦਿੱਤਾ, ਉਨ੍ਹਾਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ। ਮੁਗਲ ਹਕੂਮਤ ਕਮਜ਼ੋਰ ਦੇਖ ਕੇ ਉਹ ਬੰਦਾ ਸਿੰਘ ਨੂੰ ਹਮਾਇਤ ਦੇਣ ਲੱਗ ਪਏ। ਉਨ੍ਹਾਂ ਨੂੰ ਇਹ ਲੱਗਣ ਲੱਗਾ ਹੋਵੇਗਾ ਕਿ ਸਾਡੇ ਵਾਂਗ ਇਹ ਸਾਡਾ ਰਾਜਪੂਤ ਭਰਾ ਹੈ।

ਇਥੇ ਕੁਝ ਸਵਾਲ ਹਨ। ਗੁਰੂ ਦੇ ਹੁਕਮ ਦੀ ਅਵੱਗਿਆ ਕਰਕੇ ਕੀ ਬੰਦਾ ਸਿੰਘ ਨੇ ਆਪਣੇ ਆਪ ਨੂੰ ਬਾਦਸ਼ਾਹ ਅਖਵਾਇਆ? ਪੰਜਾਬ ਕੇਵਲ ਖਤਰਨਾਕ ਨਹੀਂ ਸੀ, ਜਜ਼ਬਾਤੀ ਵੀ ਸੀ। ਨੀਵੀਆਂ ਜਾਤਾਂ ਦੇ ਬੰਦਿਆਂ ਨੂੰ ਸਨਮਾਨ ਮਿਲਿਆ, ਉਹ ਬੰਦਾ ਸਿੰਘ ਦੀ ਪੂਜਾ ਕਰਨ ਲੱਗੇ। ਖੱਬੀ ਖਾਨ ਉਸ ਤੋਂ ਡਰਨ ਲੱਗੇ। ਮੁਗਲ ਸ਼ਾਸਕ ਨੱਠ-ਭੱਜ ਗਏ। ਇਨ੍ਹਾਂ ਹਾਲਾਤ ਵਿਚ ਉਸ ਨੂੰ ਇਹ ਅਹਿਸਾਸ ਹੋ ਸਕਦਾ ਹੈ ਕਿ ਜਿੰਨੀ ਉਹ ਸਮਝਦਾ ਸੀ, ਕਿਸਮਤ ਉਸ ਤੋਂ ਕਿਤੇ ਵਧੀਕ ਬਿਹਤਰ ਹੈ।

ਜਾਂ ਕੀ ਅਜਿਹਾ ਕੁਝ ਸੀ ਕਿ ਉਹ ਨਿੱਜੀ ਗਰਜ਼ਾਂ ਵਲੋਂ ਲਾਪ੍ਰਵਾਹ ਸੀ ਤੇ ਸਿੱਖ ਵਜੋਂ ਹੀ ਵਿਚਰਦਾ ਸੀ? ਕੀ ਉਸ ਨੂੰ ਭਵਿਖ ਵਿਚ ਕੋਈ ਸਥਾਈ ਸਿੱਖ ਸਟੇਟ ਦਿਸਦੀ ਸੀ? ਕੀ ਲੱਗਦਾ ਸੀ, ਮੁਗਲ ਰਾਜ ਹਮੇਸ਼ਾ ਲਈ ਖਤਮ ਹੋ ਜਾਵੇਗਾ? ਪਤਾ ਨਹੀਂ ਲੱਗਦਾ। ਉਸ ਨੇ ਰਾਜਸਥਾਨ ਦੇ ਰਾਜਪੂਤਾਂ ਦੀ ਮਦਦ ਲੈ ਕੇ ਮੁਗਲਾਂ ਵਿਰੁਧ ਧਰਮ ਯੁੱਧ ਲੜਨਾ ਚਾਹਿਆ ਸੀ ਪਰ ਉਨ੍ਹਾਂ ਨੇ ਸਾਥ ਨਹੀਂ ਦਿੱਤਾ।

ਦਸੰਬਰ 1710 ਵਿਚ 66 ਸਾਲ ਦਾ ਬਾਦਸ਼ਾਹ ਬਹਾਦਰ ਸ਼ਾਹ ਖੁਦ ਉਸ ਵਿਰੁਧ ਜੰਗ ਲੜਨ ਲਈ ਆਇਆ। ਦੱਖਣ ਤੋਂ ਦਿੱਲੀ ਆ ਕੇ ਆਰਾਮ ਕਰਨ ਲਈ ਉਹ ਰੁਕਿਆ ਨਹੀਂ। ਪੰਜਾਬ, ਲੋਹਗੜ੍ਹ ਵੱਲ ਧਾਈ ਕੀਤੀ। ਖਾਫੀ ਖਾਨ ਲਿਖਦਾ ਹੈ- ਬੰਦਾ ਸਿੰਘ ਦੀ ਫੌਜ ਦੇ ਲਿਬਾਸ ਮੰਗਤਿਆਂ ਵਰਗੇ ਸਨ, ਸ਼ਾਹੀ ਸੈਨਾ ਉਪਰ ਜਾਨਵਰਾਂ ਵਾਂਗ ਟੁੱਟ ਕੇ ਪੈ ਜਾਂਦੇ, ਚਾਰੇ ਪਾਸੇ ਖੌਫਜ਼ਨੀ ਕਾਰਨ ਹਫੜਾ-ਦਫੜੀ ਮਚ ਜਾਂਦੀ। ਜਦੋਂ ਸੈਨਾ ਅਤੇ ਧਨ ਘਟ ਗਏ, ਉਹ ਬਾਰੀ ਦੁਆਬ ਵੱਲ ਖਿਸਕ ਗਿਆ।

ਬਾਦਸ਼ਾਹ ਦੀ ਮੁਹਿੰਮ ਜਾਰੀ ਰਹੀ ਪਰ ਬੰਦਾ ਸਿੰਘ ਹੱਥ ਨਾ ਆਇਆ। ਕਈ ਵਾਰ ਅਚਨਚੇਤ ਕਿਸੇ ਪਾਸਿਓਂ ਹਮਲਾ ਕਰਦਾ। ਵੱਢ-ਟੁਕ ਕੇ ਦੌੜ ਜਾਂਦਾ। ਬੰਦਾ ਸਿੰਘ ਨੂੰ ਕਾਬੂ ਕਰਨ ਲਈ ਐਲਾਨ ਕਰ ਦਿੱਤਾ ਕਿ ਹੁਣ ਹਿੰਦੁਸਤਾਨ ਦੀ ਰਾਜਧਾਨੀ ਲਾਹੌਰ ਹੈ। ਬੰਦਾ ਸਿੰਘ ਆਪਣੇ ਸਾਥੀਆਂ ਸਮੇਤ ਪਹਾੜੀਆਂ ਵਿਚ ਚਲਾ ਗਿਆ।

ਬੰਦਾ ਸਿੰਘ ਨੂੰ ਫੜਨ ਵਾਸਤੇ ਕੋਈ ਜਰਨੈਲ ਭੇਜਿਆ, ਖਾਲੀ ਹੱਥ ਪਰਤ ਆਇਆ ਤਾਂ ਬਾਦਸ਼ਾਹ ਨੇ ਹਤਾਸ਼ ਹੋ ਕੇ ਉਸ ਨੂੰ ਕਿਲ੍ਹੇ ਅੰਦਰ ਨਜ਼ਰਬੰਦੀ ਦੀ ਸਜ਼ਾ ਦਿੱਤੀ। ਲਾਹੌਰ ਸਿੱਖਾਂ ਦੇ ਦਾਖਲੇ 'ਤੇ ਪਾਬੰਦੀ ਸੀ। ਰਾਤ ਨੂੰ ਰਾਵੀ ਪਾਰ ਕਰਕੇ ਉਹ ਸ਼ਹਿਰ ਦਾਖਲ ਹੁੰਦੇ ਤੇ ਦਿਨ ਚੜ੍ਹਨ ਤੋਂ ਪਹਿਲਾਂ ਪਰਤ ਆਉਂਦੇ।

ਸ਼ੀਆ ਫਿਰਕੇ ਨੂੰ ਬਾਦਸ਼ਾਹ ਨੇ ਸਤਿਕਾਰ ਦਿੱਤਾ ਤਾਂ ਸੁੰਨੀ ਕੁਝ ਔਖੇ ਹੋਏ। ਸ਼ੀਆ ਉਨ੍ਹਾਂ ਨੂੰ ਸ਼ਾਹ ਆਲਮ ਆਖਦੇ ਸਨ ਤੇ ਪਸੰਦ ਕਰਦੇ ਸਨ। ਹਿੰਦੂ ਖੁਸ਼ ਸਨ ਕਿ ਜਜ਼ੀਆ ਨਹੀਂ ਵਸੂਲ ਕੀਤਾ ਜਾਂਦਾ।ਲਤੀਫ ਅਨੁਸਾਰ-ਪੰਜਾਬ ਵਿਚ ਉਹ ਬਹੁਤ ਹਰਮਨ ਪਿਆਰਾ ਸੀ। ਬਹਾਦਰ ਸ਼ਾਹ ਦੀ ਮਾਂ ਬਾਈ ਬੇਗਮ ਪੰਜਾਬਣ, ਰਾਜੌਰੀ ਦੇ ਮੁਸਲਮਾਨ ਹਾਕਮ ਦੀ ਧੀ ਸੀ। ਫਰਵਰੀ 1712 ਲਾਹੌਰ ਵਿਚ ਹੀ ਬਾਦਸ਼ਾਹ ਦੀ ਮੌਤ ਹੋਈ। ਲਾਹੌਰ ਦੇ ਇਕ ਦਰਵਾਜ਼ੇ ਦਾ ਨਾਮ ਸ਼ਾਹ ਆਲਮ ਦਰਵਾਜ਼ਾ ਰੱਖਿਆ ਗਿਆ।(ਇਥੇ ਲਤੀਫ ਦਾ ਇਹ ਹਵਾਲਾ ਦਿੰਦਿਆਂ ਰਾਜਮੋਹਨ ਗਾਂਧੀ ਭੁਲੇਖਾ ਖਾ ਗਏ। ਬਾਦਸ਼ਾਹ ਦਾ ਦਿਮਾਗ ਕੰਮ ਛੱਡਣ ਲੱਗਾ ਸੀ। ਉਸਨੇ ਹੁਕਮ ਦੇ ਦਿੱਤਾ ਕਿ ਲਾਹੌਰ ਦੇ ਸਾਰੇ ਕੁੱਤੇ ਅਤੇ ਗਧੇ ਮਾਰ ਦਿਉ। ਕੁੱਤਿਆਂ ਦਾ ਹਮਦਰਦ ਕੌਣ ਹੋਣਾ ਸੀ; ਘੁਮਿਆਰ ਅਰਜ਼ ਕਰਨ ਲੱਗੇ ਕਿ ਗਧਿਆਂ ਦੀ ਜਾਨ ਬਖ਼ਸ਼ ਦਿਉ। ਅਫਸਰਾਂ ਨੇ ਕਿਹਾ- ਸਰਕਾਰੀ ਹੁਕਮ ਹੈ, ਬਚਾਉਣੇ ਨੇ ਤਾਂ ਕਿਤੇ ਹੋਰ ਲੈ ਜਾਉ। ਘੁਮਿਆਰ ਗਧਿਆਂ ਸਮੇਤ ਕੂਚ ਕਰ ਗਏ। -ਅਨੁਵਾਦਕ)

ਗੱਦੀ ਪ੍ਰਾਪਤੀ ਲਈ ਸ਼ਹਿਜ਼ਾਦਿਆਂ, ਅਫਸਰਾਂ ਅਤੇ ਜਰਨੈਲਾਂ ਦਾ ਕਤਲੇਆਮ ਮੁੜ ਸ਼ੁਰੂ ਹੋ ਗਿਆ। ਇਸ ਜੰਗ ਦਾ ਇਕ ਹਿੱਸਾ ਲਾਹੌਰ ਵਿਚ ਲੜਿਆ ਗਿਆ। ਲੋਕ ਮੁਸੀਬਤ ਵਿਚ ਸਨ, ਉਲਝਣ ਵਿਚ ਸਨ। ਰਾਵੀ ਦੇ ਕੰਢਿਆਂ ਉਪਰ ਭਰਾ ਮਾਰੂ ਜੰਗ ਹੋਣ ਲੱਗੀ, ਬੰਦਾ ਸਿੰਘ ਬਾਰੇ ਭੁੱਲ-ਭੁਲਾ ਗਏ। ਉਸਨੇ ਲੋਹਗੜ੍ਹ 'ਤੇ ਮੁੜ ਕਬਜ਼ਾ ਕਰ ਲਿਆ, ਜੰਮੂ 'ਤੇ ਹਮਲਾ ਕਰਕੇ ਫੌਜਦਾਰ ਵਜ਼ੀਦ ਖਾਨ ਮਾਰ ਗਿਰਾਇਆ। ਸੁਲਤਾਨਪੁਰ ਤੇ ਜਲੰਧਰ ਦੁਆਬ ਦਾ ਹਾਕਮ ਸ਼ਮਸ ਖਾਨ ਮਾਰ ਦਿੱਤਾ।

ਬਹਾਦਰ ਸ਼ਾਹ ਦਾ ਇਕ ਬੇਟਾ ਜਹਾਂਦਾਰ ਸ਼ਾਹ ਦਿੱਲੀ ਗੱਦੀ ਹਾਸਲ ਕਰਨ ਵਿਚ ਕਾਮਯਾਬ

*(ਅਗਲੇ ਸਫੇ 'ਤੇ ਜਾਰੀ)*

# ਤਾਂ ਕੀ ਹੋਇਆ !


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਕੋਈ ਜਣਾ ਦੁਖਦਾਈ ਘਟਨਾ ਆਦਿ ਸੁਣਾਏ ਤਾਂ ਦੂਜਾ ਜਣਾ ਦਿਲਾਸਾ ਦੇਣ ਲਈ ਆਖ ਦਿੰਦਾ ਹੈ, "ਤਾਂ ਕੀ ਹੋਇਆ!" ਸਰਲ ਵਾਕ ਵਜੋਂ ਹਾਂ-ਮੁਖੀ ਲਹਿਜੇ ਵਿਚ ਕਹੇ ਇਸ ਬਿਆਨ ਦਾ ਭਾਵ ਹੁੰਦਾ ਹੈ ਕਿ ਸੁਣਾਈ ਘਟਨਾ ਕੋਈ ਬਹੁਤੀ ਕਰੂਰ ਨਹੀਂ, ਇਸ ਲਈ ਕੋਈ ਪਰਵਾਹ ਨਾ ਕਰੋ। ਪਰ ਜੇ ਇਸ ਨੂੰ ਪ੍ਰਸ਼ਨਵਾਚੀ ਲਹਿਜੇ ਵਿਚ ਇਸ ਤਰ੍ਹਾਂ ਕਿਹਾ ਜਾਏ, "ਤਾਂ ਕੀ ਹੋਇਆ?" ਤਾਂ ਇਸ ਦਾ ਮਤਲਬ ਹੈ ਕਿ ਘਟਨਾ ਸੁਣਾਏ ਜਾਣ ਵਾਲੇ ਨੂੰ ਪੁਛਿਆ ਗਿਆ ਹੈ ਕਿ ਇਸ ਪਿਛੋਂ ਕੀ ਹੋਇਆ ਅਰਥਾਤ ਇਸ ਦਾ ਕੀ ਨਤੀਜਾ ਨਿਕਲਿਆ? ਅਸੀਂ



ਤਾਂ ਸ਼ਬਦ ਦੀਆਂ ਦੋ ਅਰਥ-ਪ੍ਰਛਾਈਆਂ ਨੂੰ ਬਾਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ। ਹਾਂ-ਮੁਖੀ ਵਾਕ ਵਿਚ ਤਾਂ ਸ਼ਬਦ 'ਸੁਣਾਈ ਗਈ ਸਥਿਤੀ' ਵੱਲ ਸੰਕੇਤ ਕਰਦਾ ਹੈ ਜਦ ਕਿ ਪ੍ਰਸ਼ਨਵਾਚੀ ਵਾਕ ਵਿਚ ਇਹ ਸੁਣਾਈ ਗਈ ਸਥਿਤੀ ਦੇ ਨਤੀਜੇ ਵੱਲ ਸੰਕੇਤ ਕਰਦਾ ਹੈ। ਖੈਰ, ਅਸੀਂ ਅੱਜ ਇਹ ਵਾਚਣਾ ਹੈ ਕਿ 'ਤਾਂ' ਸ਼ਬਦ ਭਲਾ ਕੀ ਹੋਇਆ, ਇਸ ਦਾ ਕੀ ਪਸਾਰਾ ਹੈ?

ਉਪਰੋਕਤ ਵਿਚ ਆਮ ਤੌਰ 'ਤੇ 'ਤਾਂ' ਸ਼ਬਦ ਨੂੰ 'ਫਿਰ' ਸ਼ਬਦ ਨਾਲ ਬਦਲਿਆ ਜਾ ਸਕਦਾ ਹੈ, 'ਤਾਂ ਕੀ ਹੋਇਆ' ਨੂੰ 'ਫਿਰ ਕੀ ਹੋਇਆ' ਕਿਹਾ ਜਾ ਸਕਦਾ ਹੈ। ਫਿਰ ਦਾ ਮਤਲਬ ਹੈ-ਬਾਅਦ ਵਿਚ, ਅੱਗੋਂ, ਵੱਤ ਨਤੀਜੇ ਵਜੋਂ ਆਦਿ। ਗੁਰਬਾਣੀ ਵਿਚ 'ਤਾਂ' ਸ਼ਬਦ ਦੀ ਵਰਤੋਂ ਦੇਖੀਏ, "ਵਿਦਿਆ ਵੀਚਾਰੀ ਤਾਂ ਪਰਉਪਕਾਰੀ॥" (ਗੁਰੂ ਨਾਨਕ ਦੇਵ); "ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ॥" (ਗੁਰੂ ਅਮਰ ਦਾਸ); "ਮੈ ਤਾਂ ਨਾਮੁ ਤੇਰਾ ਆਧਾਰੁ॥" (ਗੁਰੂ ਨਾਨਕ ਦੇਵ).

ਸਾਹਿਤ ਵਿਚ ਬੁੱਲੇ ਸ਼ਾਹ ਦੇ ਕਾਵਿ 'ਚ 'ਤਾਂ' ਦੀ ਵਰਤੋਂ ਦੇਖੀਏ, "ਰਾਹ ਪਵਾਂ ਤਾਂ ਧਾੜੇ ਬੇਲੇ, ਜੰਗਲ ਲੱਖ ਬਲਾਈਂ। ਭੌਕਣ ਚੀਤੇ ਤੇ ਚਿਤਮੁਚਿਤੇ ਭੌਕਣ ਕਰਨ ਅਦਾਈਂ।" 'ਤਾਂ' ਦਾ ਇੱਕ ਹੋਰ ਰੁਪਾਂਤਰ 'ਤਉ' ਹੈ, "ਕਰਿ ਚਾਨਣੁ ਸਾਹਿਬ ਤਉ ਮਿਲੈ॥" (ਗੁਰੂ ਨਾਨਕ ਦੇਵ) ਅਤੇ ਇੱਕ ਹੋਰ ਨਿਰਾ 'ਤਾ' ਹੈ, "ਏਤੇ ਕੀਤੇ ਹੋਰਿ ਕਰੇਹਿ ਤਾ ਆਖਿ ਨ ਸਕਹਿ ਕੇਈ ਕੇਇ॥" (ਗੁਰੂ ਨਾਨਕ ਦੇਵ)। "ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ॥" (ਗੁਰੂ ਅਮਰ ਦਾਸ)। ਹਿੰਦੀ ਵਿਚ ਇਸ ਦਾ ਰੁਪਾਂਤਰ ਹੈ, 'ਤੌ', "ਜੌ ਪ੍ਰਭੁ ਅਵਸ ਪਾਰ ਗਾ ਚਹਹੂ। ਤੌ ਪਦ ਪਦੁਮ ਪਖਾਰਨ ਕਹਹੂ।' (ਤੁਲਸੀ ਦਾਸ)।

ਸਪੱਸ਼ਟ ਹੁੰਦਾ ਹੈ ਕਿ ਤਾਂ ਆਦਿ ਸ਼ਬਦ ਪਹਿਲਾਂ ਦਿੱਤੇ ਹੋਏ ਸ਼ਰਤੀਆ ਵਾਕੰਸ਼ ਨੂੰ ਨਤੀਜਾ ਦਰਸਾਉਣ ਵਾਲੇ ਵਾਕੰਸ਼ ਨਾਲ ਜੋੜਨ ਵਾਲੇ ਯੋਜਕ ਹਨ। ਤਾਂ, ਤਉ ਜਾਂ ਤਾ ਸ਼ਬਦ ਦੇ ਅਰਥ ਤਦ; ਤੌਂ; ਉਥੇ; ਇਸ ਲਈ; ਉਸ ਆਦਿ ਕੀਤੇ ਜਾਂਦੇ ਹਨ। ਧਿਆਨ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਸਭ ਅਰਥਾਂ ਵਿਚ ਇੱਕ ਹੀ ਭਾਵ ਹੈ, ਇੱਕ ਦਸ਼ਾ ਵੱਲ, ਉਸ ਸਥਿਤੀ ਵੱਲ ਜਾਂ ਵਸਤੂਗਤਤਾ ਵੱਲ ਸੰਕੇਤ ਹੈ। ਵਾਕ ਦੇ ਕਰਤਾ 'ਤੇ ਜੋਰ ਦੇਣ ਲਈ ਵੀ ਤਾਂ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਮਿਸਾਲ ਲੈਂਦੇ ਹਾਂ, "ਸ਼ਾਹ ਮੁਹੰਮਦਾ ਗੱਲ ਤਾਂ ਓਹੀ ਹੋਸੀ, ਜੋ ਕਰੇਗਾ ਖਾਲਸਾ ਪੰਥ ਮੀਆਂ।" ਏਥੇ ਤਾਂ ਸ਼ਬਦ ਸੱਚਮੁੱਚ, ਅਸਲ ਵਿਚ, ਪੱਕੀ ਗੱਲ ਦੇ ਅਰਥਾਂ ਵਿਚ ਸਾਹਮਣੇ ਆਉਂਦਾ ਹੈ। ਅੱਗੇ ਜਾ ਕੇ ਦੱਸਾਂਗੇ ਕਿ ਇਸ ਸ਼ਬਦ ਵਿਚ ਸੱਚਮੁੱਚ ਹੋਣ ਦੇ ਭਾਵ ਕਿਵੇਂ ਉਜਾਗਰ ਹੁੰਦੇ ਹਨ?

ਇਸ ਸ਼ਬਦ ਦੇ ਹੋਰ ਰੂਪ ਅਤੇ ਅਰਥ ਵਿਸਥਾਰ ਦਾ ਵਰਤਾਰਾ ਸਮਝਣ ਤੋਂ ਪਹਿਲਾਂ ਇਸ ਸ਼ਬਦ ਦੇ ਸੰਸਕ੍ਰਿਤ ਰੂਪ ਵੱਲ ਝਾਤੀ ਮਾਰ ਲਈਏ। ਸੰਸਕ੍ਰਿਤ ਵਿਚ ਇਸ ਸ਼ਬਦ ਦਾ ਆਧਾਰ 'ਤਅ' ਹੈ, ਜਿਸ ਦਾ ਅਰਥ ਉਹ, ਇਹ ਹੈ। ਅਰਥਾਤ ਇਹ ਸ਼ਬਦ ਵਿਅਕਤੀ (ਪੁਰਖ ਜਾਂ ਇਸਤਰੀ), ਵਸਤੂ, ਸਮੇਂ ਜਾਂ ਸਥਿਤੀ ਦਾ ਸੂਚਕ ਹੈ। ਵਿਆਕਰਣਕ ਤੌਰ 'ਤੇ ਇਸ ਨੂੰ ਮੋਟੇ ਤੌਰ 'ਤੇ ਪੜਨਾਂਵ ਕਿਹਾ ਜਾ ਸਕਦਾ ਹੈ। "ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ॥" ਤੁਕ ਵਿਚ ਤਾਂ ਦਾ ਅਰਥ ਉਹ ਜਾਂ ਉਸ ਹੈ। ਤੁਕ ਦਾ ਪੂਰਾ ਅਰਥ ਹੈ, ਜਿਸ ਨੇ ਤੈਨੂੰ ਸਰੀਰ ਤੇ ਧਨ ਦਿੱਤਾ, ਉਸ ਨਾਲ ਪਿਆਰ ਨਾ ਪਾਇਆ। ਪਰ 'ਰਾਹ ਪਵਾਂ ਤਾਂ ਧਾੜੇ ਬੇਲੇ' ਵਿਚ ਤਾਂ ਸ਼ਬਦ ਇੱਕ ਯੋਜਕ ਹੋ ਨਿੱਬੜਦਾ ਹੈ, 'ਰਾਹ ਪਵਾਂ' ਦੀ ਵਸਤੂਗਤ ਸਥਿਤੀ ਵੱਲ ਇਸ਼ਾਰਾ ਕਰਦਾ ਹੈ। 'ਤਅ' ਆਧਾਰ ਤੋਂ ਹੀ 'ਤਦ' ਸ਼ਬਦ ਬਣਿਆ, ਜਿਸ ਵਿਚ 'ਉਸ ਸਮੇ' ਆਦਿ ਦੇ ਭਾਵ ਬਿਲਕੁਲ ਸਪੱਸ਼ਟ ਹਨ ਜਿਵੇਂ 'ਤੂੰ ਵਿਸਰਹਿ ਤਦਿ ਹੀ ਮਰਿ ਜਾਉ' ਅਰਥਾਤ 'ਤੂੰ ਵਿਸਰਿਆ ਉਸੇ ਵੇਲੇ।' ਹੋਰ ਦੇਖੋ, "ਨਾਨਕ ਸਤਿਗੁਰੁ ਤਦ ਹੀ ਪਾਏ॥" (ਗੁਰੂ ਅਮਰ ਦਾਸ)।



ਤਦ ਤੋਂ ਤਦਭਵ, ਤਦਰੂਪ, ਤਦਗੁਣ, ਤਦਅਰਥ ਆਦਿ ਸ਼ਬਦ ਬਣੇ ਹਨ। ਆਪਣਾ ਗੁਣ ਤਿਆਗ ਕੇ ਕਿਸੇ ਹੋਰ ਦਾ ਗੁਣ ਧਾਰਨ ਕਰਨ ਦੀ ਸਥਿਤੀ ਤਦਗੁਣ ਹੈ। ਤਦ ਦਾ ਇੱਕ ਹੋਰ ਰੂਪ ਤਤ ਹੈ, "ਜਤ ਕਤ ਦੇਖਉ ਤਤ ਰਹਿਆ ਸਮਾਇ॥" ਤਦਿਨ ਦਾ ਮਤਲਬ ਹੈ, ਉਸ ਦਿਨ। "ਬਿਤਨ ਨਾਮ ਤਿਹ ਤਦਿਨ ਕਹਾਯਸ॥" ਇਸੇ ਤੋਂ ਤਦੇ, ਤਦੋਂ ਸ਼ਬਦ ਬਣੇ ਹਨ। ਤਤਕਾਲ ਦਾ ਮਤਲਬ ਹੈ, ਉਸੇ ਵੇਲੇ। ਤਤਸਮ ਵਿਚ ਵੀ ਤਤ ਬੋਲਦਾ ਹੈ। ਇਸ ਦਾ ਸਾਬਦਿਕ ਅਰਥ ਹੈ, ਉਸੇ ਹਾਲਤ ਵਿਚ।

ਉਪਰੋਕਤ ਤਤ ਤੋਂ ਥੋੜਾ ਵੱਖਰਾ ਸ਼ਬਦ ਤੱਤ ਹੈ। ਇਹ ਤਤਵ ਸ਼ਬਦ ਦਾ ਸੌਖਾ ਰੂਪ ਹੈ ਪਰ ਹੈ ਇਹ ਵੀ ਤਅ ਤੋਂ ਵਿਉਤਪਤ ਹੋਇਆ। ਤੱਤ ਸ਼ਬਦ ਦਾ ਅਰਥ ਇਕ ਤਰ੍ਹਾਂ 'ਉਹਪੁਣਾ' ਹੈ, ਵਾਸਤਵਿਕਤਾ, ਜੋ ਸਥਿਤੀ ਅੰਤਰਮੁਖੀ ਨਹੀਂ, ਜੋ ਪਰੇ ਹੈ, ਜੋ ਨਿਸਚਿਤ, ਅਸਲ ਜਾਂ ਯਥਾਰਥਕ ਹੈ, "ਕਹੁ ਨਾਨਕ ਇਹੁ ਤਤੁ ਬੀਚਾਰਾ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ॥' (ਗੁਰੂ ਅਰਜਨ ਦੇਵ)। ਪੰਜ ਭੌਤਿਕ ਪਦਾਰਥਾਂ ਵਿਚੋਂ ਇੱਕ ਨੂੰ ਤੱਤ ਕਿਹਾ ਜਾਂਦਾ ਹੈ, 'ਇਹੁ ਮਨੁ ਪੰਚ ਤਤ ਕੋ ਜੀਉ॥' (ਭਗਤ ਕਬੀਰ), ਕਿਉਂਕਿ ਇਕ ਤਰ੍ਹਾਂ ਸੱਚ ਜਾਂ ਯਥਾਰਥ ਹੈ, ਸ੍ਰਿਸ਼ਟੀ ਦਾ ਮੂਲ ਹੈ।

ਤਥਾ ਸ਼ਬਦ ਵੀ 'ਤਅ' ਨਾਲ ਜਾ ਜੁੜਦਾ ਹੈ। ਇਸ ਦਾ ਮੂਲ ਅਰਥ ਹੈ, ਉਸੇ ਜਾਂ ਇਸੇ ਤਰ੍ਹਾਂ, ਤਿਵੇਂ, "ਗੁਰ ਕੈ ਸਬਦਿ ਤਥਾ ਚਿਤੁ ਲਾਏ॥' ਇਸ ਦਾ ਵਿਸਤ੍ਰਿਤ ਅਰਥ 'ਅਤੇ' ਜਿਹਾ ਵੀ ਹੋ ਜਾਂਦਾ ਹੈ, 'ਵਾਰ ਮਾਝ ਕੀ ਤਥਾ ਸਲੋਕ ਮਹਲਾ ੧'। ਤਥਾਸਤੁ ਦਾ ਮਤਲਬ ਹੈ, ਇਸੇ ਤਰ੍ਹਾਂ ਹੋਵੇ। ਅਸਲ ਵਿਚ ਤੱਥ ਸ਼ਬਦ ਵੀ ਇਸੇ ਭਾਵ 'ਚੋਂ ਉਪਜਿਆ ਹੈ। ਇਹ ਮੁਢਲੇ ਤੌਰ 'ਤੇ ਸੰਸਕ੍ਰਿਤ ਤੱਥਯ ਤੋਂ ਵਿਉਤਪਤ ਹੋਇਆ ਹੈ। ਤੱਥਯ ਦਾ ਸ਼ਾਬਦਿਕ ਅਰਥ 'ਉਸੇ ਤਰ੍ਹਾਂ ਹੋਣ' ਤੋਂ ਹੈ, 'ਸੇਵਕ ਦਾਸ ਕਹਿਓ ਇਹ ਤਥੁ॥'

ਸੰਸਕ੍ਰਿਤ ਹਿੰਦੀ ਦਾ ਇੱਕ ਸ਼ਬਦ ਹੈ, ਤਥਾਪਿ ਜਿਸ ਦਾ ਪੰਜਾਬੀ ਰੂਪ ਹੈ, ਤਾਂ ਵੀ। ਤਥਾਪਿ ਸ਼ਬਦ ਵਿਚਲੇ ਅਪਿ ਸ਼ਬਦ ਦਾ ਅਰਥ ਵੀ, ਭੀ ਹੈ। ਤਥ ਸ਼ਬਦ ਹੋਰ ਹੈ ਭਾਵੇਂ ਇਹ ਵੀ ਇਸੇ ਨਾਲ ਜਾ ਜੁੜਦਾ ਹੈ। ਇਸ ਦਾ ਅਰਥ ਉਵੇਂ, ਤਿਵੇਂ ਹੈ, "ਤਥ ਲਗਨੰ ਪ੍ਰੇਮ ਨਾਨਕ॥" (ਗੁਰੂ ਅਰਜਨ ਦੇਵ)।

ਪੰਜਾਬੀ ਸ਼ਬਦ 'ਤੋਂ' ਵੀ ਤਅ ਤੋਂ ਹੀ ਵਿਉਤਪਤ ਹੋਇਆ ਹੈ। ਵਿਆਕਰਣਕ ਇਕਾਈ ਵਜੋਂ ਇਹ ਸੰਬੰਧਕ ਜਾਂ ਯੋਜਕ ਹੈ, ਜਿਸ ਨੂੰ ਮੋਟੇ ਤੌਰ 'ਤੇ 'ਕੋਲੋਂ' ਜਾਂ 'ਵਲੋਂ' ਨਾਲ ਵੀ ਪ੍ਰਗਟਾਇਆ ਜਾ ਸਕਦਾ ਹੈ, 'ਜਲੰਧਰ ਤੋਂ ਲੁਧਿਆਣਾ'। 'ਅਤੇ' ਦੇ ਅਰਥਾਂ ਵਾਲਾ ਤੇ ਸ਼ਬਦ ਜਿਵੇਂ 'ਮੈਂ ਤੇ ਰਾਮ' ਵੀ ਦੋ ਸ਼ਬਦਾਂ ਜਾਂ ਵਾਕੰਸ਼ਾਂ ਵਿਚਕਾਰ ਤਦ, ਫਿਰ, ਭੀ ਜਿਹੇ ਅਰਥ ਪ੍ਰਗਟਾਉਂਦਾ ਹੈ। ਮਾਨੋ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ, "ਮੈਂ ਫਿਰ ਰਾਮ", "ਮੈਂ ਤਦ ਰਾਮ। ਕੁਝ ਭਾਸ਼ਾਵਾਂ ਵਿਚ ਇਸ ਦਾ ਅਰਥ ਹੈ ਹੀ, ਭੀ ਜਾਂ ਤਦ। ਇੱਕ ਹੋਰ ਸ਼ਬਦ ਹੈ, ਤਿਥੈ ਜਿਸ ਦਾ ਅਰਥ ਉਥੇ, ਉਸੇ ਥਾਂ ਹੈ, "ਤਿਥੈ ਸੋਹਨਿ ਪੰਚ ਪਰਵਾਣੁ॥" (ਗੁਰੂ ਨਾਨਕ ਦੇਵ)।

'ਤਅ' ਸ਼ਬਦ ਦਰਅਸਲ ਭਾਰੋਪੀ ਹੈ ਤੇ ਇਸ ਦਾ ਮੂਲ ਹੈ, To. ਇਸ ਮੂਲ ਵਿਚ ਵੀ 'ਉਹ' ਦਾ ਭਾਵ ਹੈ। ਸਾਡੇ 'ਤਾਂ, ਤਦੋਂ' ਸ਼ਬਦ ਦੇ ਟਾਕਰੇ 'ਤੇ ਅੰਗਰੇਜ਼ੀ ਸ਼ਬਦ Then ਆਉਂਦਾ ਹੈ। 'ਤਾਂ ਕੀ ਹੋਇਆ' ਨੂੰ ਅੰਗਰੇਜ਼ੀ ਵਿਚ 'Then What' ਜਿਹਾ ਅਨੁਵਾਦਿਆ ਜਾ ਸਕਦਾ ਹੈ। ਤੁਲਨਾਤਮਕ ਵਿਸ਼ੇਸ਼ਣਾਂ ਵਿਚ ਆਉਂਦਾ ਅੰਗਰੇਜ਼ੀ Than ਸ਼ਬਦ ਇਸੇ Then ਦਾ ਅਗਲਾ ਵਿਉਤਪਤ ਰੂਪ ਹੈ। ਅਠਾਰਵੀਂ ਸਦੀ ਦੇ ਸ਼ੁਰੂ ਤੱਕ ਇਸ ਦੇ ਸ਼ਬਦ ਜੋੜ Then ਹੀ ਰਹੇ ਸਨ। ਇਕ ਮਿਸਾਲ ਨਾਲ ਇਸ ਅਰਥ-ਵਿਕਾਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ: Philip is older than John ਨੂੰ ਪਹਿਲਾਂ ਕੁਝ ਇਸ ਤਰ੍ਹਾਂ ਕਿਹਾ ਗਿਆ ਹੋਵੇਗਾ, Philip is older then John (after that, ਉਸ ਪਿਛੋਂ) John'. ਪੰਜਾਬੀ ਵਿਚ ਇਸ ਨੂੰ 'ਤੋਂ' ਸ਼ਬਦ ਨਾਲ ਪ੍ਰਗਟਾਇਆ ਜਾਂਦਾ ਹੈ। 'ਉਹ' ਦੇ ਅਰਥਾਂ ਵਾਲਾ That ਸ਼ਬਦ ਵੀ ਇਸੇ ਮੂਲ ਤੋਂ ਉਪਜਿਆ ਹੈ। ਅਸਲ ਵਿਚ To ਮੂਲ ਤੋਂ ਇੱਕ ਹੋਰ ਉਪਮੂਲ ਬਣਦਾ ਹੈ, Tod ਜਿਸ ਤੋਂ ਅੱਗੇ ਜਰਮੈਨਿਕ ਭਾਸ਼ਾਵਾਂ ਵਿਚ That ਜਿਹੇ ਸ਼ਬਦ ਹੋਂਦ ਵਿਚ ਆਉਂਦੇ ਹਨ। Tod ਦਾ ਸਾਡੇ 'ਤਦ' ਨਾਲ ਟਾਕਰਾ ਕਰੋ। ਕੁਝ ਹੋਰ ਜਰਮੈਨਿਕ ਭਾਸ਼ਾਵਾਂ ਵਿਚ ਟਾਕਰੇ ਦੇ ਸ਼ਬਦ ਹਨ: ਜਰਮਨ Das, ਡੱਚ Dat ਆਦਿ।

ਅੰਗਰੇਜ਼ੀ The ਇੱਕ ਨਿਸ਼ਚਿਤਤਾ-ਸੂਚਕ ਅੰਸ਼ ਹੈ, ਜੋ That ਨਾਲ ਜਾ ਜੁੜਦਾ ਹੈ। ਟਾਕਰਾ ਕਰੋ, ਸਾਡਾ ਤਤ ਸ਼ਬਦ ਤੱਤਵ ਨਾਲ ਜਾ ਜੁੜਦਾ ਹੈ, ਜਿਸ ਵਿਚ ਨਿਸ਼ਚਿਤਤਾ, ਸੱਚਾਈ, ਯਥਾਰਥ ਦੇ ਭਾਵ ਹਨ। ਅੰਗਰੇਜ਼ੀ The ਸ਼ਬਦ ਦਾ ਪੰਜਾਬੀ ਵਿਚ ਅਰਥ ਕੁਝ ਇਸ ਤਰ੍ਹਾਂ ਸਮਝਾਇਆ ਜਾ ਸਕਦਾ ਹੈ: ਪਹਿਲਾਂ ਵਰਣਤ, ਪ੍ਰਤੱਖ, ਵਰਤਮਾਨ। ਨਾਂਵਾਂ ਨਾਲ ਲੱਗ ਕੇ ਇਹ ਵਿਸ਼ੇਸ਼ਤਾ ਅਤੇ ਪ੍ਰਤੱਖਤਾ ਦਾ ਸੂਚਕ ਬਣਦਾ ਹੈ। ਇਸ ਮੂਲ ਨਾਲ ਜੁੜਦੇ ਅੰਗਰੇਜ਼ੀ ਦੇ ਕੁਝ ਹੋਰ ਸ਼ਬਦ ਹਨ: This, Those, These, Thus, Thence.

# ਬੰਦਾ ਸਿੰਘ ਬਹਾਦਰ ਦਾ ਵੇਲਾ

(ਪਿਛਲੇ ਸਫੇ ਦੀ ਬਾਕੀ)

ਹੋ ਗਿਆ ਪਰ ਉਸ ਉਪਰ ਇਲਜ਼ਾਮ ਲੱਗਾ ਕਿ ਇਹ ਬੇਸ਼ਰਮ, ਬਾਜ਼ਾਰ ਵਿਚ ਜਾਂਦੀਆਂ ਕੁੜੀਆਂ ਤੇ ਵਹੁਟੀਆਂ ਨੂੰ ਜ਼ਬਰਦਸਤੀ ਫੜ ਕੇ ਲੈ ਆਉਂਦਾ ਹੈ ਤੇ ਬੁਜ਼ਦਿਲ ਏਨਾ ਕਿ ਨੰਗੀ ਕਿਰਪਾਨ ਨਹੀਂ ਦੇਖ ਸਕਦਾ, ਡਰ ਜਾਂਦਾ ਹੈ। ਉਹ ਗਿਆਰਾਂ ਮਹੀਨੇ ਹਾਕਮ ਰਿਹਾ ਪਰ ਜਨਵਰੀ 1713 ਵਿਚ ਉਸਦੇ ਭਤੀਜੇ ਫਰੁਖਸੀਅਰ ਨੇ ਕਰਾਰੀ ਹਾਰ ਦੇ ਕੇ ਗੱਦੀਓਂ ਉਤਾਰ ਦਿੱਤਾ।

ਫਰੁਖਸੀਅਰ ਨੇ ਸਿੱਖਾਂ ਨੂੰ ਕੁਚਲਣ ਲਈ ਕਸ਼ਮੀਰ ਵਿਚ ਤਾਇਨਾਤ ਤੁਰਕ ਸੂਬੇਦਾਰ ਨੂੰ ਪੰਜਾਬ ਦੀ ਕਮਾਨ ਦੇ ਦਿੱਤੀ। ਇਸਤਾਕਤਵਰ ਜਰਨੈਲ ਨੇ ਇਕ ਵਾਰੀ 1713 ਵਿਚ ਬੰਦਾ ਸਿੰਘ ਨੂੰ ਸਰਹਿੰਦ ਸਰਕਾਰ ਵਿਚੋਂ ਖਦੇੜ ਦਿੱਤਾ ਪਰ ਉਹ ਯੋਧਾ ਅੱਪਰ ਬਾਰੀ ਦੁਆਬ ਵਿਚ ਪ੍ਰਗਟ ਹੋ ਗਿਆ ਜਿਥੇ ਹਜ਼ਾਰਾਂ ਸਿੱਖ ਨਵੇਂ ਭਰਤੀ ਹੋ ਗਏ। ਜੰਮੂ ਦੇ ਇਰਦ ਗਿਰਦ ਹਿੰਦੂ ਪਹਾੜੀ ਰਾਜਿਆਂ ਨੇ ਉਸਨੂੰ ਧਨ, ਘੋੜੇ ਅਤੇ ਹਥਿਆਰ ਦਿੱਤੇ।

ਮਾਰਚ 1715 ਤੱਕ ਝੜਪਾਂ ਤਾਂ ਹੋਈਆਂ ਪਰ ਬੰਦਾ ਸਿੰਘ ਹਾਰਿਆ ਨਹੀਂ। ਫਰੁਖਸੀਅਰ ਨੇ ਅਬਦੁਲ ਸਮਦ ਖਾਨ ਦੀ ਝਾੜ-ਝੰਬ ਵੀ ਕੀਤੀ, ਹੋਰ ਮਦਦ ਵੀ ਭੇਜੀ। ਪੰਜਾਬੀ ਜਾਗੀਰਦਾਰ ਮੁਸਲਮਾਨ ਵੀ ਮਦਦ 'ਤੇ ਆ ਗਏ ਜਿਨ੍ਹਾਂ ਵਿਚ ਭੱਟੀ, ਖਰਲ, ਵੱਟੂ ਰਾਜਪੂਤ ਅਤੇ ਕਸੂਰ ਵਿਚ ਆਬਾਦ ਅਫਗਾਨ ਸਨ। ਅਰਾਈਆਂ ਨੇ ਸਰਕਾਰ ਦੀ ਮਦਦ ਕੀਤੀ। ਮੁਸਲਮਾਨ ਜੱਟ ਹੋ ਸਕਦਾ ਹੈ, ਬੰਦਾ ਸਿੰਘ ਦੇ ਹਮਦਰਦ ਹੋਣ।

ਗੁਰਦਾਸਪੁਰ ਤੋਂ ਚਾਰ ਮੀਲ ਦੂਰ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਬੰਦਾ ਸਿੰਘ ਘਿਰ ਗਿਆ। ਇਹ ਘੇਰਾ ਲੰਮਾ ਹੋ ਗਿਆ, ਰਾਸ਼ਣ ਮੁੱਕ ਗਿਆ। ਪਸ਼ੂਆਂ ਦਾ ਮਾਸ, ਘਾਹ, ਪੱਤੇ ਖਾ ਕੇ ਗੁਜ਼ਾਰਾ ਕਰਦੇ। ਕੰਵਰ ਖਾਨ ਲਿਖਦਾ ਹੈ- ਇਸ ਕਮੀਨੇ ਸਿੱਖ ਨੂੰ ਫੜਨ ਲਈ ਸਲਤਨਤ ਮੁਗਲੀਆ ਅੱਠ ਮਹੀਨੇ ਘੇਰਾ ਪਾਈ ਬੈਠੀ ਰਹੀ। ਅੰਦਰ ਵੜਨ ਦਾ ਹੌਸਲਾ ਨਹੀਂ ਹੋਇਆ ਤਾਂ ਆਖਰ ਦਸੰਬਰ 1715 ਨੂੰ ਭੁੱਖਮਰੀ ਦਾ ਸ਼ਿਕਾਰ ਹੋਏ ਬੰਦਾ ਸਿੰਘ ਅਤੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ।

ਬਹੁਤ ਸਾਰੇ ਸਾਥੀ ਗੁਰਦਾਸ ਨੰਗਲ ਮਾਰੇ ਗਏ। ਲਾਹੌਰ ਤੋਂ ਜਾਂਦੇ ਹੋਏ ਬਹੁਤ ਸਾਰੇ ਰਾਵੀ ਦੇ ਕਿਨਾਰਿਆਂ 'ਤੇ ਕਤਲ ਕੀਤੇ। ਮੁਹੰਮਦ ਲਤੀਫ ਅਨੁਸਾਰ, ਅਬਦੁਲ ਸਮਦ ਸਿੱਖ ਬੰਦੀਆਂ ਦੇ ਲੰਮੇ ਕਾਰਵਾਂ ਨੂੰ ਲੈ ਕੇ ਲਾਹੌਰ ਵੱਲ ਤੁਰਿਆ। ਬੰਦੀਆਂ ਨੂੰ ਖੋਤਿਆਂ, ਊਠਾਂ 'ਤੇ ਬਿਠਾਇਆ ਹੋਇਆ ਸੀ ਤੇ ਭੀੜਾਂ ਚਿੜਾ ਰਹੀਆਂ ਸਨ।

ਅਗਲੇ ਦਿਨ ਅਬਦੁਲ ਸਮਦ ਖਾਨ ਨੇ ਆਪਣੇ ਬੇਟੇ ਜ਼ਕਰੀਆ ਖਾਨ ਸਮੇਤ ਦਿੱਲੀ ਵੱਲ ਕੂਚ ਕੀਤਾ। ਫਰਵਰੀ 1716, ਦਿੱਲੀ ਵਿਚ ਇਕ ਚਸ਼ਮਦੀਦ ਅੰਗਰੇਜ਼ ਲਿਖਦਾ ਹੈ- ਕੋਈ 800 ਬੰਦੀ ਹੋਣਗੇ ਤੇ 2000 ਲਹੂ-ਲੁਹਾਣ ਸਿਰ ਨੇਜ਼ਿਆਂ ਉਪਰ ਟੰਗੇ ਹੋਏ ਸਨ। ਸ਼ਹਾਦਤ ਵਾਸਤੇ ਇਕ ਦੂਜੇ ਤੋਂ ਪਹਿਲਾਂ ਤਿਆਰ ਸਨ। ਲਾਹੌਰੋਂ ਦਿੱਲੀ ਦੇ ਰਸਤੇ ਵਿਚ ਵੀ ਕੋਈ ਸਿੱਖ ਦਿਸ ਜਾਂਦਾ, ਸਿਰ ਵੱਢ ਲੈਂਦੇ। ਫਰੁਖਸੀਅਰ ਦਾ ਫਰਮਾਨ ਸੀ- ਜਿਹੜਾ ਸਿੱਖ ਇਸਲਾਮ ਧਾਰਨ ਕਰਨੋਂ ਮੁਨਕਿਰ ਹੋਵੇ, ਕਤਲ ਕਰ ਦਿਉ।

ਜੂਨ 1716 ਵਿਚ ਇਹ ਹੱਤਕਪੂਰਨ ਪਰੇਡ ਫਿਰ ਦੁਹਰਾਈ ਗਈ। ਬੰਦਾ ਸਿੰਘ ਸਮੇਤ ਬਹੁਤ ਸਾਰੇ ਸਿੱਖ ਤਸੀਹੇ ਦੇਣ ਉਪਰੰਤ ਮਾਰੇ। ਖਾਫੀ ਖਾਨ ਲਿਖਦਾ ਹੈ- ਕਿਸੇ ਸਿੱਖ ਨੇ ਇਸਲਾਮ ਧਾਰਨ ਕਰਨਾ ਨਹੀਂ ਮੰਨਿਆ। ਸੂਫੀ ਸੰਤ ਸ਼ੇਖ ਕੁਤਬੁੱਦੀਨ ਦੇ ਮਕਬਰੇ ਨਜ਼ਦੀਕ ਦਿੱਲੀ ਦੇ ਦੱਖਣ ਵਿਚ ਬੰਦਾ ਸਿੰਘ, ਉਸ ਸਾਥੀਆਂ ਅਤੇ ਚਾਰ ਸਾਲਾ ਪੁੱਤਰ ਨੂੰ ਕਤਲ ਕੀਤਾ।

ਹਕੂਮਤ ਦੀ ਮਦਦ ਨਾਲ ਸਮਦ ਖਾਨ ਸਿੱਖਾਂ ਦਾ ਪੰਜਾਬ ਵਿਚੋਂ ਬੀਜ ਨਾਸ ਕਰਨਾ ਚਾਹੁੰਦਾ ਸੀ। ਬਦਲੇ ਦੀ ਭਾਵਨਾ ਕਿਸੇ ਹੱਦ ਤੱਕ ਵੀ ਲਿਜਾ ਸਕਦੀ ਹੈ। ਹਿੰਦੂ ਮੁਸਲਮਾਨਾਂ ਨੂੰ ਹੁਕਮ ਸੀ ਕਿ ਲੰਮੇ ਕੇਸ ਨਹੀਂ ਰੱਖਣੇ। ਹਿੰਦੂ ਦਾੜ੍ਹੀ ਨਹੀਂ ਰੱਖਣਗੇ। ਹਿੰਦੂਆਂ ਨੂੰ ਪਤਾ ਨਹੀਂ ਲੱਗਦਾ ਸੀ, ਉਨ੍ਹਾਂ ਦਾ ਭਵਿਖ ਕੀ ਹੋਵੇਗਾ। ਮੁਸਲਮਾਨ ਸੋਚ ਰਹੇ ਸਨ, ਜਿਹੜੇ ਲੋਕ ਗੁਰੂ ਨਾਨਕ ਦੇਵ ਦੇ ਉਪਾਸ਼ਕ ਸਨ ਅਤੇ ਸੂਫੀਆਂ ਦੇ ਮੁਰੀਦ, ਉਨ੍ਹਾਂ ਨੂੰ ਪੂਰੀ ਤਰ੍ਹਾਂ ਮਿੱਟਾ ਦਿੱਤਾ ਜਾਏਗਾ। ਸਿੱਖਾਂ ਬਾਰੇ ਲਤੀਫ ਦਸਦਾ ਹੈ-ਇਨ੍ਹਾਂ ਹੁਕਮਾਂ ਕਾਰਨ ਸਿੱਖਾਂ ਵਿਚ ਦਹਿਸ਼ਤ ਫੈਲ ਗਈ। ਜਿਉਂਦੇ ਬਚੇ ਸਿੱਖ ਪਹਾੜਾਂ ਜਾਂ ਜੰਗਲਾਂ ਵਿਚ ਜਾ ਛੁਪੇ। ਜਿਹੜੇ ਨਹੀਂ ਭੱਜ ਸਕੇ, ਉਨ੍ਹਾਂ ਆਪਣੇ ਕੇਸ ਕੱਟ ਕੇ ਆਪਣੀ ਬਾਹਰੀ ਦਿੱਖ ਬਦਲ ਲਈ। ਜੰਗਲੀ ਫਲ ਸਬਜ਼ੀਆਂ ਤੇ ਸ਼ਿਕਾਰ ਉਪਰ ਆਪਣਾ ਗੁਜ਼ਾਰਾ ਕਰਦੇ। ਖਾਣ-ਪੀਣ ਦੀਆਂ ਮਾਮੂਲੀ ਚੀਜ਼ਾਂ ਦੇ ਉਨ੍ਹਾਂ ਵੱਡੇ ਵੱਡੇ ਨਾਮ ਰੱਖੇ। ਬੰਦਾ ਸਿੰਘ ਵੇਲੇ ਬੇਸ਼ਕ ਸਿੱਖ ਦੋ ਧੜਿਆਂ ਵਿਚ ਵੰਡ ਹੋ ਗਏ ਸਨ, ਸਮਦ ਖਾਨ ਦੇ ਜ਼ੁਲਮਾਂ ਨੇ ਫਿਰ ਇਕੱਠੇ ਕਰ ਦਿੱਤੇ।

ਗਰੀਬ ਮੁਸਲਮਾਨਾਂ ਦੀ ਹਮਦਰਦੀ ਸੰਭਵ ਹੈ, ਜਗੀਰਦਾਰਾਂ ਅਫਸਰਾਂ ਨਾਲ ਹੋਣ ਦੀ ਥਾਂ ਸਿੱਖਾਂ ਨਾਲ ਹੋਵੇ। ਸੰਭਵ ਹੈ, ਮੁਸਲਮਾਨ ਜੱਟ ਚੋਰੀ ਛਿਪੇ ਸਿੱਖਾਂ ਨੂੰ ਰਾਸ਼ਣ ਦਿੰਦੇ ਹੋਣ।ਦੋ-ਤਿੰਨ ਸਾਲ ਵਿਚ ਉਹ ਏਨੇ ਤਕੜੇ ਹੋ ਗਏ ਕਿ ਲੱਖੀ ਜੰਗਲ ਅਤੇ ਮਾਲਵਾ ਦੇ ਰੇਗਿਸਤਾਨ ਵਿਚੋਂ ਆਬਾਦੀਆਂ ਵੱਲ ਨਿਕਲ ਕੇ ਲੁੱਟ ਮਾਰ ਕਰਦੇ। ਗੁਆਉਣ ਲਈ ਉਨ੍ਹਾਂ ਕੋਲ ਹੁਣ ਰਹਿ ਕੀ ਗਿਆ ਸੀ? ਉਨ੍ਹਾਂ ਦੇ ਇਰਾਦੇ ਮਜ਼ਬੂਤ ਸਨ, ਇਸ ਵਿਚ ਵਿਵਾਦ ਨਹੀਂ ਪਰ ਸਰਕਾਰ ਅੰਦਰਲੀ ਖਾਨਾਜੰਗੀ ਨੇ ਲਾਹੌਰ ਕਮਜ਼ੋਰ ਕਰ ਦਿੱਤਾ ਸੀ।

1716 ਵਿਚ ਚੱਜ ਦੁਆਬ ਗੁਜਰਾਤ ਦੇ ਇਲਾਕੇ ਵਿਚ ਇਕ ਜ਼ਿਮੀਂਦਾਰ ਨੇ ਬਗਾਵਤ ਕਰ ਦਿੱਤੀ ਜਿਸ ਦਾ ਨਾਮ ਕਤੀਲ ਸੀ। ਉਸ ਨੇ ਸਰਕਾਰ ਨੂੰ ਮਾਮਲਾ ਦੇਣ ਤੋਂ ਇਨਕਾਰ ਕਰ ਦਿੱਤਾ, ਕਿਲ੍ਹਾ ਬਣਾ ਲਿਆ, ਫੌਜ ਰੱਖ ਲਈ। ਪੱਛਮ ਵੱਲ ਸਿੰਧ ਸਾਗਰ ਦੁਆਬ ਦੇ ਅਵਾਣ ਜ਼ਿਮੀਂਦਾਰਾਂ ਨੇ ਮਾਮਲਾ ਦੇਣਾ ਬੰਦ ਕਰ ਦਿੱਤਾ। ਇਹੀ ਕੁਝ ਦੁਆਬ ਦੇ ਸਿਆਲਕੋਟ ਪਰਗਣੇ ਵਿਚ ਹੋਇਆ। ਲਾਹੌਰ ਤੋਂ ਮੁਲਤਾਨ ਜਾਂਦਾ ਰਾਹ ਸ਼ਿਕਾਰਗਾਹ ਬਣ ਗਿਆ।

ਦਿੱਲੀ ਦਰਬਾਰ ਦੀ ਸ਼ਰੀਕੇਬਾਜ਼ੀ ਵਿਚ ਅਬਦੁਸ ਸਮਦ ਖਾਨ ਦੇ ਤਕੜੇ ਰਸੂਖ ਵਾਲੇ ਰਿਸ਼ਤੇਦਾਰ ਸਨ ਜਿਹੜੇ ਪੰਜਾਬ ਦੀ ਤਾਣੀ ਸੁਲਝਾਉਣ ਦੇ ਹੱਕ ਵਿਚ ਨਹੀਂ ਸਨ। ਉਸਦੇ ਸਾਰੇ ਦੁਸ਼ਮਣ ਸੂਬੇਦਾਰ ਨੂੰ ਕਮਜ਼ੋਰ ਕਰ ਰਹੇ ਸਨ। ਲਾਹੌਰ 35 ਮੀਲ ਦੱਖਣ ਵਿਚ ਕਸੂਰ ਦੇ ਪਖਤੂਨਾਂ ਨੇ ਹੁਸੈਨ ਖਾਨ ਬੇਸ਼ਗੀ ਦੀ ਅਗਵਾਈ ਵਿਚ ਬਗਾਵਤ ਕਰ ਦਿੱਤੀ, ਦੂਜੀ ਬਗਾਵਤ ਜਲੰਧਰ ਦੁਆਬ ਦੇ ਜ਼ਿਮੀਂਦਾਰ ਖਾਨ ਮੁੰਜ ਨੇ ਕੀਤੀ। ਦੋਵਾਂ ਬਗਾਵਤਾਂ ਦੀ ਜੜ੍ਹ ਦੇਸੀ ਤੇ ਪਰਦੇਸੀ ਅਹਿਸਾਸ ਵਿਚ ਸੀ।

## ਕੁਦਰਤ ਦੀ ਧੀ

ਮੈਂ ਕੁਦਰਤ ਦੀ ਧੀ ਹਾਂ
ਸੂਰਜ ਤੋਂ ਸਿਖਿਆ ਹੈ ਮੈਂ,
ਖੁਦ ਤਪਸ਼ ਵਿਚ ਰਹਿ ਕੇ ਵੀ
ਕਿੰਜ ਦੂਜਿਆਂ ਨੂੰ ਰਸ਼ਨਾਉਣਾ।
ਚੰਨ ਨੇ ਬਖਸ਼ਿਆ ਏ ਮੈਨੂੰ
ਸੀਤਲਤਾ ਦਾ ਗਹਿਣਾ।
ਦੱਸਿਆ, ਕਿੰਜ ਹਨੇਰੇ ਵਿਚ ਵੀ
ਖੁਦ ਨੂੰ ਹੈ ਚਮਕਾਉਣਾ।

ਪੇੜ-ਪੌਦਿਆਂ ਨੇ ਤਾਂ ਮੈਨੂੰ
ਜ਼ਿੰਦਗੀ ਦਾ ਮੂਲ ਪੜ੍ਹਾਇਆ ਏ।
ਦੱਸਿਆ ਕਿੰਜ ਕਰਨੀ
ਦੂਜਿਆਂ 'ਤੇ ਠੰਡੀ ਛਾਇਆ ਏ।
ਪੰਛੀ, ਜੀਵ ਤੇ ਜਾਨਵਰ ਮੈਨੂੰ
ਇੱਕ ਜੁਟ ਹੋ ਰਹਿਣਾ ਸਿਖਾਉਂਦੇ।
ਦਿੱਤੀਆਂ ਕੁਦਰਤ ਦੀਆਂ ਦਾਤਾਂ ਨੂੰ
ਸਾਂਭਣ ਦਾ ਪਾਠ ਪੜ੍ਹਾਉਂਦੇ।
ਨਦੀਆਂ ਨਾਲਿਆਂ ਮੈਨੂੰ ਸਿਖਾਇਆ
ਜ਼ਿੰਦਗੀ ਵਿਚ ਕਿਵੇਂ ਵਹਿਣਾ ਏ।
ਹਰ ਪਲ ਚਲਦੇ ਰਹਿਣਾ ਏ
ਤੇ ਜ਼ਿੰਦਗੀ ਦੇ ਸ਼ੋਰ ਨੂੰ ਸਹਿਣਾ ਏ।

ਪਹਾੜ-ਚੋਟੀਆਂ ਅਤੇ ਪਰਬਤ
ਦ੍ਰਿੜ ਵਿਸ਼ਵਾਸ 'ਚ ਖੜ੍ਹਦੇ ਨੇ।
ਦਸਦੇ ਖੁਦ ਨੂੰ ਮਜ਼ਬੂਤ ਬਣਾ
ਕਿੰਜ ਦੁਸ਼ਮਣ ਦੇ ਨਾਲ ਲੜਦੇ ਨੇ।
ਦਿਨ-ਰਾਤ ਨੇ ਦੱਸਿਆ ਮੈਨੂੰ
ਦੁੱਖਾਂ ਵਿਚ ਖੁਦ ਨੂੰ ਰੋਲੀਂ ਨਾ।
ਸਮਾਂ ਸਭ ਦਾ ਆ ਜਾਣਾ ਏ,
ਤੂੰ ਸਬਰ ਰੱਖੀਂ, ਪਰ ਡੋਲੀਂ ਨਾ।
ਮੈਂ ਕੁਦਰਤ ਦੀ ਧੀ ਹਾਂ
ਮੈਨੂੰ ਕੁਦਰਤ ਨੇ ਬਣਾਇਆ ਹੈ।
ਸਾਰੇ ਗੁਣ ਬਖਸ਼ ਆਪਣੇ ਮੈਨੂੰ
ਅੰਦਰ ਤੱਕ ਮਹਿਕਾਇਆ ਹੈ।
ਬਸ ਲੋੜ ਹੈ ਝਾਤੀ ਮਾਰਨ ਦੀ
ਮੈਨੂੰ ਮੇਰੇ ਹੀ ਅੰਦਰ ਵਿਚ।
ਜਦੋਂ ਜਾਣ ਲਿਆ ਮੈਂ ਕੁਦਰਤ ਨੂੰ
ਠੰਢ ਪੈ ਜਾਣੀ ਧੁਰ ਅੰਦਰ ਵਿਚ।

-ਕਿਰਨਪ੍ਰੀਤ ਕੌਰ
ਫੋਨ: +4368864013133

# ਅਫਰੀਕੀ ਗੁਲਾਮ ਪ੍ਰਥਾ

ਭਾਰਤ ਦੇ ਲੋਕਾਂ ਨੂੰ ਗੁਲਾਮ ਬਣਾ ਕੇ ਕਾਬੁਲ, ਕੰਧਾਰ ਅਤੇ ਗਜ਼ਨੀ ਦੀਆਂ ਮੰਡੀਆਂ 'ਚ ਭੇਡਾਂ-ਬੱਕਰੀਆਂ ਵਾਂਗ ਵੇਚਿਆ ਜਾਂਦਾ ਰਿਹਾ ਹੈ। ਉਨ੍ਹਾਂ ਹੀ ਸਮਿਆਂ ਵਿਚ ਯੂਰਪ ਦੇ ਲੋਕਾਂ ਨੇ ਅਫਰੀਕਾ ਤੋਂ ਗੁਲਾਮ ਲਿਜਾ ਕੇ ਅਮਰੀਕਾ, ਹਿਸਪਾਨਿਓਲਾ, ਮੈਕਸੀਕੋ, ਬ੍ਰਾਜ਼ੀਲ, ਕਿਊਬਾ ਆਦਿ ਨਵੀਆਂ ਲੱਭੀਆਂ ਬਸਤੀਆਂ ਵਿਚ ਜਾਨਵਰਾਂ ਵਾਂਗ ਵੇਚਣ ਦਾ ਧੰਦਾ ਸ਼ੁਰੂ ਕਰ ਲਿਆ। ਹਿੰਦੋਸਤਾਨ ਤੋਂ ਬਾਬਰ ਦੇ ਵੇਲੇ ਜਿਸ ਤਰ੍ਹਾਂ ਗੁਲਾਮ ਔਰਤਾਂ ਨੂੰ ਕਾਬੁਲ ਲਿਜਾਇਆ ਜਾਂਦਾ ਰਿਹਾ, ਉਸ ਦਾ ਵਰਣਨ ਗੁਰੂ ਨਾਨਕ ਦੇਵ ਦੀ ਬਾਬਰਬਾਣੀ ਦੇ ਕੁਝ ਸ਼ਬਦਾਂ ਵਿਚ ਹੈ।



ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਅਫਰੀਕਾ ਤੋਂ ਪਹਿਲਾਂ ਕੇਵਲ ਮਰਦ ਹੀ ਲਿਜਾਏ ਗਏ, ਕਿਉਂਕਿ ਯੂਰਪ ਵਾਲਿਆਂ ਨੂੰ ਲੱਭੀਆਂ ਬਸਤੀਆਂ ਵਿਚ ਜੰਗਲ ਸਾਫ ਕਰਕੇ ਜ਼ਮੀਨ ਨੂੰ ਖੇਤੀਯੋਗ ਬਣਾਉਣ ਲਈ ਕਾਮਿਆਂ ਦੀ ਲੋੜ ਸੀ। ਸੈਨੇਗਲ (ਅਫਰੀਕਾ) ਦੇ ਸਮੁੰਦਰੀ ਤੱਟ ਤੋਂ ਲੱਭੀਆਂ ਜੰਗਾਲ ਲੱਗੀਆਂ ਜ਼ੰਜੀਰਾਂ ਉਸ ਸਮੇਂ ਦੀ ਸੋਗਮਈ ਦਾਸਤਾਨ ਸੁਣਾਉਣ ਲਈ ਕਾਫੀ ਹਨ। ਕਰੀਬ ਸਾਢੇ ਤਿੰਨ ਸੌ ਸਾਲ ਇਹ ਘਿਨਾਉਣਾ ਵਪਾਰ ਚਲਦਾ ਰਿਹਾ। ਉਨ੍ਹਾਂ ਗੁਲਾਮਾਂ ਦੀਆਂ ਮੌਜੂਦਾ ਪੀੜ੍ਹੀਆਂ ਨੇ ਅਮਰੀਕਾ 'ਚ ਸੰਘਰਸ਼ ਕਰਕੇ ਗੁਲਾਮੀ ਤੋਂ ਆਜ਼ਾਦੀ ਤਾਂ ਪਾ ਲਈ ਹੈ, ਪਰ ਮੁੜ ਕੇ ਉਹ ਆਪਣੀਆਂ ਅਸਲੀ ਜੜ੍ਹਾਂ ਨਾਲ ਨਾ ਜੁੜ ਸਕੇ।


ਘਾਨਾ ਦੇ ਐਲਸੀਨਾ ਜ਼ਿਲ੍ਹੇ ਵਿਚ ਸਮੁੰਦਰ ਕੰਢੇ ਗੁਲਾਮਾਂ ਨੂੰ ਇਕੱਠਿਆਂ ਕੀਤਾ ਜਾਂਦਾ ਅਤੇ ਫਿਰ ਪਸ਼ੂਆਂ ਵਾਂਗ ਜਹਾਜ਼ਾਂ 'ਤੇ ਲੱਦ ਕੇ ਕਦੇ ਵੀ ਵਾਪਸ ਨਾ ਮੁੜਨ ਵਾਲੇ ਸਫਰ 'ਤੇ ਰਵਾਨਾ ਕਰ ਦਿੱਤਾ ਜਾਂਦਾ। ਗੁਲਾਮਾਂ ਨੂੰ ਪਤਾ ਨਹੀਂ ਸੀ ਹੁੰਦਾ ਕਿ ਉਨ੍ਹਾਂ ਨੂੰ ਕਿੱਥੇ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਤੋਂ ਕੀ ਕੰਮ ਲਿਆ ਜਾਵੇਗਾ? ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਕੋਸ਼ਿਸ਼ ਕਰਨ 'ਤੇ ਵੀ ਪਤਾ ਨਹੀਂ ਲੱਗ ਸਕਦਾ ਸੀ ਕਿ ਉਨ੍ਹਾਂ ਦਾ ਬੰਦਾ ਕਿਧਰ ਭੇਜਿਆ ਗਿਆ ਹੈ। ਉਹ ਹਮੇਸ਼ਾ ਲਈ ਇਸ ਦੁਨੀਆਂ ਵਿਚ ਇਕ ਦੂਜੇ ਨਾਲ ਸੰਪਰਕ ਨਹੀਂ ਸਨ ਕਰ ਸਕਦੇ।

ਪਹਿਲਾ ਅਫਰੀਕੀ ਸੰਨ 1492 ਵਿਚ ਕੋਲੰਬਸ ਦੇ ਜਹਾਜ਼ ਵਿਚ ਆਇਆ। ਕੋਲੰਬਸ ਦੇ 1494 ਦੇ ਦੂਜੇ ਗੇੜੇ ਦੌਰਾਨ ਕਾਲੇ ਗੁਲਾਮ ਹਿਸਪਾਨਿਓਲਾ ਦੇ ਟਾਪੂ 'ਤੇ ਉਤਾਰੇ। 1501 ਵਿਚ ਫਰਡੀਨੈਂਡ ਅਤੇ ਇਸਬੋਲਾ ਨੇ ਹਿਸਪਾਨਿਓਲਾ ਤੋਂ ਬਾਅਦ ਕਿਊਬਾ, ਪੋਰਟੋਰੀਕੋ, ਜਮਾਇਕਾ, ਮੈਕਸੀਕੋ, ਪੀਰੋ ਵਿਚ ਵੀ ਅਫਰੀਕੀ ਗੁਲਾਮ ਲਿਆਂਦੇ।

ਸੰਨ 1619 ਵਿਚ ਇਕ ਡੱਚ ਲੋਕਾਂ ਨੇ 20 ਗੁਲਾਮ ਅਮਰੀਕਾ ਦੇ ਜੇਮਜ਼ ਟਾਊਨ ਵਰਜੀਨੀਆ ਵਿਚ ਲਿਆਂਦੇ।

ਭਰੋਸੇਯੋਗ ਗਿਣਤੀ ਤਾਂ ਕੋਈ ਨਹੀਂ, ਪਰ ਇਤਿਹਾਸਕਾਰਾਂ ਦਾ ਅੰਦਾਜ਼ਾ ਹੈ ਕਿ 10 ਤੋਂ 12 ਮਿਲੀਅਨ ਗੁਲਾਮ ਅਫਰੀਕਾ ਤੋਂ ਲਿਆਂਦੇ ਗਏ। ਇਨ੍ਹਾਂ ਤੋਂ ਇਲਾਵਾ ਅਣਗਿਣਤ ਲੋਕ ਅਫਰੀਕਾ ਦੇ ਸਮੁੰਦਰੀ ਤੱਟ 'ਤੇ ਬਣੇ ਕਿਲ੍ਹਿਆਂ, ਜਹਾਜ਼ਾਂ ਵਿਚ ਬਿਮਾਰੀਆਂ ਨਾਲ ਮਰੇ। ਮੋਟੇ ਅੰਦਾਜ਼ੇ ਅਨੁਸਾਰ 5 ਫੀਸਦੀ ਤਾਂ ਰਸਤੇ ਦੇ ਸਫਰ ਵਿਚ ਜ਼ਰੂਰ ਮਰਦੇ ਸਨ। ਕੁਝ ਤਾਂ ਅਫਰੀਕਾ ਦੇ ਤੱਟ 'ਤੇ ਬਿਮਾਰ ਜਾਂ ਜ਼ਖ਼ਮੀ ਹੁੰਦੇ ਸਨ, ਪਰ ਜਹਾਜ਼ ਦਾ ਪੂਰ ਪੂਰਾ ਕਰਨ ਲਈ ਉਨ੍ਹਾਂ ਨੂੰ ਲੱਦ ਦਿੱਤਾ ਜਾਂਦਾ। ਬ੍ਰਾਜ਼ੀਲ ਨੂੰ ਪੁਰਤਗਾਲ ਦੇ ਗੁਲਾਮਾਂ ਦਾ ਵੱਡਾ ਹਿੱਸਾ, ਭਾਵ 50 ਫੀਸਦੀ, ਤੇ ਬਾਕੀ ਦਾ ਅੱਧ ਇੰਗਲੈਂਡ, ਫਰਾਂਸ ਅਤੇ ਡੱਚ ਵਪਾਰੀਆਂ ਦੀਆਂ ਬਸਤੀਆਂ ਨੂੰ ਮਿਲਿਆ। ਫਲੋਰੀਡਾ (ਅਮਰੀਕਾ) ਵਿਚ ਸਪੇਨ ਦੇ ਤਕਰੀਬਨ ਪੰਜ ਲੱਖ ਅਫਰੀਕੀ ਗੁਲਾਮ ਲਿਆਂਦੇ ਗਏ।

ਅਮਰੀਕਾ ਅਤੇ ਹੋਰ ਟਾਪੂਆਂ ਵਿਚ ਧਰਤੀ ਨੂੰ ਵਾਹੀਯੋਗ ਬਣਾਉਣ ਲਈ ਗੁਲਾਮਾਂ ਦੀ ਮੰਗ ਵਧਦੀ ਗਈ। 1740 ਤੋਂ 1810 ਤਕ ਹਰ ਸਾਲ ਤਕਰੀਬਨ 60,000 ਗੁਲਾਮ ਆਉਂਦੇ ਰਹੇ। ਅਫਰੀਕਾ ਦੇ ਤਿੰਨ ਸੌ ਮੀਲ ਲੰਮੇ ਸਮੁੰਦਰੀ ਤੱਟ 'ਤੇ 50 ਕਿਲ੍ਹੇ ਇਸ ਕੰਮ ਲਈ ਉਸਾਰੇ ਗਏ ਸਨ। ਇਨ੍ਹਾਂ ਕਿਲ੍ਹਿਆਂ ਵਿਚ ਵਪਾਰੀਆਂ ਦੇ ਰਹਿਣ ਲਈ ਕਮਰੇ, ਸਮਾਨ ਲਈ ਗੁਦਾਮ ਅਤੇ ਗੁਲਾਮਾਂ ਲਈ ਕੁਆਰਟਰ ਵੱਖਰੇ ਸਨ। ਅਫਰੀਕਾ ਦੇ ਹੁਕਮਰਾਨਾਂ ਨੂੰ ਵਪਾਰੀ ਕਿਲ੍ਹਿਆਂ ਵਾਲੀ ਥਾਂ ਦਾ ਮੁੱਲ ਅਤੇ ਸੁਰੱਖਿਆ ਦੇ ਪ੍ਰਬੰਧ ਲਈ ਖੁੱਲ੍ਹਾ ਧਨ ਦਿੰਦੇ ਸਨ।



ਗੁਲਾਮਾਂ ਨੂੰ ਜਹਾਜ਼ ਦੇ ਤਹਿਖਾਨੇ ਵਿਚ ਲਿਜਾ ਰਹੇ ਮਾਲਕ।

***ਪਹਿਲਾ ਅਫਰੀਕੀ ਸੰਨ 1492 ਵਿਚ ਕੋਲੰਬਸ ਦੇ ਜਹਾਜ਼ ਵਿਚ ਆਇਆ। ਕੋਲੰਬਸ ਦੇ 1494 ਦੇ ਦੂਜੇ ਗੇੜੇ ਦੌਰਾਨ ਕਾਲੇ ਗੁਲਾਮ ਹਿਸਪਾਨਿਓਲਾ ਦੇ ਟਾਪੂ 'ਤੇ ਉਤਾਰੇ। 1501 ਵਿਚ ਫਰਡੀਨੈਂਡ ਅਤੇ ਇਸਬੋਲਾ ਨੇ ਹਿਸਪਾਨਿਓਲਾ ਤੋਂ ਬਾਅਦ ਕਿਊਬਾ, ਪੋਰਟੋਰੀਕੋ, ਜਮਾਇਕਾ, ਮੈਕਸੀਕੋ, ਪੀਰੋ ਵਿਚ ਵੀ ਅਫਰੀਕੀ ਗੁਲਾਮ ਲਿਆਂਦੇ। ਸੰਨ 1619 ਵਿਚ ਇਕ ਡੱਚ ਲੋਕਾਂ ਨੇ 20 ਗੁਲਾਮ ਅਮਰੀਕਾ ਦੇ ਜੇਮਜ਼ ਟਾਊਨ ਵਰਜੀਨੀਆ ਵਿਚ ਲਿਆਂਦੇ।***

### ਗੁਲਾਮ ਹਾਸਲ ਕਰਨ ਦਾ ਤਰੀਕਾ

ਅਫਰੀਕਾ ਦੇ ਵੱਖ-ਵੱਖ ਕਬੀਲੇ ਆਪਸ ਵਿਚ ਲੜਦੇ ਰਹਿੰਦੇ ਸਨ ਅਤੇ ਹਾਰ ਜਾਣ ਵਾਲਿਆਂ ਨੂੰ ਗੁਲਾਮ ਬਣਾ ਲਿਆ ਜਾਂਦਾ। ਉਨ੍ਹਾਂ ਨੂੰ ਯੂਰਪ ਦੇ ਵਪਾਰੀਆਂ ਨੂੰ ਵੇਚ ਕੇ ਵਿਜੇਤਾ ਕਬੀਲੇ ਵਾਲੇ ਧਨ ਕਮਾ ਲੈਂਦੇ। ਕਈ ਹੁਕਮਰਾਨ ਅਪਰਾਧੀ ਕੈਦੀਆਂ ਨੂੰ ਵੀ ਵੇਚ ਦਿੰਦੇ। ਗਰੀਬ ਅਫਰੀਕਨਾਂ ਨੇ ਕਦੇ ਵੀ ਆਪਣੇ ਬੱਚੇ ਨਹੀਂ ਵੇਚੇ।

ਦੂਰੋਂ-ਦੂਰੋਂ ਸਮੁੰਦਰੀ ਤੱਟ ਤਕ ਲਿਆਉਣ ਲਈ ਗੁਲਾਮਾਂ ਨੂੰ ਸੰਗਲਾਂ ਨਾਲ ਨੂੜ ਕੇ ਇਕ-ਦੂਜੇ ਤੋਂ ਵਿੱਥ ਰੱਖਣ ਲਈ ਗਲਾਂ ਵਿਚ ਲੱਕੜੀ ਦੇ ਸ਼ਿਕੰਜੇ ਕੱਸ ਕੇ, ਤੀਹ-ਚਾਲੀ ਬੰਦਿਆਂ ਨੂੰ ਇਕ ਲਾਈਨ ਵਿਚ ਤੋਰਦੇ। ਉਨ੍ਹਾਂ ਦੇ ਸਿਰਾਂ 'ਤੇ ਵਪਾਰ ਲਈ ਹਾਥੀ ਦੰਦ ਅਤੇ ਹੋਰ ਸਾਮਾਨ ਲੱਦਿਆ ਹੁੰਦਾ। ਕਈ-ਕਈ ਦਿਨ ਦੇ ਸਫਰ ਤੋਂ ਬਾਅਦ ਜਦੋਂ ਇਹ ਸਮੁੰਦਰ ਕੰਢੇ ਪਹੁੰਚਦੇ ਤਾਂ ਕਾਲ ਕੋਠੜੀਆਂ ਵਿਚ ਕੈਦ ਕਰ ਦਿੱਤੇ ਜਾਂਦੇ। ਸਮੁੰਦਰ ਕੰਢੇ ਬਣੇ ਕਿਲ੍ਹਿਆਂ ਵਿਚ ਕਈ-ਕਈ ਮਹੀਨੇ ਇਨ੍ਹਾਂ ਗੁਲਾਮਾਂ ਨੂੰ ਰੱਖਿਆ ਜਾਂਦਾ, ਕਿਉਂਕਿ ਕਦੇ ਤਾਂ ਜਹਾਜ਼ ਨਾ ਮਿਲਦਾ ਅਤੇ ਕਦੇ ਸਵਾਰੀਆਂ ਪੂਰੀਆਂ ਹੋਣ ਦੀ ਉਡੀਕ ਕੀਤੀ ਜਾਂਦੀ। ਅਫਰੀਕੀ ਖਿੱਤਿਆਂ ਵਿਚ ਲੜਾਈ ਜ਼ੋਰਾਂ 'ਤੇ ਹੋਣ 'ਤੇ ਗੁਲਾਮਾਂ ਦੀ ਸਪਲਾਈ ਦੀ ਆਸ ਵਧ ਜਾਂਦੀ। ਲੜਾਈਆਂ ਵਿਚ ਜ਼ਖ਼ਮੀ ਕੈਦੀ ਵੀ ਵਪਾਰੀ ਖਰੀਦ ਲੈਂਦੇ, ਬਹੁਤੇ ਬਿਨਾਂ ਇਲਾਜ ਮਰ ਜਾਂਦੇ ਅਤੇ ਕੁਝ ਹਨੇਰੀਆਂ ਕੋਠੜੀਆਂ ਵਿਚ ਸਿੱਲ੍ਹ ਤੇ ਗੰਦਗੀ ਕਾਰਨ ਬਿਮਾਰੀ ਨਾਲ। ਕੈਦ ਵਿਚ ਗੁਲਾਮ ਬਹੁਤ ਡਰੇ ਹੁੰਦੇ। ਕਈ ਤਾਂ ਇਹ ਗੱਲਾਂ ਕਰਦੇ ਕਿ ਗੋਰਿਆਂ ਨੇ ਉਨ੍ਹਾਂ ਨੂੰ ਮਾਰ ਕੇ ਉਨ੍ਹਾਂ ਦਾ ਮਾਸ ਖਾ ਜਾਣਾ ਏ। ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਹੁੰਦਾ ਸੀ ਕਿ ਉਨ੍ਹਾਂ ਨੂੰ ਕਿੱਥੇ ਲੈ ਜਾਣਾ ਹੈ ਅਤੇ ਉਨ੍ਹਾਂ ਦਾ ਕੀ ਭਵਿੱਖ ਹੈ। ਕਈ ਇਨ੍ਹਾਂ ਕੈਦ ਕੋਠੜੀਆਂ ਤੋਂ ਬਚ ਨਿਕਲਣ ਦੀ ਕੋਸ਼ਿਸ਼ ਕਰਦੇ, ਪਰ ਬਹੁਤ ਘੱਟ ਸਫਲ ਹੁੰਦੇ। ਗੁਲਾਮਾਂ ਲਈ ਆਪਣੇ ਘਰਦਿਆਂ ਤੋਂ ਵਿਛੋੜਾ, ਫੇਰ ਦੇਸ਼ ਛੱਡਣ ਦਾ ਦੁੱਖ ਅਸਹਿ ਸੀ। ਇਨਸਾਨ 'ਤੇ ਇਨਸਾਨ ਦੇ ਜ਼ੁਲਮ ਦੀ ਇਹ ਹੱਦ ਸੀ।

ਗੁਲਾਮਾਂ ਦੀ ਮੰਗ ਵਧਣ ਦੇ ਨਾਲ-ਨਾਲ ਇਨ੍ਹਾਂ ਦੀ ਨਸਲ, ਇਲਾਕੇ ਅਤੇ ਸਿਹਤ ਅਨੁਸਾਰ ਕੀਮਤ ਤੈਅ ਹੁੰਦੀ। ਲੜਾਕੂ ਅਤੇ ਵਿਦਰੋਹੀ ਕਿਸਮ ਦੇ ਗੁਲਾਮਾਂ ਦੀ ਕੀਮਤ ਘੱਟ ਪੈਂਦੀ। ਘੁੰਗਰਾਲੇ ਵਾਲਾਂ ਵਾਲੇ ਵਧੀਆ ਗੁਲਾਮ ਗਿਣੇ ਜਾਂਦੇ। ਬਿਲਕੁਲ ਕਾਲੇ ਰੰਗ ਵਾਲੇ ਵਧੀਆ ਕਾਮੇ ਮੰਨੇ ਜਾਂਦੇ। ਵਪਾਰੀ ਗੁਲਾਮਾਂ ਦੀ ਸਿਹਤ ਅਤੇ ਉਮਰ ਦੇਖ ਕੇ ਮੁੱਲ ਲਾਉਂਦੇ। ਗੁਲਾਮਾਂ ਨੂੰ ਇਕ-ਇਕ ਕਰਕੇ ਵੇਚਿਆ ਜਾਂਦਾ ਅਤੇ ਇਹ ਉਨ੍ਹਾਂ ਲਈ ਹੋਰ ਵੀ ਦੁੱਖ ਵਾਲੀ ਗੱਲ ਸੀ, ਕਿਉਂਕਿ ਇਕ ਭਰਾ ਜਾਂ ਦੋਸਤ ਕੋਈ ਵਪਾਰੀ ਲੈ ਜਾਂਦਾ ਅਤੇ ਦੂਜੇ ਨੂੰ ਕੋਈ ਹੋਰ। ਆਪਸ ਵਿਚ ਉਨ੍ਹਾਂ ਦਾ ਸੰਪਰਕ ਹਮੇਸ਼ਾ ਲਈ ਖਤਮ। ਇਕ-ਦੂਜੇ ਲਈ ਉਹ ਵਿਛੜਨ ਸਮੇਂ ਹੀ ਮਰ ਜਾਂਦੇ। ਸਾਰੇ ਹੀ ਬਹੁਤ ਰੋਂਦੇ, ਪਰ ਬੇਦਰਦ ਅਸਮਾਨ ਚੁੱਪ ਰਹਿੰਦਾ ਅਤੇ ਧਰਤੀ ਮਾਂ ਆਪਣੇ ਪੁੱਤਰਾਂ ਲਈ ਖਾਮੋਸ਼ ਹੰਝੂ ਜ਼ਰੂਰ ਵਹਾਉਂਦੀ। ਵਿਛੜਨ ਸਮੇਂ ਉਹ ਇਕ-ਦੂਜੇ ਨੂੰ ਜੱਫੀ ਪਾ ਲੈਂਦੇ, ਪਰ ਖਰੀਦਦਾਰ ਰੱਸੀ ਨਾਲ ਬੰਨੇ ਪਸ਼ੂ ਵਾਂਗ ਜ਼ਬਰਦਸਤੀ ਧੂਹ ਕੇ ਲੈ ਜਾਂਦੇ। ਖਰੀਦਦਾਰ ਗੁਲਾਮ ਦੀਆਂ ਅੱਖਾਂ, ਦੰਦ, ਛਾਤੀ ਅਤੇ ਡੌਲਿਆਂ ਦੀ ਨਜ਼ਰਾਂ ਨਾਲ ਪੜਤਾਲ ਕਰਦੇ। ਖਰੀਦਣ ਤੋਂ ਬਾਅਦ ਉਨ੍ਹਾਂ ਦੀ ਛਾਤੀ ਜਾਂ ਪੱਟ 'ਤੇ ਆਪਣਾ ਪੱਕਾ ਨਿਸ਼ਾਨ ਗਰਮ ਲੋਹੇ ਨਾਲ ਦਾਗ ਦਿੰਦੇ ਤਾਂ ਕਿ ਜੇ ਕਦੇ ਇਹ ਭੱਜ ਨਿਕਲੇ ਤਾਂ ਫੜਨ ਲਈ ਆਸਾਨੀ ਰਹੇ।


ਸੰਨ 1714-1731 ਦੇ ਵਿਚਕਾਰ ਔਰਤਾਂ ਦੀ ਖਰੀਦਦਾਰੀ ਵੀ ਸ਼ੁਰੂ ਹੋ ਗਈ। ਔਰਤਾਂ ਦੀ ਮਰਦਾਂ ਨਾਲੋਂ ਕਿਤੇ ਵੱਧ ਕੀਮਤ ਦਿੱਤੀ ਜਾਂਦੀ। ਅਫਰੀਕਾ ਦੇ ਹਾਕਮ ਯੂਰਪ ਵਾਲਿਆਂ ਤੋਂ ਵਧੀਆ ਬੰਦੂਕਾਂ ਅਤੇ ਅਸਲੇ, ਕੱਪੜੇ ਅਤੇ ਹੋਰ ਕੀਮਤੀ ਵਸਤਾਂ ਬਦਲੇ ਗੁਲਾਮਾਂ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੰਦੇ। ਮੰਗ ਅਤੇ ਸਪਲਾਈ ਅਨੁਸਾਰ ਸਮੇਂ-ਸਮੇਂ ਕੀਮਤ ਘਟਦੀ-ਵਧਦੀ ਰਹਿੰਦੀ। ਸਫਰ 'ਚ ਮੌਤਾਂ ਕਾਰਨ ਵਪਾਰੀਆਂ ਨੂੰ ਘਾਟਾ ਪੈਂਦਾ। ਇਸ ਲਈ ਉਹ ਆਪਣੇ ਵੱਲੋਂ ਕੋਸ਼ਿਸ਼ ਕਰਦੇ ਕਿ ਉਨ੍ਹਾਂ ਦੇ ਗੁਲਾਮਾਂ ਦੀ ਸਿਹਤ ਠੀਕ ਰਹੇ। ਇਸ ਕਰਕੇ ਹਰ ਜਹਾਜ਼ ਵਿਚ ਵਧੀਆ ਡਾਕਟਰ ਅਤੇ ਦਵਾਈਆਂ ਰੱਖੀਆਂ ਜਾਂਦੀਆਂ। ਕਈ ਜਹਾਜ਼ਾਂ ਵਿਚ ਗੁਲਾਮਾਂ ਨੂੰ ਅਲਮਾਰੀ ਵਿਚ ਕਿਤਾਬਾਂ ਵਾਂਗ ਚਿਣ ਦਿੱਤਾ ਜਾਂਦਾ। ਇਹ ਕੈਦੀ ਸ਼ਾਇਦ ਹੀ ਸਿਧੇ ਖੜ੍ਹੇ ਹੋ ਸਕਦੇ।

ਜਹਾਜ਼ ਦੀਆਂ ਹੇਠਲੀਆਂ ਮੰਜ਼ਲਾਂ ਤੋਂ ਗੁਲਾਮਾਂ ਨੂੰ ਧੁੱਪ ਲੁਆਉਣ ਲਈ ਉਪਰਲੀ ਛੱਤ 'ਤੇ ਵਾਰੀ-ਵਾਰੀ ਲਿਜਾਇਆ ਜਾਂਦਾ। ਜਹਾਜ਼ਾਂ ਵਿਚ ਅਤਿ ਦੀ ਗਰਮੀ ਹੁੰਦੀ, ਕਿਉਂਕਿ ਇਹ ਹਵਾ ਦੇ ਧੱਕੇ ਨਾਲ ਚੱਲਦੇ ਸਨ, ਇਸ ਲਈ ਜਹਾਜ਼ ਦੀਆਂ ਉਪਰਲੀਆਂ ਮੰਜ਼ਲਾਂ 'ਤੇ ਖਿੜਕੀਆਂ ਜਾਂ ਰੋਸ਼ਨਦਾਨ ਨਹੀਂ ਰੱਖੇ ਜਾਂਦੇ ਸਨ ਤਾਂ ਕਿ ਹਵਾ ਆਰ ਪਾਰ ਨਾ ਹੋ ਜਾਵੇ। ਕੁਝ ਰਹਿਮ ਦਿਲ ਕਪਤਾਨ ਗੁਲਾਮਾਂ ਨੂੰ ਨੱਚਣ-ਗਾਉਣ ਦੀ ਆਗਿਆ ਵੀ ਦਿੰਦੇ। ਕੈਦੀਆਂ ਨੂੰ ਉਪਰਲੀਆਂ ਮੰਜ਼ਲਾਂ 'ਤੇ ਧੁੱਪ ਲੁਆਉਣ ਲਿਜਾਣ ਤੋਂ ਬਾਅਦ ਉਨ੍ਹਾਂ ਦੇ ਕੁਆਰਟਰਾਂ ਨੂੰ ਸਿਰਕੇ ਨਾਲ ਕਿਟਾਣੂ ਮਾਰਨ ਲਈ ਧੋਂਦੇ। ਫੇਰ ਵੀ ਬੁਖਾਰ, ਹੈਜ਼ੇ ਆਦਿ ਨਾਲ ਕੁਝ ਮੌਤਾਂ ਜ਼ਰੂਰ ਹੁੰਦੀਆਂ। 17ਵੀਂ ਸਦੀ ਨਾਲੋਂ 18 ਸਦੀ ਵਿਚ ਸਫਰ ਦੌਰਾਨ ਮੌਤਾਂ 25 ਫੀਸਦੀ ਘਟ ਗਈਆਂ।

ਜਹਾਜ਼ਾਂ ਦੇ ਕਪਤਾਨਾਂ ਦੀ ਕਾਰਗੁਜ਼ਾਰੀ ਸਵਾਰੀਆਂ ਨੂੰ ਠੀਕ-ਠਾਕ ਪਹੁੰਚਾਉਣ 'ਤੇ ਪਰਖੀ ਜਾਂਦੀ। 19ਵੀਂ ਸਦੀ ਵਿਚ ਮੌਤਾਂ ਦੀ ਗਿਣਤੀ ਹੋਰ ਵੀ ਘਟ ਗਈ।

ਗੁਲਾਮ ਅਫਰੀਕਾ ਵਿਚ ਹੀ ਆਜ਼ਾਦ ਹੋਣ ਦੀ ਕੋਸ਼ਿਸ਼ ਕਰਦੇ ਤਾਂ ਕੁਝ ਕੁ ਨੂੰ ਫਾਂਸੀ ਲਾ ਦਿੰਦੇ ਅਤੇ ਬਾਕੀ ਦੇ ਡਰਦੇ ਮਾਰੇ ਕੋਸ਼ਿਸ਼ ਹੀ ਨਾ ਕਰਦੇ ਤੇ ਹਾਰ ਕੇ ਆਪਣੇ ਆਪ ਨੂੰ ਵਪਾਰੀਆਂ ਦੇ ਰਹਿਮੋ-ਕਰਮ 'ਤੇ ਛੱਡ ਦਿੰਦੇ।

1552 ਵਿਚ ਹਿਸਪਾਨਿਓਲਾ ਵਿਚ ਗੁਲਾਮਾਂ ਨੇ ਬਗਾਵਤ ਕੀਤੀ ਜੋ ਕੁਚਲ ਦਿੱਤੀ ਗਈ। 1537 ਵਿਚ ਮੈਕਸੀਕੋ ਸਿਟੀ ਵਿਚ ਅਸਫਲ ਕੋਸ਼ਿਸ਼ ਦਾ ਪਤਾ ਲੱਗਾ, ਜਿਸ ਵਿਚ ਗੁਲਾਮਾਂ ਨੇ ਸਾਰੇ ਗੋਰਿਆਂ ਨੂੰ ਮਾਰ ਕੇ ਆਜ਼ਾਦ ਹੋਣ ਦੀ ਯੋਜਨਾ ਬਣਾਈ ਸੀ। ਜਮਾਇਕਾ ਵਿਚ 1673 ਵਿਚ 200 ਗੁਲਾਮਾਂ ਨੇ 12 ਗੋਰੇ ਮਾਰ ਦਿੱਤੇ। ਨਿਊ ਯਾਰਕ ਵਿਚ 1712 ਵਿਚ 9 ਗੋਰੇ ਗੁਲਾਮਾਂ ਹੱਥੋਂ ਮਾਰੇ ਗਏ। ਅਧਿਕਾਰੀਆਂ ਨੇ ਇਸ ਘਟਨਾ ਲਈ ਜ਼ਿੰਮੇਵਾਰ 21 ਕਾਲਿਆਂ ਨੂੰ ਫਾਂਸੀ ਲਾਇਆ।



VALUABLE GANG OF YOUNG
NEGROES
By JOS. A. BEARD.
Will be sold at Auction,
ON WEDNESDAY, 25TH INST.
At 12 o'clock, at Banks' Arcade,
17 Valuable Young Negroes,
Men and Women, Field Hands.
Sold for no fault; with the best city guarantees.
Sale Positive
and without reserve!
TERMS CASH.
New Orleans, March 24, 1840.

ਮਾਰਚ 1840 ਵਿਚ ਗੁਲਾਮਾਂ ਦੀ ਵਿਕਰੀ ਦਾ ਇਸ਼ਤਿਹਾਰ।

ਹੈਤੀ ਵਿਚ ਗੁਲਾਮਾਂ ਨੇ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਿਆ ਜੋ 1804 ਵਿਚ ਕਾਮਯਾਬ ਹੋਏ। ਬਗਾਵਤ ਕਰਕੇ ਆਜ਼ਾਦ ਹੋਣ ਨਾਲੋਂ ਭਗੌੜੇ ਹੋ ਕੇ ਆਜ਼ਾਦ ਹੋਣਾ ਸੌਖਾ ਸੀ ਅਤੇ ਕਈ ਗੁਲਾਮ ਮੌਕਾ ਮਿਲਣ 'ਤੇ ਭਗੌੜੇ ਹੋ ਜਾਂਦੇ ਤੇ ਕਈਆਂ ਨੇ ਆਪਣੀਆਂ ਆਜ਼ਾਦ ਛੁਪਣਗਾਹਾਂ ਬੇਆਬਾਦ ਜੰਗਲਾਂ ਵਿਚ ਬਣਾ ਲਈਆਂ।



ਗੁਲਾਮਾਂ ਨੂੰ ਲਿਜਾਏ ਜਾਣ ਦੀ ਝਲਕ।

ਬ੍ਰਾਜ਼ੀਲ ਦੀ ਅੱਧੀ ਆਬਾਦੀ ਅਫਰੀਕੀ ਮੂਲ ਦੇ ਲੋਕਾਂ ਦੀ ਹੈ। 17ਵੀਂ ਸਦੀ ਦੇ ਕਵੀ ਐਂਤੋਨੀਓ ਨੇ ਠੀਕ ਲਿਖਿਆ ਹੈ ਕਿ 'ਬ੍ਰਾਜ਼ੀਲ ਦਾ ਸਰੀਰ ਤਾਂ ਅਮਰੀਕਾ ਦਾ ਹੈ, ਪਰ ਰੂਹ ਅਫਰੀਕਾ ਦੀ ਹੈ।' ਬ੍ਰਾਜ਼ੀਲ ਨੇ 1850 ਵਿਚ ਕਾਨੂੰਨੀ ਤੌਰ 'ਤੇ ਗੁਲਾਮਾਂ ਦੇ ਵਪਾਰ ਦੀ ਮਨਾਹੀ ਕਰ ਦਿੱਤੀ।

ਅਮਰੀਕਾ ਵਿਚ ਜਦੋਂ ਗੁਲਾਮ ਆਜ਼ਾਦ ਕੀਤੇ ਗਏ ਤਾਂ ਉਨ੍ਹਾਂ ਨੂੰ ਸੁਝਦਾ ਨਹੀਂ ਸੀ ਕਿ ਉਹ ਕਿਧਰ ਜਾਣ ਤੇ ਕੀ ਕਰਨ, ਕਿਉਂਕਿ ਉਨ੍ਹਾਂ ਦੇ ਮਾਲਕਾਂ ਨੇ ਉਨ੍ਹਾਂ ਨੂੰ ਅਨਪੜ੍ਹ ਅਤੇ ਸਭਿਅਤਾ ਤੋਂ ਦੂਰ ਰੱਖਿਆ ਹੋਇਆ ਸੀ। ਗੋਰਿਆਂ ਦੀ ਮੌਜੂਦਾ ਪੀੜ੍ਹੀ ਦੇ ਲੋਕ ਆਪਣੇ ਪੁਰਖਿਆਂ ਵੱਲੋਂ ਕਾਲੇ ਗੁਲਾਮਾਂ 'ਤੇ ਕੀਤੇ ਜ਼ੁਲਮਾਂ ਦੀਆਂ ਕਹਾਣੀਆਂ ਸੁਣ ਕੇ ਉਨ੍ਹਾਂ ਨੂੰ ਗਲਾਂ ਕੱਢਦੇ ਤੇ ਕੋਸਦੇ ਹਨ। ਇਹ ਸੱਚ ਹੈ ਕਿ ਇਨਸਾਨ 'ਤੇ ਇਨਸਾਨ ਵੱਲੋਂ ਜ਼ੁਲਮ ਚਾਰ-ਪੰਜ ਸੌ ਸਾਲ ਪਹਿਲਾਂ ਨਾਲੋਂ ਕਿਤੇ ਘੱਟ ਹੈ ਅਤੇ ਸਭਿਅਕ ਸਮਾਜ ਵਿਚ ਇਹੋ ਜਿਹੀ ਗੁਲਾਮੀ ਦੀ ਕੋਈ ਥਾਂ ਨਹੀਂ ਹੈ।

## ਹਕੀਮ ਲੁਕਮਾਨ


ਆਮ ਪੰਜਾਬੀਆਂ ਨੇ ਹਕੀਮ ਲੁਕਮਾਨ ਬਾਰੇ ਇਹ ਜ਼ਰੂਰ ਸੁਣਿਆ ਹੈ ਕਿ ਵਹਿਮ ਦਾ ਇਲਾਜ ਤਾਂ ਹਕੀਮ ਲੁਕਮਾਨ ਕੋਲ ਵੀ ਨਹੀਂ। ਇਸ ਤੋਂ ਵੱਧ ਜਾਣਕਾਰੀ ਘੱਟ ਹੀ ਹੈ। ਹਕੀਮ ਲੁਕਮਾਨ ਦਾ ਜਨਮ ਇਕ ਬਹੁਤ ਹੀ ਗਰੀਬ ਪਰਿਵਾਰ ਵਿਚ ਪੂਰਵ ਈਸਵੀ ਭਾਵ ਕਰੀਬ 5000 ਸਾਲ ਪਹਿਲਾਂ ਇਥੋਪੀਆ ਦੇਸ਼ ਦੇ ਲਾਗੇ ਸ਼ਾਗੇ ਹੋਇਆ। ਉਸ ਸਮੇਂ ਤਾਂ ਕੀ, ਅੱਜ ਤੋਂ ਦੋ ਸੌ ਸਾਲ ਪਹਿਲਾਂ ਤੱਕ ਵੀ ਗੁਲਾਮਾਂ ਨੂੰ ਖਰੀਦਣ-ਵੇਚਣ ਦਾ ਆਮ ਰਿਵਾਜ਼ ਸੀ। ਹਕੀਮ ਲੁਕਮਾਨ ਨੂੰ, ਜਦੋਂ ਉਹ ਅਜੇ ਬੱਚਾ ਹੀ ਸੀ, ਗੁਲਾਮਾਂ ਦੀ ਮੰਡੀ ਵਿਚ ਉਸ ਦੇ ਪਿਤਾ ਨੇ ਵੇਚ ਦਿੱਤਾ। ਖਰੀਦਦਾਰ ਇਕ ਬਹੁਤ ਅਮੀਰ ਆਦਮੀ ਸੀ। ਘਰ ਲਿਜਾ ਕੇ ਉਸ ਨੇ ਲੁਕਮਾਨ ਤੋਂ ਪੁੱਛਿਆ, "ਤੇਰਾ ਨਾਂ ਕੀ ਹੈ?"

ਲੁਕਮਾਨ ਨੇ ਕਿਹਾ, "ਜਿਸ ਨਾਂ ਨਾਲ ਬੁਲਾਵੋਗੇ, ਮੈਂ ਬੋਲ ਪਿਆ ਕਰਾਂਗਾ।"

ਮਾਲਕ ਨੇ ਕਿਹਾ, "ਤੇਰੇ ਮਾਂ-ਬਾਪ ਨੇ ਤੇਰਾ ਕੀ ਨਾਂ ਰਖਿਆ ਸੀ?"

ਲੁਕਮਾਨ ਨੇ ਕਿਹਾ, "ਛੱਡੋ ਜੀ ਉਨ੍ਹਾਂ ਦੀ ਗੱਲ, ਜਿਨ੍ਹਾਂ ਨੇ ਮੈਨੂੰ ਵੇਚ ਹੀ ਦਿੱਤਾ।"

ਮਾਲਕ ਨੇ ਪੁੱਛਿਆ, "ਹੁਣ ਖਾਵੇਂਗਾ ਕੀ?"



ਲੁਕਮਾਨ ਨੇ ਕਿਹਾ, "ਤੁਸੀ ਮੇਰੇ ਮਾਲਕ ਹੋ, ਜੋ ਦਿਉਗੇ, ਖਾ ਲਵਾਂਗਾ।"

ਇਹ ਹਲੀਮੀ ਭਰਿਆ ਜਵਾਬ ਸੁਣ ਕੇ ਮਾਲਕ ਨੇ ਉਸ ਨੂੰ ਗਲ ਨਾਲ ਲਾ ਕੇ ਕਿਹਾ, "ਤੂੰ ਮੇਰਾ ਗੁਲਾਮ ਨਹੀਂ, ਮੇਰਾ ਪੁੱਤਰ ਏਂ।"

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਅਜੇ ਊਣਾ ਹੈ ਪੰਜਾਬੀ ਸਿਨੇਮਾ

ਫਿਲਮ, ਕਲਾ ਦਾ ਅਜਿਹਾ ਨਮੂਨਾ ਹੈ ਜਿਸ ਨਾਲ ਲੋਕ ਸਮਾਜ ਦੇ ਅਜਿਹੇ ਪਹਿਲੂਆਂ ਨੂੰ ਗਹੁ ਨਾਲ ਦੇਖਦੇ ਹਨ ਜਿਨ੍ਹਾਂ ਦਾ ਅਕਸ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਧੁੰਦਲਾ ਹੋ ਚੁੱਕਿਆ ਹੈ। ਫਿਲਮਸਾਜ਼ ਦਾ ਬੁਨਿਆਦੀ ਕਰਤਵ ਮਨੋਰੰਜਨ, ਸੁਹਜ-ਸੁਆਦ ਦੇ ਨਾਲ-ਨਾਲ ਸਮਾਜਿਕ ਪੱਖਾਂ ਤੇ ਊਣਤਾਈਆਂ ਨੂੰ ਵੀ ਦਰਸ਼ਕਾਂ ਸਾਹਮਣੇ ਪੇਸ਼ ਕਰਨਾ ਹੁੰਦਾ ਹੈ, ਪਰ ਪੰਜਾਬੀ ਸਿਨੇਮਾ ਆਪਣੇ ਮੂਲ ਮਕਸਦ ਤੋਂ ਪਾਸਾ ਵਟਦਾ ਨਜ਼ਰ ਆਉਂਦਾ ਹੈ।

ਪੰਜਾਬੀ ਸਿਨੇਮਾ ਅਜੇ ਤਕ ਉਸ ਮਿਆਰ ਦੀਆਂ ਫਿਲਮਾਂ ਦਾ ਨਿਰਮਾਣ ਨਹੀਂ ਕਰ ਸਕਿਆ, ਜਿਸ ਤਰ੍ਹਾਂ ਦੂਜੀਆਂ ਹਿੰਦੋਸਤਾਨੀ ਬੋਲੀਆਂ ਵਿਚ ਬਣ ਰਹੀਆਂ ਹਨ। ਇਥੇ ਮਰਾਠੀ ਬੋਲੀ ਵਿਚ ਬਣੀਆਂ ਫਿਲਮਾਂ ਨੂੰ ਦੇਖ ਸਕਦੇ ਹਾਂ। 'ਕੋਰਟ', 'ਸੈਰਾਟ', 'ਫੰਡ੍ਰੀ' ਆਦਿ। ਇਹ ਫਿਲਮਾਂ ਉਸ ਸਮਾਜ ਦੇ ਲੋਕ ਜੀਵਨ ਦੀ ਝਲਕ ਨੂੰ ਪੇਸ਼ ਹੀ ਨਹੀਂ ਕਰਦੀਆਂ ਸਗੋਂ ਲੋਕਾਂ ਦੀਆਂ ਸੰਵੇਦਨਾਵਾਂ, ਅਹਿਸਾਸਾਂ, ਸੁਪਨਿਆਂ ਤੇ ਖਾਹਿਸ਼ਾਂ ਦਾ ਵੀ ਚਿਤਰਨ ਕਰਦੀਆਂ ਹਨ। ਇਹ ਫਿਲਮਾਂ ਆਪਣੇ ਮੁੱਢਲੇ ਕਰਤਵ ਦੀ ਪਛਾਣ ਦੇ ਨਾਲ-ਨਾਲ ਜ਼ਿੰਮੇਵਾਰੀਆਂ ਨਿਭਾਉਂਦੀਆਂ ਹਨ।

'ਕੋਰਟ' ਨਾਮੀ ਮਰਾਠੀ ਫਿਲਮ ਵਿਚ ਨਿਰਦੇਸ਼ਕ ਚੈਤਨਿਆ ਤਮ੍ਹਨੇ ਨੇ ਮਹਾਂਨਗਰੀ ਵਿਵਸਥਾ ਵਿਚ ਸੀਵਰੇਜ ਕਰਮਚਾਰੀਆਂ ਦੇ ਜੀਵਨ ਨੂੰ ਬੜੀ ਸੁਘੜਤਾ ਨਾਲ ਪੇਸ਼ ਕੀਤਾ। ਇਹ ਫਿਲਮ ਸਮਾਜਿਕ ਸਮੱਸਿਆ ਨੂੰ ਸਿਰਫ ਉਘਾੜਦੀ ਹੀ ਨਹੀਂ, ਸਗੋਂ ਲੋਕ ਗੀਤਾਂ ਦੀ ਵਿਧੀ ਰਾਹੀਂ ਲੋਕਾਂ ਤਕ ਆਪਣੀ ਗੱਲ ਪਹੁੰਚਾਉਂਦੀ ਹੈ ਕਿ ਕਿਵੇਂ ਲੋਕਾਂ ਦੇ ਹੱਕਾਂ ਤੇ ਕਾਮਿਆਂ ਵਿਚ ਜਾਗਰੂਕਤਾ ਪੈਦਾ ਕੀਤੀ ਜਾਵੇ? ਦੂਸਰੀਆਂ ਫਿਲਮਾਂ 'ਸੈਰਾਟ' ਤੇ 'ਫੰਡ੍ਰੀ' ਵਿਚ ਜਾਤ ਨਾਲ ਸਬੰਧਤ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਸਮਾਜ ਅੰਦਰ ਅੰਤਰਜਾਤੀ ਵਿਆਹ ਨਾਲ ਜਿਸ ਤਰ੍ਹਾਂ ਦਾ ਸਮਾਜਿਕ ਮਾਹੌਲ ਉਤਪੰਨ ਹੁੰਦਾ ਹੈ, ਉਸ ਨੂੰ ਨਿਰਦੇਸ਼ਕਾਂ ਨੇ ਬੜੇ ਸੁਹਜ ਤੇ ਸੰਵੇਦਨਸ਼ੀਲ ਢੰਗ ਨਾਲ ਫਿਲਮਾਇਆ ਹੈ।

ਦੂਜੇ ਪਾਸੇ, ਪੰਜਾਬੀ ਫਿਲਮਾਂ ਵਿਚ ਮੂਲ ਨਿਵਾਸੀਆਂ/ਲੋਕਾਂ ਦੀਆਂ ਭਾਵਨਾਵਾਂ ਤੇ ਸੰਵੇਦਨਾਵਾਂ ਨੂੰ ਸਮਝੇ ਬਗੈਰ ਹੀ ਪੰਜਾਬੀ ਬੰਦੇ ਦੇ ਕਿਰਦਾਰ ਨੂੰ ਹਾਸੋਹੀਣਾ ਬਣਾ ਕੇ ਪੇਸ਼ ਕਰ ਰਹੀਆਂ ਹਨ। ਇਨ੍ਹਾਂ ਫਿਲਮਾਂ ਨੂੰ ਦੇਖ ਕੇ ਇੰਜ ਲੱਗਦਾ ਹੈ ਕਿ ਕਿਸਾਨਾਂ ਅਤੇ ਕਾਮਿਆਂ ਦੀ ਧਰਤੀ ਹੀ ਨਹੀਂ, ਇਥੇ ਸਿਰਫ ਵਿਆਹ, ਮੇਲੇ, ਗੀਤਾਂ, ਭੰਗੜਿਆਂ ਵਿਚ ਰੁੱਝੇ ਲੋਕ ਮਸਤੀ ਵਿਚ ਰੰਗੇ ਹੋਏ ਹਨ। ਇਨ੍ਹਾਂ ਫਿਲਮਸਾਜ਼ਾਂ ਨੂੰ ਪੰਜਾਬ ਦੀ ਖੇਤੀ, ਨੌਜਵਾਨਾਂ ਦੀ ਬੇਰੁਜ਼ਗਾਰੀ ਤੇ ਪਰਵਾਸ ਨਾਲ ਕੋਈ ਵਾਹ-ਵਾਸਤਾ ਨਹੀਂ ਸਗੋਂ ਉਹ ਸੁਪਨ ਸੰਸਾਰ ਬਣਾ ਕੇ ਪੇਸ਼ ਕਰ ਰਹੇ ਹਨ।

ਪਿਛਲੇ ਸਮੇਂ ਵਿਚ ਜੋ ਫਿਲਮਾਂ ਰਿਲੀਜ਼ ਹੋਈਆਂ ਹਨ, ਉਹ ਜ਼ਿਆਦਾਤਰ ਕਿਸਾਨੀ ਸਮਾਜ ਵਿਚ ਦੂਰ ਤਕ ਨਜ਼ਰ ਨਹੀਂ ਪੈਂਦਾ, ਸਗੋਂ ਜਾਤੀਵਾਦ ਭਾਵਨਾ ਨੂੰ ਉਘਾੜਦੀਆਂ ਨਜ਼ਰ ਆਉਂਦੀਆਂ ਹਨ। ਕੁਝ ਹੋਰ ਪੰਜਾਬੀ ਫਿਲਮਾਂ ਪੇਂਡੂ ਧਰਾਤਲ ਦੀ ਆੜ ਵਿਚ ਪੇਂਡੂ ਜੀਵਨ ਨੂੰ ਵੀ ਰੁਮਾਂਸਵਾਦੀ ਬਣਾ ਦਿੱਤਾ ਜਾਂਦਾ ਹੈ। ਉਹ ਸਾਰੀਆਂ ਵਿਆਹ, ਮੇਲ-ਮਿਲਾਪ, ਮੇਲਿਆਂ, ਭੰਗੜਿਆਂ, ਨਾਚਾਂ 'ਤੇ ਹੀ ਕੇਂਦਰਤ ਰਹਿੰਦੀਆਂ ਹਨ। ਉਨ੍ਹਾਂ ਫਿਲਮਾਂ ਦਾ ਕਿਰਸਾਨੀ ਨਾਲ ਦੂਰ-ਦੂਰ ਤਕ ਦਾ ਕੋਈ ਸਬੰਧ ਨਹੀਂ। ਪਰਵਾਸ 'ਤੇ ਆਧਾਰਿਤ ਪੰਜਾਬੀ ਫਿਲਮਾਂ ਵਿਚ ਪੱਛਮੀ ਮੁਲਕਾਂ ਦੀ ਚਕਾਚੌਂਧ ਜ਼ਿੰਦਗੀ ਦੇ ਸੁਪਨਮਈ ਦ੍ਰਿਸ਼ ਨੂੰ ਬਿਆਨ ਕਰਦੀਆਂ ਹਨ, ਨਾ ਕਿ ਪਰਵਾਸ ਨਾਲ ਸਬੰਧਤ ਬੁਨਿਆਦੀ ਸਰੋਕਾਰਾਂ ਨੂੰ। ਪੰਜਾਬੀ ਫਿਲਮਾਂ ਵੱਖਰੇ ਤਰ੍ਹਾਂ ਦੇ ਲੋਕਾਂ ਦੇ ਵਰਗ ਲਈ ਬਣਾਈਆਂ ਗਈਆਂ ਜਾਪਦੀਆਂ ਹਨ ਜੋ ਇਸ ਧਰਤ ਦੇ ਨਹੀਂ ਸਗੋਂ ਕਿਸੇ ਦੂਜੇ ਗ੍ਰਹਿ ਦੇ ਵਸਨੀਕ ਹੋਣ।



ਫਿਲਮ 'ਸਿੰਘ ਵਰਸਿਸ ਕੌਰ' ਦਾ ਦ੍ਰਿਸ਼।

ਸਭਿਆਚਾਰ ਦੀ ਓਪਰੀ ਜਿਹੀ ਝਲਕ ਨੂੰ ਹੀ ਦਿਖਾਉਂਦੀਆਂ ਹਨ। ਉਨ੍ਹਾਂ ਵਿਚ 'ਨਿੱਕਾ, ਜ਼ੈਲਦਾਰ', 'ਮੰਜੇ ਬਿਸਤਰੇ', 'ਵਧਾਈਆਂ ਜੀ ਵਧਾਈਆਂ', 'ਲਾਵਾਂ ਫੇਰੇ', 'ਜੱਟ ਐਂਡ ਜੂਲੀਅਟ', 'ਸਿੰਘ ਵਰਸਿਸ ਕੌਰ', 'ਪ੍ਰਾਹੁਣਾ', 'ਕੈਰੀ ਔਨ ਜੱਟਾ' ਤੇ ਹੋਰ। ਇਨ੍ਹਾਂ ਫਿਲਮਾਂ ਦਾ ਮੂਲ ਮੰਤਵ ਸਿਰਫ ਮੁਨਾਫਾ ਕਮਾਉਣਾ ਹੈ। ਇਨ੍ਹਾਂ ਫਿਲਮਾਂ ਦਾ ਲੋਕ ਭਾਵਨਾਵਾਂ ਤੇ ਮੁੱਦਿਆਂ ਨਾਲ ਕੋਈ ਵਾਹ-ਵਾਸਤਾ ਨਹੀਂ। ਪੰਜਾਬੀ ਫਿਲਮਾਂ ਅਜਿਹਾ ਰੁਮਾਂਸ ਪੈਦਾ ਕਰ ਦਿੰਦਿਆਂ ਹਨ, ਜਿਸ ਤੋਂ ਪੈਦਾ ਹੋਈ ਹਾਲਤ ਹਾਸੋ-ਹੀਣੀ ਬਣ ਜਾਂਦੀ ਹੈ।

ਪ੍ਰੇਮ ਕਹਾਣੀਆਂ ਵਾਲੀਆਂ ਫਿਲਮਾਂ ਵੀ ਮੂਲ ਮੁੱਦਿਆਂ ਤੋਂ ਭੱਜਦੀਆਂ ਹਨ। ਉਨ੍ਹਾਂ ਵਿਚ ਸਿਵਾਏ ਅਮੀਰੀ-ਗ਼ਰੀਬੀ ਤੋਂ ਕੋਈ ਮੁੱਦਾ ਉੱਘੜਦਾ ਨਜ਼ਰ ਨਹੀਂ ਆਉਂਦਾ, ਜਿਥੇ ਦੂਜੀਆਂ ਬੋਲੀਆਂ ਵਿਚ ਬਣੀਆਂ ਫਿਲਮਾਂ ਜਾਤ ਵਰਗੇ ਗੰਭੀਰ ਤੇ ਪੇਚੀਦਾ ਪਹਿਲੂ ਵੀ ਬੜੇ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕਰਦੀਆਂ ਹਨ ਕਿ ਕਿਵੇਂ ਜਾਤ ਪ੍ਰੇਮ ਦੇ ਰਾਹ ਵਿਚ ਰੁਕਾਵਟ ਬਣਦੀ ਹੈ, ਜਿਸ ਦਾ ਹੱਲ ਪੰਜਾਬੀ

ਇਹ ਨਹੀਂ ਕਿਹਾ ਜਾ ਸਕਦਾ ਕਿ ਪੰਜਾਬੀ ਫਿਲਮਾਂ ਵਿਚ ਬਿਹਤਰੀਨ ਫਿਲਮਾਂ ਨੂੰ ਦਰਸ਼ਕਾਂ ਦੀ ਘਾਟ ਹੈ। ਲੋਕ ਮੁੱਦਿਆਂ 'ਤੇ ਬਣਾਈਆਂ ਜਾਣ ਵਾਲੀਆਂ ਫਿਲਮਾਂ ਵਿਚ ਲੋਕ ਦਿਲਚਸਪੀ ਘੱਟ ਲੈਂਦੇ ਹਨ ਜਾਂ ਫਿਰ ਉਹ ਵਿਚਾਰ-ਚਰਚਾ ਦਾ ਹਿੱਸਾ ਨਹੀਂ ਬਣਦੀਆਂ। 'ਚੌਥੀ ਕੂਟ', ਅੰਨ੍ਹੇ ਘੋੜੇ ਦਾ ਦਾਨ', 'ਮੜ੍ਹੀ ਦਾ ਦੀਵਾ' ਜਾਂ ਕੁਝ ਬਾਇਓਪਿਕਸ ਦਾ ਜ਼ਿਕਰ ਸ਼ਲਾਘਾਯੋਗ ਹੈ।

*-ਜਤਿੰਦਰ ਸਿੰਘ*
*ਫੋਨ: 91-94174-78446*

# ਸੁੱਚੀਆਂ ਮੁਹੱਬਤਾਂ ਦੀ ਦਾਸਤਾਨ: ਰਾਂਝਾ ਰਫਿਊਜ਼ੀ

ਗਾਇਕੀ ਤੋਂ ਬਾਅਦ ਫਿਲਮਾਂ ਵੱਲ ਆਇਆ ਸੋਹਣਾ ਸੁਨੱਖਾ ਦੁਆਬੀਆ ਮੁੰਡਾ ਰੌਸ਼ਨ ਪ੍ਰਿੰਸ ਕਦਮ ਦਰ ਕਦਮ ਨਵੀਆਂ ਮੰਜ਼ਿਲਾਂ ਸਰ ਕਰ ਰਿਹਾ ਹੈ। ਉਸ ਦੀਆਂ ਬਹੁਤੀਆਂ ਫਿਲਮਾਂ ਕਾਮੇਡੀ ਰੰਗਤ ਵਾਲੀਆਂ ਹੁੰਦੀਆਂ ਹਨ, ਜੋ ਉਸ ਦੀ ਅਦਾਕਾਰੀ ਨੂੰ ਹੋਰ ਵੀ ਨਿਖਾਰਦੀਆਂ ਹਨ।



26 ਅਕਤੂਬਰ ਨੂੰ ਰਿਲੀਜ਼ ਹੋ ਰਹੀ ਫਿਲਮ 'ਰਾਂਝਾ ਰਫਿਊਜ਼ੀ' ਰੌਸ਼ਨ ਪ੍ਰਿੰਸ ਤੇ ਸਾਨਵੀ ਧੀਮਾਨ ਦੀ ਮੁਹੱਬਤ ਭਰੀ ਦਾਸਤਾਨ ਬਿਆਨ ਕਰਦੀ ਪਰਿਵਾਰਕ ਤੇ ਕਾਮੇਡੀ ਭਰਪੂਰ ਫਿਲਮ ਹੈ। ਭਾਰਤ-ਪਾਕਿਸਤਾਨ ਦੇ ਸਰਹੱਦੀ ਇਲਾਕੇ ਵਿਚ ਦੋ ਦਿਲਾਂ 'ਚ ਪੈਦਾ ਹੋਈ ਪਿਆਰ ਦੀ ਖਿੱਚ ਫਿਲਮ ਦੇ ਨਾਇਕ ਤੋਂ ਕੀ-ਕੁਝ ਨਹੀਂ ਕਰਵਾਉਂਦੀ, ਇਹ ਤਾਂ ਫਿਲਮ ਵੇਖ ਕੇ ਹੀ ਪਤਾ ਲੱਗੇਗਾ। ਦਰਸ਼ਕ ਇਸ ਫਿਲਮ ਵਿਚ ਨਵੇਂ ਅੰਦਾਜ਼ ਦੀ ਕਾਮੇਡੀ ਦਾ ਲੁਤਫ ਲੈਣਗੇ। ਕਰਮਜੀਤ ਅਨਮੋਲ ਪਹਿਲੀਆਂ ਫਿਲਮਾਂ ਤੋਂ ਬਹੁਤ ਹੀ ਹਟ ਕੇ ਇੱਕ ਅਹਿਮ ਕਿਰਦਾਰ ਵਿਚ ਨਜ਼ਰ ਆਵੇਗਾ।

ਜੇ. ਬੀ. ਮੂਵੀਜ਼ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਇਸ ਫਿਲਮ ਦੇ ਨਿਰਮਾਤਾ ਤਰਸੇਮ ਕੌਂਸ਼ਲ ਤੇ ਸੁਦੇਸ਼ ਠਾਕੁਰ ਹਨ। ਫਿਲਮ ਦਾ ਨਿਰਦੇਸ਼ਕ ਅਵਤਾਰ ਸਿੰਘ ਹੈ, ਜਿਨ੍ਹਾਂ ਦੀਆਂ ਫਿਲਮਾਂ 'ਰੁਪਿੰਦਰ ਗਾਂਧੀ-2' ਤੇ 'ਮਿੱਟੀ ਨਾ ਫਰੋਲ ਜੋਗੀਆ' ਨੂੰ ਦਰਸ਼ਕਾਂ ਨੇ ਕਾਫੀ ਪਸੰਦ ਕੀਤਾ।



ਫਿਲਮ ਵਿਚ ਰੌਸ਼ਨ ਪ੍ਰਿੰਸ ਜਿੱਥੇ ਪਿਆਰ ਵਿਚ ਰਾਂਝਾ ਬਣਿਆ ਹੈ, ਉਥੇ ਦੇਸ਼ ਕੌਮ ਲਈ ਸਰਹੱਦਾਂ 'ਤੇ ਲੜਨ ਵਾਲੇ ਫੌਜੀ ਜਵਾਨ ਦੇ ਕਿਰਦਾਰ ਵਿਚ ਵੀ ਨਜ਼ਰ ਆਵੇਗਾ। ਇਹ ਫਿਲਮ ਭਾਰਤ ਪਾਕਿਸਤਾਨ ਦੀ ਵੰਡ ਦੇ ਹਾਲਾਤਾਂ 'ਚ ਪਿਆਰ ਮੁਹੱਬਤ ਦੇ ਦੀਵੇ ਬਾਲਣ ਵਾਲੇ ਸੱਚੇ ਆਸ਼ਕਾਂ ਦੀ ਕਹਾਣੀ ਹੈ। ਇਹ ਫਿਲਮ ਪਰਿਵਾਰਕ ਸਾਂਝਾਂ ਅਤੇ ਵਤਨ ਪ੍ਰਤੀ ਪਿਆਰ ਦੀ ਭਾਵਨਾ ਦੀ ਅਦੁੱਤੀ ਪੇਸ਼ਕਾਰੀ ਹੈ।

ਫਿਲਮ ਦੇ ਹੋਰ ਕਲਾਕਾਰਾਂ ਵਿਚ ਅਨੀਤਾ ਸਬਦੀਸ਼, ਮਲਕੀਤ ਰੌਣੀ, ਰੁਪਿੰਦਰ ਰੂਪੀ, ਨਿਸ਼ਾ ਬਾਨੋ, ਹਾਰਬੀ ਸੰਘਾ, ਜੱਗੀ ਬਾਜਵਾ, ਇੱਕਤਰ ਸਿੰਘ ਆਦਿ ਸ਼ਾਮਲ ਹਨ। ਫਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਅਵਤਾਰ ਸਿੰਘ ਨੇ ਲਿਖਿਆ ਹੈ ਅਤੇ ਡਾਇਲਾਗ ਟਾਟਾ ਬੈਨੀਪਾਲ ਤੇ ਅਮਨ ਸਿੱਧੂ ਨੇ ਲਿਖੇ ਹਨ। ਫਿਲਮ ਵਿਚ ਹੈਪੀ ਰਾਏਕੋਟੀ ਦੇ ਲਿਖੇ ਗੀਤਾਂ ਨੂੰ ਰੌਸ਼ਨ ਪ੍ਰਿੰਸ, ਕਰਮਜੀਤ ਅਨਮੋਲ, ਫਿਰੋਜ਼ ਖਾਂ, ਨਛੱਤਰ ਗਿੱਲ, ਮੰਨਤ ਨੂਰ ਤੇ ਜੱਗੀ ਬਾਜਵਾ ਨੇ ਗਾਇਆ ਹੈ। ਸੰਗੀਤ ਜੱਸੀ ਤੇ ਗੁਰਮੀਤ ਸਿੰਘ ਨੇ ਦਿੱਤਾ ਹੈ। ਫਿਲਮ ਦੀ ਬਹੁਤੀ ਸ਼ੂਟਿੰਗ ਰਾਜਸਥਾਨ ਦੇ ਰੇਤਲੇ ਟਿੱਬਿਆਂ ਵਿਚ ਕੀਤੀ ਗਈ ਹੈ।

*-ਸੁਰਜੀਤ ਜੱਸਲ*
*ਫੋਨ: 91-98146-07737*

## 'ਆਟੇ ਦੀ ਚਿੜੀ'

# ਕਿਰਕਰਾ 'ਆਟਾ' ਹੀ ਖਿਲਾਰਿਆ

ਫਿਲਮ 'ਆਟੇ ਦੀ ਚਿੜੀ' ਦਾ ਪਹਿਲਾ ਸੀਨ ਸੋਸ਼ਲ ਮੀਡਿਆ 'ਤੇ ਵਾਇਰਲ ਹੋਈ ਇਕ 'ਹਿੱਟ ਕਲਿਪ' ਵਰਗਾ ਹੈ, ਜਿਸ ਵਿਚ ਪੰਜਾਬ 'ਚ ਖੁਸ਼ਹਾਲੀ ਅਤੇ ਰਸੂਖ ਭਰੀ ਜ਼ਿੰਦਗੀ ਗੁਜ਼ਾਰ ਰਹੇ ਬਜ਼ੁਰਗ ਕੈਨੇਡਾ ਪਹੁੰਚ ਕੇ ਉਥੋਂ ਦੇ ਖੇਤਾਂ ਵਿਚ ਮਜ਼ਦੂਰੀ ਕਰਨ ਲਈ ਮਜਬੂਰ ਤੇ ਲਾਚਾਰ ਹਨ, ਪਰ ਅਸਲ ਵੀਡੀਓ ਵਿਚ ਜਿੱਥੇ ਇਹ ਤ੍ਰਾਸਦੀ ਦਿਲ ਕੰਬਾਅ ਦਿੰਦੀ ਹੈ, ਉਥੇ ਫਿਲਮੀ ਸੀਨ ਇੱਕ ਘਟੀਆ ਜਿਹੀ ਕਾਮੇਡੀ ਤੋਂ ਇਲਾਵਾ ਕੁਝ ਨਹੀਂ ਹੈ। ਜਿਵੇਂ ਘਰ ਦੇ ਭਾਗ ਡਿਓੜ੍ਹੀ ਤੋਂ ਹੀ ਪਤਾ ਲੱਗ ਜਾਂਦੇ ਹਨ, ਉਵੇਂ ਫਿਲਮ ਦੇ ਪਹਿਲੇ ਦੋ-ਤਿੰਨ ਸੀਨ ਹੀ ਦੱਸ ਦਿੰਦੇ ਹਨ ਕਿ 'ਮਾਮਲਾ ਗੜਬੜ ਹੈ' ਜੀ!

ਫਿਲਮ ਬਣਾਉਣ ਦਾ ਮਕਸਦ ਕੀ ਹੈ? ਸਮਝ ਤੋਂ ਬਾਹਰ ਦੀ ਗੱਲ ਹੈ। ਪਹਿਲੇ ਅੱਧ ਵਿਚ 'ਲਵ ਪੰਜਾਬ' ਵਾਂਗ ਰਿਸ਼ਤਿਆਂ ਦੀ ਖਟਾਸ ਅਤੇ ਦੂਜੇ ਅੱਧ ਵਿਚ 'ਮੇਰਾ ਪਿੰਡ-ਮਾਈ ਹੋਮ' ਵਾਲਾ ਸਿਲਸਿਲਾ। ਪਰ ਦੋਹਾਂ ਫਿਲਮਾਂ ਵਿਚ ਜੋ ਦਰਦ ਤੇ ਟੀਸ ਸੀ, 'ਆਟੇ ਦੀ ਚਿੜੀ' ਉਸ ਦੇ ਨੇੜੇ-ਤੇੜੇ ਵੀ ਨਹੀਂ! ਸਭਿਆਚਾਰਕ ਟਾਈਟਲ ਰੱਖ ਕੇ 'ਭੰਡਗਿਰੀ' ਹੀ ਦਿਖਾਈ ਗਈ ਹੈ।

ਫਿਲਮ ਵਿਚ ਨਾ ਤਾਂ ਕਹਾਣੀ ਨਾਂ ਦੀ ਕੋਈ ਚੀਜ਼ ਹੈ ਤੇ ਨਾ ਹੀ ਕਿਰਦਾਰਾਂ ਨੂੰ ਸਿਰਜਣ ਦੀ ਲੇਖਕ ਤੇ ਨਿਰਦੇਸ਼ਕ ਨੂੰ ਕੋਈ ਸਮਝ ਹੈ। ਸਰਦਾਰ ਸੋਹੀ ਪਹਿਲੇ ਦੋ ਕੁ ਦ੍ਰਿਸ਼ਾਂ ਵਿਚ ਬੜਾ ਸੰਜੀਦਾ ਤੇ ਗੰਭੀਰ ਜਿਹਾ ਕਿਰਦਾਰ ਹੈ, ਪਰ ਜਦੋਂ ਘੁੱਗੀ ਅਤੇ ਬੀ. ਐਨ. ਸ਼ਰਮਾ ਜਿਹੇ ਕਿਰਦਾਰਾਂ ਦੀ ਐਂਟਰੀ ਹੁੰਦੀ ਹੈ ਤਾਂ ਉਹ ਵੀ ਉਨ੍ਹਾਂ ਨਾਲ ਉਹੋ ਜਿਹਾ ਭੰਡ ਬਣ ਜਾਂਦਾ ਹੈ। ਦੂਜੇ ਅੱਧ ਵਿਚ ਪੰਜਾਬ ਆ ਕੇ ਤਾਂ ਇੰਜ ਲਗਦਾ ਹੈ ਕਿ ਉਹ ਹੀ ਸਭ ਤੋਂ ਵੱਡਾ ਭੰਡ ਹੈ। ਸਾਰੇ ਪਰਿਵਾਰ ਨੂੰ ਜਿਸ ਤਰ੍ਹਾਂ ਦੀਆਂ ਡਰੈਸਾਂ ਪੁਆ ਕੇ ਉਨ੍ਹਾਂ ਦਾ ਜਲੂਸ ਕੱਢਿਆ ਹੈ, ਇਹ ਸਿਰਫ ਨਿਰਦੇਸ਼ਕ ਤੇ ਲੇਖਕ ਦੇ ਜ਼ਰਖੇਜ਼ ਦਿਮਾਗ ਦੀ ਉਪਜ ਹੋ ਸਕਦਾ ਹੈ, ਪੰਜਾਬ 'ਚ ਏਨੇ ਬੇਵਕੂਫ ਕਿਰਦਾਰ ਤਾਂ ਕਿਤੇ ਨਜ਼ਰ ਨਹੀਂ ਆਉਂਦੇ।

ਕੈਨੇਡਾ ਵਿਚ ਘਰ ਦਾ ਕਿਰਾਇਆ ਨਾ ਦੇਣਾ, ਘੁੱਗੀ ਦਾ ਸ਼ੱਰੇਆਮ ਦੇਸੀ ਸ਼ਰਾਬ ਕੱਢਣਾ, ਬੀ. ਐਨ. ਸ਼ਰਮਾ ਦੀਆਂ ਬੇਤੁਕੀਆਂ ਹਰਕਤਾਂ ਤੇ ਡਾਇਲਾਗ ਵੇਖ-ਸੁਣ ਕੇ ਮੱਥਾ ਪਿੱਟਣ ਨੂੰ ਜੀ ਕਰਦਾ ਸੀ ਕਿਉਂਕਿ ਫਿਲਮ ਵੇਖਣ ਲਈ ਸਿਰਦਰਦ ਦੀ ਗੋਲੀ ਤਾਂ ਕੋਈ ਜੇਬ 'ਚ ਪਾ ਕੇ ਨਾਲ ਲਿਜਾਂਦਾ ਨਹੀਂ।

ਨੀਰੂ ਬਾਜਵਾ ਦਾ ਇਕ ਪਾਸੇ ਤਾਂ ਘਰ 'ਚ ਇਸ ਗੱਲੋਂ ਕਲੇਸ਼ ਰਹਿਣਾ ਕਿ ਪਤੀ ਅਤੇ ਸਹੁਰੇ ਦੇ ਕੰਮ ਨਾ ਕਰਨ ਕਰਕੇ ਘਰ ਦੇ ਬਿੱਲ ਤਕ ਨਹੀਂ ਦੇ ਹੋ ਰਹੇ ਪਰ ਜਦੋਂ ਵੇਖਦੀ ਹੈ ਕਿ ਸਹੁਰਾ ਇੰਡੀਆ ਜਾਣ ਲਈ ਸੈਂਟੀ ਹੈ ਤਾਂ ਸਾਰਾ ਟੱਬਰ ਹੀ ਤਿਆਰ ਹੋ ਜਾਂਦਾ ਹੈ। ਕੋਈ ਲਾਟਰੀ ਨਿਕਲੀ ਤਾਂ ਦਿਖਾਈ ਹੀ ਨਹੀਂ! ਜੇ ਕੈਨੇਡਾ ਦਾ ਅਕਸ ਬੁਰਾ ਵਿਖਾਇਆ ਹੈ ਤਾਂ ਪੰਜਾਬ ਦਾ ਉਸ ਤੋਂ ਵੀ ਬੁਰਾ। ਕੋਈ ਵੀ ਦ੍ਰਿਸ਼ ਅਸਲੀਅਤ ਦੇ ਨੇੜੇ ਨਹੀਂ।

ਕਲਾਕਾਰਾਂ 'ਚੋਂ ਮੁਖ ਰੋਲ ਸਰਦਾਰ ਸੋਹੀ ਦਾ ਹੈ। ਉਹ ਐਕਟਰ ਵਧੀਆ ਹੈ ਪਰ ਜਿਵੇਂ ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਬਦਲ ਲੈਂਦਾ ਹੈ, ਉਵੇਂ ਫਿਲਮ ਵਿਚ 'ਭੰਡਾਂ' ਦੇ ਝੁੰਡ ਵਿਚ ਘਿਰ ਕੇ ਖੁਦ ਵੀ ਭੰਡ ਜਿਹਾ ਬਣ ਜਾਂਦਾ ਹੈ।

ਸਭ ਤੋਂ ਵੱਧ ਨਿਰਾਸ਼ ਨੀਰੂ ਬਾਜਵਾ ਨੇ ਕੀਤਾ ਹੈ। ਉਸ ਨੇ ਚੱਜ ਦੀ ਐਕਟਿੰਗ ਤਾਂ ਕੀ ਕਰਨੀ ਸੀ, ਡਾਇਲਾਗ ਵੀ ਚੰਗੀ ਤਰ੍ਹਾਂ ਨਹੀਂ ਉਚਾਰੇ। ਕਈ ਥਾਂ ਉਚਾਰਨ ਵੀ ਗਲਤ ਹੈ ਕੀਤਾ ਹੈ, ਜਿਵੇਂ ਭੁੱਚੋ ਮੰਡੀ ਨੂੰ ਪੁਚੋ ਮੰਡੀ, ਕਾਂ ਨੂੰ ਕਾ, ਮਕਾਣ ਨੂੰ ਮਕਾਨ, ਮੁਲਕ ਨੂੰ ਮੁਲਖ, ਘਰ ਨੂੰ ਗਰ ਤੇ ਭੰਗੜੇ ਨੂੰ ਪੰਗੜੇ। ਡਾਇਰੈਕਟਰ ਨੇ ਡਬਿੰਗ ਵੇਲੇ ਵੀ ਇਸ ਪਾਸੇ ਧਿਆਨ ਨਹੀਂ ਦਿੱਤਾ।

ਅੰਮ੍ਰਿਤ ਮਾਨ ਦੀ ਬਤੌਰ ਹੀਰੋ ਇਹ ਪਹਿਲੀ ਫਿਲਮ ਹੈ। ਹੀਰੋ ਘੱਟ ਤੇ 'ਫੁਕਰਪੁਣੇ' ਵਾਲੇ ਆਪਣੇ ਗਾਣਿਆਂ ਵਾਂਗ 'ਫੁਕਰਾ' ਵੱਧ ਲਗਦਾ ਹੈ। ਐਕਟਿੰਗ ਵਿਚ ਉਸ ਨੂੰ ਵੀ ਪੂਰਾ ਜ਼ੀਰੋ ਨੰਬਰ ਦਿੱਤਾ ਜਾ ਸਕਦਾ ਹੈ। ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਬੀ. ਐਨ. ਸ਼ਰਮਾ ਨੇ ਫਿਲਮ ਕੀ ਸੋਚ ਕੇ ਕੀਤੀ, ਉਹੀ ਜਾਣਦੇ ਹੋਣਗੇ ਪਰ ਜਾਪਦਾ ਹੈ ਕਿ ਸਭ ਕਮੇਡੀਅਨ ਹੁਣ ਭਰਿਆ ਮੇਲਾ ਖਤਮ ਹੋਣ ਤੋਂ ਪਹਿਲਾਂ ਪਹਿਲਾਂ ਨੋਟਾਂ ਨਾਲ ਜੇਬਾਂ ਭਰ ਲੈਣੀਆਂ ਚਾਹੁੰਦੇ ਹਨ। ਚੁਟਕਲਿਆਂ ਤੇ ਪੰਚਾਂ ਦਾ ਸਟਾਕ ਵੀ ਉਨ੍ਹਾਂ ਦਾ ਮੁੱਕ ਚੁਕਾ ਹੈ। ਹਾਰਬੀ ਸੰਘਾ, ਨਿਰਮਲ ਰਿਸ਼ੀ ਤੇ ਗੁਰਮੀਤ ਭੰਗੂ ਵੀ ਇੱਕਾ ਦੁੱਕਾ ਸੀਨਾਂ ਵਿਚ ਫਾਲਤੂ ਜਿਹੇ ਲਗਦੇ ਹਨ। ਫਿਲਮ ਵਿਚ ਕੰਕਰਾਂ ਭਰਿਆ ਕਿਰਕਰਾ ਆਟਾ ਹੀ ਖਿਲਾਰਿਆ ਹੈ, ਚਿੜੀ ਬਣੀ ਕਿਤੇ ਨਜ਼ਰ ਨਹੀਂ ਆਉਂਦੀ!

*-ਇਕਬਾਲ ਸਿੰਘ ਚਾਨਾ*

# ਸਮਾਜਿਕ ਕੁਰੀਤੀਆਂ ਨੂੰ ਪਰਦੇ 'ਤੇ ਪਰਿਭਾਸ਼ਤ ਕਰੇਗੀ ਫਿਲਮ 'ਜਿੰਦੜੀ'

ਹਲਕੀ-ਫੁਲਕੀ 'ਤੇ ਬਹੁ-ਅਰਥੀ ਕਾਮੇਡੀ ਅਤੇ ਬਿਨਾ ਸਿਰ-ਪੈਰ ਦੀਆਂ ਕਹਾਣੀ ਵਾਲੀਆਂ ਪੰਜਾਬੀ ਫਿਲਮਾਂ ਦੇ ਅਜੋਕੇ ਦੌਰ ਵਿਚ ਹੁਣ ਵਧੇਰੇ ਲੋੜ ਹੈ, ਪੰਜਾਬ ਦੇ ਸੰਜੀਦਾ ਵਿਸ਼ਿਆਂ 'ਤੇ ਗੱਲ ਕਰਨ ਦੀ। ਅਜੋਕੇ ਸਮੇਂ ਦੌਰਾਨ ਪੰਜਾਬ ਦੀ ਭ੍ਰਿਸ਼ਟ ਸਿਸਟਮ ਪ੍ਰਣਾਲੀ, ਅਖੌਤੀ ਪਖੰਡੀ ਬਾਬਿਆਂ ਅਤੇ ਵਧ ਰਹੀ ਗੁੰਡਾਗਰਦੀ ਆਦਿ ਸਮਾਜਿਕ ਕੁਰੀਤੀਆਂ ਨੂੰ ਹੁਣ ਪਰਦੇ 'ਤੇ ਪਰਿਭਾਸ਼ਤ ਕਰੇਗੀ



ਨਿਰਮਾਤਾ ਜੀ. ਡੀ. ਪ੍ਰੋਡਕਸ਼ਨਸ ਅਤੇ ਨਿਰਦੇਸ਼ਕ ਆਸ਼ੀਸ਼ ਭਾਟੀਆ ਦੀ ਫਿਲਮ 'ਜਿੰਦੜੀ।

ਫਿਲਮ 'ਰੁਪਿੰਦਰ ਗਾਂਧੀ' ਤੇ 'ਡਾਕੂਆਂ ਦਾ ਮੁੰਡਾ' ਰਾਹੀਂ ਪਾਲੀਵੁੱਡ 'ਚ ਐਕਸ਼ਨ ਤੇ ਜਾਂਬਾਜ਼ ਅਦਾਕਾਰ ਵਜੋਂ ਉਭਰੇ ਦੇਵ ਖਰੌੜ ਇਸ ਫਿਲਮ 'ਚ ਹੀਰੋ ਹੈ। ਫਿਲਮ ਦੀ ਕਹਾਣੀ ਖੁਦ ਦੇਵ ਖਰੌੜ ਨੇ ਲਿਖੀ ਹੈ ਅਤੇ ਸਕਰੀਨ ਪਲੇਅ ਤੇ ਡਾਇਲਾਗ ਇੰਦਰਪਾਲ ਨੇ ਲਿਖੇ ਹਨ। 2 ਨਵੰਬਰ ਨੂੰ ਸਿਨੇਮਾਘਰਾਂ 'ਚ ਦਸਤਕ ਦੇਣ ਜਾ ਰਹੀ ਇਸ ਫਿਲਮ ਵਿਚ ਦੇਵ ਖਰੌੜ ਤੋਂ ਇਲਾਵਾ ਬਾਲੀਵੁੱਡ ਅਦਾਕਾਰ ਪ੍ਰੇਮ ਚੋਪੜਾ, ਗੁੱਗੂ ਗਿੱਲ, ਦ੍ਰਿਸ਼ਟੀ ਗਰੇਵਾਲ, ਕਰਨ ਧਾਲੀਵਾਲ, ਵਿਕਟਰ ਜੋਨ, ਗੁਰਪ੍ਰੀਤ ਕੌਰ, ਹੌਬੀ ਧਾਲੀਵਾਲ ਆਦਿ ਨਾਮੀ ਕਲਾਕਾਰ ਆਪਣੀ ਅਦਾਕਾਰੀ ਦਾ ਰੰਗ ਦਿਖਾਉਂਦੇ ਨਜ਼ਰ ਆਉਣਗੇ। ਫਿਲਮ ਦੇ ਸਹਿ ਨਿਰਮਾਤਾ ਸੁਖਮਿੰਦਰ ਧਾਲੀਵਾਲ ਹਨ ਅਤੇ ਸੰਗੀਤ ਗੁਰਮੀਤ ਸਿੰਘ, ਨਿੱਕ ਡੀ. ਗਿੱਲ ਅਤੇ ਸੰਤੋਸ਼ ਕਟਾਰੀਆ ਨੇ ਦਿੱਤਾ ਹੈ।

*-ਹਰਜਿੰਦਰ ਸਿੰਘ*

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

ਪ੍ਰਥਮ ਪਾਤਿਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ

## 13ਵਾਂ ਮਹਾਨ ਨਗਰ ਕੀਰਤਨ

## ਸਨਿਚਰਵਾਰ, 10 ਨਵੰਬਰ 2018, ਸਵੇਰੇ 11:30 ਵਜੇ ਤੋਂ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 23 ਨਵੰਬਰ, ਦਿਨ ਸ਼ੁਕਰਵਾਰ ਨੂੰ ਆ ਰਿਹਾ ਹੈ। ਇਸ ਸਬੰਧੀ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ 10 ਨਵੰਬਰ, ਸਨਿਚਰਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਅਤੇ ਪੰਜ ਨਗਾਰਿਆਂ ਦੀ ਗੂੰਜ ਵਿਚ ਸਵੇਰੇ 11:30 ਵਜੇ ਮਹਾਨ ਨਗਰ ਕੀਰਤਨ ਅਰੰਭ ਹੋਵੇਗਾ, ਜੋ ਹਿਲ ਸਾਈਡ 263 ਸਟਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਸ਼ਾਮ ਦੇ 3:00 ਵਜੇ ਗੁਰਦੁਆਰਾ ਸੰਤ ਸਾਗਰ ਵਿਖੇ ਸਮਾਪਤ ਹੋਵੇਗਾ। ਗਤਕਾ ਟੀਮ ਆਪਣੇ ਜੌਹਰ ਦਿਖਾਏਗੀ।



*ਜਰੂਰੀ ਬੇਨਤੀ: ਸਮੂਹ ਸੰਗਤ ਨੂੰ ਬੇਨਤੀ ਹੈ ਕਿ ਨਗਰ ਕੀਰਤਨ ਵਿਚ ਕੇਸਰੀ ਰੰਗ ਦੀਆਂ ਦਸਤਾਰਾਂ ਤੇ ਦੁਪੱਟੇ ਸਜਾ ਕੇ ਆਓ ਜੀ।*

**ਨਗਰ ਕੀਰਤਨ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਰਾਗੀ ਜਥੇ**
ਭਾਈ ਗੁਰਪ੍ਰੀਤ ਸਿੰਘ ਬੱਲ੍ਹੜਵਾਲ ਵਾਲੇ
ਭਾਈ ਗੁਰਮੇਲ ਸਿੰਘ (ਸਾਬਕਾ ਹਜ਼ੂਰੀ ਰਾਗੀ, ਦਰਬਾਰ ਸਾਹਿਬ, ਅੰਮ੍ਰਿਤਸਰ)
ਭਾਈ ਮਹਿੰਦਰ ਸਿੰਘ ਸਾਗਰ ਤੇ ਜਥਾ
ਬੀਬੀ ਜਸਵਿੰਦਰ ਕੌਰ ਖਾਲਸਾ (ਰਾਮਾ ਮੰਡੀ ਵਾਲੇ) ਬੀਬੀਆਂ ਦਾ ਢਾਡੀ ਜਥਾ

ਪਲੇਨ ਤੇ ਬੈਨਰ ਦੀ ਸੇਵਾ ਭਾਈ ਜਗਦੀਸ਼ ਸਿੰਘ ਤੇ ਪਰਿਵਾਰ ਵਲੋਂ ਹੋਵੇਗੀ।
ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਹੋਵੇਗੀ, ਜਿਸ ਦੀ ਸੇਵਾ ਸ. ਜਸਵੀਰ ਸਿੰਘ (ਲਾਲੀ) ਤੇ ਪਰਿਵਾਰ ਵਲੋਂ।
ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਟੈਕਸੀ ਵਾਲੇ ਵੀਰਾਂ ਵੱਲੋਂ ਹੋਵੇਗੀ।
ਫਲੋਟ ਸਜਾਉਣ ਦੀ ਸੇਵਾ ਬੀਬੀ ਸ਼ਾਂਤ ਕੌਰ ਕਰਨਗੇ।
ਨਗਰ ਕੀਰਤਨ ਵਿਚ ਹਿੱਸਾ ਲੈ ਰਹੇ ਜਥਿਆਂ ਦੀ ਸੇਵਾ ਵੀਰ ਨਿਸ਼ਾਨ ਸਿੰਘ ਤੇ ਪਰਿਵਾਰ ਵਲੋਂ ਹੋਵੇਗੀ।

**ਨੋਟ:** ਅਖੰਡ ਪਾਠਾਂ ਦੀ ਸੇਵਾ 25 ਨਵੰਬਰ ਤੱਕ ਚਲੇਗੀ।
-ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦਾ ਜਥਾ 21 ਤੋਂ 24 ਨਵੰਬਰ ਤੱਕ ਰੋਜ਼ ਸ਼ਾਮ ਦੀਵਾਨ ਅਤੇ 25 ਨਵੰਬਰ, ਐਤਵਾਰ ਨੂੰ ਦਿਨ ਦੇ ਦੀਵਾਨ ਦੀ ਹਾਜ਼ਰੀ ਭਰੇਗਾ।
-ਬੀਬੀਆਂ ਦਾ ਢਾਡੀ ਜਥਾ 7 ਨਵੰਬਰ ਤੋਂ 30 ਨਵੰਬਰ ਤੱਕ ਰੋਜ਼ ਹਾਜ਼ਰੀ ਭਰੇਗਾ।
**ਪ੍ਰਭਾਤ ਫੇਰੀਆਂ:** ਗੁਰਪੁਰਬ ਸਬੰਧੀ ਹਰ ਸਾਲ ਵਾਂਗ 25 ਅਗਸਤ ਤੋਂ ਪ੍ਰਭਾਤ ਫੇਰੀਆਂ ਅਰੰਭ ਹਨ, ਜੋ 18 ਨਵੰਬਰ ਨੂੰ ਸਮਾਪਤ ਹੋਣਗੀਆਂ।

## ਗੁਰਪੁਰਬ ਸਬੰਧੀ ਪ੍ਰੋਗਰਾਮ ਦਾ ਵੇਰਵਾ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸੰਗਤਾਂ ਦੇ ਪਿਆਰ ਤੇ ਅਦਬ ਸਦਕਾ 10 ਨਵੰਬਰ, ਸਨਿਚਰਵਾਰ ਨੂੰ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਦਾ ਉਲੀਕੇ ਗਏ ਪ੍ਰੋਗਰਾਮਾਂ ਵਿਚ ਆਪਣਾ ਯੋਗਦਾਨ ਪਾ ਕੇ ਸਫਲ ਕਰਨ ਦੀ ਬੇਨਤੀ ਹੈ ਜੀ:

**ਵਿਸ਼ੇਸ਼ ਦੀਵਾਨ:** ਗੁਰਪੁਰਬ ਸਬੰਧੀ 19 ਨਵੰਬਰ ਤੋਂ 25 ਨਵੰਬਰ ਤੱਕ ਸ਼ਾਮ 5:30 ਤੋਂ 9:00 ਵਜੇ ਤਕ ਹਰ ਰੋਜ਼ ਵਿਸ਼ੇਸ਼ ਦੀਵਾਨ ਸਜਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਕੀਰਤਨ ਨਾਲ ਅਤੇ ਕਥਾਵਾਚਕ ਕਥਾ ਵਿਆਖਿਆ ਤੇ ਬੀਬੀਆਂ ਦਾ ਢਾਡੀ ਜਥਾ ਢਾਡੀ ਵਾਰਾਂ ਨਾਲ ਸਿੱਖ ਇਤਿਹਾਸ ਸਵਰਣ ਕਰਵਾਉਣਗੇ।

**ਗੁਰਪੁਰਬ ਸਬੰਧੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਰਾਗੀ ਜਥੇ ਅਤੇ ਕਥਾਵਾਚਕ**
ਪੰਥ ਪ੍ਰਸਿੱਧ ਰਾਗੀ ਜਥਾ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ
ਭਾਈ ਮਹਿੰਦਰ ਸਿੰਘ ਸਾਗਰ ਦਾ ਜਥਾ
ਕਥਾਵਾਚਕ ਗਿਆਨੀ ਦਲਜੀਤ ਸਿੰਘ (ਵਿਦਿਆਰਥੀ ਦਮਦਮੀ ਟਕਸਾਲ)
ਬੀਬੀ ਜਸਵਿੰਦਰ ਕੌਰ ਖਾਲਸਾ (ਰਾਮਾ ਮੰਡੀ ਵਾਲੇ) ਬੀਬੀਆਂ ਦਾ ਢਾਡੀ ਜਥਾ
ਹੋਰ ਵੀ ਪੰਥ ਪ੍ਰਸਿੱਧ ਜਥੇ ਹਿੱਸਾ ਲੈ ਰਹੇ ਹਨ।

**22 ਨਵੰਬਰ 2018:** ਗੁਰਪੁਰਬ ਸਬੰਧੀ ਹਰ ਸਾਲ ਦੀ ਤਰ੍ਹਾਂ 22 ਨਵੰਬਰ, ਵੀਰਵਾਰ ਸ਼ਾਮ 5:30 ਤੋਂ ਰਾਤ ਪ੍ਰਕਾਸ਼ ਸਮੇਂ ਤੱਕ ਦੀਵਾਨ ਸਜਣਗੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ 11:30 ਤੋ 12:05 ਤੱਕ ਹੋਵੇਗੀ। ਉਪਰੰਤ ਸਤਿਗੁਰੂ ਦੇ ਪ੍ਰਕਾਸ਼ ਸਮੇਂ ਤੋਂ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ।
**23 ਨਵੰਬਰ, ਸ਼ੁਕਰਵਾਰ** ਨੂੰ ਸਵੇਰੇ 9:00 ਵਜੇ ਅਖੰਡ ਪਾਠ ਦਾ ਭੋਗ ਪਵੇਗਾ। ਉਪਰੰਤ ਸਵੇਰੇ 9:30 ਤੋਂ ਬਾਅਦ ਦੁਪਹਿਰ 2 ਵਜੇ ਤੱਕ ਦੀਵਾਨ ਸਜਣਗੇ। ਸ਼ਾਮ 5 ਵਜੇ ਰੱਖੇ ਹੋਏ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਉਪਰੰਤ 5:30 ਵਜੇ ਤੋਂ ਰਾਤ 10:30 ਵਜੇ ਤੱਕ ਦੀਵਾਨ ਸਜਾਏ ਜਾਣਗੇ।

**ਗੁਰੂ ਕਾ ਲੰਗਰ ਅਟੁੱਟ ਵਰਤੇਗਾ**

**ਗੁਰੂ-ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-343-1030**
ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)